**Reo-Bankowned Properties**
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
CA DRE Lic.#01180969
Jassi Gill
CA DRE# 00966763

**Hardeep S.Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਐਂਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 23, June 4, 2011 20451 N Plum Grove Rd. Palatine, IL 60074 Ph:847-359-0746, Fax:847-705-9388

# ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਦੀ ਫਾਂਸੀ ਤੁੜਵਾਉਣ ਲਈ ਮਿਸਾਲੀ ਹੁੰਗਾਰਾ

## *ਨਵੇਂ ਸਿਰਿਓਂ ਪਾਈ ਜਾਵੇਗੀ ਰਹਿਮ ਦੀ ਅਪੀਲ*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕਾਲ-ਕੋਠੜੀ ਵਿਚ ਬੰਦ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਵੱਲੋਂ ਰੱਦ ਕੀਤੇ ਜਾਣ ਪਿਛੋਂ ਉਸ ਦੀ ਫਾਂਸੀ ਦੀ ਸਜ਼ਾ ਤੁੜਵਾਉਣ ਲਈ ਵਿੱਢੀ ਮੁਹਿੰਮ ਨੂੰ ਪੰਜਾਬ ਅਤੇ ਹੋਰ ਥਾਵਾਂ ਤੋਂ ਬੇਹੱਦ ਜ਼ੋਰਦਾਰ ਹੁਲਾਰਾ ਅਤੇ ਹੁੰਗਾਰਾ ਮਿਲਿਆ ਹੈ। ਇਸ ਮੁੱਦੇ 'ਤੇ ਪੰਥਕ ਜਥੇਬੰਦੀਆਂ ਨੇ ਮਿਸਾਲੀ ਏਕਤਾ ਦਾ ਮੁਜ਼ਾਹਰਾ ਕਰਦਿਆਂ ਉਸ ਦੇ ਬਚਾਅ ਲਈ ਵੱਖ-ਵੱਖ ਪੱਧਰਾਂ ਉਤੇ ਹੰਭਲੇ ਸ਼ੁਰੂ ਕਰ ਦਿੱਤੇ ਹਨ। ਇਹ ਸ਼ਾਇਦ ਪਹਿਲੀ ਵਾਰ ਹੈ ਕਿ ਸਭ ਧਿਰਾਂ ਵੱਲੋਂ ਇਉਂ ਇੰਨੀ ਵੱਡੀ ਪੱਧਰ 'ਤੇ ਲਾਮਬੰਦੀ ਕੀਤੀ ਗਈ ਹੋਵੇ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਵੀ ਭੁੱਲਰ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਮੰਗ ਕੀਤੀ ਹੈ ਅਤੇ ਕਿਹਾ ਹੈ ਕਿ ਕਿਸੇ ਵਿਅਕਤੀ ਨੂੰ ਮੌਤ ਦੀ ਸਜ਼ਾ ਦੇ ਕੇ ਸਮੱਸਿਆ ਦਾ ਹੱਲ ਨਹੀਂ ਕੱਢਿਆ ਜਾ ਸਕਦਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰੋ. ਭੁੱਲਰ ਲਈ ਰਹਿਮ ਦੀ ਅਪੀਲ ਨਵੇਂ ਸਿਰਿਓਂ ਪਾਉਣ ਦਾ ਫੈਸਲਾ ਕੀਤਾ ਗਿਆ ਹੈ।



*ਪ੍ਰੋ. ਭੁੱਲਰ ਦੀ ਅੰਮੜੀ ਉਪਕਾਰ ਕੌਰ*

ਕੁਝ ਦਿਨ ਪਹਿਲਾਂ ਹੀ ਪ੍ਰੋ. ਭੁੱਲਰ ਦੇ ਵਕੀਲ ਕੇ.ਟੀ. ਐਸ. ਤੁਲਸੀ ਨੇ ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਸੀ ਕਿ ਜਾਂ ਤਾਂ ਪ੍ਰੋ. ਭੁੱਲਰ ਦੀ ਰਹਿਮ ਦੀ ਅਪੀਲ 'ਤੇ ਫੈਸਲਾ ਜਲਦੀ ਲਿਆ ਜਾਵੇ ਜਾਂ ਫਿਰ ਉਸ ਦੀ ਫਾਂਸੀ ਦੀ ਸਜ਼ਾ ਘਟਾ ਕੇ ਉਮਰ ਕੈਦ ਵਿਚ ਤਬਦੀਲ ਕੀਤੀ ਜਾਵੇ। ਰਾਸ਼ਟਰਪਤੀ ਵੱਲੋਂ ਰਹਿਮ ਦੀ ਅਪੀਲ 'ਤੇ ਕੋਈ ਵੀ ਫ਼ੈਸਲਾ ਕੇਂਦਰੀ ਗ੍ਰਹਿ ਮੰਤਰਾਲੇ ਦੀ ਸਿਫਾਰਸ਼ 'ਤੇ ਲਿਆ ਜਾਂਦਾ ਹੈ ਤੇ ਇਹ ਅਪੀਲ ਖਾਰਜ ਕਰਨ ਦਾ ਫ਼ੈਸਲਾ ਵੀ ਇਸੇ ਤਰ੍ਹਾਂ ਲਿਆ ਗਿਆ ਹੈ।

ਯਾਦ ਰਹੇ ਕਿ ਪ੍ਰੋ. ਭੁੱਲਰ ਨੂੰ 1991 ਵਿਚ ਉਸ ਵੇਲੇ ਯੂਥ ਕਾਂਗਰਸ ਦੇ ਕੌਮੀ ਪ੍ਰਧਾਨ ਅਤੇ ਹੁਣ ਕੁਲ ਹਿੰਦ ਅਤਿਵਾਦ ਵਿਰੋਧੀ ਫਰੰਟ ਦੇ ਚੇਅਰਮੈਨ ਮਨਿੰਦਰਜੀਤ ਸਿੰਘ ਬਿੱਟਾ 'ਤੇ ਦਿੱਲੀ ਵਿਚ ਬੰਬ ਨਾਲ ਹਮਲਾ ਕਰਨ ਦੇ ਕੇਸ ਵਿਚ ਅਤੇ 1993 ਵਿਚ ਪੰਜਾਬ ਦੇ ਉਸ ਵੇਲੇ ਦੇ ਐਸ.ਐਸ.ਪੀ. ਤੇ ਇਸ ਵੇਲੇ ਵਿਜੀਲੈਂਸ ਬਿਊਰੋ ਦੇ ਮੁਖੀ ਸੁਮੇਧ ਸੈਣੀ 'ਤੇ ਹਮਲੇ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ ਦੋਸ਼ੀ ਕਰਾਰ ਦਿੰਦਿਆਂ ਅਦਾਲਤ ਵੱਲੋਂ 25 ਅਗਸਤ, 2001 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ।



*ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ*

ਪ੍ਰੋ. ਭੁੱਲਰ ਉਦੋਂ ਭਾਰਤ ਛੱਡ ਕੇ ਜਰਮਨੀ ਜਾ ਪੁੱਜਾ ਸੀ ਜਿੱਥੇ ਫਰੈਂਕਫਰਟ ਏਅਰਪੋਰਟ 'ਤੇ ਜਰਮਨੀ ਦੇ ਅਧਿਕਾਰੀਆਂ ਨੇ ਉਸ ਨੂੰ ਜਾਅਲੀ ਦਸਤਾਵੇਜ਼ਾਂ 'ਤੇ ਸਫ਼ਰ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਕੇ ਵਾਪਸ ਭਾਰਤ ਭੇਜ ਦਿੱਤਾ ਸੀ। ਭਾਰਤ ਪੁੱਜਣ 'ਤੇ ਉਸ ਨੂੰ ਗ੍ਰਿਫ਼ਤਾਰ ਕਰ ਕੇ

(ਬਾਕੀ ਸਫਾ 6 'ਤੇ)



*ਅਕਾਲ ਤਖ਼ਤ 'ਤੇ ਮੀਟਿੰਗ ਦੌਰਾਨ ਸਿੰਘ ਸਾਹਿਬਾਨ*

### -ਅਕਾਲ ਤਖ਼ਤ ਸਾਹਿਬ ਵੱਲੋਂ ਅਹਿਮ ਫ਼ੈਸਲੇ-

# ਪੁਲਿਸ ਮੁਲਾਜ਼ਮਾਂ ਨੂੰ ਸਿੱਖ ਰੀਤਾਂ ਅਨੁਸਾਰ ਦਸਤਾਰ ਸਜਾਉਣ ਦੀ ਹਦਾਇਤ

## ਰੋਚੈਸਟਰ ਸਥਿਤ ਗੁਰਦੁਆਰੇ ਬਾਰੇ ਕਮੇਟੀ ਭੰਗ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 30 ਮਈ ਨੂੰ ਹੋਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਪੁਲਿਸ ਦੇ ਸਮੂਹ ਕਰਮਚਾਰੀ ਤੇ ਅਧਿਕਾਰੀ ਸਿੱਖ ਰਹੁ ਰੀਤਾਂ ਅਨੁਸਾਰ ਹੀ ਆਪਣੀ ਦਸਤਾਰ ਸਜਾਇਆ ਕਰਨ। ਇਸ ਬਾਰੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਤੇ ਅਧਿਕਾਰੀਆਂ ਵੱਲੋਂ ਸਜਾਈ ਜਾਂਦੀ ਟੋਪੀ ਨੁਮਾ ਦਸਤਾਰ ਦੇ ਰੁਝਾਨ ਨੂੰ ਬਦਲਣ ਲਈ ਸਰਕਾਰ ਨਾਲ ਗੱਲਬਾਤ ਕਰੇ। ਇਸ ਤੋਂ ਇਲਾਵਾ ਨਿਊਯਾਰਕ ਦੇ ਰੋਚੈਸਟਰ ਸ਼ਹਿਰ ਸਥਿਤ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਤੇ ਸੰਗਤਾਂ ਵਿਚਾਲੇ ਚੱਲ ਰਹੇ ਝਗੜੇ ਦੇ ਹੱਲ ਲਈ ਬਣਾਈ ਕਮੇਟੀ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਭੰਗ ਕਰ ਦਿੱਤਾ ਗਿਆ ਹੈ। ਸਿੰਘ ਸਾਹਿਬਾਨ ਨੇ ਇਸ ਬਾਰੇ ਹੋਰ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ, ਜਿਸ ਵਿੱਚ ਸਤਪਾਲ ਸਿੰਘ ਕੋਆਰਡੀਨੇਟਰ ਬਣਾਇਆ ਗਿਆ ਹੈ। ਇਸ ਕਮੇਟੀ ਵਿਚ ਪ੍ਰੋ. ਸਤਪਾਲ ਸਿੰਘ, ਸੱਜਣ ਸਿੰਘ, ਇੰਦਰਪਾਲ ਸਿੰਘ, ਅਵਤਾਰ ਸਿੰਘ ਪੰਨੂ, ਗੁਰਨਾਮ ਸਿੰਘ ਪੰਮਾ ਤੇ ਮਹਿੰਦਰ ਸਿੰਘ ਕਲਸੀ ਨੂੰ ਸ਼ਾਮਲ ਕੀਤਾ ਗਿਆ ਹੈ।

ਅਕਾਲ ਤਖ਼ਤ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ, ਤਖ਼ਤ ਸ੍ਰੀ

(ਬਾਕੀ ਸਫਾ 6 'ਤੇ)

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੌਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21 M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# RG CONSULTING GROUP INC.

## A Professional Services Provider

### Trucking Paper Work



**USDOT, ICC MC, IFTA, IRP, MCP**
**EPN, NM, KY, OR, NY** Permits,
UCR, CA #, 48 States
Plates, Bit, Dispatch Brokerage
Corporations, LLC'S,
Business Licenses & Permits
Fuel Tax For 48 States

***For More Information Call: Paul Ghuman***

**Ph:916-335-3800 or 916-242-9070**

**New Location:2142 W. Yosemite Ave. Manteca, CA 95337 - 6494 Florin Perkins Rd. Sacramento, CA 95828**

# Imperial Truck & Trailer Repair

**2142 W. Yosemite Ave., Manteca, CA 95337**

All Kinds of Welding Work & General Repair.




Now Truck
Parts Available

**Oil Change $189.99 Only**

**Brake $89.00** With Labor
**Wheel Seal $89.00** With Labor

ਹਰ ਕਿਸਮ ਦਾ
ਵੈਲਡਿੰਗ ਵਰਕ
ਅਤੇ ਜਨਰਲ
ਰਿਪੇਅਰ
ਮਾਰਕੀਟ 'ਚ ਸਭ
ਤੋਂ ਵਧੀਆ ਕੰਮ
ਅਤੇ ਘੱਟ ਕੀਮਤ

***Wheel Balancing***

**24 Hours Road Service & Towing**

## Tire Service

We carry all major brand tires-new and used at very attractive prices.

- *Transmission
- *Clutch
- *Brakes
- *Suspension
- *Oil Change
- *Rear End
- *Wet Kit & PTO Pumps
- *Alternators
- *Starters
- *Cement Blower
- *AC Work
- *Rediator Flush

**Call-Jasvir Singh, Ph:209-239-8111**
**Cell:916-470-5520, Fax: 209-239-4969**

# ਪੈਸੇਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ, ਸਟਾਕਟਨ



## ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ 405ਵਾਂ ਸ਼ਹੀਦੀ ਦਿਹਾੜਾ ਅਤੇ 27ਵਾਂ ਘੱਲੂਘਾਰਾ ਦਿਵਸ (ਸ਼ਹੀਦੀ ਸਮਾਗਮ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ) ਅਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ

# ਸ਼ਹੀਦੀ ਸਮਾਗਮ

## ਐਤਵਾਰ, 5 ਜੂਨ 2011

ਗੁਰੂ ਪਿਆਰੀ ਸਾਧ ਸੰਗਤ ਜੀ,

ਆਪ ਜੀ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਭਾਰਤੀ ਫੌਜ ਵਲੋਂ ਧਾੜਵੀਆਂ ਦੀ ਸ਼ਕਲ ਵਿਚ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਜੂਨ 1984 ਵਿਚ ਤੋਪਾਂ, ਟੈਂਕਾਂ ਨਾਲ (ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਵਾਲੇ ਦਿਨ) ਹਮਲਾ ਕੀਤਾ ਗਿਆ ਜਿਸ ਵਿਚ ਭਾਰਤ ਦੀ ਬੇਦਰਦ ਅਤੇ ਜ਼ਾਲਮ ਨਿਰਦਈ ਫੌਜ ਨੇ ਹਜ਼ਾਰਾਂ ਬੇਕਸੂਰ ਸਿੱਖ ਸੰਗਤਾਂ ਨੂੰ ਸ਼ਹੀਦ ਕਰ ਦਿੱਤਾ। ਭਾਰਤੀ ਫੌਜ ਦਾ ਸਿੱਖ ਕੌਮ ਦੇ ਯੋਧੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਸਿੰਘਾਂ ਨੇ ਜ਼ੋਰਦਾਰ ਟਾਕਰਾ ਕੀਤਾ ਅਤੇ ਸੂਰਮਗਤੀ ਤੇ ਵੀਰਤਾ ਨਾਲ ਲੜਦੇ ਹੋਏ ਸ਼ਹੀਦੀ ਦਾ ਜਾਮ ਪੀ ਗਏ। ਉਨ੍ਹਾਂ ਮਹਾਨ ਸ਼ਹੀਦਾਂ ਅਤੇ ਸ਼ਾਂਤੀ ਦੇ ਪੁੰਜ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਹੋਰ ਸ਼ਹੀਦਾਂ ਦੀ ਯਾਦ ਵਿਚ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਸ਼ਹੀਦੀ ਸਮਾਗਮ ਕੀਤੇ ਜਾ ਰਹੇ ਹਨ:



*ਸੰਤ ਜਰਨੈਲ ਸਿੰਘ ਜੀ ਖਾਲਸਾ*

## ਪ੍ਰੋਗਰਾਮ ਦਾ ਵੇਰਵਾ

**3 ਜੂਨ 2011, ਸ਼ੁੱਕਰਵਾਰ**

ਅਰੰਭ ਸ੍ਰੀ ਅਖੰਡ ਪਾਠ-ਸਵੇਰੇ 10 ਵਜੇ

**5 ਜੂਨ 2011, ਐਤਵਾਰ**

ਭੋਗ ਸ੍ਰੀ ਅਖੰਡ ਪਾਠ-ਸਵੇਰੇ 10 ਵਜੇ

ਉਪਰੰਤ ਕੀਰਤਨ ਦੀਵਾਨ

ਇਸ ਸਮਾਗਮ ਦੌਰਾਨ ਪੰਥਕ ਆਗੂ ਤੇ ਵਿਦਵਾਨ ਪੰਥਕ ਵਿਚਾਰਾਂ ਕਰਨਗੇ। ਸ਼ਹੀਦਾਂ ਦੇ ਡੁੱਲ੍ਹੇ ਖੂਨ ਅਤੇ ਖਾਲਿਸਤਾਨ (ਆਜ਼ਾਦ ਸਿੱਖ ਸਟੇਟ) ਦਾ ਪ੍ਰਣ ਦੋਹਰਾਇਆ ਜਾਏਗਾ। ਸਮੂਹ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰੀਆਂ ਭਰਨਗੇ।

**ਪਹੁੰਚ ਰਹੇ ਰਾਗੀ-ਢਾਡੀ ਜਥੇ ਅਤੇ ਬੁਲਾਰੇ**

*ਪੰਥ ਪ੍ਰਸਿੱਧ ਕੀਰਤਨੀ ਜਥਾ ਭਾਈ ਜਗਤਾਰ ਸਿੰਘ
*ਕੀਰਤਨੀ ਜਥਾ ਭਾਈ ਸਰਵਣ ਸਿੰਘ
*ਸਵਰਨ ਸਿੰਘ, ਜਸਵਿੰਦਰ ਸਿੰਘ ਉਪਲ
*ਭਾਈ ਸੁਖਜੀਵਨ ਸਿੰਘ ਅਤੇ ਭਾਈ ਸਤਨਾਮ ਸਿੰਘ ਦਾ ਕੀਰਤਨੀ ਜਥਾ
*ਮਨੁੱਖੀ ਅਧਿਕਾਰਾਂ ਦੇ ਵਕੀਲ ਸ. ਨਵਕਿਰਨ ਸਿੰਘ ਵਿਸ਼ੇਸ਼ ਤੌਰ 'ਤੇ ਇੰਡੀਆ ਤੋਂ ਪਹੁੰਚ ਰਹੇ ਹਨ।
*ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ
*ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਨਾਮੀ ਸਿੱਖ ਵਿਦਵਾਨ ਪਾਲ ਸਿੰਘ ਪੁਰੇਵਾਲ (ਕੈਨੇਡਾ)
*ਸਿੱਖ ਕੌਮ ਦੇ ਮਹਾਨ ਚਿੰਤਕ ਡਾ. ਅਮਰਜੀਤ ਸਿੰਘ (ਖਾਲਿਸਤਾਨ ਅਫੇਅਰਜ਼ ਸੈਂਟਰ, ਵਾਸ਼ਿੰਗਟਨ, ਡੀ ਸੀ)
*ਭਾਈ ਰੇਸ਼ਮ ਸਿੰਘ, ਸੀਨੀਅਰ ਮੀਤ ਪ੍ਰਧਾਨ, ਅਕਾਲੀ ਦਲ ਅੰਮ੍ਰਿਤਸਰ

**ਨੋਟ:** ਸ਼ਹੀਦਾਂ ਦੀ ਯਾਦ ਵਿਚ ਇਕ ਖੂਨ ਦਾਨ ਕੈਂਪ ਵੀ ਲਾਇਆ ਜਾਏਗਾ। ਸ਼ਹੀਦਾਂ ਦੀ ਯਾਦ ਵਿਚ ਗੰਨੇ ਦੇ ਰਸ ਦੀ ਸੇਵਾ ਲੱਛਰ ਭਰਾਵਾਂ (ਲਾਸ ਬੈਨੋਸ) ਵਲੋਂ ਕੀਤੀ ਜਾਵੇਗੀ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਬੇਨਤੀ:** 3 ਜੂਨ ਦਿਨ ਸ਼ੁੱਕਰਵਾਰ ਨੂੰ ਸੈਨ ਫਰਾਂਸਿਸਕੋ ਵਿਚ ਭਾਰਤੀ ਅੰਬੈਸੀ ਸਾਹਮਣੇ ਕੀਤੇ ਜਾ ਰਹੇ ਮੁਜਾਹਰੇ ਵਿਚ ਸ਼ਾਮਲ ਹੋਣ ਲਈ ਸਮੂਹ ਸੰਗਤਾਂ ਨੂੰ ਬੇਨਤੀ ਹੈ ਜੀ। ਸਮੂਹ ਪੰਥਕ ਜਥੇਬੰਦੀਆਂ ਨੂੰ ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਨਿਮਰਤਾ ਸਹਿਤ ਬੇਨਤੀ ਹੈ ਜੀ।

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਪ੍ਰਧਾਨ-ਭਾਈ ਮਨਜੀਤ ਸਿੰਘ ਉਪਲ
ਫੋਨ 209-649-2767

ਸਕੱਤਰ-ਭਾਈ ਜਤਿੰਦਰ ਸਿੰਘ ਪੰਮਾ
209-993-7954

ਖਜ਼ਾਨਚੀ-ਭਾਈ ਗੁਰਬਖ਼ਸ਼ ਸਿੰਘ
209-475-8140

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਕੈਲੀਫੋਰਨੀਆ
ਕੁਲਜੀਤ ਸਿੰਘ ਨਿੱਜਰ (ਪ੍ਰਧਾਨ)
ਫੋਨ:209-476-8697

ਸਿੱਖ ਯੂਥ ਆਫ ਅਮੈਰਿਕਾ
ਭਾਈ ਗੁਲਵਿੰਦਰ ਸਿੰਘ ਭਿੰਦਾ
ਫੋਨ 209-487-3699

# ਸੁਰੱਖਿਆ ਪੱਖ ਵਿਚਾਰ ਕੇ ਹੀ ਕਾਲੀ ਸੂਚੀ ਸੋਧੀ:ਪਰਨੀਤ ਕੌਰ



**ਪਟਿਆਲਾ:** ਵਿਦੇਸ਼ ਮਾਮਲਿਆਂ ਬਾਰੇ ਕੇਂਦਰੀ ਰਾਜ ਮੰਤਰੀ ਪਰਨੀਤ ਕੌਰ ਨੇ ਆਖਿਆ ਹੈ ਕਿ ਦੇਸ਼ ਦੇ ਸੁਰੱਖਿਆ ਸਰੋਕਾਰਾਂ ਨੂੰ ਧਿਆਨ ਵਿਚ ਰੱਖ ਕੇ ਪੰਜਾਬ ਦੇ ਸਾਬਕਾ ਖਾੜਕੂਆਂ ਦੇ ਨਾਂ ਕਾਲੀ ਸੂਚੀ ਵਿਚੋਂ ਹਟਾਏ ਗਏ ਹਨ। ਉਨ੍ਹਾਂ ਕਿਹਾ ਕਿ ਕਾਲੀ ਸੂਚੀ ਵਿਚੋਂ ਨਾਂ ਹਟਾਉਣ ਜਾਂ ਜਾਇਜ਼ਾ ਲੈਣ ਵੇਲੇ ਸਰੋਕਾਰਾਂ ਨੂੰ ਬਿਲਕੁਲ ਅੱਖੋਂ ਓਹਲੇ ਨਹੀਂ ਹੋਣ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲਾ ਪੰਜਾਬ ਸਰਕਾਰ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਕਾਲੀ ਸੂਚੀ ਵਿਚੋਂ 142 ਸਿੱਖਾਂ ਦੇ ਨਾਂ ਹਟਾਉਣ ਦੇ ਫੈਸਲੇ ਤੱਕ ਪੁੱਜਾ ਸੀ। ਹੁਣ ਸਿਰਫ 27 ਨਾਂ ਹੀ ਇਸ ਸੂਚੀ ਵਿਚ ਹਨ। ਉਂਞ ਸੂਬੇ ਦੇ ਗ੍ਰਹਿ ਵਿਭਾਗ ਦਾ ਫਰਜ਼ ਬਣਦਾ ਹੈ ਕਿ ਉਹ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਇਤਲਾਹ ਦਿੰਦਾ ਰਹੇ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੇ ਨਿਰੰਤਰ ਯਤਨਾਂ ਸਦਕਾ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਦੋ ਪੜਾਵਾਂ ਵਿਚ ਕਾਲੀ ਸੂਚੀ ਵਿਚੋਂ ਸਿੱਖਾਂ ਦੇ ਨਾਂ ਹਟਾਉਣ ਲਈ ਸਹਿਮਤ ਹੋਏ ਸਨ। ਉਨ੍ਹਾਂ ਕਿਹਾ ਕਿ ਦੋ ਸਾਲ ਪਹਿਲਾਂ ਜਦੋਂ ਉਹ ਯੂ.ਪੀ.ਏ. ਸਰਕਾਰ ਵਿਚ ਸ਼ਾਮਲ ਹੋਏ ਸਨ ਤਾਂ ਗ੍ਰਹਿ ਮੰਤਰਾਲੇ ਕੋਲ ਇਹ ਮਾਮਲਾ ਉਠਾਉਣ ਦਾ ਪਹਿਲਾ ਕੰਮ ਕੀਤਾ ਸੀ। ਉਨ੍ਹਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵੱਲੋਂ ਮੰਤਰਾਲੇ ਕੋਲ ਕੇਸ ਦੀ ਪੈਰਵੀ ਕਰਨ ਦੀ ਵੀ ਸ਼ਲਾਘਾ ਕੀਤੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਸੁਰੱਖਿਆ ਏਜੰਸੀਆਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਦੋ ਪੜਾਵਾਂ ਵਿਚ 169 ਕੇਸਾਂ ਦੀ ਸਮੀਖਿਆ ਕੀਤੀ ਗਈ ਸੀ। ਪਿਛਲੇ ਸਾਲ ਅਗਸਤ ਵਿਚ 25 ਨਾਂ ਹਟਾਏ ਗਏ ਸਨ ਜਦਕਿ 117 ਨਾਂ ਪਿਛਲੇ ਮਹੀਨੇ ਹਟਾ ਦਿੱਤੇ ਗਏ ਹਨ। ਕਾਂਗਰਸ ਆਗੂ ਨੇ ਇਸ ਬਾਰੇ ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਖਾਸ ਤੌਰ 'ਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਦਾ ਧੰਨਵਾਦ ਕੀਤਾ।

ਇਸ ਮੌਕੇ ਉਨ੍ਹਾਂ ਦਾਅਵਾ ਕੀਤਾ ਕਿ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਦੌਰਾਨ ਪੰਜਾਬ ਕਾਂਗਰਸ ਭਾਰੀ ਬਹੁਮਤ ਨਾਲ ਜਿੱਤ ਹਾਸਲ ਕਰਕੇ ਸੱਤਾ 'ਤੇ ਕਾਬਜ਼ ਹੋਵੇਗੀ। ਕਾਂਗਰਸੀ ਵਰਕਰਾਂ ਦੀ ਮੀਟਿੰਗ ਦੌਰਾਨ ਉਨ੍ਹਾਂ ਕਿਹਾ ਕਿ ਪੰਜਾਬ ਦੀ ਇਹ ਸਰਕਾਰ ਚੋਣਾਂ ਦੌਰਾਨ ਕੀਤਾ ਕੋਈ ਵੀ ਵਾਅਦਾ ਪੂਰਾ ਨਹੀਂ ਕਰ ਸਕੀ। ਇਸ ਤੋਂ ਇਲਾਵਾ ਇਸ ਸਰਕਾਰ ਦੇ ਰਾਜਕਾਲ ਦੌਰਾਨ ਭ੍ਰਿਸ਼ਟਾਚਾਰ ਤੇ ਹੋਰ ਧਾਂਦਲੀਆਂ ਦਾ ਬੋਲਬਾਲਾ ਰਿਹਾ ਹੈ।

ਅਕਾਲੀ-ਭਾਜਪਾ ਗਠਜੋੜ ਸਰਕਾਰ ਨੂੰ ਭ੍ਰਿਸ਼ਟ ਸਰਕਾਰ ਕਰਾਰ ਦਿੰਦਿਆਂ ਕੇਂਦਰੀ ਵਿਦੇਸ਼ ਰਾਜ ਮੰਤਰੀ ਨੇ ਆਖਿਆ ਕਿ ਸਰਕਾਰ ਦੇ ਅਜਿਹੇ ਕਾਰਨਾਮਿਆਂ ਤੋਂ ਹੀ ਖਫ਼ਾ ਪੰਜਾਬ ਦੇ ਸੂਝਵਾਨ ਲੋਕ ਇਸ ਤੋਂ ਜਲਦੀ ਖਹਿੜਾ ਛੁਡਾਉਣ ਲਈ ਉਤਾਵਲੇ ਹਨ।

# ਟਿਕਟਾਂ ਦਾ ਫ਼ੈਸਲਾ ਸੋਨੀਆ ਦੇ ਹੱਥ: ਕੈਪਟਨ



**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਕਾਂਗਰਸ ਦੇ ਮੌਜੂਦਾ ਵਿਧਾਇਕਾਂ ਨੂੰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਪਾਰਟੀ ਟਿਕਟ ਮਿਲਣ ਜਾਂ ਨਾ ਮਿਲਣ ਦੀ ਕੋਈ ਗਰੰਟੀ ਨਹੀਂ ਹੈ ਕਿਉਂਕਿ ਟਿਕਟ ਦੇਣ ਬਾਰੇ ਅੰਤਿਮ ਫੈਸਲਾ ਪਾਰਟੀ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਵੱਲੋਂ ਕੀਤਾ ਜਾਣਾ ਹੈ। ਕੁਝ ਦਿਨ ਪਹਿਲਾਂ ਹੀ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਸੀ ਕਿ ਕਾਂਗਰਸ ਦੇ ਮੌਜੂਦਾ ਵਿਧਾਇਕਾਂ ਨੂੰ ਆਗਾਮੀ ਚੋਣਾਂ 'ਚ ਵੀ ਪਾਰਟੀ ਟਿਕਟ ਦਿੱਤਾ ਜਾਵੇਗਾ। ਇਸ ਤੋਂ ਬਾਅਦ ਕਈ ਵਿਧਾਇਕਾਂ ਨੇ ਆਪੋ ਆਪਣੇ ਖੇਤਰ ਵਿਚ ਉਮੀਦਵਾਰ ਵਜੋਂ ਵਿਚਰਨਾ ਵੀ ਸ਼ੁਰੂ ਕਰ ਦਿੱਤਾ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਸਪਸ਼ਟ ਕੀਤਾ ਹੈ ਕਿ ਕਾਂਗਰਸ ਲੀਡਰਸ਼ਿਪ 'ਚ ਕੋਈ ਮਤਭੇਦ ਨਹੀਂ ਹਨ ਤੇ ਸਾਰੇ ਕਾਂਗਰਸੀ ਪੂਰੀ ਤਰ੍ਹਾਂ ਇਕਜੁੱਟ ਹਨ। ਪੰਜਾਬ ਕਾਂਗਰਸ ਦੇ ਗਠਨ 'ਚ ਆਹੁਦੇਦਾਰੀਆਂ ਮਿਲਣੋਂ ਰਹਿ ਗਏ ਕੁਝ ਸੀਨੀਅਰ ਆਗੂਆਂ ਦੀ ਨਾਰਾਜ਼ਗੀ ਬਾਰੇ ਉਨ੍ਹਾਂ ਆਖਿਆ ਕਿ ਉਹ ਇਸ ਬਾਰੇ ਜਲਦੀ ਹੀ ਸ੍ਰੀਮਤੀ ਸੋਨੀਆ ਨੂੰ ਮਿਲਣ ਦਿੱਲੀ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਮਨ-ਕਾਨੂੰਨ ਦਾ ਬਹੁਤ ਮਾੜਾ ਹਾਲ ਹੈ। ਲੋਕਾਂ ਨੂੰ ਇਨਸਾਫ਼ ਪ੍ਰਾਪਤੀ ਲਈ ਪੁਲੀਸ ਥਾਣਿਆਂ ਵਿਚ ਖੱਜਲ-ਖੁਆਰ ਹੋਣਾ ਪੈ ਰਿਹਾ ਹੈ ਪਰ ਕੋਈ ਵੀ ਅਧਿਕਾਰੀ ਲੋਕਾਂ ਦੀ ਗੱਲ ਤੱਕ ਸੁਣਨ ਲਈ ਤਿਆਰ ਨਹੀਂ ਹੈ।

# ਫਰਾਂਸ 'ਚ ਦੋ ਪੰਜਾਬੀ ਨੌਜਵਾਨਾਂ ਦਾ ਕਤਲ

**ਚੰਡੀਗੜ੍ਹ:** ਪੈਰਿਸ ਨੇੜਲੇ ਟਾਊਨ 'ਓਨਲੀ ਸੂਬਅਸ' ਵਿਚ ਛੇ ਨੌਜਵਾਨਾਂ ਵਿਚਾਲੇ ਹੋਈ ਆਪਸੀ ਝੜਪ ਦੌਰਾਨ ਦੋ ਨੌਜਵਾਨਾਂ ਦਾ ਕਤਲ ਹੋ ਗਿਆ ਹੈ ਜਦਕਿ ਬਾਕੀ ਦੇ ਚਾਰ ਨੌਜਵਾਨ ਹਸਪਤਾਲ ਵਿਚ ਹਨ ਜਿਨ੍ਹਾਂ 'ਚੋਂ ਇਕ ਦੀ ਹਾਲਤ ਗੰਭੀਰ ਹੈ। ਕਤਲ ਹੋਏ ਨੌਜਵਾਨਾਂ ਵਿਚ ਮਨਦੀਪ ਸਿੰਘ ਤੇ ਜਸਪਾਲ ਸਿੰਘ ਵਿਰਕ ਆਪਸ 'ਚ ਰਿਸ਼ਤੇਦਾਰ ਦੱਸੇ ਜਾਂਦੇ ਹਨ। ਝਗੜੇ ਵਾਲੀ ਥਾਂ ਤੋਂ ਪੁਲਿਸ ਨੇ ਬੀਅਰ, ਸ਼ਰਾਬ ਤੇ ਤੇਜ਼ਧਾਰ ਹਥਿਆਰ ਬਰਾਮਦ ਕੀਤੇ ਹਨ।



ਮ੍ਰਿਤਕਾਂ 'ਚ ਜਸਪਾਲ ਸਿੰਘ ਸੰਗਰੂਰ ਜ਼ਿਲ੍ਹੇ ਦੇ ਪਿੰਡ ਤਕੀਪੁਰ ਦਾ ਰਹਿਣ ਵਾਲਾ ਹੈ ਜਦਕਿ ਦੂਜਾ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਧਾਲੀਵਾਲ ਬੇਟ ਦਾ ਮਨਦੀਪ ਸਿੰਘ ਪੁੱਤਰ ਹਰਭਜਨ ਸਿੰਘ ਹੈ। ਪਿਤਾ ਸੋਹਣ ਸਿੰਘ ਤੇ ਮਾਤਾ ਮਨਜੀਤ ਕੌਰ ਦਾ ਪੁੱਤਰ ਜਸਪਾਲ ਸਿੰਘ ਤਕਰੀਬਨ ਪੰਜ ਸਾਲ ਪਹਿਲਾਂ ਜ਼ਮੀਨ ਗਹਿਣੇ ਕਰਕੇ ਫਰਾਂਸ ਗਿਆ ਸੀ। ਉਸ ਦੇ ਛੋਟੇ ਭਰਾ ਦੀ ਵੀ ਕੁਝ ਸਮਾਂ ਪਹਿਲਾਂ ਮੌਤ ਹੋ ਗਈ ਹੈ। ਮੱਧ ਵਰਗੀ ਕਿਸਾਨ ਪਰਿਵਾਰ ਨਾਲ ਸਬੰਧਿਤ ਜਸਪਾਲ ਸਿੰਘ ਦੋ ਮਾਸੂਮ ਬੱਚਿਆਂ ਪਤਨੀ, ਮਾਤਾ-ਪਿਤਾ ਤੇ ਭਰਾ ਦੇ ਪਰਿਵਾਰ ਦਾ ਇਕੱਲਾ ਸਹਾਰਾ ਸੀ। ਸੋਹਣ ਸਿੰਘ ਨੇ ਭਰੇ ਮਨ ਨਾਲ ਦੱਸਿਆ ਕਿ ਮਿਲੀ ਜਾਣਕਾਰੀ ਅਨੁਸਾਰ 10-15 ਬੰਦਿਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਜਿਸ ਕਾਰਨ ਉਨ੍ਹਾਂ ਦਾ ਪੁੱਤਰ ਜਸਪਾਲ ਤੇ ਰਿਸ਼ਤੇਦਾਰ ਮਨਦੀਪ ਸਿੰਘ ਮਾਰੇ ਗਏ। ਉਨ੍ਹਾਂ ਦੱਸਿਆ ਕਿ ਜਸਪਾਲ ਛੇ ਮਹੀਨੇ ਪਹਿਲਾਂ ਹੀ ਫਰਾਂਸ ਤੋਂ ਪਿੰਡ ਆਇਆ ਸੀ ਤੇ ਗਹਿਣੇ ਕੀਤੀ ਜ਼ਮੀਨ ਵਿਚੋਂ ਕੁਝ ਜ਼ਮੀਨ ਵੀ ਛੁਡਵਾ ਲਈ ਸੀ। ਉਹ ਆਪਣੀ ਪਤਨੀ ਤੇ ਨੌਂਵੀ ਤੇ ਸੱਤਵੀਂ ਜਮਾਤ ਵਿਚ ਪੜ੍ਹਦੇ ਦੋ ਪੁੱਤਰਾਂ ਨਾਲ ਵਾਅਦਾ ਕਰਕੇ ਗਿਆ ਸੀ। ਉਹ ਅਗਲੀ ਵਾਰ ਉਨ੍ਹਾਂ ਨੂੰ ਵਿਦੇਸ ਲੈ ਕੇ ਜਾਵੇਗਾ।

# ਦੀਪਕ ਓਬਰਾਏ ਕੈਨੇਡਾ 'ਚ ਬਣੇ ਸੰਸਦੀ ਸਕੱਤਰ

**ਚੰਡੀਗੜ੍ਹ:** ਪਰਵਾਸੀ ਪੰਜਾਬੀ ਭਾਈਚਾਰੇ ਨਾਲ ਸਬੰਧਤ ਟਿਮ ਉੱਪਲ ਤੇ ਬਲ ਗੋਸਲ ਨੂੰ ਪਿਛਲੇ ਹਫਤੇ ਮੰਤਰੀ ਪ੍ਰੀਸ਼ਦ 'ਚ ਥਾਂ ਦੇਣ ਤੋਂ ਬਾਅਦ ਕੈਨੇਡੀਅਨ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਪੰਜਾਬੀ ਮੂਲ ਦੇ ਇਕ ਹੋਰ ਐਮ.ਪੀ. ਦੀਪਕ ਓਬਰਾਏ ਨੂੰ ਵਿਦੇਸ਼ ਮਾਮਲਿਆਂ ਦੇ ਮੰਤਰੀ ਨਾਲ ਸੰਸਦੀ ਸਕੱਤਰ ਨਿਯੁਕਤ ਕੀਤਾ ਹੈ।ਪ੍ਰਧਾਨ ਮੰਤਰੀ ਦੇ ਦਫ਼ਤਰ ਵੱਲੋਂ 28 ਸੰਸਦੀ ਸਕੱਤਰਾਂ ਦੀ ਜਾਰੀ ਸੂਚੀ ਵਿਚ ਦੀਪਕ ਓਬਰਾਏ ਇਕੋ-ਇਕ ਇੰਡੋ-ਕੈਨੇਡੀਅਨ ਐਮ.ਪੀ. ਹੈ। ਕੈਨੇਡੀਅਨ ਸਰਕਾਰ ਵਿਚ ਪਰਵਾਸੀ ਭਾਰਤੀ ਭਾਈਚਾਰੇ ਨੂੰ ਹੁਣ ਤੱਕ ਦੀ ਸਭ ਤੋਂ ਵੱਧ ਨੁਮਾਇੰਦਗੀ ਪ੍ਰਾਪਤ ਹੋਈ ਹੈ। ਸੱਤਾਧਾਰੀ ਪਾਰਟੀ ਦੇ ਛੇ ਇੰਡੋ-ਕੈਨੇਡੀਅਨ ਸੰਸਦ ਮੈਂਬਰਾਂ 'ਚੋਂ ਤਿੰਨ ਸੰਘੀ ਸਰਕਾਰ 'ਚ ਸ਼ਾਮਲ ਕੀਤੇ ਗਏ ਹਨ। ਟਿਮ ਉੱਪਲ ਤੇ ਬਲ ਗੋਸਲ ਸਮਾਜਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਦੇ ਮੈਂਬਰ ਬਣਾਏ ਗਏ ਹਨ। ਇਸ ਕਮੇਟੀ ਵੱਲੋਂ ਸਿਹਤ ਸੰਭਾਲ, ਨਿਆਂ, ਜਨਤਕ ਸੁਰੱਖਿਆ, ਆਦਿਵਾਸੀ, ਸਿਖਲਾਈ ਤੇ ਹੁਨਰ ਵਿਕਾਸ, ਸੱਭਿਆਚਾਰ ਤੇ ਪਰਵਾਸ ਨੀਤੀ ਨਾਲ ਸਬੰਧਤ ਮੁੱਦਿਆਂ 'ਤੇ ਗ਼ੌਰ ਕੀਤੀ ਜਾਂਦੀ ਹੈ। ਪਹਿਲਾਂ ਇਹ ਵੀ ਚਰਚਾ ਸੀ ਕਿ ਫਲੀਟਵੁਡ-ਪੋਰਟ ਕੈਲਜ਼ ਤੋਂ ਐਮ.ਪੀ. ਨੀਨਾ ਗਰੇਵਾਲ ਨੂੰ ਸੰਸਦੀ ਸਕੱਤਰ ਬਣਾਇਆ ਜਾ ਰਿਹਾ। ਦੀਪਕ ਓਬਰਾਏ ਮੂਲ ਰੂਪ ਵਿਚ ਪੰਜਾਬੀ ਹਨ ਤੇ ਉਹ ਅਫਰੀਕਾ ਤੋਂ ਪਰਵਾਸ ਕਰਕੇ ਕੈਨੇਡਾ ਪੁੱਜੇ ਸਨ। ਉਹ ਕੈਲਗਰੀ ਈਸਟ ਸੀਟ ਤੋਂ ਲਗਾਤਾਰ ਛੇ ਵਾਰ ਸੰਸਦ ਮੈਂਬਰ ਚੁਣੇ ਗਏ ਹਨ। ਪਹਿਲੀ ਵਾਰ 1997 'ਚ ਉਹ ਐਮ.ਪੀ. ਚੁਣੇ ਗਏ ਸਨ। ਫਰਵਰੀ 2006 ਵਿਚ ਵੀ ਉਨ੍ਹਾਂ ਨੂੰ ਵਿਦੇਸ਼ ਮੰਤਰੀ ਨਾਲ ਸੰਸਦੀ ਸਕੱਤਰ ਲਾਇਆ ਗਿਆ ਸੀ। ਓਬਰਾਏ ਇੰਡੋ-ਕੈਨੇਡਾ ਐਸੋਸੀਏਸ਼ਨ, ਮੌਟੇਂਗੀ ਕਮੇਟੀ ਤੇ ਕੈਲਗਰੀ ਹਿੰਦੂ ਸੁਸਾਇਟੀ ਦੇ ਪ੍ਰਧਾਨ ਰਹਿ ਚੁੱਕੇ ਹਨ।


## ਇੰਡੀਅਨ ਰੈਸਟੋਰੈਂਟ ਅਤੇ ਗਰੌਸਰੀ ਸਟੋਰ ਵਿਕਾਊ ਹੈ

## Indian Restaurant & Grocery Store For Sale in Turlock, CA

ਟਰਲਕ, ਕੈਲੀਫੋਰਨੀਆ ਵਿਚ ਬਹੁਤ ਹੀ ਵਧੀਆ ਲੋਕੇਸ਼ਨ 'ਤੇ ਰੈਸਟੋਰੈਂਟ ਅਤੇ ਇੰਡੀਅਨ ਗਰੌਸਰੀ ਸਟੋਰ ਵਿਕਾਊ ਹੈ।

(Beer & Wine License Available)

*Lease Month to Month or Year to Year.
*No Water Bill, No Triple Net.
*No Waste Management Bill.

ਚਾਹਵਾਨ ਸੱਜਣ ਸੰਪਰਕ ਕਰ ਸਕਦੇ ਹਨ

Call: Ashwani

209-535-8642, 209-667-6205

www.premindiancuisine.com



## Akal Immigration

In Association with

Max Berger Law Corporation

Canadian Immigration







Max Berger B.F.A. LL.B.
*Immigration Lawyer since 1983*

*Narinder Paul Singh B.Sc.*
*(Kashmir University -1971)*

ਤੁਹਾਡੇ ਰਿਸ਼ਤੇਦਾਰ/ਦੋਸਤ ਨੂੰ ਇਕ ਸਾਲ ਦੇ ਅੰਦਰ ਕੈਨੇਡਾ ਦੀ ਇਮੀਗਰੇਸ਼ਨ ਮਿਲ ਸਕਦੀ ਹੈ

WE SPECIALIZE IN:
⇒ Investor, Business, Self Employed, Skilled Worker
⇒ Family Class, Spousal, Parents, Grand-Parents
⇒ Student, Visitor Visas, Refugee Cases in Toronto, Montreal
⇒ Family, Federal Court Appeals & ADRs
⇒ Temporary Work Permits for Cooks, Chefs for Banquet Halls etc.

ਫੋਨ:(905) 795-1516

**Need Agents in the USA**

*Nanak Plaza 1380- Cardiff Blvd. #: 2 Mississauga (On.) L5S1P9 Canada*
*E-mail: info@akalimmigration.com Website: www.akalimmigration.com*

# ਪੱਛਮੀ ਬੰਗਾਲ 'ਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਮਿਲਿਆ

**ਅੰਮ੍ਰਿਤਸਰ:** ਪੱਛਮੀ ਬੰਗਾਲ ਵਿਚ ਬੀਬੀ ਮਮਤਾ ਬੈਨਰਜੀ ਦੀ ਸਰਕਾਰ ਆਉਂਦਿਆਂ ਹੀ ਪੰਜਾਬੀ ਭਾਸ਼ਾ ਨੂੰ ਸੂਬੇ ਦੀ ਦੂਜੀ ਭਾਸ਼ਾ ਦਾ ਦਰਜਾ ਦੇ ਦਿੱਤਾ ਗਿਆ ਹੈ ਜਿਸ ਦੇ ਸਿੱਟੇ ਵਜੋਂ ਸੂਬੇ ਵਿਚ ਪੰਜਾਬੀ ਨੂੰ ਹਰ ਖੇਤਰ ਵਿਚ ਮਾਨਤਾ ਮਿਲੇਗੀ। ਇਹ ਜਾਣਕਾਰੀ ਪੱਛਮੀ ਬੰਗਾਲ ਦੇ ਸੈਰ-ਸਪਾਟੇ ਬਾਰੇ ਮੰਤਰੀ ਰਛਪਾਲ ਸਿੰਘ ਬੇਦੀ ਨੇ ਦਿੱਤੀ। ਉਹ ਪਰਿਵਾਰ ਸਮੇਤ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਏ ਸਨ।

ਇਸ ਮੌਕੇ ਸ. ਰਛਪਾਲ ਸਿੰਘ ਨੇ ਦੱਸਿਆ ਕਿ ਪੰਜਾਬੀ (ਗੁਰਮੁਖੀ) ਭਾਸ਼ਾ ਨੂੰ ਸੂਬੇ ਦੀ ਦੂਜੀ ਭਾਸ਼ਾ ਦਾ ਦਰਜਾ ਦੇਣ ਦਾ ਫੈਸਲਾ ਮੁੱਖ ਮੰਤਰੀ ਮਮਤਾ ਬੈਨਰਜੀ ਵੱਲੋਂ ਕੀਤਾ ਗਿਆ ਹੈ। ਇਸ ਫੈਸਲੇ ਤਹਿਤ ਪੰਜਾਬੀ ਸਮੇਤ ਉਰਦੂ, ਨੇਪਾਲੀ, ਉੜੀਆ ਤੇ ਹਿੰਦੀ ਨੂੰ ਵੀ ਸੂਬੇ ਦੀ ਦੂਜੀ ਭਾਸ਼ਾ ਦਾ ਦਰਜਾ ਦਿੱਤਾ ਗਿਆ। ਪੱਛਮੀ ਬੰਗਾਲ ਵਿਚ ਇਸ ਵੇਲੇ ਪੰਜਾਬੀਆਂ ਦੀ ਗਿਣਤੀ ਚਾਰ ਲੱਖ ਦੇ ਕਰੀਬ ਹੈ ਜਿਨ੍ਹਾਂ ਉਥੇ ਵੱਖ-ਵੱਖ ਕਿੱਤਿਆਂ ਵਿਚ ਵਿਸ਼ੇਸ਼ ਸਥਾਨ ਬਣਾਇਆ ਹੈ। ਹੁਣ ਪੰਜਾਬੀ ਭਾਸ਼ਾ ਨੂੰ ਦੂਜਾ ਦਰਜਾ ਮਿਲਣ ਮਗਰੋਂ ਪੰਜਾਬੀ ਭਾਈਚਾਰੇ ਦੇ ਲੋਕ ਵੱਖ-ਵੱਖ ਮੁਕਾਬਲਿਆਂ ਦੀਆਂ ਪ੍ਰੀਖਿਆਵਾਂ ਪੰਜਾਬੀ ਵਿਚ ਦੇ ਸਕਣਗੇ। ਇਸੇ ਤਰ੍ਹਾਂ ਬੰਗਾਲ ਸਿੱਖਿਆ ਬੋਰਡ ਦੇ ਅਧੀਨ ਆਉਂਦੇ ਸਕੂਲਾਂ ਵਿਚ ਵੀ ਪੰਜਾਬੀ ਨੂੰ ਮਾਨਤਾ ਮਿਲੇਗੀ। ਉਨ੍ਹਾਂ ਦੱਸਿਆ ਕਿ ਪੰਜਾਬੀ ਦੇ ਵਿਕਾਸ ਲਈ ਹੋਰ ਵੀ ਯਤਨ ਕੀਤੇ ਜਾਣਗੇ।

ਪੱਛਮੀ ਬੰਗਾਲ ਨੂੰ ਸੈਰ-ਸਪਾਟੇ ਦੇ ਵੱਡੇ ਕੇਂਦਰ ਵਜੋਂ ਉਭਾਰਨ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਸੂਬੇ ਵਿਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਨੌਂਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨਾਲ ਸਬੰਧਤ ਇਤਿਹਾਸਕ ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਮੁਰੰਮਤ ਕਰਵਾਈ ਜਾਵੇਗੀ। ਇਸੇ ਤਰ੍ਹਾਂ ਬੰਗਲਾਦੇਸ਼ ਸਥਿਤ ਸਿੱਖ ਗੁਰਧਾਮਾਂ ਦੀ ਯਾਤਰਾ ਲਈ ਜਾਣ ਵਾਲੇ ਸ਼ਰਧਾਲੂਆਂ ਦੇ ਜਥੇ ਨੂੰ ਬਿਹਤਰ ਸਹੂਲਤਾਂ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ। ਜੇਕਰ ਪੰਜਾਬ ਸਰਕਾਰ ਬੰਗਲਾਦੇਸ਼ ਸਥਿਤ ਗੁਰਧਾਮਾਂ ਦੀ ਸਾਂਭ-ਸੰਭਾਲ ਤੇ ਯਾਤਰੂਆਂ ਦੀ ਆਵਾਜਾਈ ਲਈ ਬੰਗਾਲ ਸਰਕਾਰ ਨਾਲ ਕੋਈ ਗੱਲਬਾਤ ਕਰਦੀ ਹੈ ਤਾਂ ਇਸ ਮਾਮਲੇ ਵਿਚ ਪੂਰਾ ਸਹਿਯੋਗ ਦਿੱਤਾ ਜਾਵੇਗਾ।

ਤੀਹ ਸਾਲਾਂ ਦੀ ਆਈ.ਪੀ.ਐਸ. ਦੀ ਨੌਕਰੀ ਨੂੰ ਛੱਡਣ ਤੋਂ ਬਾਅਦ ਸਿਆਸਤ ਵਿਚ ਆਏ ਰਛਪਾਲ ਸਿੰਘ ਬੇਦੀ ਨੇ ਕਿਹਾ ਕਿ ਉਹ ਸੂਬੇ ਨੂੰ ਸੈਰ-ਸਪਾਟੇ ਵਜੋਂ ਮਾਡਲ ਬਣਾਉਣ ਨੂੰ ਤਰਜੀਹ ਦੇਣਗੇ। ਇਸ ਯੋਜਨਾ ਤਹਿਤ ਖਾਸ ਕਰਕੇ ਦਾਰਜਲਿੰਗ ਨੂੰ ਸੈਰ-ਸਪਾਟੇ ਦੇ ਕੇਂਦਰ ਵਜੋਂ ਉਭਾਰਿਆ ਜਾਵੇਗਾ। ਜਲੰਧਰ ਦੇ ਪਿੰਡ ਕੁੱਕੜਾਂ ਨਾਲ ਸਬੰਧਤ ਰਛਪਾਲ ਸਿੰਘ ਬੇਦੀ 1974 ਵਿਚ ਆਈ.ਪੀ.ਐਸ. ਦੀ ਨੌਕਰੀ ਲਈ ਚੁਣੇ ਗਏ ਸਨ। ਪੱਛਮੀ ਬੰਗਾਲ ਵਿਚ ਆਪਣੀ ਇਸ ਨੌਕਰੀ ਦੌਰਾਨ ਉਨ੍ਹਾਂ 2004 'ਚ ਆਈ.ਜੀ. ਦੇ ਅਹੁਦੇ ਤੋਂ ਤਿਆਗ ਪੱਤਰ ਦਿੱਤਾ।

## ਗੁਰਦੁਆਰਾ ਸੈਨ ਹੋਜ਼ੇ ਵਿਚ ਸੈਟ ਕਲਾਸਾਂ 4 ਤੋਂ

**ਸੈਨ ਹੋਜ਼ੇ (ਬਿਊਰੋ):** ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਐਸ ਏ ਟੀ ਲਈ ਤਿਆਰ ਕਰਨ ਵਾਸਤੇ ਵਿਸ਼ੇਸ਼ ਕਲਾਸਾਂ ਗੁਰਦੁਆਰਾ ਸੈਨ ਹੋਜ਼ੇ ਵਿਖੇ ਸਨਿਚਰਵਾਰ 4 ਜੂਨ ਤੋਂ ਆਰੰਭ ਕੀਤੀਆਂ ਜਾ ਰਹੀਆਂ ਹਨ। ਇਹ ਕਲਾਸਾਂ ਬੁਧਵਾਰ ਸ਼ਾਮ 6 ਵਜੇ ਤੋਂ 8 ਵਜੇ ਤਕ ਅਤੇ ਸਨਿਚਰਵਾਰ ਬਾਅਦ ਦੁਪਹਿਰ 2 ਤੋਂ 5 ਵਜੇ ਤਕ ਹੋਣਗੀਆਂ। ਇਨ੍ਹਾਂ ਕਲਾਸਾਂ ਦੌਰਾਨ ਹਿਸਾਬ ਅਤੇ ਹੋਰ ਮਜ਼ਮੂਨਾਂ ਦੀ ਪੜ੍ਹਾਈ ਤੋਂ ਇਲਾਵਾ ਕਾਲਜ ਦੀ ਪੜ੍ਹਾਈ ਵਾਸਤੇ ਮਾਰਗ ਦਰਸ਼ਨ ਵੀ ਦਿੱਤਾ ਜਾਏਗਾ।

ਇਨ੍ਹਾਂ ਕਲਾਸਾਂ ਦੀ ਫੀਸ 80 ਡਾਲਰ ਪ੍ਰਤੀ ਵਿਦਿਆਰਥੀ ਹੋਵੇਗੀ। ਹੋਰ ਜਾਣਕਾਰੀ ਲਈ ਅਰਵਿੰਦਰ ਨਾਲ ਫੋਨ 510-396-5891 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪਾਕਿਸਤਾਨ 'ਚੋਂ ਅਮਰੀਕੀ ਫੌਜ ਦੀ ਵਾਪਸੀ ਸ਼ੁਰੂ

**ਵਾਸ਼ਿੰਗਟਨ:** ਅਮਰੀਕਾ ਨੇ ਕਿਹਾ ਹੈ ਕਿ ਉਸ ਨੇ ਪਾਕਿਸਤਾਨ 'ਚੋਂ ਆਪਣੇ ਫੌਜੀ ਦਸਤੇ ਹਟਾਉਣੇ ਸ਼ੁਰੂ ਕਰ ਦਿੱਤੇ ਹਨ। ਓਸਾਮਾ ਬਿਨ ਲਾਦਿਨ ਨੂੰ ਮਾਰਨ ਲਈ ਕੀਤੀ ਛਾਪਾਮਾਰ ਕਾਰਵਾਈ ਤੋਂ ਬਾਅਦ ਪਾਕਿਸਤਾਨ ਨੇ ਸਰਕਾਰੀ ਤੌਰ 'ਤੇ ਆਪਣੀ ਸਰਜ਼ਮੀਨ ਤੋਂ ਅਮਰੀਕੀ ਦਸਤਿਆਂ 'ਚ ਕਟੌਤੀ ਕਰਨ ਲਈ ਕਿਹਾ ਸੀ।

ਪੈਂਟਾਗਨ ਦੇ ਬੁਲਾਰੇ ਕਰਨਲ ਡੇਵ ਲਪਾਨ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਨੇ ਇਸ ਮਹੀਨੇ ਦੇ ਸ਼ੁਰੂ 'ਚ ਦੇਸ਼ 'ਚ 200 ਅਮਰੀਕੀ ਦਸਤਿਆਂ ਦੀ ਗਿਣਤੀ ਘਟਾਉਣ ਲਈ ਕਿਹਾ ਸੀ। ਉਨ੍ਹਾਂ ਕਿਹਾ ਕਿ ਬੀਤੇ ਦੋ ਹਫ਼ਤਿਆਂ ਦੌਰਾਨ ਲਿਖਤੀ ਤੌਰ 'ਤੇ ਜਾਣੂ ਕਰਾਇਆ ਗਿਆ ਹੈ ਕਿ ਪਾਕਿਸਤਾਨ ਦੀ ਸਰਕਾਰ ਚਾਹੁੰਦੀ ਹੈ ਕਿ ਪਾਕਿਸਤਾਨ ਵਿਚ ਅਮਰੀਕੀ ਫੌਜ ਨਫਰੀ ਘਟਾਈ ਜਾਵੇ। ਇਸ ਲਿਹਾਜ਼ ਨਾਲ ਕਟੌਤੀ ਸ਼ੁਰੂ ਕਰ ਦਿੱਤੀ ਗਈ ਹੈ। ਉਂਝ ਬੁਲਾਰੇ ਨੇ ਇਹ ਨਹੀਂ ਦੱਸਿਆ ਕਿ ਕਿੰਨੇ ਦਸਤੇ ਵਾਪਸ ਬੁਲਾਏ ਜਾ ਰਹੇ ਹਨ। ਅਮਰੀਕੀ ਦਸਤਿਆਂ 'ਚੋਂ ਬਹੁਤੇ ਸਪੈਸ਼ਲ ਫੋਰਸਿਜ਼ ਹਨ ਜੋ ਪਾਕਿਸਤਾਨੀ ਤਾਲਿਬਾਨ, ਅਲ-ਕਾਇਦਾ ਹੋਰ ਵਿਦੇਸ਼ੀ ਅਤਿਵਾਦੀਆਂ ਨਾਲ ਲੜਨ ਲਈ ਪਾਕਿਸਤਾਨ ਦੀ ਨੀਮ ਫੌਜੀ ਦਲਾਂ ਨੂੰ ਸਿਖਲਾਈ ਦਿੰਦੇ ਹਨ।

## ਭੁੱਲ ਦੀ ਸੋਧ

ਪਿਛਲੇ ਅੰਕ ਵਿਚ ਗੁਰਦੁਆਰਾ ਵਿਲਸਨ ਰੋਡ, ਬੇਕਰਜ਼ਫੀਲਡ ਵਿਚ ਸ੍ਰੀ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਨ ਸਮਾਗਮਾਂ ਸਬੰਧੀ ਖਬਰ ਵਿਚ ਪੰਜਵੇਂ ਪਾਤਸ਼ਾਹ ਦੀ ਥਾਂ ਛੇਵੇਂ ਪਾਤਸ਼ਾਹ ਗਲਤੀ ਨਾਲ ਛਪ ਗਿਆ ਸੀ। ਇਸ ਭੁੱਲ ਲਈ ਗੁਰੂ ਮਹਾਰਾਜ ਅਤੇ ਪਾਠਕਾਂ ਤੋਂ ਖਿਮਾ ਦੇ ਜਾਚਕ ਹਾਂ। ਵਾਹਿਗੁਰੂ ਸੁਮੱਤ ਬਖਸ਼ੇ ਕਿ ਅੱਗੋਂ ਅਜਿਹੀ ਭੁੱਲ ਨਾ ਹੋਵੇ। ***-ਸੰਪਾਦਕ***


HERBALIFE

Better your health

Products are made in USA
Celebrating 30 years!

ਆਪਣੀ ਸਿਹਤ ਨੂੰ ਬਿਹਤਰ ਬਣਾਓ
ਭਾਰ ਘਟਾਓ, ਚਰਬੀ ਹਟਾਓ, ਤਾਕਤ ਵਧਾਓ
ਦੁਨੀਆਂ ਦੇ 75 ਦੇਸ਼ਾਂ 'ਚ 7 ਕਰੋੜ ਲੋਕ ਹੁਣ ਤੱਕ ਲਾਭ ਉਠਾ ਚੁਕੇ ਹਨ

*Try a free sample*

**Special first time customers. Get a free body anylisis.**
**Call For More Info:Herbalife independent distributor**
**Ricky: 510-478-5995 (Cell)**
***Work from home part time distributors needed***
www.herbalifepapa.com

**Serving all areas**



# ਸ਼ੈਲ ਗੈਸ ਸਟੇਸ਼ਨ ਵਿਕਾਊ

**ਵਾਸ਼ਿੰਗਟਨ ਸਟੇਟ ਵਿਚ ਬਹੁਤ ਚੰਗਾ ਚਲਦਾ ਸ਼ੈਲ ਗੈਸ ਸਟੇਸ਼ਨ ਜਿਸ ਵਿਚ ਹਾਟ ਫੂਡ, ਡੈਲੀ ਅਤੇ ਬੀਅਰ/ ਵਾਈਨ ਵੀ ਨਾਲ ਹੈ, ਪ੍ਰਾਪਰਟੀ ਸਮੇਤ ਵਿਕਾਊ ਹੈ**

# Shell Gas Station For Sale

**With Property**
**Golden Turn Key Business Opportunity in Pacific Northwest, Beautiful Town Cathlamet, On Scenic Highway Alongwith Columbia River**
**High Volume Traffic**
**With Hot Food, Deli and Beer/Wine.**
**Also Have A Good Rental Income**

***Please Serious Buyer Only***
***Contact: Jarnail Singh***
***Ph:360-431-9277***





# Guaranteed Save $5,000!

**On Your Home Purchase or I will Pay You $1,000 Cash**
Call 24hr for free information 1-888-450-6603, ID 4008
Priority Access to Hot New Listing. Visit www.FreeHotListings.net
**Amardeep Singh, Realtor/Loan Broker (DRE # 01357217) Ph:(916) 712-2735**



**$169,000**
**ANATOLIA - $645 Payment**
Quite street!. Bright living & family room. Perfect home. Private Shaded backyard. Cozy fireplace. Beautiful
**FREE INFO: 1-888-450-6603**
ID # 4230



**$165,000**
**NATOMAS - $630 Payment**
Why Rent? Starter Home. Open Floor Plan.Bright Living Rooms. Cozy Den, Comfortable. Eat in Kitchen.
**FREE INFO: 1-888-450-6603**
ID # 4231



**$148,000**
**ANTELOPE - $562 Payment**
Great Investment! Wonderful Area. Best schools. Walking distance to parks. Family home. Private back yard.
**FREE INFO: 1-888-450-6603**
ID # 4232



**$109,000**
**CALVINE - $416 Payment**
Location–Lively. Comfortable. Safe Neighborhood. Don't Miss. What A Deal.Easy access to Hwy 99 and College
**FREE INFO: 1-888-450-6603,**
ID # 4233




**$155,000**
**VINTAGE - $591 Payment**
Great Opportunity. First time home buyer. Walking distance to school, park, and shopping. Clean. Safe Area.
**FREE INFO: 1-888-450-6603**
ID # 4234



**$189,900**
**Natomas - $721 Payment**
Bank Owned. New Home. Excellent School District. Family room. Bright living room. Cozy den. Granite Counters
**FREE INFO: 1-888-450-6603**
ID # 4235



**$119,000**
**SACRAMENTO - $454 Payment**
Safe Neighborhood. Desirable Location. Private Yard. Open Layout. Family Beautiful Home
**FREE INFO: 1-888-450-6603,**
ID # 4236



**$229,000**
**ANATOLIA - $874 Payment**
New community. Good Schools. Walking distance to park. One Bed and one bath down stairs. Fire Place. Shaded Backyard.
**FREE INFO: 1-888-450-6603**
ID # 4237



**$240,000**
**ELK GROVE - $916 Payment**
Great School District. Cul de sac Location. Wooden and Tile Floor. Maintained landscaped. Upgrade kitchen. 4 Bed.
**FREE INFO: 1-888-450-6603**
ID # 4238



**$229,000**
**ROCKLIN - $874 Payment**
Beautiful home on a corner lot. Open floor plan with large family room. Upgraded kitchen. First time buyer delight.
**FREE INFO: 1-888-450-6603**
ID # 4239



**$210,000**
**ELK GROVE - $802 Payment**
Lovely home. 4 bedroom. Great schools. Private yard. Perfect for family. Quite Street.Wonderful Area. Desirable.
**FREE INFO: 1-888-450-6603**
ID #4240




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family
**Get Free list of Homes at www.statewideteam.net**

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪ੍ਰੋ. ਭੁੱਲਰ ਦੀ ਫਾਂਸੀ ਤੁੜਵਾਉਣ ਲਈ ਮਿਸਾਲੀ ਹੁੰਗਾਰਾ

## ਵੱਖ-ਵੱਖ ਧਿਰਾਂ ਨੇ ਲਾਇਆ ਅੱਡੀਚੋਟੀ ਦਾ ਜ਼ੋਰ

ਉਸ ਉਤੇ 1991 ਵਿਚ ਦਿੱਲੀ 'ਚ ਹੋਏ ਬੰਬ ਧਮਾਕੇ ਦੇ ਮਾਮਲੇ ਵਿਚ ਕੇਸ ਚਲਾਇਆ ਗਿਆ ਸੀ। ਇਸ ਬੰਬ ਕਾਂਡ ਵਿਚ ਨੌਂ ਬੰਦੇ ਮਾਰੇ ਗਏ ਸਨ ਅਤੇ ਮਨਿੰਦਰਜੀਤ ਸਿੰਘ ਬਿੱਟਾ ਜ਼ਖ਼ਮੀ ਹੋ ਗਿਆ ਸੀ।

ਇਹ ਵੀ ਜ਼ਿਕਰਯੋਗ ਹੈ ਕਿ ਪ੍ਰੋ. ਭੁੱਲਰ ਵਿਰੁਧ ਚਲਾਏ ਗਏ ਕੇਸ ਦੌਰਾਨ ਸਾਰੇ 133 ਗਵਾਹਾਂ ਨੇ ਪ੍ਰੋ. ਭੁੱਲਰ ਦੇ ਖ਼ਿਲਾਫ਼ ਪੁਲਿਸ ਵੱਲੋਂ ਦੱਸੀ ਕਹਾਣੀ ਨੂੰ ਗਲਤ ਕਰਾਰ ਦਿੰਦਿਆਂ ਇਸ ਦੇ ਉਲਟ ਗਵਾਹੀ ਦਿੱਤੀ ਸੀ। ਗਵਾਹੀਆਂ ਤੇ ਸਬੂਤਾਂ ਦੀ ਅਣਹੋਂਦ ਵਿਚ ਪ੍ਰੋ. ਭੁੱਲਰ ਨੂੰ ਇਸ ਮਾਮਲੇ ਵਿਚ ਸਿਰਫ਼ ਉਸ ਵੱਲੋਂ ਪੁਲਿਸ ਹਿਰਾਸਤ ਦੌਰਾਨ ਕੀਤੇ ਇਕਬਾਲ ਦੇ ਆਧਾਰ 'ਤੇ ਹੀ ਦੋਸ਼ੀ ਕਰਾਰ ਦੇ ਦਿੱਤਾ ਗਿਆ ਸੀ। ਅਦਾਲਤ ਵਿਚ ਪ੍ਰੋ. ਭੁੱਲਰ ਨੇ ਇਹ ਦੋਸ਼ ਵੀ ਲਾਇਆ ਸੀ ਕਿ ਪੁਲਿਸ ਨੇ ਉਸ ਤੋਂ ਹਿਰਾਸਤ ਦੌਰਾਨ ਇਕਬਾਲੀਆ ਬਿਆਨ 'ਤੇ ਜਬਰੀ ਦਸਤਖ਼ਤ ਕਰਵਾਏ ਸਨ। ਪ੍ਰੋ. ਭੁੱਲਰ ਨੇ ਅਦਾਲਤ ਨੂੰ ਸਪਸ਼ਟ ਕਿਹਾ ਸੀ ਕਿ ਉਸ ਨੇ ਕਦੇ ਵੀ ਐਸਾ ਕੋਈ ਇਕਬਾਲ ਨਹੀਂ ਕੀਤਾ। ਸੁਪਰੀਮ ਕੋਰਟ ਵਿਚ ਇਸ ਕੇਸ ਦੀ ਸੁਣਵਾਈ ਕਰ ਰਹੇ ਤਿੰਨ ਜੱਜਾਂ ਦੇ ਸੰਵਿਧਾਨਕ ਬੈਂਚ ਦੀ ਅਗਵਾਈ ਕਰ ਰਹੇ ਜਸਟਿਸ ਐਮ.ਬੀ. ਸ਼ਾਹ ਨੇ ਪ੍ਰੋ. ਭੁੱਲਰ ਦੇ ਇਕਬਾਲੀਆ ਬਿਆਨ ਨੂੰ 'ਟੇਲਰ ਮੇਡ' ਦੱਸਦੇ ਹੋਏ ਇਸ ਨੂੰ ਰੱਦ ਕਰ ਦਿੱਤਾ ਸੀ। ਉਹ ਪ੍ਰੋ. ਭੁੱਲਰ ਨੂੰ ਦੋਸ਼ੀ ਮੰਨਣ ਦੇ ਫ਼ੈਸਲੇ ਵਿਚ ਹੋਰਾਂ ਦੋ ਜੱਜਾਂ ਨਾਲ ਸਹਿਮਤ ਨਹੀਂ ਸਨ ਪਰ ਇਸ ਤਿੰਨ ਮੈਂਬਰੀ ਬੈਂਚ ਨੇ ਬਹੁਮਤ ਦੇ ਆਧਾਰ 'ਤੇ ਪ੍ਰੋ. ਭੁੱਲਰ ਨੂੰ ਦੋਸ਼ੀ ਕਰਾਰ ਦਿੰਦਿਆਂ ਫਾਂਸੀ ਦੀ ਸਜ਼ਾ ਬਹਾਲ ਰੱਖੀ ਸੀ। ਉਦੋਂ ਵੀ ਇਨ੍ਹਾਂ ਨੁਕਤਿਆਂ ਨੂੰ ਆਧਾਰ ਬਣਾ ਕੇ ਮੀਡੀਆ ਵਿਚ ਇਸ ਫੈਸਲੇ ਬਾਰੇ ਚੋਖੀ ਚਰਚਾ ਹੋਈ ਸੀ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ 'ਚ ਕਾਨੂੰਨੀ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕਰਨ ਲਈ ਪੰਜ ਮੈਂਬਰੀ ਕਮੇਟੀ ਕਾਇਮ ਕੀਤੀ ਹੈ ਜਿਸ ਨੇ ਦਿੱਲੀ 'ਚ ਉਘੇ ਕਾਨੂੰਨੀ ਮਾਹਿਰਾਂ ਨਾਲ ਰਾਬਤਾ ਕਾਇਮ ਕੀਤਾ ਹੈ ਤਾਂ ਜੋ ਕਾਨੂੰਨੀ ਚਾਰਾਜੋਈ ਸ਼ੁਰੂ ਕੀਤੀ ਜਾ ਸਕੇ। ਕਮੇਟੀ 'ਚ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ ਤੇ ਸੁਰਜੀਤ ਸਿੰਘ ਗੜ੍ਹੀ, ਮੈਂਬਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਐਡਵੋਕੇਟ ਜਸਵਿੰਦਰ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ।

ਕਾਨੂੰਨੀ ਮਾਹਿਰਾਂ ਦਾ ਵੀ ਕਹਿਣਾ ਹੈ ਕਿ ਪ੍ਰੋ. ਭੁੱਲਰ ਰਾਸ਼ਟਰਪਤੀ ਨੂੰ ਨਵੇਂ ਸਿਰੇ ਤੋਂ ਰਹਿਮ ਦੀ ਅਪੀਲ ਕਰ ਸਕਦਾ ਹੈ ਜਾਂ ਫਿਰ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਾਉਣ ਲਈ ਸੁਪਰੀਮ ਕੋਰਟ ਕੋਲ ਪਹੁੰਚ ਕਰ ਸਕਦਾ ਹੈ। ਰਾਸ਼ਟਰਪਤੀ ਨੇ ਪ੍ਰੋ. ਭੁੱਲਰ ਦੀ ਅਪੀਲ ਬਾਰੇ ਫੈਸਲਾ ਤਕਰੀਬਨ ਨੌਂ ਸਾਲਾਂ ਬਾਅਦ ਕੀਤਾ ਹੈ। ਦੇਰੀ ਨਾਲ ਕੀਤੇ ਫ਼ੈਸਲੇ ਦੇ ਅਧਾਰ 'ਤੇ ਉਹ ਰਾਸ਼ਟਰਪਤੀ ਕੋਲ ਨਵੇਂ ਸਿਰੇ ਤੋਂ ਰਹਿਮ ਦੀ ਅਪੀਲ ਕਰ ਸਕਦਾ ਹੈ। ਇਸ ਤੋਂ ਇਲਾਵਾ, ਐਨੇ ਵਰ੍ਹੇ ਜੇਲ੍ਹ 'ਚ ਬਿਤਾਉਣ ਕਾਰਨ ਉਸ ਦੀ ਮੌਜੂਦਾ ਮਾਨਸਿਕ ਹਾਲਤ ਨੂੰ ਵੀ ਅਪੀਲ ਲਈ ਆਧਾਰ ਬਣਾਇਆ ਜਾ ਸਕਦਾ ਹੈ।

ਉਧਰ, ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ ਇਕੱਠੀਆਂ ਹੋਈਆਂ ਸਮੂਹ ਪੰਥਕ ਜਥੇਬੰਦੀਆਂ ਨੇ ਇਕਮੱਤ ਹੋ ਕੇ ਫੈਸਲਾ ਕੀਤਾ ਹੈ ਕਿ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਤੁੜਵਾਉਣ ਲਈ ਪੰਜਾਬ ਦੇ ਸਮੂਹ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਪਾਸ ਕੀਤੇ ਮਤੇ ਰਾਸ਼ਟਰਪਤੀ ਨੂੰ ਭੇਜੇ ਜਾਣਗੇ। ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਪੰਜਾਬ ਦੇ ਰਾਜਪਾਲ ਨੂੰ 20 ਜੂਨ ਨੂੰ ਮੰਗ ਪੱਤਰ ਸੌਂਪਣ ਦਾ ਫੈਸਲਾ ਵੀ ਕੀਤਾ। ਇਸੇ ਸਬੰਧ ਵਿਚ ਯੂ.ਐਨ.ਓ. ਦੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਵੀ ਪਹੁੰਚ ਕੀਤੀ ਜਾਵੇਗੀ। ਨਾਲ ਹੀ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਜਾਵੇਗੀ ਕਿ ਵਿਧਾਨ ਸਭਾ ਵਿਚ ਪ੍ਰੋ. ਭੁੱਲਰ ਦੀ ਸਜ਼ਾ ਮੁਆਫ ਕਰਨ ਲਈ ਮਤਾ ਪਾਸ ਕਰਕੇ ਰਾਸ਼ਟਰਪਤੀ ਨੂੰ ਭੇਜਿਆ ਜਾਵੇ।

# ਅਤਿਵਾਦ ਖ਼ਿਲਾਫ਼ ਸਖ਼ਤੀ ਬਿਨਾਂ ਪਾਕਿਸਤਾਨ ਦਾ ਗੁਜ਼ਾਰਾ ਨਹੀਂ: ਹਿਲੇਰੀ

**ਇਸਲਾਮਾਬਾਦ:** ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਪਾਕਿਸਤਾਨ ਨੂੰ ਆਪਣੀ ਧਰਤੀ 'ਤੇ ਸਰਗਰਮ ਅਤਿਵਾਦੀਆਂ ਖ਼ਿਲਾਫ਼ ਨਿਰਣਾਇਕ ਕਦਮ ਪੁੱਟਣ ਲਈ ਕਿਹਾ ਹੈ। ਅਚਨਚੇਤੀ ਦੌਰੇ 'ਤੇ ਆਈ ਅਮਰੀਕੀ ਵਿਦੇਸ਼ ਮੰਤਰੀ ਨੇ ਪ੍ਰੈਸ ਕਾਨਫਰੰਸ ਵਿਚ ਆਖਿਆ ਕਿ ਉਹ ਆਪਣਾ ਬਣਦਾ ਕਿਰਦਾਰ ਨਿਭਾਉਣਗੇ ਤੇ ਉਹ ਚਾਹੁੰਦੇ ਹਨ ਕਿ ਪਾਕਿਸਤਾਨ ਦੀ ਸਰਕਾਰ ਆਉਣ ਵਾਲੇ ਦਿਨਾਂ ਵਿਚ ਨਿਰਣਾਇਕ ਕਦਮ ਚੁੱਕੇ। ਇਸ ਮੌਕੇ ਬੜੀ ਦ੍ਰਿੜਤਾ ਨਾਲ ਉਨ੍ਹਾਂ ਪਾਕਿਸਤਾਨ ਵਿਚ ਆਪਣੀ ਮੌਜੂਦਗੀ ਨੂੰ ਮਹੱਤਵਪੂਰਨ ਕਰਾਰ ਦਿੱਤਾ ਕਿਉਂਕਿ ਅਮਰੀਕੀ-ਪਾਕਿਸਤਾਨੀ ਸਬੰਧ ਅਹਿਮ ਮੋੜ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਓਸਾਮਾ ਬਿਨ ਲਾਦਿਨ ਮਰ ਗਿਆ ਪਰ ਅਲ-ਕਾਇਦਾ ਤੇ ਇਸ ਦਾ ਦਹਿਸ਼ਤੀ ਤਾਣਾ ਦੋਵਾਂ ਦੇਸ਼ਾਂ ਲਈ ਹਾਲੇ ਵੀ ਖਤਰਾ ਬਣੇ ਹੋਏ ਹਨ। ਹਾਲਾਂਕਿ ਪਾਕਿਸਤਾਨ ਨਾਲੋਂ ਵੱਧ ਦਹਿਸ਼ਤਵਾਦ ਦੀ ਕੀਮਤ ਕਿਸੇ ਮੁਲਕ ਨੇ ਨਹੀਂ ਤਾਰੀ ਪਰ ਦੋਵੇਂ ਦੇਸ਼ ਮੰਨਦੇ ਹਨ ਕਿ ਅਜੇ ਕਾਫੀ ਕੰਮ ਕਰਨੋਂ ਰਹਿੰਦਾ ਹੈ ਤੇ ਇਹ ਫੌਰੀ ਕੀਤਾ ਜਾਣਾ ਬਣਦਾ ਹੈ।

ਅਮਰੀਕੀ ਵਿਦੇਸ਼ ਮੰਤਰੀ ਨੇ ਇਹ ਵੀ ਕਿਹਾ ਕਿ ਪਾਕਿਸਤਾਨ ਨੂੰ ਇਹ ਸਮਝਣ ਦੀ ਲੋੜ ਹੈ ਕਿ ਅਮਰੀਕੀ ਮੁਖਾਲਫਤ ਤੇ ਸਾਜ਼ਿਸ਼ੀ ਥਿਊਰੀਆਂ ਨਾਲ ਉਸ ਦੀਆਂ ਸਮੱਸਿਆਵਾਂ ਹੱਲ ਨਹੀਂ ਹੋਣਗੀਆਂ। ਉਨ੍ਹਾਂ ਕਿਹਾ ਕਿ ਅਮਰੀਕਾ ਕੋਲ ਅਜਿਹਾ ਕੋਈ ਸਬੂਤ ਨਹੀਂ ਹੈ ਕਿ ਪਾਕਿਸਤਾਨ ਵਿਚ ਉਚਤਮ ਸਰਕਾਰੀ ਪੱਧਰ 'ਤੇ ਕਿਸੇ ਨੂੰ ਇਹ ਇਲਮ ਸੀ ਕਿ ਓਸਾਮਾ ਬਿਨ ਲਾਦਿਨ ਕਿਥੇ ਲੁਕਿਆ ਹੋਇਆ ਸੀ? ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਬਿਨ ਲਾਦਿਨ ਦੀ ਮਦਦ ਕਰਨ ਵਾਲਿਆਂ ਬਾਰੇ ਜਾਣਕਾਰੀ ਦੇਣ ਵਿਚ ਕਦੇ ਝਿਜਕ ਨਹੀਂ ਦਿਖਾਈ ਤੇ ਇਸ ਬਾਰੇ ਜਾਂਚ ਚੱਲ ਰਹੀ ਹੈ।

ਇਸ ਤੋਂ ਪਹਿਲਾਂ ਸ੍ਰੀਮਤੀ ਕਲਿੰਟਨ ਤੇ ਅਮਰੀਕੀ ਸੈਨਾਵਾਂ ਦੇ ਮੁਖੀ ਐਡਮਿਰਲ ਮਾਈਕ ਮੂਲਨ ਨੇ ਪਾਕਿਸਤਾਨੀ ਆਗੂਆਂ ਨਾਲ ਗੱਲਬਾਤ ਕੀਤੀ। ਗੱਲਬਾਤ ਦਾ ਮਨੋਰਥ ਐਬਟਾਬਾਦ ਵਿਚ ਅਲ ਕਾਇਦਾ ਦੇ ਮੁਖੀ ਬਿਨ ਲਾਦਿਨ ਨੂੰ ਮਾਰਨ ਲਈ ਕੀਤੀ ਅਮਰੀਕੀ ਫੌਜੀ ਕਾਰਵਾਈ ਕਰਕੇ ਪੈਦਾ ਹੋਏ ਦੁਵੱਲੇ ਤਣਾਅ ਨੂੰ ਘਟਾਉਣਾ ਹੈ। ਇਸ ਦੌਰਾਨ ਪਾਕਿਸਤਾਨ ਦੇ ਰਾਸ਼ਟਰਪਤੀ ਭਵਨ ਵੱਲੋਂ ਜਾਰੀ ਬਿਆਨ ਅਨੁਸਾਰ ਹਿਲੇਰੀ ਕਲਿੰਟਨ ਨੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨਾਲ ਮੁਲਾਕਾਤ ਕੀਤੀ ਤੇ ਮੌਜੂਦਾ ਹਾਲਾਤ ਵਿਚ ਸੁਰੱਖਿਆ ਤੇ ਪਾਕਿਸਤਾਨ-ਅਮਰੀਕੀ ਸਬੰਧਾਂ ਦੇ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ।

ਸ੍ਰੀਮਤੀ ਕਲਿੰਟਨ ਨੇ ਆਖਿਆ ਕਿ ਅਲ-ਕਾਇਦਾ ਨੂੰ ਤਹਿਸ-ਨਹਿਸ ਕਰਨ ਤੇ ਇਸ ਨੂੰ ਪਾਕਿਸਤਾਨ ਅਤੇ ਖਿੱਤੇ 'ਚੋਂ ਖਦੇੜਨ ਲਈ ਵਡੇਰੇ ਸਹਿਯੋਗ ਬਾਰੇ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਜੰਗ-ਜ਼ਦਾ ਅਫਗਾਨਿਸਤਾਨ ਵਿਚ ਸੁਲ੍ਹਾ ਦੇ ਅਮਲ ਦੀਆਂ ਅਮਰੀਕੀ ਯੋਜਨਾਵਾਂ ਵਿਚ ਸ਼ਾਮਲ ਕਰਨਾ ਜ਼ਰੂਰੀ ਹੈ। ਅਮਰੀਕਾ ਅਫਗਾਨਿਸਤਾਨ ਦੀ ਅਗਵਾਈ ਹੇਠ ਇਕ ਪ੍ਰਕਿਰਿਆ ਚਲਾ ਰਿਹਾ ਹੈ ਤਾਂ ਕਿ ਤਾਲਿਬਾਨ ਨੂੰ ਅਲ-ਕਾਇਦਾ ਤੋਂ ਨਿਖੇੜਿਆ ਜਾ ਸਕੇ ਤੇ ਹਿੰਸਾ ਛੱਡਣ ਤੇ ਅਫਗਾਨ ਸੰਵਿਧਾਨ ਨੂੰ ਮੰਨਣ ਵਾਲੇ ਅਤਿਵਾਦੀਆਂ ਨਾਲ ਸੁਲ੍ਹਾ ਕੀਤੀ ਜਾ ਸਕੇ।

# ਪੁਲਿਸ ਮੁਲਾਜ਼ਮਾਂ ਨੂੰ ਸਿੱਖ ਰੀਤਾਂ ਅਨੁਸਾਰ ਦਸਤਾਰ ਸਜਾਉਣ ਦੀ ਹਦਾਇਤ

ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤਇੰਦਰ ਸਿੰਘ ਸ਼ਾਮਲ ਹੋਏ। ਇਕੱਤਰਤਾ ਉਪਰੰਤ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਪੰਜਾਬ ਪੁਲਿਸ ਮੁਲਾਜ਼ਮਾਂ ਤੇ ਅਧਿਕਾਰੀਆਂ ਵੱਲੋਂ ਸਜਾਈ ਜਾਂਦੀ ਟੋਪੀ ਨੁਮਾ ਦਸਤਾਰ ਗੁਲਾਮੀ ਦਾ ਪ੍ਰਤੀਕ ਹੈ। ਇਹ ਦਸਤਾਰ ਅੰਗਰੇਜ਼ਾਂ ਦੇ ਸਮੇਂ ਸਜਾਉਣੀ ਸ਼ੁਰੂ ਕੀਤੀ ਗਈ ਸੀ। ਇਸ ਬਾਰੇ ਸ੍ਰੀ ਅਕਾਲ ਤਖ਼ਤ ਵਿਖੇ ਕਈ ਦਰਖਾਸਤਾਂ ਪੁੱਜੀਆਂ ਹਨ ਜਿਨ੍ਹਾਂ ਰਾਹੀਂ ਟੋਪੀ ਨੁਮਾ ਕੁੱਲੇ ਵਾਲੀ ਦਸਤਾਰ ਦਾ ਰੁਝਾਨ ਖ਼ਤਮ ਕਰਾਉਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਪੰਜਾਬ ਸਰਕਾਰ ਨਾਲ ਇਸ ਬਾਰੇ ਗੱਲਬਾਤ ਕਰਨ ਤੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ ਸਿੱਖ ਰਹੁ ਰੀਤਾਂ ਅਨੁਸਾਰ ਦਸਤਾਰ ਸਜਾਉਣ ਲਈ ਪ੍ਰੇਰਣ। ਉਨ੍ਹਾ ਕਿਹਾ ਕਿ ਭਾਰਤੀ ਫੌਜ, ਹਵਾਈ ਫੌਜ, ਨੇਵੀ, ਬੀ.ਐਸ.ਐਫ., ਚੰਡੀਗੜ੍ਹ ਪੁਲਿਸ ਤੇ ਹੋਰ ਬਲਾਂ ਵਿਚ ਵੀ ਸਿੱਖ ਵਿਅਕਤੀਆਂ ਵੱਲੋਂ ਸਿੱਖ ਰਹੁ ਰੀਤਾਂ ਅਨੁਸਾਰ ਹੀ ਦਸਤਾਰ ਸਜਾਈ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਬੇਅੰਤ ਸਿੰਘ ਹੱਤਿਆ ਕਾਂਡ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੱਤਰ ਭੇਜ ਕੇ ਜੇਲ੍ਹਾਂ ਵਿਚ ਪਿਛਲੇ ਲੰਮੇਂ ਸਮੇਂ ਤੋਂ ਬੰਦ ਸਿੱਖ ਨੌਜਵਾਨਾਂ ਦੀ ਸਾਰ ਲੈਣ ਦੀ ਅਪੀਲ ਕੀਤੀ ਗਈ ਸੀ ਜਿਸਦੇ ਆਧਾਰ 'ਤੇ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਪੱਤਰ ਭੇਜ ਕੇ ਦਿਸ਼ਾ ਨਿਰਦੇਸ਼ ਦਿੱਤੇ ਜਾ ਰਹੇ ਹਨ ਕਿ ਦੇਸ਼ ਭਰ ਦੀਆਂ ਜੇਲ੍ਹਾਂ ਵਿਚ ਬੰਦ ਬੇਕਸੂਰ ਨੌਜਵਾਨਾਂ ਦੀ ਗਿਣਤੀ, ਉਨ੍ਹਾਂ ਦੇ ਨਾਂ ਪਤੇ, ਕਦੋਂ ਤੋਂ ਜੇਲ੍ਹਾਂ ਵਿਚ ਬੰਦ ਹਨ, ਕਿਸ ਦੋਸ਼ ਹੇਠ ਬੰਦ ਹਨ ਆਦਿ ਸਮੁੱਚੇ ਵੇਰਵਿਆਂ ਵਾਲੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜੀ ਜਾਵੇ ਤਾਂ ਜੋ ਜੇਲ੍ਹਾਂ ਵਿਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਚਾਰਾਜੋਈ ਕੀਤੀ ਜਾ ਸਕੇ।

ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਵੱਲੋਂ ਇਟਲੀ ਭੇਜੇ ਗਏ ਪਾਵਨ ਸਰੂਪਾਂ ਦੀ ਬੇਅਦਬੀ ਕੀਤੇ ਜਾਣ ਦੇ ਮਾਮਲੇ ਵਿਚ ਆਈ ਸ਼ਿਕਾਇਤ ਦੇ ਆਧਾਰ 'ਤੇ ਇਟਲੀ ਵਾਸੀ ਬਾਬਾ ਹਰਬੰਸ ਸਿੰਘ ਦਾਦੂਵਾਲ ਨੂੰ ਸ਼ਪੱਸ਼ਟੀਕਰਨ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੱਦਿਆ ਗਿਆ ਹੈ। ਗਿਆਨੀ ਗੁਰਬਚਨ ਸਿੰਘ ਨੇ ਦੇਸ਼ ਵਿਦੇਸ਼ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਹਦਾਇਤ ਕੀਤੀ ਹੈ ਕਿ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਮੇਂ ਆਪਸ ਵਿਚ ਝਗੜੇ ਨਾ ਕੀਤੇ ਜਾਣ। ਉਨ੍ਹਾਂ ਕਿਹਾ ਕਿ ਅਜਿਹੇ ਝਗੜਿਆਂ ਦੌਰਾਨ ਦਸਤਾਰ ਤੇ ਕਕਾਰਾਂ ਦੀ ਬੇਅਦਬੀ ਹੋਣ ਦੀ ਕਈ ਸ਼ਿਕਾਇਤਾਂ ਮਿਲੀਆਂ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਇਕ ਹੋਰ ਹਦਾਇਤ ਕੀਤੀ ਹੈ ਕਿ ਸੂਬੇ ਦੇ ਪੁਲਿਸ ਥਾਣਿਆਂ ਵਿਚ ਦਸਤਾਰ ਦੀ ਕੀਤੀ ਜਾਂਦੀ ਬੇਅਦਬੀ ਨੂੰ ਰੋਕਣ ਲਈ ਤੁਰੰਤ ਪੰਜਾਬ ਸਰਕਾਰ ਨਾਲ ਗੱਲਬਾਤ ਕੀਤੀ ਜਾਵੇ।

ਸਿੰਘ ਸਾਹਿਬਾਨ ਵੱਲੋਂ ਸਮੂਹ ਗੁਰਦੁਆਰਿਆਂ ਦੇ ਪ੍ਰਬੰਧਕਾਂ ਤੇ ਸੇਵਾਦਾਰਾਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ ਕਿ ਗੁਰਦੁਆਰਿਆਂ ਵਿਚ ਸੁਸ਼ੋਭਿਤ ਪਾਵਨ ਸਰੂਪਾਂ ਦੀ ਸਾਂਭ ਸੰਭਾਲ ਸਮਰਪਣ ਭਾਵਨਾ ਨਾਲ ਕੀਤੀ ਜਾਵੇ। ਜੇ ਹੁਣ ਭਵਿੱਖ ਵਿਚ ਅਜਿਹੀ ਕੋਈ ਘਟਨਾ ਵਾਪਰਦੀ ਹੈ ਤਾਂ ਉਸ ਲਈ ਸਮੁੱਚੇ ਤੌਰ 'ਤੇ ਪ੍ਰਬੰਧਕ ਕਮੇਟੀ ਦੇ ਆਗੂ ਤੇ ਸੇਵਾਦਾਰ ਜ਼ਿੰਮੇਵਾਰ ਹੋਣਗੇ। ਇਕ ਹੋਰ ਫੈਸਲੇ ਰਾਹੀਂ ਸਿੰਘ ਸਾਹਿਬਾਨ ਨੇ ਸਿੰਘ ਸੰਗਤਾਂ ਨੂੰ ਹਦਾਇਤ ਕੀਤੀ ਹੈ ਕਿ ਟੀ ਸ਼ਰਟਾਂ, ਸਕੂਟਰਾਂ, ਕਾਰਾਂ ਤੇ ਹੋਰ ਵਾਹਨਾਂ 'ਤੇ ਗੁਰਬਾਣੀ ਦੀਆਂ ਪੰਕਤੀਆਂ ਤੇ ਮੂਲ ਮੰਤਰ ਆਦਿ ਨਾ ਛਪਵਾਇਆ ਜਾਵੇ। ਉਨ੍ਹਾਂ ਇਸ ਨੂੰ ਗੁਰਬਾਣੀ ਦੀ ਬੇਅਦਬੀ ਕਰਾਰ ਦਿੱਤਾ। ਉਨ੍ਹਾਂ ਇਹ ਵੀ ਆਖਿਆ ਕਿ ਵਾਹਨਾਂ ਉਪਰ ੴ ਤੇ ਖੰਡੇ ਦੇ ਸਰੂਪ ਨੂੰ ਵਿਗਾੜ ਕੇ ਉਕਾਰਿਆ ਜਾ ਰਿਹਾ ਹੈ। ਉਨ੍ਹਾਂ ਹਦਾਇਤ ਕੀਤੀ ਹੈ ਕਿ ਖੰਡੇ ਦਾ ਪ੍ਰਵਾਨਿਤ ਸਰੂਪ ਹੀ ਪ੍ਰਕਾਸ਼ਿਤ ਕੀਤਾ ਜਾਵੇ। ਜੇਕਰ ਕੋਈ ਇਸ ਮਾਮਲੇ ਵਿਚ ਉਲੰਘਣਾ ਕਰਦਾ ਹੈ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਅਮਰੀਕਾ ਨੇ ਮੁਸ਼ੱਰਫ ਤੋਂ ਵਿਸ਼ੇਸ਼ ਰੁਤਬਾ ਵਾਪਸ ਲਿਆ

**ਇਸਲਾਮਾਬਾਦ:** ਅਮਰੀਕੀ ਪ੍ਰਸ਼ਾਸਨ ਨੇ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੂੰ ਦਿੱਤੀ ਸੁਰੱਖਿਆ ਤੇ ਪ੍ਰੋਟੋਕੋਲ ਨੂੰ ਵਾਪਸ ਲੈ ਲਿਆ ਹੈ ਪਰ ਸੰਯੁਕਤ ਅਰਬ ਅਮੀਰਾਤ ਤੇ ਬਰਤਾਨੀਆ ਨੇ ਉਸ ਦੀ ਸੁਰੱਖਿਆ ਵਧਾ ਦਿੱਤੀ ਹੈ।

ਅਮਰੀਕਾ ਦੇ ਇਹ ਫੈਸਲਾ ਸੰਯੁਕਤ ਰਾਸ਼ਟਰ ਦੀ ਰਿਪੋਰਟ ਦੇ ਸੰਦਰਭ ਵਿਚ ਲਿਆ ਹੈ ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਮੁਸ਼ੱਰਫ ਨੇ ਪਾਕਿਸਤਾਨ ਦੀ ਮਰਹੂਮ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਨੂੰ ਢੁਕਵੀਂ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਸੀ ਜਿਸ ਕਰਕੇ ਭੁੱਟੋ ਦੀ ਪਾਕਿਸਤਾਨ ਵਿਚ ਹੱਤਿਆ ਕਰ ਦਿੱਤੀ ਗਈ ਸੀ। ਅਮਰੀਕਾ ਵੱਲੋਂ ਸੁਰੱਖਿਆ ਤੇ ਪ੍ਰੋਟੋਕੋਲ ਵਾਪਸ ਲੈਣ ਤੋਂ ਬਾਅਦ ਹੁਣ ਜੇ ਜਨਰਲ ਪ੍ਰਵੇਜ਼ ਮੁਸ਼ੱਰਫ ਅਮਰੀਕਾ ਜਾਂਦੇ ਹਨ ਤਾਂ ਉਨ੍ਹਾਂ ਨੂੰ ਇਮੀਗ੍ਰੇਸ਼ਨ ਕਲੀਅਰ ਕਰਵਾਉਣ ਲਈ ਲਾਈਨ ਵਿਚ ਲੱਗਣਾ ਪਏਗਾ ਤੇ ਬੂਟ ਖੋਲ੍ਹ ਕੇ ਬੈਲਟ ਲਾਹ ਕੇ ਤੇ ਹੱਥ ਖੜ੍ਹੇ ਕਰਕੇ ਆਪਣੀ ਤਲਾਸ਼ੀ ਵੀ ਦੇਣੀ ਪਵੇਗੀ। ਦੂਜੇ ਪਾਸੇ ਅਲ-ਕਾਇਦਾ ਮੁਖੀ ਉਸਾਮਾ-ਬਿਨ-ਲਾਦਿਨ ਨੂੰ ਮਾਰੇ ਜਾਣ ਤੋਂ ਬਾਅਦ ਸੰਯੁਕਤ ਅਰਬ ਅਮੀਰਾਤ ਤੇ ਇੰਗਲੈਂਡ ਨੇ ਮੁਸ਼ੱਰਫ ਦੀ ਸੁਰੱਖਿਆ ਵਿਚ ਵਾਧਾ ਕਰ ਦਿੱਤਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਕਾਂਗਰਸੀ ਵਿਧਾਇਕ ਵੱਲੋਂ ਸਰਨਾ ਭਰਾਵਾਂ ਦੀ ਆਲੋਚਨਾ

**ਨਵੀਂ ਦਿੱਲੀ:** ਕੇਂਦਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਤੇ ਦਿੱਲੀ ਸਰਕਾਰ ਦੇ ਪਾਰਲੀਮਾਨੀ ਸਕੱਤਰ ਤਰਵਿੰਦਰ ਸਿੰਘ ਮਰਵਾਹ ਨੇ ਦਾਅਵਾ ਕੀਤਾ ਕਿ ਪਿਛਲੇ ਦਸ ਵਰ੍ਹਿਆਂ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਸਰਨਾ ਭਰਾਵਾਂ ਦੇ ਕਥਿਤ ਭ੍ਰਿਸ਼ਟਾਚਾਰ ਕਾਰਨ ਦਿੱਲੀ ਦੀਆਂ ਸੰਗਤਾਂ ਇਨ੍ਹਾਂ ਤੋਂ ਛੁਟਕਾਰਾ ਚਾਹੁੰਦੀਆਂ ਹਨ। ਇਸ ਕਰਕੇ ਕੇਂਦਰੀ ਗੁਰੂ ਸਿੰਘ ਸਭਾ ਨੂੰ ਮੁੜ ਤੋਂ ਸਰਗਰਮ ਕੀਤਾ ਜਾ ਰਿਹਾ ਹੈ ਜੋ ਦਿੱਲੀ ਗੁਰਦੁਆਰਾ ਚੋਣਾਂ ਵਿਚ ਸਾਫ-ਸੁਥਰੇ ਅਕਸ ਵਾਲੇ ਸੱਜਣਾਂ ਨੂੰ ਅੱਗੇ ਲਿਆਉਂਦਿਆਂ ਮਰਹੂਮ ਜਥੇਦਾਰ ਸੰਤੋਖ ਸਿੰਘ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਅਧੂਰੇ ਮਿਸ਼ਨ ਨੂੰ ਪੂਰਾ ਕਰੇਗੀ।

ਉਨ੍ਹਾਂ ਕਿਹਾ ਕਿ ਕਾਲੀ ਸੂਚੀ ਖ਼ਤਮ ਕਰਨ ਲਈ ਕੇਂਦਰੀ ਗੁਰੂ ਸਿੰਘ ਸਭਾ ਦੇ ਵਫ਼ਦ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਮਿਲ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਸ. ਮਰਵਾਹ ਨੇ ਦਿੱਲੀ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਦਸ ਸਵਾਲ ਕਰਦਿਆਂ ਕਿਹਾ ਕਿ ਜਦ ਦਿੱਲੀ ਗੁਰਦੁਆਰਾ ਕਮੇਟੀ ਦਾ ਮਕਸਦ ਹੀ ਗੁਰਦੁਆਰਿਆਂ ਦੀ ਸਾਂਭ-ਸੰਭਾਲ ਕਰਨਾ ਹੈ ਤਾਂ ਸਰਨਾ ਨੂੰ ਇਸੇ ਕਾਰਜ ਲਈ ਵੱਖਰੇ ਟਰੱਸਟ ਬਣਾਉਣ ਦੀ ਲੋੜ ਕਿਉਂ ਪੈ ਰਹੀ ਹੈ।

ਉਨ੍ਹਾਂ ਗੁਰਦੁਆਰਾ ਬੰਗਲਾ ਸਾਹਿਬ ਪਾਰਕਿੰਗ ਬਾਰੇ ਨਵੀਂ ਦਿੱਲੀ ਨਗਰ ਪਾਲਿਕਾ ਨਾਲ ਕਰਾਰ, ਦਿੱਲੀ ਕਮੇਟੀ ਦੇ ਕੁਝ ਸਕੂਲਾਂ ਵਿਚ ਅਧਿਆਪਕਾਂ ਨੂੰ ਕਥਿਤ ਤੌਰ 'ਤੇ ਪਿਛਲੇ ਤਿੰਨ ਮਹੀਨਿਆਂ ਤੋਂ ਤਨਖ਼ਾਹ ਨਾ ਮਿਲਣ, ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਘਟਣ, ਗੁਰਦੁਆਰਾ ਬਾਲਾ ਸਾਹਿਬ ਦੇ ਹਸਪਤਾਲ ਦੀ ਉਸਾਰੀ ਦੇ ਮੁੜ ਆਰੰਭ ਹੋਣ, ਕਮੇਟੀ ਦੇ ਸਾਲਾਨਾ ਬਜਟ ਤੇ ਸਰਨਾ ਵੱਲੋਂ ਅਕਾਲ ਤਖ਼ਤ ਦੇ ਆਦੇਸ਼ਾਂ ਦੀ ਉਲੰਘਣਾ ਆਦਿ ਮੁੱਦਿਆਂ ਬਾਰੇ ਸਵਾਲ ਵੀ ਕੀਤੇ।

# ਬਰਤਾਨਵੀ ਨੌਜਵਾਨ ਵੱਲੋਂ ਵਿਸ਼ਵ ਦੀਆਂ ਸੱਤ ਚੋਟੀਆਂ ਸਰ

**ਕਾਠਮੰਡੂ:** ਬਰਤਾਨੀਆ ਦਾ 16 ਸਾਲਾਂ ਦਾ ਵਿਦਿਆਰਥੀ ਵਿਸ਼ਵ ਦੇ ਸੱਤ ਮਹਾਂਦੀਪਾਂ ਦੀਆਂ ਸਭ ਤੋਂ ਉੱਚੀਆਂ ਚੋਟੀਆਂ ਸਰ ਕਰਨ ਵਾਲਾ ਸਭ ਤੋਂ ਛੋਟੀ ਉਮਰ ਦਾ ਪਰਬਤਾਰੋਹੀ ਬਣ ਗਿਆ ਹੈ। 26 ਮਈ ਨੂੰ ਉਹ ਵਿਸ਼ਵ ਦੀ ਸਭ ਤੋਂ ਉੱਚੀ 8848 ਮੀਟਰ ਉੱਚੀ ਮਾਊਂਟ ਐਵਰੈਸਟ 'ਤੇ ਚੜ੍ਹ ਗਿਆ ਸੀ।

ਇਸ ਦੌਰਾਨ 40 ਸਾਲਾ ਫਲਸਤੀਨੀ ਸੁਜ਼ੈਨ ਅਲ ਹੂਬੀ ਮਾਊਂਟ ਐਵਰੈਸਟ 'ਤੇ ਚੜ੍ਹਨ ਵਾਲੀ ਪਹਿਲੀ ਅਰਬੀ ਮਹਿਲਾ ਬਣ ਗਈ ਹੈ। ਸੁਰਬਿਟੌਨ (ਬਰਤਾਨੀਆ) ਦਾ ਵਸਨੀਕ ਜੌਰਜ ਐਟਕਿਨਸਨ ਜਦੋਂ ਮਾਊਂਟ ਐਵਰੈਸਟ 'ਤੇ ਚੜ੍ਹਿਆ ਤਾਂ ਉਹ 16 ਸਾਲ 362 ਦਿਨਾਂ ਦਾ ਹੋ ਗਿਆ। ਇਸ ਤੋਂ ਪਹਿਲਾਂ ਸਾਰੀਆਂ ਸੱਤ ਸਿਖਰਲੀਆਂ ਚੋਟੀਆਂ ਨੂੰ 17 ਸਾਲ ਦੀ ਉਮਰ 'ਚ ਸਰ ਕਰਨ ਦਾ ਮਾਣ ਅਮਰੀਕਾ ਦੇ ਜੌਰਨੀ ਕਾਲਿੰਨਸਨ ਨੂੰ ਹਾਸਲ ਸੀ। ਐਟਕਿਨਸਨ ਨੇ 2007 ਵਿਚ 11 ਸਾਲ ਦੀ ਉਮਰੇ ਤਨਜ਼ਾਨੀਆ ਦੀ ਕਿਲੀਮਾਨਜਾਰੋ ਤੇ ਰੂਸ 'ਚ ਮਾਊਂਟ ਐਲਬਰੂਸ ਚੋਟੀਆਂ ਸਰ ਕਰਕੇ ਇਹ ਮੁਹਿੰਮ ਸ਼ੁਰੂ ਕੀਤੀ ਸੀ। ਸੁਜ਼ੈਨ ਅਲ ਹੂਬੀ ਨੇ ਆਪਣੀ ਜਿੱਤ ਦੀ ਖੁਸ਼ੀ ਸਾਰੇ ਫਲਸਤੀਨੀ ਤੇ ਅਰਬੀ ਲੋਕਾਂ ਨਾਲ ਸਾਂਝੀ ਕੀਤੀ। ਉਹ ਇਸ ਵੇਲੇ ਯੂ.ਏ.ਈ. ਵਿੱਚ ਰਹਿੰਦੀ ਹੈ।

# ਖਹਿਰਾ ਵੀ ਪ੍ਰੋ. ਭੁੱਲਰ ਦੇ ਹੱਕ 'ਚ ਨਿੱਤਰੇ

**ਚੰਡੀਗੜ੍ਹ:** ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਦੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਦੀ ਹਮਾਇਤ ਕੀਤੀ ਹੈ।

ਸ. ਖਹਿਰਾ ਨੇ ਕਿਹਾ ਕਿ ਭੁੱਲਰ ਖ਼ਿਲਾਫ਼ ਨਾ ਤਾਂ ਕੋਈ ਸਬੂਤ ਮਿਲੇ ਤੇ ਨਾ ਹੀ ਗਵਾਹ ਮਿਲੇ, ਸਿਰਫ਼ ਉਸ ਵੱਲੋਂ ਪੁਲਿਸ ਨੂੰ ਹਿਰਾਸਤ ਦੌਰਾਨ ਦਿੱਤੇ ਗਏ ਬਿਆਨਾਂ ਦੇ ਆਧਾਰ 'ਤੇ ਹੀ ਸਜ਼ਾ ਦਿੱਤੀ ਗਈ ਹੈ। ਉਹ ਪਾਰਟੀ ਪ੍ਰਧਾਨ ਨਾਲ ਗੱਲ ਕਰ ਕੇ ਇਸ ਮਾਮਲੇ ਨੂੰ ਪਾਰਟੀ ਹਾਈ ਕਮਾਨ ਕੋਲ ਉਠਾਉਣ ਲਈ ਕਹਿਣਗੇ।




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

Short Sale Specialist

We Can Sell Your Home in Short Sale at No Cost to You



For Buying & Selling Residential And For Loans

Call: Sohanpreet 'Sam' Chahal
@916-612-5773
Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

## ਨਾਨਕਸ਼ਾਹੀ ਕੈਲੰਡਰ ਦਾ ਰੇੜਕਾ

# ਪਾਕਿ 'ਚ ਸ਼ਹੀਦੀ ਦਿਹਾੜਾ ਮਨਾਉਣ ਲਈ ਸ਼੍ਰੋਮਣੀ ਕਮੇਟੀ ਨੇ ਜਥਾ ਨਹੀਂ ਭੇਜਿਆ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਇਸ ਵਾਰ ਲਾਹੌਰ ਸਥਿਤ ਗੁਰਦੁਆਰਾ ਡੇਰਾ ਸਾਹਿਬ ਵਿਖੇ 16 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਸ਼੍ਰੋਮਣੀ ਕਮੇਟੀ ਵੱਲੋਂ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਨਹੀਂ ਭੇਜਿਆ ਜਾਵੇਗਾ ਤੇ ਸ਼੍ਰੋਮਣੀ ਕਮੇਟੀ ਵੱਲੋਂ ਇਹ ਸ਼ਹੀਦੀ ਦਿਹਾੜਾ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੰਜ ਜੂਨ ਨੂੰ ਹੀ ਮਨਾਇਆ ਜਾਵੇਗਾ।

ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਸਥਿਤ ਗੁਰਧਾਮਾਂ ਵਿਖੇ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੰਜ ਜੂਨ ਨੂੰ ਸ਼ਹੀਦੀ ਦਿਹਾੜਾ ਮਨਾਉਣ ਲਈ 28 ਮਈ ਤੋਂ 6 ਜੂਨ ਤੱਕ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਿਆ ਜਾਣਾ ਸੀ। ਇਸ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ 340 ਯਾਤਰੂਆਂ ਦੀ ਸੂਚੀ ਪੰਜਾਬ ਸਰਕਾਰ ਰਾਹੀਂ ਪਾਕਿਸਤਾਨੀ ਸਫ਼ਾਰਤਖ਼ਾਨੇ ਕੋਲ ਭੇਜੀ ਗਈ ਸੀ ਪਰ ਐਨ ਆਖ਼ਰੀ ਮੌਕੇ ਪਾਕਿਸਤਾਨੀ ਸਫ਼ਾਰਤਖ਼ਾਨੇ ਨੇ ਵੀਜ਼ੇ ਦੇਣ ਤੋਂ ਨਾ ਕਰ ਦਿੱਤੀ ਹੈ ਜਿਸ ਕਰਕੇ ਸ਼ਰਧਾਲੂਆਂ ਦਾ ਜਥਾ 28 ਮਈ ਨੂੰ ਇਥੋਂ ਰਵਾਨਾ ਨਹੀਂ ਹੋ ਸਕਿਆ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 16 ਜੂਨ ਨੂੰ ਮਨਾਉਣ ਬਾਰੇ ਕੀਤੇ ਗਏ ਫੈਸਲੇ ਕਾਰਨ ਦਿੱਲੀ ਸਥਿਤ ਪਾਕਿਸਤਾਨੀ ਸਫਾਰਤਖ਼ਾਨੇ ਨੇ 28 ਮਈ ਤੋਂ 6 ਜੂਨ ਤਕ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਦੇ ਜਥੇ ਨੂੰ ਐਨ ਆਖਰੀ ਮੌਕੇ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ।

ਸ਼੍ਰੋਮਣੀ ਕਮੇਟੀ ਵੱਲੋਂ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਸ਼ਹੀਦੀ ਗੁਰਪੁਰਬ ਪੰਜ ਜੂਨ ਨੂੰ ਮਨਾਇਆ ਜਾ ਰਿਹਾ ਹੈ। ਇਸੇ ਅਨੁਸਾਰ ਹੀ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨੀ ਸਥਿਤ ਗੁਰਧਾਮਾਂ ਦੀ ਯਾਤਰਾ ਲਈ



ਗੁਰਦੁਆਰਾ ਡੇਹਰਾ ਸਾਹਿਬ

28 ਜੂਨ ਨੂੰ ਭੇਜੇ ਜਾਣ ਦੀ ਯੋਜਨਾ ਸੀ। ਇਸ ਜਥੇ ਵਿਚ ਸ਼ਾਮਲ ਸ਼ਰਧਾਲੂਆਂ ਵੱਲੋਂ ਪੰਜ ਜੂਨ ਨੂੰ ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਸ਼ਹੀਦੀ ਗੁਰਪੁਰਬ ਮਨਾਉਣ ਉਪਰੰਤ 6 ਜੂਨ ਨੂੰ ਰੇਲ ਗੱਡੀ ਰਾਹੀਂ ਵਾਪਸ ਭਾਰਤ ਆਉਣਾ ਸੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ 340 ਸ਼ਰਧਾਲੂਆਂ ਦੀ ਸੂਚੀ ਵੀਜ਼ਾ ਪ੍ਰਾਪਤ ਕਰਨ ਲਈ ਪੰਜਾਬ ਸਰਕਾਰ ਨੂੰ ਭੇਜੀ ਗਈ ਸੀ ਜਿਸ ਦੀ ਜਾਂਚ ਉਪਰੰਤ ਇਹ ਸੂਚੀ ਅਗਾਂਹ ਕੇਂਦਰ ਸਰਕਾਰ ਨੂੰ ਭੇਜ ਦਿੱਤੀ ਗਈ ਸੀ। ਕੇਂਦਰ ਸਰਕਾਰ ਵੱਲੋਂ ਇਹ ਸੂਚੀ ਵੀਜ਼ਿਆਂ ਲਈ ਪਾਕਿਸਤਾਨੀ ਸਫਾਰਤਖ਼ਾਨੇ ਨੂੰ ਭੇਜੀ ਗਈ ਸੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਦੱਸਿਆ ਕਿ ਐਨ ਆਖ਼ਰੀ ਮੌਕੇ ਪਾਕਿਸਤਾਨੀ ਸਫਾਰਤਖਾਨੇ ਦੇ ਅਧਿਕਾਰੀਆਂ ਨੇ 28 ਮਈ ਨੂੰ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਵੀਜ਼ੇ ਦੇਣ ਤੋਂ ਨਾਂਹ ਕਰ ਦਿੱਤੀ ਹੈ। ਸਿੱਟੇ ਵਜੋਂ ਹੁਣ 28 ਮਈ ਨੂੰ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਲਈ ਰਵਾਨਾ ਨਹੀਂ ਹੋ ਸਕੇਗਾ। ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੂੰ ਪਾਕਿਸਤਾਨੀ ਸਫਾਰਤਖਾਨੇ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਪਾਕਿਸਤਾਨ ਸਥਿਤ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ਾਮ ਸਿੰਘ ਵੱਲੋਂ ਸ਼ਹੀਦੀ ਗੁਰਪੁਰਬ 16 ਜੂਨ ਨੂੰ ਮਨਾਇਆ ਜਾ ਰਿਹਾ ਹੈ। ਇਸੇ ਮੁਤਾਬਕ ਹੀ ਜਥਿਆਂ ਦੀ ਆਮਦ ਲਈ ਪ੍ਰੋਗਰਾਮ ਬਣਾਇਆ ਗਿਆ ਹੈ। 16 ਜੂਨ ਨੂੰ ਸ਼ਹੀਦੀ ਗੁਰਪੁਰਬ ਮਨਾਉਣ ਦੀ ਨਿਰਧਾਰਤ ਕੀਤੀ ਤਾਰੀਖ਼ ਮੁਤਾਬਕ ਭਾਰਤ ਤੋਂ ਸਿੱਖ ਸ਼ਰਧਾਲੂਆਂ ਦੇ ਜਥੇ 8 ਤੋਂ 17 ਜੂਨ ਤਕ ਪਾਕਿਸਤਾਨ ਜਾ ਸਕਣਗੇ।

ਜਥੇਦਾਰ ਮੱਕੜ ਨੇ ਕਿਹਾ ਕਿ ਅਜਿਹਾ ਕਰਕੇ ਪਾਕਿਸਤਾਨੀ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਜਗਤ ਦੀ ਨੁਮਾਇੰਦਾ ਜਥੇਬੰਦੀ ਹੈ ਤੇ ਉਸ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਮੁਤਾਬਕ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਸ਼ਹੀਦੀ ਗੁਰਪੁਰਬ ਪੰਜ ਜੂਨ ਨੂੰ ਮਨਾਇਆ ਜਾ ਰਿਹਾ ਹੈ। ਵਿਸ਼ਵ ਦੇ ਹੋਰ ਮੁਲਕਾਂ ਵਿਚ ਰਹਿੰਦੇ ਸਿੱਖ ਭਾਈਚਾਰੇ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼, ਸੰਦੇਸ਼ ਤੇ ਹੁਕਮਨਾਮਿਆਂ ਮੁਤਾਬਕ ਇਹ ਗੁਰਪੁਰਬ ਪੰਜ ਜੂਨ ਨੂੰ ਹੀ ਮਨਾਇਆ ਜਾ ਰਿਹਾ ਹੈ।

## ਪਾਕਿ ਕਮੇਟੀ ਦੇ ਇਸ਼ਾਰੇ 'ਤੇ ਵੀਜ਼ੇ ਰੱਦ ਹੋਏ: ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੋਸ਼ ਲਾਇਆ ਹੈ ਕਿ ਪਾਕਿ ਹਕੂਮਤ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ਾਮ ਸਿੰਘ ਦੇ ਇਸ਼ਾਰੇ 'ਤੇ ਸ਼੍ਰੋਮਣੀ ਕਮੇਟੀ ਦੀ ਭੇਜੀ ਸੂਚੀ ਨੂੰ ਰੱਦ ਕੀਤਾ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਸ਼੍ਰੋਮਣੀ ਕਮੇਟੀ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਦੇ ਮੁਤਾਬਕ ਪੰਜ ਜੂਨ ਨੂੰ ਸ਼ਹੀਦੀ ਦਿਹਾੜਾ ਮਨਾ ਰਹੀ ਹੈ ਜਦਕਿ ਪਾਕਿ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਮੂਲ ਨਾਨਕਸ਼ਾਹੀ ਕੈਲੰਡਰ ਦੇ ਮੁਤਾਬਕ 16 ਜੂਨ ਨੂੰ ਮਨਾ ਰਹੀ ਹੈ। ਉਨ੍ਹਾਂ ਗ਼ਿਲਾ ਜ਼ਾਹਿਰ ਕੀਤਾ ਕਿ ਪਾਕਿਸਤਾਨ ਸਰਕਾਰ ਨੇ ਸਿੱਖਾਂ ਦੀ ਨੁਮਾਇਦਾ ਜਮਾਤ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਨੂੰ ਤਰਜੀਹ ਦੇਣ ਦੀ ਥਾਂ ਪਾਕਿਸਤਾਨੀ ਸਿੱਖ ਬਿਸ਼ਨ ਸਿੰਘ ਵੱਲੋਂ ਲਏ ਫੈਸਲੇ ਦੀ ਹਾਮੀ ਭਰੀ ਹੈ। ਜਥੇ. ਅਵਤਾਰ ਸਿੰਘ ਨੇ ਪਾਕਿਸਤਾਨ ਸ਼ਹੀਦੀ ਦਿਵਸ ਮਨਾਉਣ ਜਾ ਰਹੇ ਸਿੱਖ ਸ਼ਰਧਾਲੂਆਂ ਤੋਂ ਖਿਮਾ ਮੰਗਦਿਆਂ ਕਿਹਾ ਕਿ ਪਾਕਿ ਸਿੱਖ ਸ਼ਾਮ ਸਿੰਘ ਵੱਲੋਂ ਲਏ ਫੈਸਲੇ ਮੁਤਾਬਕ ਸਿੱਖ ਮਰਯਾਦਾ ਨਹੀਂ ਚੱਲ ਸਕਦੀ ਹੈ। ਉਨ੍ਹਾਂ ਪਾਕਿ ਹਕੂਮਤ ਸ਼੍ਰੋਮਣੀ ਕਮੇਟੀ ਦੇ ਜਥੇ ਨੂੰ 8 ਜੂਨ ਤੋਂ 17 ਜੂਨ ਤੱਕ ਸ਼ਹੀਦੀ ਦਿਵਸ ਮਨਾਉਣ ਦੀ ਆਗਿਆ ਦੇ ਰਹੀ ਹੈ ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਸਿੱਖ ਜਗਤ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਤੇ 5 ਸਿੰਘ ਸਾਹਿਬਾਨ ਵੱਲੋਂ ਸੋਧੇ ਗਏ ਨਾਨਕਸ਼ਾਹੀ ਕੈਲੰਡਰ ਮੁਤਾਬਕ 5 ਜੂਨ ਨੂੰ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਦੇਸ਼-ਵਿਦੇਸ਼ 'ਚ ਮਨਾਇਆ ਜਾ ਰਿਹਾ ਹੈ।

## ਪਾਕਿ ਕਮੇਟੀ 16 ਨੂੰ ਹੀ ਮਨਾਏਗੀ ਸ਼ਹੀਦੀ ਦਿਹਾੜਾ

**ਅੰਮ੍ਰਿਤਸਰ:** ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਪਾਕਿਸਤਾਨ ਲਾਹੌਰ ਵਿਖੇ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਹੀ 16 ਜੂਨ 2011 ਨੂੰ ਮਨਾਇਆ ਜਾ ਰਿਹਾ ਹੈ। ਪਾਕਿਸਤਾਨ ਸਿੱਖ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਸ਼ਾਮ ਸਿੰਘ ਨੇ ਜਾਣਕਾਰੀ ਦਿੱਤੀ ਹੈ ਕਿ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਟਿੰਗ ਕਰਕੇ ਇਹ ਫੈਸਲਾ ਕੀਤਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 16 ਜੂਨ ਨੂੰ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤ ਤੋਂ 8 ਤਾਰੀਖ਼ ਨੂੰ ਜਥਾ ਪਾਕਿਸਤਾਨ ਪਹੁੰਚੇਗਾ ਜੋ ਸਾਰੇ ਗੁਰਧਾਮਾ ਦੇ ਦਰਸ਼ਨ ਕਰਕੇ 16 ਜੂਨ 2011 ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਲਾਹੌਰ ਵਿਖੇ ਮਨਾ ਕੇ 17 ਨੂੰ ਜਥਾ ਵਾਪਸ ਭਾਰਤ ਆਵੇਗਾ।

# ਸਰਬਜੀਤ ਦੀ ਭੈਣ ਨੂੰ ਪਾਕਿ ਜਾਣ ਲਈ ਵੀਜ਼ਾ ਮਿਲਿਆ

**ਅੰਮ੍ਰਿਤਸਰ:** ਲਾਹੌਰ ਦੀ ਕੋਟ ਲਖਪਤ ਜੇਲ੍ਹ ਵਿਚ ਬੰਦ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਸਰਬਜੀਤ ਸਿੰਘ ਦੀ ਭੈਣ ਬੀਬੀ ਦਲਬੀਰ ਕੌਰ ਨੂੰ ਪਾਕਿਸਤਾਨੀ ਸਫ਼ਾਰਤਖਾਨੇ ਨੇ ਇਕ ਮਹੀਨੇ ਦਾ ਵੀਜ਼ਾ ਦਿੱਤਾ ਹੈ ਜਦੋਂਕਿ ਪਰਿਵਾਰ ਦੇ ਬਾਕੀ ਜੀਆਂ ਨੂੰ ਵੀਜ਼ਾ ਨਹੀਂ ਮਿਲਿਆ। ਸਰਬਜੀਤ ਦੀ ਪਤਨੀ ਤੇ ਦੋ ਧੀਆਂ ਸਮੇਤ ਦਲਬੀਰ ਕੌਰ ਤੇ ਉਸ ਦੇ ਪਤੀ ਵੱਲੋਂ ਪਾਕਿਸਤਾਨ ਜਾਣ ਲਈ ਵੀਜ਼ੇ ਲਈ ਅਰਜ਼ੀ ਦਿੱਤੀ ਗਈ ਸੀ ਪਰ ਪਾਕਿਸਤਾਨੀ ਸਫਾਰਤਖ਼ਾਨੇ ਵੱਲੋਂ ਸਿਰਫ ਦਲਬੀਰ ਕੌਰ ਨੂੰ ਹੀ ਮਹੀਨੇ ਦਾ ਵੀਜ਼ਾ ਦਿੱਤਾ ਗਿਆ ਹੈ।

ਪਰਿਵਾਰ ਵੱਲੋਂ ਪਿਛਲੇ ਲੰਮੇਂ ਸਮੇਂ ਤੋਂ ਸਰਬਜੀਤ ਨੂੰ ਮਿਲਣ ਲਈ ਵੀਜ਼ਾ ਪ੍ਰਾਪਤ ਕਰਨ ਲਈ ਯਤਨ ਕੀਤੇ ਜਾ ਰਹੇ ਸਨ। ਇਸ ਬਾਰੇ ਦਲਬੀਰ ਕੌਰ ਨੇ ਦੱਸਿਆ ਕਿ ਪਾਕਿਸਤਾਨੀ ਸਫ਼ਾਰਤਖਾਨੇ ਵੱਲੋਂ ਦਿੱਤੇ ਗਏ ਵੀਜ਼ੇ ਅਨੁਸਾਰ



ਉਹ ਦੋ ਮਹੀਨਿਆਂ ਵਿਚ ਕਿਸੇ ਵੀ ਸਮੇਂ ਇਕ ਮਹੀਨੇ ਲਈ ਲਾਹੌਰ ਜਾ ਸਕਦੇ ਹਨ। ਉਹ ਅਗਲੇ ਹਫ਼ਤੇ ਪਾਕਿਸਤਾਨ ਜਾਣ ਦੀ ਯੋਜਨਾ ਬਣਾ ਰਹੇ ਹਨ ਤੇ ਆਪਣੇ ਨਾਲ ਸਰਬਜੀਤ ਲਈ ਲੋੜੀਂਦੀਆਂ ਵਸਤਾਂ ਵੀ ਲੈ ਕੇ ਜਾਣਗੇ। ਆਪਣੇ ਇਸ ਮਹੀਨੇ ਦੇ ਦੌਰੇ ਦੌਰਾਨ ਦਲਬੀਰ ਕੌਰ ਜਿਥੇ ਲਾਹੌਰ ਦੀ ਕੋਟ ਲਖਪਤ ਜੇਲ੍ਹ ਵਿਚ ਬੰਦ ਸਰਬਜੀਤ ਨਾਲ ਮੁਲਾਕਾਤ ਕਰਨਗੇ, ਉਥੇ ਉਸ ਦੀ ਫਾਂਸੀ ਦੀ ਸਜ਼ਾ ਮੁਆਫੀ ਲਈ ਵੀ ਨਵੇਂ ਸਿਰਿਓਂ ਯਤਨ ਕਰਨਗੇ। ਇਸ ਬਾਰੇ ਪਾਕਿਸਤਾਨ ਦੇ ਕੇਂਦਰੀ ਗ੍ਰਹਿ ਮੰਤਰੀ ਰਹਿਮਾਨ ਮਲਿਕ ਤੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨਾਲ ਮੁਲਾਕਾਤ ਕਰਨਗੇ। ਪਿਛਲੇ ਦਿਨੀਂ ਦਿੱਲੀ ਆਏ ਪਾਕਿਸਤਾਨ ਦੇ ਕੇਂਦਰੀ ਮੰਤਰੀ ਅੰਸਾਰ ਬਰਨੀ ਨੇ ਦਲਬੀਰ ਕੌਰ ਦੀ ਗੱਲਬਾਤ ਕੇਂਦਰੀ ਗ੍ਰਹਿ ਮੰਤਰੀ ਰਹਿਮਾਨ ਮਲਿਕ ਨਾਲ ਕਰਵਾਈ ਸੀ ਤੇ ਸਰਬਜੀਤ ਦੀ ਰਿਹਾਈ ਲਈ ਹਰ ਸੰਭਵ ਯਤਨ ਕਰਨ ਦਾ ਭਰੋਸਾ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਸਰਬਜੀਤ ਦੇ ਵਕੀਲ ਅਵਾਸ ਸ਼ੇਖ ਦੀ ਮਦਦ ਨਾਲ ਉਹ ਸਜ਼ਾ ਮੁਆਫੀ ਲਈ ਮੁੜ ਪਟੀਸ਼ਨ ਵੀ ਫਾਈਲ ਕਰਨਗੇ। ਇਸ ਤੋਂ ਪਹਿਲਾਂ ਉਨ੍ਹਾਂ ਗਲਤ ਸ਼ਨਾਖਤ ਦੇ ਆਧਾਰ 'ਤੇ ਦਿੱਤੀ ਗਈ ਫਾਂਸੀ ਦੀ ਸਜ਼ਾ ਦਾ ਕੇਸ ਮੁੜ ਵਿਚਾਰਨ ਲਈ ਦਾਇਰ ਕੀਤੀ ਗਈ ਪਟੀਸ਼ਨ ਵਾਪਸ ਲੈ ਲਈ ਸੀ।

ਉਨ੍ਹਾਂ ਦੱਸਿਆ ਕਿ ਲਾਹੌਰ 'ਚ ਉਹ ਮਨੁੱਖੀ ਅਧਿਕਾਰਾਂ ਦੀ ਜਥੇਬੰਦੀ ਦੀ ਕਾਰਕੁਨ ਆਸਮਾ ਜਹਾਂਗੀਰ ਨਾਲ ਵੀ ਮੁਲਾਕਾਤ ਕਰਨਗੇ ਤਾਂ ਜੋ ਸਰਬਜੀਤ ਦੀ ਰਿਹਾਈ ਲਈ ਚਾਰਾਜੋਈ ਕੀਤੀ ਜਾ ਸਕੇ। ਬੀਬੀ ਦਲਬੀਰ ਕੌਰ ਇਸ ਤੋਂ ਪਹਿਲਾਂ ਵੀ ਇਕ ਵਾਰ ਸਰਬਜੀਤ ਨੂੰ ਮਿਲਣ ਲਈ ਲਾਹੌਰ ਜਾ ਚੁੱਕੇ ਹਨ। ਉਨ੍ਹਾਂ ਹਾਲ ਹੀ ਵਿਚ ਭਾਰਤੀ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਅਪੀਲ ਕੀਤੀ ਸੀ ਕਿ ਅਦਾਲਤ ਭਾਰਤ ਸਰਕਾਰ ਨੂੰ ਸਰਬਜੀਤ ਦੀ ਰਿਹਾਈ ਲਈ ਚਾਰਾਜੋਈ ਕਰਨ ਦੀ ਹਦਾਇਤ ਕਰੇ। ਇਸ ਆਧਾਰ 'ਤੇ ਅਦਾਲਤ ਨੇ ਕੇਂਦਰ ਸਰਕਾਰ ਨੂੰ ਨੋਟਿਸ ਵੀ ਭੇਜਿਆ ਹੈ। ਸਰਬਜੀਤ ਦੇ ਪਰਿਵਾਰ ਵੱਲੋਂ ਪਿਛਲੀ ਦਿਨੀਂ ਦਿੱਲੀ ਸਥਿਤ ਜੰਤਰ-ਮੰਤਰ 'ਚ ਇਸ ਬਾਰੇ ਭੁੱਖ ਹੜਤਾਲ ਵੀ ਕੀਤੀ ਗਈ ਸੀ।

## ਕੈਨੇਡਾ 'ਚ ਭਾਰਤੀ ਵਿਦਿਆਰਥੀ ਦੀ ਝੀਲ 'ਚ ਡੁੱਬ ਕੇ ਮੌਤ

**ਟੋਰਾਂਟੋ:** ਭਾਰਤੀ ਮੂਲ ਦਾ ਵਿਦਿਆਰਥੀ ਕੈਨੇਡਾ ਦੇ ਓਂਟਾਰੀਓ ਪ੍ਰਾਂਤ ਦੀ ਝੀਲ ਵਿਚ ਆਪਣੇ ਦੋਸਤ ਨੂੰ ਬਚਾਉਂਦਾ ਹੋਇਆ ਖੁਦ ਡੁੱਬ ਗਿਆ। ਟੋਰਾਂਟੋ ਦੇ ਉਪ ਨਗਰੀ ਖੇਤਰ ਮਿਸੀਸਾਗਾ ਦਾ ਰਹਿਣ ਵਾਲਾ ਈਸ਼ਾਨ ਸ੍ਰੀਨਿਵਾਸਨ ਤੇ ਉਸ ਦੇ ਦੋ ਹੋਰ ਮਿੱਤਰ ਹੰਟਸਵਿਲੇ ਤੋਂ 50 ਕਿਲੋਮੀਟਰ ਦੂਰ ਪਿਕਰਲ ਝੀਲ ਵਿਚ ਉਦੋਂ ਡੁੱਬ ਗਏ ਜਦੋਂ ਇਨ੍ਹਾਂ ਦੀ ਕਿਸ਼ਤੀ ਝੀਲ ਦੇ ਡੂੰਘੇ ਪਾਣੀਆਂ 'ਚ ਡੁੱਬ ਗਈ। ਸ੍ਰੀਨਿਵਾਸਨ ਜੋ ਵਾਟਰਲੂ ਯੂਨੀਵਰਸਿਟੀ ਦਾ ਵਿਦਿਆਰਥੀ ਸੀ, ਆਪਣੇ ਇਕ ਹੋਰ ਮਿੱਤਰ ਨੂੰ ਬਚਾਉਣ ਲਈ ਫਿਕਰਮੰਦ ਸੀ ਹਾਲਾਂਕਿ ਉਸ ਨੇ ਜੀਵਨ ਰੱਖਿਅਕ ਜੈਕੇਟ ਪਾਈ ਹੋਈ ਸੀ। ਜਦੋਂ ਤੱਕ ਤੱਟ 'ਤੇ ਮੌਜੂਦ ਬਚਾਉਕਰਮੀ ਪੁੱਜੇ ਉਦੋਂ ਤੱਕ ਸ੍ਰੀਨਿਵਾਸਨ ਡੁੱਬ ਚੁੱਕਾ ਸੀ ਜਦੋਂਕਿ ਉਸ ਦੇ ਬਾਕੀ ਦੋ ਮਿੱਤਰਾਂ ਨੂੰ ਬਚਾ ਲਿਆ ਗਿਆ।

# ਬਰਨਾਲਾ ਵੱਲੋਂ ਪੰਜਾਬ ਵਿਚ ਸਿਆਸੀ ਸਰਗਰਮੀਆਂ ਤੇਜ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਤਾਮਿਲਨਾਡੂ ਦੇ ਰਾਜਪਾਲ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਪੰਜਾਬ 'ਚ ਸਿਆਸੀ ਸਰਗਰਮੀਆਂ ਵਧਾ ਦਿੱਤੀਆਂ ਹਨ। ਉਨ੍ਹਾਂ ਨੇ ਇਸ ਮਹੀਨੇ ਪੰਜਾਬ 'ਚ ਮੀਟਿੰਗਾਂ ਦਾ ਸਿਲਸਿਲਾ ਵਿੱਢਿਆ ਹੋਇਆ ਹੈ ਤੇ ਆਸ ਹੈ ਕਿ ਅਗਲੇ ਮਹੀਨੇ ਰਾਜਪਾਲ ਦੇ ਅਹੁਦੇ ਤੋਂ ਫਾਰਗ ਹੋ ਕੇ ਪੰਜਾਬ ਦੀ ਸਿਆਸਤ 'ਚ ਕੁੱਦ ਪੈਣਗੇ। ਸ. ਬਰਨਾਲਾ ਨੇ ਕਿਹਾ ਕਿ ਉਹ ਆਪਣੇ ਐਲਾਨ ਦੇ ਮੁਤਾਬਕ ਜਲਦੀ ਹੀ ਸਰਗਰਮ ਸਿਆਸਤ ਵਿਚ ਆ ਰਹੇ ਹਨ। ਉਨ੍ਹਾਂ ਕਿਹਾ ਕਿ ਸਲਾਹ-ਮਸ਼ਵਰੇ ਤੋਂ ਬਾਅਦ ਜਲਦ ਹੀ ਵਾਪਸੀ ਬਾਰੇ ਫ਼ੈਸਲਾ ਕੀਤਾ ਜਾਵੇਗਾ।

ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਦੀ ਪ੍ਰਧਾਨ ਤੇ ਸ. ਬਰਨਾਲਾ ਦੀ ਪਤਨੀ ਬੀਬੀ ਸੁਰਜੀਤ ਕੌਰ ਬਰਨਾਲਾ ਨੇ ਐਲਾਨ ਕੀਤਾ ਹੈ ਕਿ ਪੰਜਾਬ ਵਿਚ ਤੀਜੇ ਸਿਆਸੀ ਬਦਲ ਦੀ ਸਖ਼ਤ



*ਸੁਰਜੀਤ ਸਿੰਘ ਬਰਨਾਲਾ ਤੇ ਉਨ੍ਹਾਂ ਦੀ ਪਤਨੀ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।*

ਜ਼ਰੂਰਤ ਪੈਦਾ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੇਤਾ, ਵਰਕਰ ਤੇ ਇੱਥੋਂ ਤੱਕ ਉਹ ਖ਼ੁਦ ਸ. ਬਰਨਾਲਾ 'ਤੇ ਦਬਾਅ ਪਾ ਰਹੇ ਹਨ ਕਿ ਉਹ ਖ਼ੁਦ ਤੀਜੇ ਬਦਲ ਦੀ ਉਸਾਰੀ ਲਈ ਰਾਜਪਾਲ ਦਾ ਅਹੁਦਾ ਛੱਡ ਕੇ ਪੰਜਾਬ ਦੀ ਰਾਜਨੀਤੀ ਵਿਚ ਨਿਰਨਾਇਕ ਭੂਮਿਕਾ ਨਿਭਾਉਣ। ਸ. ਬਰਨਾਲਾ ਨੇ ਤਾਮਿਲਨਾਡੂ ਵਿਚ ਕਰੁਣਾਨਿਧੀ ਦੀ ਡੀ.ਐਮ.ਕੇ. ਪਾਰਟੀ ਦੀ ਨਮੋਸ਼ੀ ਭਰੀ ਹਾਰ ਬਾਰੇ ਕਿਹਾ ਕਿ ਭ੍ਰਿਸ਼ਟਾਚਾਰ ਦਾ ਭੱਖਦਾ ਮੁੱਦਾ ਹੀ ਹਾਰ ਦਾ ਕਾਰਨ ਬਣਿਆ ਹੈ। ਸ. ਬਰਨਾਲਾ ਨੇ ਕਿਹਾ ਕਿ ਪੰਜਾਬ ਵਿਚ ਵੀ ਭ੍ਰਿਸ਼ਟਾਚਾਰ ਦਾ ਮੁੱਦਾ ਜੇ ਤਾਮਿਲਨਾਡੂ ਵਰਗੀ ਹਾਲਤ ਪੈਦਾ ਕਰ ਦੇਵੇ ਤਾਂ ਕੋਈ ਅਣਹੋਣੀ ਨਹੀਂ ਹੋਵੇਗੀ।

ਸੂਤਰਾਂ ਦਾ ਕਹਿਣਾ ਹੈ ਕਿ ਸ. ਬਰਨਾਲਾ ਨੇ ਚੰਡੀਗੜ੍ਹ ਤੇ ਪਟਿਆਲਾ 'ਚ ਮਾਨ ਗਰੁੱਪ ਨੂੰ ਛੱਡ ਕੇ ਵੱਖ-ਵੱਖ ਅਕਾਲੀ ਗੁੱਟ ਤੇ ਹੋਰ ਹਮਖ਼ਿਆਲ ਸਿਆਸੀ ਦਲਾਂ ਨਾਲ ਗੱਲਬਾਤ ਕੀਤੀ ਹੈ ਜਿਨ੍ਹਾਂ ਵਿਚ ਖੱਬੇ ਪੱਖੀ ਪਾਰਟੀਆਂ ਵੀ ਸ਼ਾਮਲ ਹਨ ਪਰ ਸ. ਬਰਨਾਲਾ ਤੇ ਬੀਬੀ ਬਰਨਾਲਾ ਨੇ ਅਜਿਹੀਆਂ ਮੀਟਿੰਗਾਂ ਦਾ ਖੰਡਨ ਕੀਤਾ ਹੈ।

ਬੀਬੀ ਬਰਨਾਲਾ ਨੇ ਦਿੱਲੀ 'ਚ ਯੂਥ ਕਾਂਗਰਸ ਦੇ ਦਫਤਰ ਦੇ ਬਾਹਰ ਧਮਾਕੇ ਵਿਚ ਸਜ਼ਾ ਭੁਗਤ ਰਹੇ ਦਵਿੰਦਰਪਾਲ ਭੁੱਲਰ ਦੀ ਸ਼ਜਾ ਨੂੰ ਮੁਆਫ ਕੀਤੇ ਜਾਣ ਦੀ ਪ੍ਰੋੜ੍ਹਤਾ ਕਰਦਿਆਂ ਦੇਸ਼ ਦੀ ਰਾਸ਼ਟਰਪਤੀ ਨੂੰ ਅਪੀਲ ਕੀਤੀ ਕਿ ਉਹ ਸ. ਭੁੱਲਰ ਦੇ ਕੇਸ 'ਤੇ ਮੁੜ ਵਿਚਾਰ ਕਰਨ ਕਿਉਂਕਿ ਉਹ ਪਹਿਲਾਂ ਹੀ ਕਾਫੀ ਜ਼ਿਆਦਾ ਸਜ਼ਾ ਭੁਗਤ ਚੁੱਕੇ ਹਨ। ਅਗਾਮੀ ਵਿਧਾਨ ਸਭਾ ਚੋਣਾਂ ਬਾਰੇ ਬੀਬੀ ਬਰਨਾਲਾ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਤੇ ਚੋਣਾਂ ਨਿਸਚਿਤ ਤੌਰ 'ਤੇ ਹਮਖਿਆਲੀ ਪਾਰਟੀਆਂ ਨਾਲ ਮਿਲ ਕੇ ਲੜੀਆਂ ਜਾਣਗੀਆਂ। ਉਨ੍ਹਾਂ ਕਿਹਾ ਤੀਜੇ ਫਰੰਟ ਵਿਚ ਕਿਹੜੇ ਗੱਠਜੋੜ ਸ਼ਾਮਲ ਹੋਣਗੇ, ਇਸ ਬਾਰੇ ਸਮਾਂ ਆਉਣ 'ਤੇ ਹੀ ਫੈਸਲਾ ਕੀਤਾ ਜਾਵੇਗਾ।

FARMERS INSURANCE GROUP
Symbol of Superior Service

# FARMERS

**Now at new location:** 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

***Auto *Home *Life *Business**
***Workers Compensation**

Call for consultation

**Ph: 408-771-2438**

*408-580-6063, 408-687-7566*

Fax: 408-273-6001

ssingh6@farmeragent.com

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**



# ਪੰਜਾਬੀ ਰੇਡੀਓ ਯੂਐਸਏ ਦੀ ਟੀਮ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ

5 ਜੂਨ 2011 ਦਿਨ ਐਤਵਾਰ

ਗੁਰਦੁਆਰਾ ਸਾਹਿਬ, ਫਰੀਮਾਂਟ
ਗੁਰਦੁਆਰਾ ਸਾਹਿਬ, ਟਰਲੱਕ
ਗੁਰਦੁਆਰਾ ਸਾਹਿਬ, ਗੁਰੂ ਨਾਨਕ ਪ੍ਰਕਾਸ਼ ਟਰੇਸੀ

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over

**ਇੰਟਰਨੈਟ ਰੇਡੀਓ $ 140 ਵਾਲਾ ਹੁਣ $ 99 ਨੂੰ**
(ਇਸ ਉਪਰ 15000 ਤੋਂ ਵੱਧ ਤੇ ਸਾਰੀ ਦੁਨੀਆਂ ਦੇ ਪੰਜਾਬੀ ਸਟੇਸ਼ਨ ਸੁਣ ਸਕਦੇ ਹੋ)

**ਛੋਟੇ ਰੇਡੀਓ ਦੀ ਕੀਮਤ $ 25**
**ਵੱਡੇ ਰੇਡੀਓ ਦੀ ਕੀਮਤ $ 35**

# PUNJABI RADIO USA

ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ **I-Phone ਤੇ Android Application** ਤੁਸੀਂ ਕਿਸੇ ਸਮੇਂ ਵੀ **ਮੁਫ਼ਤ ਡਾਊਨਲੋਡ** ਕਰ ਸਕਦੇ ਹੋ।

## ਪੰਜਾਬੀ ਰੇਡੀਓ ਦੇ ਪ੍ਰੋਗਰਾਮ

- **ਸਵੇਰੇ 4 ਵਜੇ ਤੋਂ 9 ਵਜੇ ਤੱਕ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- **ਸਵੇਰੇ 9.20 ਤੋਂ 10 ਵਜੇ** ਤੱਕ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- **ਸਵੇਰੇ 10 ਤੋਂ 11 ਵਜੇ** ਤੱਕ ਆਤਮਿਕ ਆਨੰਦ ਪ੍ਰੋਗਰਾਮ (ਕੁਲਬੀਰ ਸਿੰਘ) (ਸੋਮਵਾਰ-ਸ਼ਨੀਵਾਰ)
- **ਸਵੇਰੇ 11.30 ਤੋਂ ਦੁਪਹਿਰ 1 ਵਜੇ** ਤੱਕ 'ਬੋਲੀਵੁੱਡ ਹਿੱਟਸ' (Bollywood Hits) (ਸੋਮਵਾਰ-ਸ਼ਨੀਵਾਰ)
- **1 ਵਜੇ ਤੋਂ 2 ਵਜੇ** ਤੱਕ ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- **2 ਵਜੇ ਤੋਂ 3 ਵਜੇ ਤੱਕ** ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' (ਮੰਗਲਵਾਰ, ਸ਼ੁੱਕਰਵਾਰ), ਕਵੀ ਦਰਬਾਰ (ਸ਼ਨੀਵਾਰ)
- ਸੋਮਵਾਰ ਨੂੰ Repeat ਪ੍ਰੋਗਰਾਮ ਖ਼ਬਰ 'ਤੇ ਨਜ਼ਰ (ਪ੍ਰਮਿੰਦਰ ਟਿਵਾਣਾ)
- ਬੁਧਵਾਰ ਨੂੰ ਵਿਦਿਆ ਵਿਚਾਰੀ ਤਾਂ ਪਰਉਪਕਾਰੀ
- ਵੀਰਵਾਰ ਨੂੰ Repeat ਪ੍ਰੋਗਰਾਮ 'ਦੋ ਆਰ ਦੀਆਂ-ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਅਤੇ ਸਿਮਰ)
- **3 ਵਜੇ ਤੋਂ 4 ਵਜੇ** ਤੱਕ (ਸੋਮਵਾਰ ਤੋਂ ਵੀਰਵਾਰ) ਪ੍ਰੋਗਰਾਮ 'ਗੀਤਾਂ ਦਾ ਗੁਲਦਸਤਾ' (ਨਵੇਂ ਪੰਜਾਬੀ ਗੀਤ), ਸ਼ੁੱਕਰਵਾਰ : ਦੇਸੋਂ ਪਰਦੇਸ (ਪਾਲ ਧਾਲੀਵਾਲ)
- ਸ਼ਨੀਵਾਰ : ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ (ਦਿਲਪ੍ਰੀਤ ਖ਼ਾਲਸਾ ਤੇ ਮਨਪ੍ਰੀਤ ਕਾਲਰਾ)
- **4 ਵਜੇ ਤੋਂ 6 ਵਜੇ ਤੱਕ** ਪ੍ਰੋਗਰਾਮ 'ਕੁਝ ਗੱਲਾਂ ਕੁੱਝ ਗੀਤ' (ਗੁਰਜਸਪਾਲ ਸਿੰਘ, ਰਾਜਕਰਨਬੀਰ ਸਿੰਘ, ਨਵਜੋਤ ਸਿੰਘ ਤੇ ਹਰਵਿੰਦਰ ਸਿੰਘ ਕੰਗ)
- ਐਤਵਾਰ : 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- **6 ਵਜੇ ਤੋਂ 7.55 ਤੱਕ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)

**ਖ਼ਬਰਾਂ ਤਾਜ਼ੀਆਂ** (ਛੇ ਵਾਰ ਹਰ ਰੋਜ਼)
09.05 : ਪੰਜਾਬ ਤੋਂ ਸੁਸ਼ੀਲ ਦੁਸਾਂਝ
11.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
02.05 : ਯੂਐਸਏ ਤੋਂ ਇੰਦਰਮਾਨ ਸਿੰਘ
08.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
09.05 : ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
10.05 : ਯੂਐਸਏ ਤੋਂ ਇੰਦਰਮਾਨ ਸਿੰਘ

**ਰਾਤ 8 ਤੋਂ 9 ਵਜੇ ਤੱਕ :**
ਸੋਮਵਾਰ ਭਖਦੇ ਮਸਲਿਆਂ 'ਤੇ Live Talk Show (ਸੁਸ਼ੀਲ ਦੁਸਾਂਝ) • ਮੰਗਲਵਾਰ : 'ਇਕ ਸੋਚ' (ਕਮਲ ਗਿੱਲ) • ਬੁੱਧਵਾਰ : ਖ਼ਬਰ 'ਤੇ ਨਜ਼ਰ (ਪਰਮਿੰਦਰ ਸਿੰਘ ਟਿਵਾਣਾ) • ਵੀਰਵਾਰ : ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ਸ਼ੁੱਕਰਵਾਰ : ਸ਼ਾਨ ਪੰਜਾਬ ਦੀ (ਗੁਰਦੀਪ ਸਿੰਘ ਸ਼ੇਰਗਿੱਲ) • ਸ਼ਨੀਵਾਰ : ਇਕ ਖ਼ਾਸ ਮੁਲਾਕਾਤ (ਹਰਵਿੰਦਰ ਸਿੰਘ ਕੰਗ) • ਐਤਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)

**ਰਾਤ 9 ਤੋਂ 10 ਵਜੇ ਤੱਕ :**
ਸੋਮਵਾਰ : ਮਨੋਰੰਜਨ ਪ੍ਰੋਗਰਾਮ 'ਦੋ ਆਰ ਦੀਆਂ, ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਤੇ ਸਿਮਰ) • ਮੰਗਲਵਾਰ : 'ਖ਼ਬਰਾਂ ਦੀ ਭੰਨਤੋੜ' (ਨਵਜੋਤ ਸਿੰਘ) • ਬੁੱਧਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ) ਵੀਰਵਾਰ : ਕੰਪਿਊਟਰ ਡਾਕਟਰ (ਹਰਵਿੰਦਰ ਸਿੰਘ ਕੰਗ, ਰਾਜਕਰਨਬੀਰ ਸਿੰਘ ਤੇ ਨਵਜੋਤ ਸਿੰਘ) • ਸ਼ੁੱਕਰਵਾਰ : (9 ਤੋਂ 11 ਵਜੇ ਤੱਕ) 'ਪਾਣੀ 'ਚ ਮਧਾਣੀ' • ਬੁਝਾਰਤਾਂ ਦਾ ਹਿੱਟ ਪ੍ਰੋਗਰਾਮ • ਸ਼ਨੀਵਾਰ : 'ਖਿਆਲ ਆਪੋ ਆਪਣਾ' (ਪੰਜਾਬੀ ਰੇਡੀਓ ਟੀਮ) • ਐਤਵਾਰ : ਵਿਦਿਆ ਵਿਚਾਰੀ ਤਾਂ ਪਰਉਪਕਾਰੀ (ਹਰਪ੍ਰੀਤ ਕੌਰ ਸੰਘਾ, ਦਿਲਪ੍ਰੀਤ ਸਿੰਘ ਖਾਲਸਾ)

**ਰਾਤ 10 ਤੋਂ 11 ਵਜੇ ਤੱਕ :** ਡੀ ਜੇ ਹਿੱਟਸ (ਡੀ ਜੇ ਮੱਲ੍ਹੀ ਤੇ ਡੀ ਜੇ ਜੀਤ) • **ਰਾਤ 10 ਤੋਂ 11, ਸਵੇਰੇ 4 ਵਜੇ ਤੱਕ :** Repeat Programs ਤੇ ਗੀਤ

ਹੋਰ ਜਾਣਕਾਰੀ ਲਈ **408.722.7698**
Listen LIVE www.punjabiradiousa.com
Email: info@punjabiradiousa.com
3750 McKee Road, # B, San Jose CA 95127

# ਜਨਤਾ ਦੇ ਪੈਸੇ ਨਾਲ ਸੰਸਦ ਮੈਂਬਰਾਂ ਦਾ ਸ਼ਾਹੀ ਠਾਠ

## ਇਕ ਸੰਸਦ ਮੈਂਬਰ ਦਾ ਹਰ ਮਹੀਨੇ ਖ਼ਜ਼ਾਨੇ 'ਤੇ 70 ਲੱਖ ਦਾ ਬੋਝ

- **ਤਨਖਾਹ: 50 ਹਜ਼ਾਰ ਰੁਪਏ ਪ੍ਰਤੀ ਮਹੀਨਾ**
- **ਵਿਸ਼ੇਸ਼ ਭੱਤਾ: ਰੋਜ਼ਾਨਾ ਦੋ ਹਜ਼ਾਰ ਰੁਪਏ**
- **ਹਲਕਾ ਭੱਤਾ: 45 ਹਜ਼ਾਰ ਰੁਪਏ ਪ੍ਰਤੀ ਮਹੀਨਾ**
- **ਹਵਾਈ ਸਫ਼ਰ: ਸਾਲ ਵਿਚ 34 ਵਾਰ**
- **ਫਰਨੀਚਰ ਲਈ 75 ਹਜ਼ਾਰ ਰੁਪਏ**

**ਚੰਡੀਗੜ੍ਹ:** ਦੇਸ਼ ਦਾ ਆਮ ਵਿਅਕਤੀ ਭਾਵੇਂ ਪੀਣ ਲਈ ਸਾਫ ਪਾਣੀ ਤੇ ਹਵਾ ਲਈ ਬਿਜਲੀ ਨੂੰ ਤਰਸ ਰਿਹਾ ਹੋਵੇ ਪਰ ਇਸ ਦੇ ਜਨਤਕ ਨੁਮਾਇੰਦਿਆਂ ਸੰਸਦ ਮੈਂਬਰਾਂ ਨੂੰ ਬਾਦਸ਼ਾਹਾਂ ਵਰਗੀਆਂ ਸਹੂਲਤਾਂ ਮਿਲ ਰਹੀਆਂ ਹਨ। ਪਾਰਲੀਮੈਂਟ ਦੀ ਸੂਚਨਾ ਅਨੁਸਾਰ ਦੇਸ਼ ਨੂੰ ਇਕ ਸੰਸਦ ਮੈਂਬਰ ਤਕਰੀਬਨ 70 ਲੱਖ ਰੁਪਏ ਪ੍ਰਤੀ ਮਹੀਨਾ ਪੈਂਦਾ ਹੈ। ਸੂਚਨਾ ਅਧਿਕਾਰ ਐਕਟ ਤਹਿਤ ਪ੍ਰਾਪਤ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਭਾਰਤੀ ਸੰਵਿਧਾਨ ਤੇ ਲੋਕ ਨੁਮਾਇੰਦਗੀ ਕਾਨੂੰਨ 1951 ਤਹਿਤ ਸੰਸਦ ਮੈਂਬਰ ਨੂੰ ਭਾਵੇਂ ਕੋਈ ਜ਼ਿੰਮੇਵਾਰੀ ਨਹੀਂ ਦਿੱਤੀ ਗਈ ਤੇ ਨਾ ਹੀ ਉਸ ਦੀ ਯੋਗਤਾ ਬਾਰੇ ਕੋਈ ਮਾਪਦੰਡ ਤੈਅ ਕੀਤੇ ਗਏ ਹਨ ਪਰ ਉਸ ਨੂੰ ਸਹੂਲਤਾਂ ਦੇ ਬੇਸ਼ੁਮਾਰ ਭੰਡਾਰ ਦਿੱਤੇ ਗਏ ਹਨ।

ਦੇਸ਼ ਦੇ ਸੰਸਦ ਮੈਂਬਰ ਨੂੰ ਹਾਲ ਦੀ ਘੜੀ ਏਨੀ ਜ਼ਿੰਮੇਵਾਰੀ ਹੀ ਦਿੱਤੀ ਗਈ ਹੈ ਕਿ ਉਹ ਲੋਕ ਸਭਾ ਦੀ ਬਹਿਸ ਵਿਚ ਹਿੱਸਾ ਲੈਣ ਤੇ ਆਪਣੇ ਵਿਚਾਰ ਪੇਸ਼ ਕਰਨ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਵੀ ਉਹ ਸਾਰੀਆਂ ਸਹੂਲਤਾਂ ਮਾਣਨ ਦੇ ਹੱਕਦਾਰ ਹਨ। ਇਸ ਜਾਣਕਾਰੀ ਅਨੁਸਾਰ ਦੇਸ਼ ਦਾ ਸੰਸਦ ਮੈਂਬਰ 50 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਲੈਣ ਦਾ ਹੱਕਦਾਰ ਹੈ ਜਦਕਿ ਹਰ ਰੋਜ਼ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਸੁਣਨ ਦਾ ਦੋ ਹਜ਼ਾਰ ਰੁਪਏ ਰੋਜ਼ਾਨਾ ਵਿਸ਼ੇਸ਼ ਭੱਤਾ ਮਿਲਦਾ ਹੈ ਜੋ ਪ੍ਰਤੀ ਮਹੀਨਾ 60 ਹਜ਼ਾਰ ਰੁਪਏ ਬਣਦਾ ਹੈ। ਇਸ ਤੋਂ ਇਲਾਵਾ 45 ਹਜ਼ਾਰ ਰੁਪਏ ਪ੍ਰਤੀ ਮਹੀਨਾ ਹਲਕਾ ਭੱਤਾ ਵੀ ਸੰਸਦ ਮੈਂਬਰ ਨੂੰ ਦਿੱਤਾ ਜਾ ਰਿਹਾ ਹੈ। ਸੰਸਦ ਮੈਂਬਰ ਨੂੰ 16 ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਸਫ਼ਰ ਦਾ ਭੱਤਾ ਦਿੱਤਾ ਜਾਂਦਾ ਹੈ। ਜੇਕਰ ਸੰਸਦ ਮੈਂਬਰ ਚਾਹੇ ਤਾਂ ਉਹ ਇਕ ਸਾਲ ਵਿਚ 34 ਵਾਰ ਹਵਾਈ ਸਫ਼ਰ ਕਰ ਸਕਦਾ ਹੈ। ਸੰਸਦ ਮੈਂਬਰ ਪਾਰਲੀਮੈਂਟ ਜਾਣ ਲਈ ਦੇਸ਼ ਦੇ ਕਿਸੇ ਵੀ ਹਿੱਸੇ ਤੋਂ ਵਾਤਾਨੁਕੂਲ ਰੇਲਗੱਡੀ ਵਿਚ ਮੁਫ਼ਤ ਸਫ਼ਰ ਕਰ ਸਕਦੇ ਹਨ। ਇਸ ਤੋਂ ਇਲਾਵਾ ਇਕ ਸੰਸਦ ਮੈਂਬਰ ਨੂੰ ਤਿੰਨ ਲੈਂਡਲਾਈਨ ਟੈਲੀਫੋਨ ਦਿੱਤੇ ਗਏ ਹਨ ਤੇ ਇਨ੍ਹਾਂ ਨੂੰ ਉਹ ਜਿੱਥੇ ਚਾਹੇ ਲਵਾ ਸਕਦੇ ਹਨ। ਸੰਸਦ ਮੈਂਬਰਾਂ ਨੂੰ ਇੰਟਰਨੈੱਟ ਲਈ 1500 ਰੁਪਏ ਪ੍ਰਤੀ ਮਹੀਨਾ ਤੇ ਮੋਬਾਈਲ ਫ਼ੋਨ ਦੀਆਂ ਮੁਫ਼ਤ ਸਹੂਲਤਾਂ ਵੀ ਹਨ।

ਕੋਈ ਵੀ ਸੰਸਦ ਮੈਂਬਰ ਆਪਣੀ ਮਿਲਣ ਵਾਲੀ ਤਨਖਾਹ 'ਤੇ ਚਾਰ ਲੱਖ ਰੁਪਏ ਕਰਜ਼ਾ ਕਿਸੇ ਵੀ ਸਮੇਂ ਹਾਸਲ ਕਰ ਸਕਦਾ ਹੈ ਜੋ ਬਿਨਾਂ ਵਿਆਜ ਉਸ ਦੀ ਤਨਖਾਹ ਵਿਚੋਂ 60 ਕਿਸ਼ਤਾਂ ਵਿਚ ਕੱਟਿਆ ਜਾਵੇਗਾ। ਸੰਸਦ ਮੈਂਬਰ ਨੂੰ ਉੱਚ ਕੇਂਦਰੀ ਅਧਿਕਾਰੀਆਂ ਦੇ ਬਰਾਬਰ ਦੀਆਂ ਸਿਹਤ ਸਹੂਲਤਾਂ ਦੇਣ ਬਾਰੇ ਵੀ ਵਿਸ਼ੇਸ਼ ਕਾਨੂੰਨ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਚੁਣੇ ਗਏ ਸੰਸਦ ਮੈਂਬਰ ਨੂੰ ਰਿਹਾਇਸ਼ ਤੇ ਵਾਹਨ ਮੁਫ਼ਤ ਮੁਹੱਈਆ ਕਰਵਾਇਆ ਜਾ ਰਿਹਾ ਹੈ ਤੇ ਉਸ ਨੂੰ ਆਪਣੇ ਘਰ ਲਈ ਸੋਫਾ ਸੈੱਟ ਤੇ ਬਾਕੀ ਫਰਨੀਚਰ ਲਈ 75 ਹਜ਼ਾਰ ਰੁਪਏ ਦਿੱਤੇ ਜਾਂਦੇ ਹਨ। ਕੋਈ ਵੀ ਸੰਸਦ ਮੈਂਬਰ ਇਕ ਸਾਲ ਵਿਚ 4 ਹਜ਼ਾਰ ਲੀਟਰ ਪਾਣੀ ਤੇ 50 ਹਜ਼ਾਰ ਯੂਨਿਟ ਬਿਜਲੀ ਦੀ ਮੁਫ਼ਤ ਖਪਤ ਕਰ ਸਕਦਾ ਹੈ ਜਦਕਿ ਟੈਲੀਫ਼ੋਨ ਦੀਆਂ 1.50 ਲੱਖ ਕਾਲਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਸੰਸਦ ਮੈਂਬਰਾਂ ਦੀ ਸਹੂਲਤ ਲਈ ਪਾਰਲੀਮੈਂਟ ਹਾਊਸ ਅੰਦਰ ਬੈਂਕ, ਇਨਕਮ ਟੈਕਸ, ਰੇਲਵੇ ਵਿਭਾਗ ਤੇ ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਦਫ਼ਤਰ ਕਾਇਮ ਕੀਤੇ ਗਏ ਹਨ ਤਾਂ ਕਿ ਉਨ੍ਹਾਂ ਨੂੰ ਟਿਕਟਾਂ ਦੀ ਬੁਕਿੰਗ, ਪੈਸੇ ਜਮ੍ਹਾਂ ਕਰਵਾਉਣ, ਟੈਕਸ ਦਾ ਭੁਗਤਾਨ ਕਰਨ ਤੇ ਆਪਣੇ ਪੈਸੇ ਨੂੰ ਆਰਥਿਕ ਖੇਤਰ ਵਿਚ ਲਾਉਣ ਲਈ ਸਲਾਹ ਮਸ਼ਵਰੇ ਵਾਸਤੇ ਦੂਰ-ਦੁਰਾਡੇ ਨਾ ਜਾਣਾ ਪਵੇ। ਪਾਰਲੀਮੈਂਟ ਵਿਚ ਵਿਸ਼ੇਸ਼ ਕੰਟੀਨ ਬਣਾਈ ਗਈ ਹੈ ਜਿੱਥੋਂ ਕੋਈ ਵੀ ਸੰਸਦ ਮੈਂਬਰ ਲੋੜੀਂਦੀ ਵਸਤੂ ਖਰੀਦ ਸਕਦਾ ਹੈ। ਇਹ ਵਸਤਾਂ ਹਰ ਤਰ੍ਹਾਂ ਦੇ ਟੈਕਸ ਤੋਂ ਮੁਕਤ ਹੁੰਦੀਆਂ ਹਨ। ਕੋਈ ਵੀ ਸੰਸਦ ਮੈਂਬਰ ਫੌਜ ਦੇ ਨਕਾਰੇ ਵਾਹਨ ਤੇ ਅਸਲੇ ਨੂੰ ਲੈਣ ਲਈ ਅਰਜ਼ੀ ਦੇ ਸਕਦਾ ਹੈ ਤੇ ਉਸ ਨੂੰ ਇਹ ਵਾਹਨ ਤੇ ਹਥਿਆਰ ਸਾਧਾਰਨ ਮੁੱਲ 'ਤੇ ਮੁਹੱਈਆ ਕਰਵਾਏ ਜਾਂਦੇ ਹਨ। ਸੰਸਦ ਅੰਦਰ ਵੱਖ-ਵੱਖ ਵਿਭਾਗਾਂ ਦੇ ਸ਼ਿਕਾਇਤ ਦਫ਼ਤਰ ਕਾਇਮ ਕੀਤੇ ਗਏ ਹਨ ਜਿਸ ਵਿਚ ਜਲ-ਸਪਲਾਈ, ਪੈਟਰੋਲੀਅਮ ਮੰਤਰਾਲਾ, ਸੂਚਨਾ ਵਿਭਾਗ ਸ਼ਾਮਲ ਹਨ ਤਾਂ ਕਿ ਸੰਸਦ ਮੈਂਬਰ ਆਪਣੀ ਕਿਸੇ ਵੀ ਸਮੱਸਿਆ ਨੂੰ ਪਾਰਲੀਮੈਂਟ ਸਕੱਤਰੇਤ ਅੰਦਰ ਹੀ ਹੱਲ ਕਰਵਾ ਸਕਣ। ਰੇਲ ਜਾਂ ਹਵਾਈ ਸਫ਼ਰ ਰਾਹੀਂ ਸੰਸਦ ਵਿਚ ਪੁੱਜਣ ਵਾਲੇ ਮੈਂਬਰਾਂ ਨੂੰ ਲੋੜ ਅਨੁਸਾਰ ਵਾਹਨ ਪਾਰਲੀਮੈਂਟ ਵੱਲੋਂ ਹੀ ਮੁਹੱਈਆ ਕਰਵਾਏ ਜਾਂਦੇ ਹਨ। ਪਾਰਲੀਮੈਂਟ ਕੰਪਲੈਕਸ ਵਿਚ ਹੀ ਆਧੁਨਿਕ ਹਸਪਤਾਲ ਬਣਾਇਆ ਗਿਆ ਹੈ ਜਿਸ ਵਿਚ ਪੂਰਾ ਸਾਲ ਕੋਈ ਵੀ ਸੰਸਦ ਮੈਂਬਰ ਕਿਸੇ ਵੀ ਤਰ੍ਹਾਂ ਦਾ ਇਲਾਜ ਮੁਫ਼ਤ ਕਰਵਾ ਸਕਦਾ ਹੈ। ਸੰਸਦ ਮੈਂਬਰ ਨੂੰ ਪੰਜ ਸਾਲ ਪੂਰੇ ਹੋਣ ਤੋਂ ਬਾਅਦ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ। ਦੂਜੀ ਵਾਰ ਚੁਣੇ ਗਏ ਸੰਸਦ ਮੈਂਬਰ ਦੀ ਪੈਨਸ਼ਨ ਵਿਚ ਪੰਜ ਹਜ਼ਾਰ ਰੁਪਏ ਦਾ ਵਾਧਾ ਹੋ ਜਾਂਦਾ ਹੈ ਤੇ ਇਹ ਵਾਧਾ ਹਰ ਵਾਰ ਚੁਣੇ ਜਾਣ ਨਾਲ ਵਧਦਾ ਜਾਂਦਾ ਹੈ। ਸੰਸਦ ਮੈਂਬਰਾਂ ਨੂੰ ਸਫ਼ਰ ਦੌਰਾਨ ਆਪਣੇ ਪਰਿਵਾਰ ਨੂੰ ਮੁਫ਼ਤ ਸਫ਼ਰ ਕਰਵਾਉਣ ਦੀ ਸਹੂਲਤ ਵੀ ਮਿਲੀ ਹੋਈ ਹੈ। ਸੰਸਦ ਮੈਂਬਰ ਤੇ ਉਸ ਦਾ ਪਰਿਵਾਰ ਬਿਨਾਂ ਕੋਈ ਸਰਕਾਰੀ ਫੀਸ ਅਦਾ ਕੀਤਿਆਂ ਡਿਪਲੋਮੈਟਿਕ ਪਾਸਪੋਰਟ ਲੈਣ ਦਾ ਅਧਿਕਾਰ ਵੀ ਰੱਖਦਾ ਹੈ।

# ਕੀ ਪ੍ਰੋ. ਦਵਿੰਦਰਪਾਲ ਭੁੱਲਰ ਦੇ ਕੇਸ ਦੇ ਸਹੀ ਪੈਰਵੀ ਹੋਈ?

**ਪੰਜਾਬ ਟਾਈਮਜ਼ ਬਿਊਰੋ**

ਪ੍ਰੋ. ਦਵਿੰਦਰ ਸਿੰਘ ਭੁੱਲਰ ਦੀ ਫਾਂਸੀ ਵਿਰੁਧ ਰਹਿਮ ਦੀ ਅਪੀਲ ਭਾਰਤੀ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਵਲੋਂ ਰੱਦ ਕੀਤੇ ਜਾਣ ਅਤੇ ਫਾਂਸੀ ਦੀ ਸਜ਼ਾ ਬਹਾਲ ਰਖੇ ਜਾਣ ਦੀ ਖਬਰ ਜਦੋਂ ਮਿਲੀ ਤਾਂ ਦਿਲ ਵਲੂੰਧਰਿਆ ਗਿਆ। ਇਸ ਅਭਾਗੀ ਖਬਰ ਬਾਰੇ ਹੋਰ ਜਾਣਕਾਰੀ ਲੈਣ ਲਈ ਮੈਂ ਆਪਣੇ ਸਕੂਲੀ ਦੋਸਤ ਅਤੇ ਭਾਰਤੀ ਵਿਦੇਸ਼ ਸੇਵਾ ਦੇ ਇਕ ਅਧਿਕਾਰੀ ਚਾਚੌਕੀ ਵਾਲੇ ਪਾਂਡੇ ਨੂੰ ਫੋਨ ਕੀਤਾ। ਸੰਖੇਪ ਜਿਹੀ ਗੱਲਬਾਤ ਦੌਰਾਨ ਉਸ ਨੇ ਦੱਸਿਆ ਕਿ ਪ੍ਰੋ. ਭੁੱਲਰ ਦਾ ਕੇਸ ਜਿਸ ਤਰ੍ਹਾਂ ਤਿਆਰ ਹੋਣਾ ਚਾਹੀਦਾ ਸੀ, ਉਸ ਤਰ੍ਹਾਂ ਤਿਆਰ ਹੀ ਨਹੀਂ ਕੀਤਾ ਗਿਆ। ਪ੍ਰੋ. ਭੁੱਲਰ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਇਕ ਵਿਦਿਆਰਥੀ ਹੋਣ ਤੋਂ ਲੈ ਕੇ ਦਿੱਲੀ ਦੀ ਤਿਹਾੜ ਜੇਲ੍ਹ ਪੁਜਣ ਤਕ ਦਾ ਸਾਰਾ ਘਟਨਾਕ੍ਰਮ ਤੁਰੰਤ ਮੇਰੀਆਂ ਅੱਖਾਂ ਦੇ ਸਾਹਮਣੇ ਆ ਗਿਆ।

ਅਧਿਆਪਕ ਮਾਪਿਆਂ ਦਾ ਇਹ ਹੋਣਹਾਰ ਪੁੱਤਰ ਲੁਧਿਆਣੇ ਇੰਜੀਨੀਅਰ ਬਣਨ ਆਇਆ ਸੀ। ਜੇ ਉਸ ਨੇ ਕਿਸੇ ਕਿਸਮ ਦੀਆਂ ਦਹਿਸ਼ਤਪਸੰਦੀ ਦੀਆਂ ਕਾਰਵਾਈਆਂ ਵਿਚ ਹਿੱਸਾ ਲਿਆ ਤਾਂ ਉਹ ਉਸ ਸਮੁਚੇ ਦੌਰ ਦੇ ਹਾਲਾਤ ਅਤੇ ਹਿੰਦੁਸਤਾਨ ਦੀ ਗੰਦੀ ਰਾਜਨੀਤੀ ਕਰ ਕੇ ਸੀ ਜੋ ਪੰਜਾਬ ਦੀ ਧਰਤੀ ਉਤੇ ਖੇਡੀ ਗਈ ਸੀ। ਇਹ ਉਹ ਖੇਡ ਸੀ ਜਿਸ ਵਿਚ ਹਰ ਸਿਆਸੀ ਧਿਰ ਨੇ ਪੰਜਾਬ ਦੀ ਜੁਆਨੀ ਨੂੰ ਬਾਲਣ ਬਣਾ ਕੇ ਆਪਣੀਆਂ ਰੋਟੀਆਂ ਸੇਕੀਆਂ। ਸਮੁਚੀ ਸਮੱਸਿਆ ਦਾ ਸੇਹ ਦਾ ਤੱਕਲਾ ਗੱਡਣ ਵਾਲੀ ਕਾਂਗਰਸ ਲੀਡਰਸ਼ਿਪ ਬਾਰੇ ਖੁਦ ਕਾਂਗਰਸ ਪਾਰਟੀ ਕਹਿ ਰਹੀ ਹੈ ਕਿ ਇਹ ਸ੍ਰੀਮਤੀ ਗਾਂਧੀ ਸਮੇਤ ਕਾਂਗਰਸ ਦੀ ਸਭ ਤੋਂ ਵਡੀ ਗਲਤੀ ਸੀ। ਜੇਕਰ ਸਮੇਂ ਦੀ ਕਾਂਗਰਸ ਲੀਡਰਸ਼ਿਪ ਜਾਣਦੀ ਹੈ ਕਿ ਇਹ ਸਭ ਕੁਝ ਉਨ੍ਹਾਂ ਦੀ ਪੁਰਾਣੀ ਲੀਡਰਸ਼ਿਪ ਕਰ ਕੇ ਹੋਇਆ ਤਾਂ ਸਪਸ਼ਟ ਹੈ ਕਿ ਇਕ ਕੋਰੇ ਮਨ ਦੀ ਸਲੇਟ ਵਾਲਾ ਇੰਜੀਨੀਅਰ ਬਣਨ ਦੇ ਰਾਹ ਤੁਰਿਆ ਨੌਜੁਆਨ ਦਵਿੰਦਰਪਾਲ ਸਿੰਘ ਭੁੱਲਰ ਵੀ ਉਸੇ ਕੌੜੀ ਫਸਲ ਦੀ ਪੈਦਾਵਾਰ ਹੈ। ਭਾਰਤ ਦਾ ਰਾਸ਼ਟਰਪਤੀ ਸਿਰਫ਼ ਨਾਂ ਦਾ ਸੰਵਿਧਾਨਕ ਮੁਖੀ ਹੈ। ਕਿਸੇ ਦੀ ਫਾਂਸੀ ਦੀ ਸਜ਼ਾ ਵਿਰੁਧ ਰਹਿਮ ਦੀ ਅਪੀਲ ਉਹ ਗ੍ਰਹਿ ਮੰਤਰਾਲੇ ਦੀ ਸਿਫਾਰਸ਼ ਉਤੇ ਪ੍ਰਵਾਨ ਕਰਦਾ ਹੈ। ਜੇਕਰ ਕਾਂਗਰਸ ਮੰਨਦੀ ਹੈ ਕਿ ਸਭ ਕੁਝ ਸ੍ਰੀਮਤੀ ਗਾਂਧੀ ਦੀ ਗਲਤ ਨੀਤੀ ਕਰ ਕੇ ਹੋਇਆ ਤਾਂ ਫਿਰ ਅਜ ਦੇ ਬਦਲੇ ਹੋਏ ਹਾਲਾਤ ਵਿਚ ਸਮੱਸਿਆ ਨੂੰ ਸਮਝਦਿਆਂ ਹੋਇਆਂ ਰਹਿਮ ਦੀ ਅਪੀਲ ਦੇ ਹੱਕ ਵਿਚ ਸਿਫਾਰਸ਼ ਕੀਤੀ ਜਾਣੀ ਚਾਹੀਦੀ ਸੀ। ਇਹ ਵੀ ਗੱਲ ਹੈ ਕਿ ਗ੍ਰਹਿ ਮੰਤਰਾਲੇ ਨੂੰ ਸਹੀ ਢੰਗ ਨਾਲ ਕੇਸ ਤਿਆਰ ਕਰ ਕੇ ਨਹੀਂ ਦਿਤਾ ਗਿਆ।

ਪ੍ਰੋ. ਭੁੱਲਰ ਦੇ ਨਾਂ ਉਤੇ ਵਖ ਵਖ ਧਿਰਾਂ ਨੇ ਆਪੋ-ਆਪਣੀ ਸਿਆਸਤ ਖੇਡੀ ਹੈ ਜੋ ਸ਼ਾਇਦ ਹੀ ਕਿਸੇ ਹੋਰ ਦੇ ਨਾਂ ਉਤੇ ਖੇਡੀ ਗਈ ਹੋਵੇ। ਜੋ ਮੁੱਦਾ ਸਭ ਧਿਰਾਂ ਨੂੰ ਉਠਾਉਣਾ ਚਾਹੀਦਾ ਸੀ, ਉਹ ਕਿਸੇ ਨੇ ਉਠਾਇਆ ਹੀ ਨਹੀਂ। ਪ੍ਰੋ. ਭੁੱਲਰ ਨੂੰ ਭਾਰਤੀ ਪੁਲਿਸ ਜਰਮਨੀ ਤੋਂ ਅਪਰਾਧੀਆਂ ਦੇ ਤਬਾਦਲੇ ਦੀ ਸੰਧੀ ਅਧੀਨ ਗ੍ਰਿਫਤਾਰ ਕਰ ਕੇ ਲਿਆਈ ਸੀ। ਭਾਰਤ ਅਤੇ ਜਰਮਨੀ ਵਿਚਾਲੇ ਅਪਰਾਧੀ ਤਬਾਦਲਾ ਸੰਧੀ ਤਹਿਤ ਕਿਸੇ ਮੁਜ਼ਰਿਮ ਨੂੰ ਫਾਂਸੀ ਦੀ ਸਜ਼ਾ ਨਹੀਂ ਦਿਤੀ ਜਾ ਸਕਦੀ। ਭਾਰਤੀ ਪੁਲਿਸ ਨੇ ਚੁਸਤੀ ਇਹ ਖੇਡੀ ਕਿ ਉਸ ਦੀ ਗ੍ਰਿਫਤਾਰੀ ਹੀ ਦਿੱਲੀ ਏਅਰਪੋਰਟ ਤੋਂ ਦਿਖਾਈ। ਦੱਸਿਆ ਇਹ ਗਿਆ ਕਿ ਉਹ ਭਾਰਤ ਵਿਚ ਦਾਖਲ ਹੋ ਰਿਹਾ ਸੀ ਜਦੋਂ ਉਸਨੂੰ ਗ੍ਰਿਫਤਾਰ ਕੀਤਾ ਗਿਆ। ਇਹ ਗੱਲ ਕੋਰਾ ਝੂਠ ਹੈ।

ਵਕੀਲਾਂ ਅਤੇ ਸਿਆਸੀ ਧਿਰਾਂ ਨੂੰ ਚਾਹੀਦਾ ਸੀ ਕਿ ਉਹ ਜਰਮਨ ਸਰਕਾਰ ਕੋਲ ਪਹੁੰਚ ਕਰਕੇ ਇਹ ਮਾਮਲਾ ਉਠਾਉਂਦੇ ਅਤੇ ਜਰਮਨੀ ਤੋਂ ਸਬੂਤ ਇਕੱਠੇ ਕਰਦੇ ਜਿਥੋਂ ਕਿ ਭਾਰਤੀ ਪੁਲਿਸ ਪ੍ਰੋ. ਭੁੱਲਰ ਨੂੰ ਗ੍ਰਿਫਤਾਰ ਕਰਕੇ ਲਿਆਈ ਸੀ। ਦੂਜੀ ਗੱਲ ਪ੍ਰੋ. ਭੁੱਲਰ ਵਿਰੁਧ ਫੈਸਲਾ ਪੁਲਿਸ ਵਲੋਂ ਜਬਰੀ ਲਏ ਗਏ ਇਕਬਾਲੀਆ ਬਿਆਨ ਦੇ ਆਧਾਰ 'ਤੇ ਦਿੱਤਾ ਗਿਆ ਹੈ। ਸਾਰੀ ਦੁਨੀਆਂ ਜਾਣਦੀ ਹੈ ਕਿ ਪੁਲਿਸ ਕਿਸ ਤਰ੍ਹਾਂ ਇਕਬਾਲੀਆ ਬਿਆਨ ਲੈਂਦੀ ਹੈ।

ਇਹ ਗੱਲ ਕਹਿਣ ਦੀ ਲੋੜ ਨਹੀਂ ਕਿ ਕਿਸੇ ਗਭਰੂ ਨੂੰ ਇਸ ਪਾਸੇ ਲਾਉਣ 'ਚ ਪੁਲਿਸ ਤਸੱਦਦ ਦਾ ਬਹੁਤ ਵਡਾ ਰੋਲ ਹੁੰਦਾ ਹੈ। ਉਸ ਸਮੇਂ ਦੇ ਐਸ ਪੀ ਸੁਮੇਧ ਸੈਣੀ ਨੇ ਕਥਿਤ ਤੌਰ ਉਤੇ ਪ੍ਰੋ. ਭੁੱਲਰ ਦੇ ਅਧਿਆਪਕ ਮਾਪਿਆਂ ਉਤੇ ਭਾਰੀ ਤਸੱਦਦ ਕੀਤਾ। ਉਸਦੇ ਪਿਤਾ ਨੂੰ ਪੁਲਿਸ ਘਰੋਂ ਚੁਕ ਕੇ ਲੈ ਗਈ ਜਿਸਦੀ ਅਜ ਤਕ ਉਘ-ਸੁਘ ਨਹੀਂ ਨਿਕਲੀ। ਇਹੋ ਹਸ਼ਰ ਉਸ ਦੇ ਮਾਸੜ ਦਾ ਹੋਇਆ। ਉਸ ਦੀ ਅਧਿਆਪਕ ਮਾਤਾ ਉਪਕਾਰ ਕੌਰ ਨੂੰ ਵੀ ਪੁਲਿਸ ਨੇ ਕਈ ਵਾਰ ਥਾਣੇ ਰਖਿਆ ਅਤੇ ਤਸੱਦਦ ਕੀਤਾ। ਪ੍ਰੋ. ਭੁੱਲਰ ਦੇ ਵਕਾਲਤ ਕਰਦੇ ਭਰਾ ਧਰਮਿੰਦਰ ਸਿੰਘ ਨੂੰ ਵੀ ਪੁਲਿਸ ਤਸ਼ੱਦਦ ਸਹਿਣਾ ਪਿਆ। ਸਵਾਲ ਇਹ ਹੈ ਕਿ ਪ੍ਰੋ. ਭੁੱਲਰ ਦੇ ਪਰਿਵਾਰ ਉਤੇ ਤਸ਼ਦਦ ਕਰਨ ਵਾਲੇ ਅਤੇ ਉਸ ਦੇ ਪਿਤਾ ਨੂੰ ਗੁੰਮ ਕਰਨ ਵਾਲੇ ਪੁਲਿਸ ਮੁਲਾਜ਼ਮਾਂ ਨੂੰ ਫਾਂਸੀ ਦੀ ਸਜ਼ਾ ਕਿਉਂ ਨਾ ਸੁਣਾਈ ਗਈ?

ਧਰਮਿੰਦਰ ਸਿੰਘ ਬਾਅਦ ਵਿਚ ਕਿਸੇ ਤਰ੍ਹਾਂ ਅਮਰੀਕਾ ਪਹੁੰਚ ਗਿਆ। ਯਾਦ ਰਹੇ ਧਰਮਿੰਦਰ ਸਿੰਘ ਯੂਬਾ ਸਿਟੀ ਦੇ ਸਿੱਖ ਆਗੂ ਸ. ਹਰਬੰਸ ਸਿੰਘ ਪੰਮਾ ਦਾ ਦਾਮਾਦ ਅਤੇ ਸ. ਗੁਰਨਾਮ ਸਿੰਘ ਪੰਮਾ ਦਾ ਭਤੀਜ ਜੁਆਈ ਹੈ। ਦਿਲਚਸਪ ਗੱਲ ਇਹ ਹੈ ਕਿ ਭੁੱਲਰ ਪਰਿਵਾਰ ਨੇ ਹਮੇਸ਼ਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਪ੍ਰੋ. ਭੁੱਲਰ ਦੇ ਨਾਂ ਉਤੇ ਸਿਆਸਤ ਨਾ ਕੀਤੀ ਜਾਵੇ। ਭੁੱਲਰ ਪਰਿਵਾਰ ਕਿਸੇ ਸਿਆਸੀ ਪਾਰਟੀ ਵਿਚ ਸ਼ਾਮਲ ਨਹੀਂ ਅਤੇ ਉਨ੍ਹਾਂ ਹਮੇਸ਼ਾਂ ਉਨ੍ਹਾਂ ਲੋਕਾਂ ਦਾ ਵਿਰੋਧ ਕੀਤਾ ਜੋ ਪ੍ਰੋ. ਭੁੱਲਰ ਦੇ ਨਾਂ ਉਤੇ ਪੈਸੇ ਇਕੱਠੇ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪੈਸਾ ਨਹੀਂ ਪਿਆਰ ਚਾਹੀਦਾ ਹੈ।

ਪ੍ਰੋ. ਭੁੱਲਰ ਦੀ ਪਤਨੀ ਕੈਨੇਡਾ ਦੀ ਨਾਗਰਿਕ ਹੈ। ਕੈਨੇਡਾ ਅਤੇ ਅਮਰੀਕਾ ਦੇ ਕਈ ਕਾਨੂੰਨੀ ਮਾਹਿਰਾਂ ਦਾ ਖਿਆਲ ਹੈ ਕਿ ਜੋ ਲੋਕ ਪ੍ਰੋ. ਭੁੱਲਰ ਦੇ ਨਾਂ ਉਤੇ ਸਿਆਸਤ ਕਰਦੇ ਹਨ ਅਤੇ ਪੈਸੇ ਇਕੱਠੇ ਕਰਦੇ ਹਨ, ਉਨ੍ਹਾਂ ਨੇ ਹੀ ਉਸ ਦਾ ਕੇਸ ਵਿਗਾੜਿਆ ਹੈ।

## ਓਬਾਮਾ ਨੂੰ ਹਰਾ ਸਕਦੀ ਹੈ ਪਾਲਿਨ:ਮੈਕੇਨ

**ਵਾਸ਼ਿੰਗਟਨ:** ਅਲਾਸਕਾ ਦੀ ਸਾਬਕਾ ਗਵਰਨਰ ਸਾਰਾਹ ਪਾਲਿਨ 2012 ਦੀਆਂ ਅਮਰੀਕੀ ਰਾਸ਼ਟਰਪਤੀ ਦੀ ਚੋਣ ਵਿਚ ਬਰਾਕ ਓਬਾਮਾ ਨੂੰ ਹਰਾ ਸਕਣ ਦੀ ਸਮਰੱਥਾ ਰੱਖਦੀ ਹੈ।'

ਇਹ ਪ੍ਰਗਟਾਵਾ ਰੀਪਬਲਿਕਨ ਆਗੂ ਸੈਨੇਟਰ ਜੌਹਨ ਮੈਕੇਨ ਨੇ ਇਕ ਇੰਟਰਵਿਊ ਦੌਰਾਨ ਕੀਤਾ ਹੈ। 'ਦਿ ਫੌਕਸ ਨਿਊਜ਼' ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਕਿ ਉਸ ਨੂੰ ਨਹੀਂ ਪਤਾ ਕਿ ਉਹ ਚੋਣ ਲੜਦੀ ਹੈ ਜਾਂ ਨਹੀਂ ਪਰ ਉਸ ਵਿਚ ਬਰਾਕ ਓਬਾਮਾ ਨੂੰ ਹਰਾ ਸਕਣ ਦਾ ਦਮ ਹੈ। ਪਾਲਿਨ ਨੂੰ ਅਮਰੀਕਾ 'ਚ 2012 ਦੀਆਂ ਰਾਸ਼ਟਰਪਤੀ ਚੋਣਾਂ ਲਈ ਰੀਪਬਲਿਕਨ ਉਮੀਦਵਾਰ ਵਜੋਂ ਦੇਖਿਆ ਜਾ ਰਿਹਾ ਹੈ।


ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਤੁਰਤ ਲੋੜ



ਪੱਕੇ ਲੋਡ - ਸਟਾਕਟਨ ਤੋਂ ਪੋਰਟਲੈਂਡ
ਸਟਾਕਟਨ ਤੋਂ ਸਿਆਟਲ ਅਤੇ ਵਾਪਸ ਸਟਾਕਟਨ
ਸਿਰਫ ਟਰੱਕ ਚਾਹੀਦੇ ਹਨ, ਟਰੇਲਰ ਨਹੀਂ
ਵਧੀਆ ਰੇਟ ਦਿੱਤੇ ਜਾਣਗੇ

ਫੌਰਨ ਫੋਨ ਕਰੋ: ਗੁਰਮੀਤ ਸਿੰਘ
ਫੋਨ: 209-234-1118



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440

**SUPER TRAVEL**
847-676-9090, 773-465-5566
*E-mail: supertravel2003@yahoo.com*
*Lowest Fares With Excellent Service*
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

# ਢਾਹਾਂ ਕਲੇਰਾਂ ਹਸਪਤਾਲ ਦੇ ਟਰੌਮਾ ਸੈਂਟਰ ਦਾ ਉਦਘਾਟਨ

**ਬੰਗਾ (ਬਿਊਰੋ):** ਪੰਜਾਬ ਦੇ ਪੇਂਡੂ ਖਿੱਤੇ ਵਿਚ ਵਿਦਿਆ ਅਤੇ ਸਿੱਖਿਆ ਦਾ ਪਸਾਰ ਕਰਨ ਲਈ ਵਚਨਬੱਧ ਗੁਰੂ ਨਾਨਕ ਮਿਸ਼ਨ ਮੈਡੀਕਲ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਚਲਾਏ ਜਾ ਰਹੇ ਗੁਰੂ ਨਾਨਕ ਮਿਸ਼ਨ ਹਸਪਤਾਲ ਵਿਚ ਟਰੌਮਾ ਸੈਂਟਰ ਦੇ ਪਹਿਲੇ ਫੇਜ਼ ਦਾ ਉਦਘਾਟਨ 29 ਮਈ ਨੂੰ ਦਰਬਾਰ ਸਾਹਿਬ ਸ੍ਰੀ ਅਮ੍ਰਿਤਸਰ ਦੇ ਹੈਡ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਵਲੋਂ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਕੀਤਾ ਗਿਆ। ਇਸ ਉਪਰੰਤ ਮੁੱਖ ਵਾਕ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਨੇ ਲਿਆ। ਇਸ ਮੌਕੇ ਇਲਾਕੇ ਦੇ ਦੇਸ ਵਿਦੇਸ਼ ਵਿਚ ਵੱਸੇ ਦਾਨੀਆਂ ਵੱਲੋਂ 32 ਲੱਖ ਰੁਪਏ ਤੋਂ ਵੱਧ ਦੀ ਰਕਮ ਦਾਨ ਵਜੋਂ ਦਿੱਤੀ ਗਈ।

ਇਸ ਤੋਂ ਪਹਿਲਾਂ ਸਵੇਰੇ ਗੁਰੂ ਗ੍ਰੰਥ ਸਾਹਿਬ ਦੇ ਆਖੰਡ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਗਿਆਨੀ ਸੁਖਜਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਹਰਮਿੰਦਰ ਸਾਹਿਬ ਵਾਲਿਆਂ ਅਤੇ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਢਾਹਾਂ ਕਲੇਰਾਂ ਦੇ ਜਥੇ ਨੇ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਟਰੌਮਾ ਸੈਂਟਰ ਦੇ ਉਦਘਾਟਨੀ ਸਮਾਗਮ ਵਿਚ ਐਮ ਪੀ ਰਵਨੀਤ ਸਿੰਘ ਬਿੱਟੂ, ਸਾਬਕਾ ਸਪੀਕਰ ਲੋਕ ਸਭਾ ਚਰਨਜੀਤ ਸਿੰਘ ਅਟਵਾਲ, ਮੁੱਖ ਸੰਸਦੀ ਸੱਕਤਰ ਚੌਧਰੀ ਨੰਦ ਲਾਲ ਤੇ ਸਰਵਣ ਸਿੰਘ ਫਿਲੌਰ, ਵਿਧਾਇਕ ਚੌਧਰੀ ਮੋਹਨ ਲਾਲ ਬੰਗਾ, ਸ਼੍ਰੋਮਣੀ ਕਮੇਟੀ ਦੇ ਜਰਨਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ, ਸਾਬਕਾ ਵਿਧਾਇਕ ਚੌਧਰੀ ਤਰਲੋਚਨ ਸਿੰਘ ਸੂੰਢ, ਬਸਮੋ ਦੇ ਮੁੱਖੀ ਸਤਨਾਮ ਸਿੰਘ ਕੈਂਥ, ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰੀ ਅਤੇ ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਨੇ ਇਕੱਤਰ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਟਰੱਸਟ ਵੱਲੋਂ ਪਿਛਲੇ ਦੋ ਸਾਲਾਂ ਵਿਚ ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਪਾਏ ਭਰਵੇਂ ਯੋਗਦਾਨ ਦੀ ਭਾਰੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਟਰੌਮਾ ਸੈਂਟਰ ਬਣਨ ਨਾਲ ਮਨੁੱਖੀ ਜਾਨਾਂ ਨੂੰ ਬਚਾਉਣ ਲਈ ਭਾਰੀ ਮਦਦ ਮਿਲੇਗੀ।



ਇਸ ਮੌਕੇ ਟਰੱਸਟ ਦੇ ਪ੍ਰਧਾਨ ਅਮਰਜੀਤ ਸਿੰਘ ਕਲੇਰਾਂ ਨੇ ਪਿਛਲੇ ਦੋ ਸਾਲਾਂ ਦਾ ਲੇਖਾ ਜੋਖਾ ਸੰਗਤਾਂ ਦੇ ਰੂਬਰੂ ਕੀਤਾ। ਟਰੱਸਟ ਦੇ ਸਰਪ੍ਰਸਤ ਸੁਰਿੰਦਰਪਾਲ ਸਿੰਘ ਥੰਮਣਵਾਲ ਅਤੇ ਸੀਨੀਅਰ ਮੀਤ ਪ੍ਰਧਾਨ ਮਲਕੀਅਤ ਸਿੰਘ ਬਾਹੜੋਵਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਸਮਾਗਮ ਵਿਚ ਹਰਦੇਵ ਸਿੰਘ ਕਾਹਮਾ ਮੀਤ ਪ੍ਰਧਾਨ, ਕੁਲਵਿੰਦਰ ਸਿੰਘ ਢਾਹਾਂ ਸਕੱਤਰ, ਨਰਿੰਦਰ ਸਿੰਘ ਫਿਰੋਜ਼ਪੁਰ ਖਜ਼ਾਨਚੀ, ਗੁਰਮੇਲ ਸਿੰਘ ਸਾਧੜਾ ਟਰੱਸਟੀ ਯੂ ਕੇ, ਹਰਭਜਨ ਸਿੰਘ ਹੇਅਰ, ਬੀਬੀ ਬਲਵਿੰਦਰ ਕੌਰ (ਸਾਰੇ ਟਰੱਸਟੀ), ਪਿੰਡ ਢਾਹਾਂ ਦੇ ਸਰਪੰਚ ਗੁਰਦੀਪ ਸਿੰਘ ਤੋਂ ਇਲਾਵਾ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਪਤਵੰਤੇ ਸੱਜਣ ਹਾਜ਼ਰ ਹੋਏ।

## ਮਹਿੰਗਾ ਸਿੰਘ ਸੋਹਲ ਦੇ ਚਲਾਣੇ ‘ਤੇ ਦੁੱਖ ਦਾ ਪ੍ਰਗਟਾਵਾ

**ਫਰੀਮਾਂਟ (ਬਿਊਰੋ):** ਯੂਨਾਈਟਿਡ ਸਪੋਰਟਸ ਕਲੱਬ ਨੇ ਸ. ਮਹਿੰਗਾ ਸਿੰਘ ਸੋਹਲ ਦੇ ਅਚਾਨਕ ਅਕਾਲ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸ. ਸੋਹਲ ਟਰਲਕ ਰਹਿੰਦੇ ਸਨ ਅਤੇ ਉਘੇ ਕਬੱਡੀ ਖਿਡਾਰੀ ਤੀਰਥ ਗਾਖਲ ਦੇ ਸਹੁਰਾ ਸਾਹਿਬ ਸਨ। ਸ. ਸੋਹਲ ਪੰਜਾਬ ਵਿਚ ਜ਼ਿਲਾ ਜਲੰਧਰ ਦੇ ਪਿੰਡ ਅਠੌਲਾ ਤੋਂ ਸਨ। ਉਹ ਆਪਣੇ ਪਿਛੇ ਪਤਨੀ ਗੁਰਦੀਪ ਕੌਰ ਤੋਂ ਇਲਾਵਾ ਤਿੰਨ ਪੁੱਤਰ ਤੇ ਤਿੰਨ ਧੀਆਂ ਛੱਡ ਗਏ ਹਨ।

ਪੰਜਾਬ ਟਾਈਮਜ਼ ਨੂੰ ਭੇਜੇ ਇਕ ਬਿਆਨ ਵਿਚ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ, ਸਕੱਤਰ ਗੁਰਦਾਵਰ ਸਿੰਘ ਮਹੇੜੂ, ਪ੍ਰਧਾਨ ਬਲਬੀਰ ਸਿੰਘ ਭਾਟੀਆ ਅਤੇ ਮੈਂਬਰਾਂ ਪਰਮਜੀਤ ਸਿੰਘ ਸੰਧੂ, ਮੱਖਣ ਸਿੰਘ ਬੈਂਸ ਅਤੇ ਜਗਰਾਜ ਸਿੰਘ ਸਹੋਤਾ ਨੇ ਤੀਰਥ ਗਾਖਲ ਅਤੇ ਸੋਹਲ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਰੇਡੀਓ ਚੜ੍ਹਦੀ ਕਲਾ ਦੀ ਟੀਮ ਨੇ ਵੀ ਕਬੱਡੀ ਖਿਡਾਰੀ ਗਾਖਲ ਨਾਲ ਹਮਦਰਦੀ ਪ੍ਰਗਟਾਈ ਹੈ।

## Matrimonials

**ਕੰਨਿਆ ਦੀ ਲੋੜ**

US/Canadian citizen girl sought for Canadian citizen Kamboj Sikh boy 27, 5' 7", Chemical engineer, working with SNC Lavalin. Pl. contact: e-mail at: ravhanda@hotmail.com

Wanted suitable match for Jatt Sikh US born, handsome, cleanshaven, 27/ 6'1", engineer (BSc. Engg.) boy, manager in a top US corporation. Educated, respected family, no demands. Please Contact: Sikh5family@gmail.com

Wanted US citizen girl for Kamboj Sikh boy, 25, 5'5", Bachelor in Architecture, raised in America went to school, college in New York, living with parents in New York and works with family business. Cast no bar. Call: 516.439.1208 or 347.920.9011

Indian Attorney in 60s, 5'-6", slim looking for a sincere, educated, God fearing, companion. Caste no bar. Serious inquiries only. Contact: Ph:323-573-9315, Email: singhb1@yahoo.com

*To Advertise with Punjab Times*
***Call: 847-359-0746***
*Visit us on the web:wwwpunjabtimesusa.com*

# ਰੇਡੀਓ ਚੜ੍ਹਦੀ ਕਲਾ ਸੁਣੋ

ਯੂਬਾ ਸਿਟੀ ਇਲਾਕੇ ਵਿਚ ਆਪਣੇ ਘਰਾਂ ਵਿਚ ਪਏ ਪੁਰਾਣੇ ਰੇਡੀਓ ਸੈਟਾਂ ਉਪਰ

ਪੂਰੇ ਅਮਰੀਕਾ ਦੇ ਕਿਸੇ ਵੀ ਸ਼ਹਿਰ ਜਾਂ ਪਿੰਡ ਵਿਚ ਰੇਡੀਓ ਚੜ੍ਹਦੀ ਕਲਾ ਸੁਣਨ ਲਈ ਅੱਜ ਹੀ ਰੇਡੀਓ ਖਰੀਦਣ ਲਈ ਫੋਨ ਕਰੋ
ਗੁਰਚਰਨ ਸਿੰਘ ਮਾਨ, 510-557-0061
ਲਖਵੀਰ ਸਿੰਘ, 510-768-9882

ਰੇਡੀਓ ਚੜ੍ਹਦੀ ਕਲਾ
ਬੇਏਰੀਆ ਵਿਚ Santa Cruz, San Jose, Santa Clara, Fremont, Union City ਅਤੇ ਆਸ-ਪਾਸ ਦੇ ਸਾਰੇ ਸ਼ਹਿਰਾਂ ਵਿਚ

> ਇੰਟਰਨੈਟ ਉਪਰ WWW.RADIOCK.COM ਦੁਨੀਆਂ ਭਰ ਵਿਚ ਸੁਣੋ
> ਗੁਰਬਾਣੀ ਵਿਚਾਰ ਪ੍ਰੋਗਰਾਮ ਸਵੇਰੇ 7 ਵਜੇ ਤੋਂ 10 ਵਜੇ ਤੱਕ
> ਪ੍ਰੋ. ਸਰਬਜੀਤ ਸਿੰਘ ਗੋਵਿੰਦਪੁਰੀ ਦਾ ਸਟੂਡੀਓ ਤੋਂ ਲਾਈਵ ਪ੍ਰੋਗਰਾਮ
> ਸੈਨ ਹੋਜ਼ੇ ਗੁਰੂ ਘਰ ਤੋਂ ਰਹਿਰਾਸ, ਗੁਰਬਾਣੀ ਕਥਾ ਤੇ ਕੀਰਤਨ ਦਾ ਸਿੱਧਾ ਪ੍ਰਸਾਰਣ
> ਬਾਕੀ ਪ੍ਰੋਗਰਾਮ- ਟਾਕ ਸ਼ੋਅ, ਬੁਝਾਰਤਾਂ, ਡਾਕਟਰ ਦੀ ਸਲਾਹ, ਖਬਰਾਂ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਸਿੱਧੇ ਪ੍ਰਸਾਰਿਤ ਹੁੰਦੇ ਹਨ।

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ ‘ਤੇ ਜਾਓ www.radiock.com
**Radio CK, PO Box 296, Fremont, CA 94537**
**Purchase radio from:** *Royal Bazar Alum Rock Ave San Jose, Preet Fabrik and appliances Fremont, Kash Fabrik Hayward, Sidhartha International Fremont, Roshni Decoto Road Union City*




**Business Opportunity**
International Company looking for serious people to work from home-part time or full time. Great earning potential, full training and support provided. To attend training in your area and For more info. call:
Surjit Singh or Satwant K. Takk Cell:
**(416) 889-9886**
Sukhpreet Kaur Indiana
Ph:317-884-3557
*www.safeandeasyweightloss.com*
*e-mail:sstakk@hotmail.com*

**MRP TRAVEL**
*Lowest International and Domestic Fares*
A.R.C FLY ANY AIRLINE OF YOUR CHOICE IATA
*Providing the lowest Airfare, Cruise and Travel Packages to Asia, Africa, Europe, the Middle East and North America*
408-929-8005
E-mail:mrptravel@gmail.com
2123 Port Way, San Jose, CA 95133
*CST: 2097308-40*

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
*We Also Offer Notary Service*


FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਸਿਰਾਂ ’ਤੇ ਸਿਆਸਤ

## ਪ੍ਰੋ. ਭੁੱਲਰ ਦੇ ਬਚਾਅ ਲਈ ਲਾ-ਮਿਸਾਲ ਮੁਹਿੰਮ

ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਤੁੜਵਾਉਣ ਲਈ ਮੁਹਿੰਮ ਨੂੰ ਪੰਜਾਬ ਵਿਚੋਂ ਲਾ-ਮਿਸਾਲ ਹੁੰਗਾਰਾ ਮਿਲਿਆ ਹੈ। ਉਸ ਦੀ ਫਾਂਸੀ ਦੀ ਸਜ਼ਾ ਤੁੜਵਾਉਣ ਲਈ ਮੁਹਿੰਮ ਭਖ਼ ਗਈ ਹੈ। ਵੱਖ-ਵੱਖ ਧਿਰਾਂ ਨੇ ਆਪੋ-ਆਪਣੇ ਪੱਧਰ ’ਤੇ ਚਾਰਾਜੋਈ ਕੀਤੀ ਹੈ। ਕਾਨੂੰਨੀ ਮਾਹਿਰਾਂ ਦੀ ਵੀ ਰਾਇ ਹੈ ਕਿ ਭੁੱਲਰ ਦੇ ਕੇਸ ਉਤੇ ਰਾਸ਼ਟਰਪਤੀ ਦੇ ਫੈਸਲੇ ਉਤੇ ਨਜ਼ਰਸਾਨੀ ਸੰਭਵ ਹੈ। ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਤੁੜਵਾਉਣ ਲਈ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕਾਂਗਰਸ ਅਤੇ ਹੋਰ ਧਿਰਾਂ ਨੇ ਬਰਾਬਰ ਦਾ ਜ਼ੋਰ ਲਾਇਆ ਹੈ। ਇਸ ਮੁਹਿੰਮ ਦਾ ਮੁੱਖ ਮੁੱਦਾ ਹੁਣ ਇਹ ਬਣ ਗਿਆ ਹੈ ਕਿ ਜਿਵੇਂ-ਕਿਵੇਂ ਭੁੱਲਰ ਦੀ ਫਾਂਸੀ ਦੀ ਸਜ਼ਾ ਤੁੜਵਾਈ ਜਾਵੇ। ਇਸ ਮੁਹਿੰਮ ਨੂੰ ਭਾਵੇਂ ਅਗਲੇ ਸਾਲ ਆ ਰਹੀਆਂ ਵਿਧਾਨ ਸਭਾ ਚੋਣਾਂ ਨਾਲ ਜੋੜਿਆ ਜਾ ਰਿਹਾ ਹੈ ਪਰ ਇਸ ਮੁਹਿੰਮ ਦਾ ਹਾਂ-ਪੱਖ ਇਹ ਹੈ ਕਿ ਇਸ ਨਾਲ ਭੁੱਲਰ ਦੇ ਕੇਸ ਦੀਆਂ ਪਰਤਾਂ ਇਕ ਵਾਰ ਫਿਰ ਖੁੱਲ੍ਹੀਆਂ ਹਨ। ਜਿਸ ਸ਼ਖ਼ਸ-ਮਨਿੰਦਰਜੀਤ ਸਿੰਘ ਬਿੱਟਾ ਉਤੇ ਹਮਲੇ ਦੇ ਦੋਸ਼ ਵਿਚ ਭੁੱਲਰ ਨੂੰ ਇਹ ਸਜ਼ਾ ਦਿੱਤੀ ਗਈ ਸੀ, ਉਹ ਹੁਣ ਭੁੱਲਰ ਦੇ ਹੱਕ ਵਿਚ ਉੱਠੀ ਲੋਕ ਲਹਿਰ ਨੂੰ ਦੇਖ ਕੇ ਬੁਖਲਾ ਗਿਆ ਹੈ। ਉਸ ਨੇ ਤਾਂ ਇਹ ਵੀ ਕਹਿ ਦਿੱਤਾ ਹੈ ਕਿ ਜੇ ਭੁੱਲਰ ਦੀ ਸਜ਼ਾ ਮੁਆਫ਼ ਹੀ ਕਰਨੀ ਹੈ ਤਾਂ ਉਸ (ਬਿੱਟਾ) ਨੂੰ ਮਾਰ ਹੀ ਦਿਓ ਪਰ ਕਿਸੇ ਵੀ ਪਾਰਟੀ ਜਾਂ ਬੰਦੇ ਨੇ ਉਸ ਵੱਲ ਕੋਈ ਧਿਆਨ ਨਹੀਂ ਦਿੱਤਾ ਹੈ।



## ਭੁੱਲਰ ਦੀ ਮਾਤਾ ਨੇ ਬਾਦਲ ਨੂੰ ਸੁਣਾਈਆਂ ਖ਼ਰੀਆਂ-ਖ਼ਰੀਆਂ

**ਨਵੀਂ ਦਿੱਲੀ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਮਾਤਾ ਬੀਬੀ ਉਪਕਾਰ ਕੌਰ ਨੇ ਕਿਹਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬੀਮਾਰ ਪ੍ਰੋ. ਭੁੱਲਰ ਵੱਲੋਂ ਆਪਣੀ ਬਿਰਧ ਮਾਂ ਨੂੰ ਦਿੱਲੀ ਆ ਕੇ ਉਸ ਨੂੰ ਮਿਲਣ ਵਿਚ ਹੋ ਰਹੀ ਪ੍ਰੇਸ਼ਾਨੀ ਦੇ ਮੱਦੇਨਜ਼ਰ ਉਨ੍ਹਾਂ ਨੂੰ ਪੰਜਾਬ ਦੀ ਕਿਸੇ ਜੇਲ੍ਹ ਵਿਚ ਬਦਲੇ ਜਾਣ ਦੀ ਕੀਤੀ ਗਈ ਬੇਨਤੀ ਨੂੰ ਪ੍ਰਵਾਨ ਕਰਨ ਤੋਂ ਇਹ ਆਖਦਿਆਂ ਇਨਕਾਰ ਕਰ ਦਿੱਤਾ ਸੀ ਕਿ 'ਇਸ ਖਤਰਨਾਕ ਅਤਿਵਾਦੀ' ਲਈ ਪੰਜਾਬ ਦੀ ਕਿਸੇ ਵੀ ਜੇਲ੍ਹ ਵਿਚ ਕੋਈ ਥਾਂ ਨਹੀਂ ਹੈ।



ਉਨ੍ਹਾਂ ਕਿਹਾ ਕਿ ਅੱਜ ਇਹ ਲੋਕ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਬਹਾਲ ਰੱਖੇ ਜਾਣ ’ਤੇ ਹਮਦਰਦੀ ਦਾ ਨਾਟਕ ਕਰਕੇ ਮਗਰਮੱਛ ਦੇ ਅਥਰੂ ਵਹਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਸ. ਪਰਮਜੀਤ ਸਿੰਘ ਸਰਨਾ ’ਤੇ ਨਾਕਾਮੀ ਦਾ ਦੋਸ਼ ਲਾ ਰਹੇ ਹਨ ਜਦਕਿ ਸਰਨਾ ਕਈ ਵਰ੍ਹਿਆਂ ਤੋਂ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕਰਵਾਉਣ ਲਈ ਸਿਆਸੀ ਤੇ ਕਾਨੂੰਨੀ ਪੱਧਰ ’ਤੇ ਜੱਦੋ ਜਹਿਦ ਕਰਦੇ ਚਲੇ ਆ ਰਹੇ ਸਨ। ਉਨ੍ਹਾਂ ਕਿਹਾ ਕਿ ਹੁਣ ਵੀ ਸ. ਸਰਨਾ ਵੱਲੋਂ ਐਡਵੋਕੇਟ ਕੇ.ਟੀ.ਐਸ. ਤੁਲਸੀ ਰਾਹੀਂ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕਰਵਾਉਣ ਲਈ ਸੁਪਰੀਮ ਕੋਰਟ ਵਿਚ ਅਪੀਲ ਨਾ ਕਰਵਾਈ ਗਈ ਹੁੰਦੀ ਤਾਂ ਅੱਜ ਇਸ ਕੇਸ ਦਾ ਰੁਖ ਕੁਝ ਹੋਰ ਹੋਣਾ ਸੀ। ਉਨ੍ਹਾਂ ਕਿਹਾ ਕਿ ਭਾਵੇਂ ਰਾਸ਼ਟਰਪਤੀ ਨੇ ਪ੍ਰੋ. ਭੁੱਲਰ ਦੀ ਫਾਂਸੀ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਹੈ ਫਿਰ ਵੀ ਸ. ਸਰਨਾ ਵੱਲੋਂ ਇਸ ਤੋਂ ਪਹਿਲਾਂ ਹੀ ਸੁਪਰੀਮ ਕੋਰਟ ਵਿਚ ਦਾਖ਼ਲ ਕਰਵਾਈ ਗਈ ਅਪੀਲ ’ਤੇ ਸਰਕਾਰ ਨੂੰ ਜਵਾਬ ਦੇਣ ਲਈ ਜਾਰੀ ਕੀਤੇ ਗਏ ਨੋਟਿਸ ਕਾਰਨ ਉਨ੍ਹਾਂ ਦੀ ਆਸ ਅਜੇ ਟੁੱਟੀ ਨਹੀਂ।

## ਪ੍ਰੋ. ਭੁੱਲਰ ਕੋਲ ਅਜੇ ਵੀ ਕਈ ਰਾਹ ਖੁੱਲ੍ਹੇ

**ਨਵੀਂ ਦਿੱਲੀ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਰੱਦ ਹੋਣ ਤੋਂ ਬਾਅਦ ਵੀ ਉਸ ਲਈ ਅਜੇ ਕਈ ਰਾਹ ਖੁੱਲ੍ਹੇ ਹਨ

ਇਕ ਜਿੱਥੇ ਸਿੱਖ ਜਥੇਬੰਦੀਆਂ ਨੇ ਉਸ ਦੀ ਸਜ਼ਾ ਮੁਆਫੀ ਲਈ ਮੁਹਿੰਮ ਵਿੱਢ ਦਿੱਤੀ ਹੈ ਉਥੇ ਦੂਜੇ ਪਾਸੇ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਪ੍ਰੋ. ਭੁੱਲਰ ਰਾਸ਼ਟਰਪਤੀ ਨੂੰ ਨਵੇਂ ਸਿਰੇ ਤੋਂ ਰਹਿਮ ਦੀ ਅਪੀਲ ਕਰ ਸਕਦਾ ਹੈ ਜਾਂ ਫਿਰ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਾਉਣ ਲਈ ਸੁਪਰੀਮ ਕੋਰਟ ਕੋਲ ਪਹੁੰਚ ਕਰ ਸਕਦਾ ਹੈ। ਪ੍ਰੋ. ਭੁੱਲਰ ਦੀ ਅਪੀਲ ਬਾਰੇ ਫੈਸਲਾ ਤਕਰੀਬਨ ਨੌਂ ਸਾਲਾਂ ਬਾਅਦ ਕੀਤਾ ਗਿਆ ਹੈ। ਇਸ ਦੇਰੀ ਨਾਲ ਕੀਤੇ ਫ਼ੈਸਲੇ ਦੇ ਅਧਾਰ ’ਤੇ ਉਹ ਰਾਸ਼ਟਰਪਤੀ ਕੋਲ ਨਵੇਂ ਸਿਰੇ ਤੋਂ ਰਹਿਮ ਦੀ ਅਪੀਲ ਕਰ ਸਕਦਾ ਹੈ। ਇਸ ਤੋਂ ਇਲਾਵਾ ਐਨੇ ਵਰ੍ਹੇ ਜੇਲ੍ਹ ’ਚ ਬਿਤਾਉਣ ਕਾਰਨ ਉਸ ਦੀ ਮੌਜੂਦਾ ਮਾਨਸਿਕ ਹਾਲਤ ਨੂੰ ਵੀ ਅਪੀਲ ਲਈ ਆਧਾਰ ਬਣਾਇਆ ਜਾ ਸਕਦਾ ਹੈ।

ਸੰਵਿਧਾਨਕ ਮਾਹਿਰ ਸੀ.ਐਸ. ਵੈਦਿਆਨਾਥਨ ਦਾ ਕਹਿਣਾ ਹੈ ਕਿ ਭਾਵੇਂ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੇ ਬੈਂਚ ਨੇ ਸਰਬਸੰਮਤੀ ਨਾਲ ਪ੍ਰੋ. ਭੁੱਲਰ ਦੀ ਸਜ਼ਾ ਬਰਕਰਾਰ ਰੱਖਣ ਬਾਰੇ ਫੈਸਲਾ ਨਹੀਂ ਸੁਣਾਇਆ ਤੇ ਇਕ ਜੱਜ ਫੈਸਲੇ ਦੇ ਵਿਰੁੱਧ ਸੀ। ਪ੍ਰੋ. ਭੁੱਲਰ ਨੂੰ ਦਿੱਤੀ ਗਈ ਫਾਂਸੀ ਦੀ ਸਜ਼ਾ ਸਮੇਂ ਤਿੰਨੇ ਜੱਜ ਸਜ਼ਾ ਬਾਰੇ ਸਹਿਮਤ ਨਹੀਂ ਸਨ। ਇਕ ਜੱਜ ਐਮ.ਬੀ. ਸ਼ਾਹ ਨੇ ਇਸ ਮਾਮਲੇ ’ਚ ਪ੍ਰੋ. ਭੁੱਲਰ ਨੂੰ ਨਿਰਦੋਸ਼ ਕਰਾਰ ਦਿੱਤਾ ਸੀ। ਪ੍ਰੋ. ਭੁੱਲਰ ਦੇ ਉਨ੍ਹਾਂ ਇਕਬਾਲੀਆ ਬਿਆਨਾਂ ਨੂੰ ਆਧਾਰ ਬਣਾਇਆ ਹੈ ਜੋ ਪੁਲੀਸ ਦੀ ਹਿਰਾਸਤ ਦੌਰਾਨ ਲਏ ਗਏ ਸਨ ਜਦੋਂਕਿ ਅਦਾਲਤ ਵੱਲੋਂ ਪੁਲੀਸ ਦੀ ਹਿਰਾਸਤ ਦੌਰਾਨ ਲਏ ਗਏ ਬਿਆਨਾਂ ਨੂੰ ਅਹਿਮੀਅਤ ਨਹੀਂ ਦਿੱਤੀ ਜਾਂਦੀ। ਇਸ ਮਾਮਲੇ ’ਚ ਅਦਾਲਤ ’ਚ 133 ਗਵਾਹ ਭੁਗਤੇ ਹਨ ਪਰ ਕਿਸੇ ਨੇ ਵੀ ਪ੍ਰੋ. ਭੁੱਲਰ ਖਿਲਾਫ਼ ਗਵਾਹੀ ਨਹੀਂ ਦਿੱਤੀ। ਇਹ ਫੈਸਲਾ ਇਕਬਾਲੀਆ ਬਿਆਨ ਦੇ ਆਧਾਰ ’ਤੇ ਸੁਣਾਇਆ ਗਿਆ ਸੀ।

ਸੀਨੀਅਰ ਐਡਵੋਕੇਟ ਕੇ.ਵੀ. ਵਿਸ਼ਵਾਨਾਥਨ ਨੇ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਕੇਸ ’ਚ ਦੋਸ਼ੀ ਠਹਿਰਾਏ ਕੇਹਰ ਸਿੰਘ ਦੇ ਕੇਸ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਵੇਲੇ ਦੇ ਰਾਸ਼ਟਰਪਤੀ ਆਰ. ਵੈਂਕਟਰਮਨ ਨੇ ਉਸ ਦੀ ਰਹਿਮ ਦੀ ਅਪੀਲ ਇਹ ਕਹਿੰਦਿਆਂ ਰੱਦ ਕਰ ਦਿੱਤੀ ਸੀ ਕਿ ਉਹ ਕੇਸ ਦੇ ਹਾਂਪੱਖੀ ਪਹਿਲੂਆਂ ਨੂੰ ਹੀ ਧਿਆਨ ’ਚ ਨਹੀਂ ਰੱਖ ਸਕਦੇ ਪਰ ਸੁਪਰੀਮ ਕੋਰਟ ਨੇ ਇਹ ਕਹਿ ਕੇ ਅਪੀਲ ਵਾਪਸ ਰਾਸ਼ਟਰਪਤੀ ਕੋਲ ਭੇਜੀ ਸੀ ਕਿ ਇਸ ਬਾਰੇ ਫੈਸਲਾ ਲੈਣ ਲੱਗਿਆਂ ਹਾਂਪੱਖੀ ਪਹਿਲੂ ਵਿਚਾਰੇ ਜਾ ਸਕਦੇ ਹਨ। ਅੰਤ ’ਚ ਰਾਸ਼ਟਰਪਤੀ ਨੇ ਇਹ ਅਪੀਲ ਰੱਦ ਕਰ ਦਿੱਤੀ ਸੀ ਤੇ ਕੇਹਰ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ ਸੀ।

ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਮਹਾਂਬੀਰ ਸਿੰਘ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਕਈ ਕੇਸਾਂ ’ਚ ਫੈਸਲਾ ਦੇਰੀ ਨਾਲ ਹੋਣ ਕਰਕੇ ਮੌਤ ਦੀ ਸਜ਼ਾ ਨੂੰ ਉਮਰ ਕੈਦ ’ਚ ਤਬਦੀਲ ਕਰ ਸਕਦੀ ਹੈ ਬਸ਼ਰਤੇ ਕਿ ਦੋਸ਼ੀ ਦਾ ਇਸ ’ਚ ਕੋਈ ਕਸੂਰ ਨਾ ਹੋਵੇ।

## ਘਰ ਦੇ ਬਨੇਰੇ ’ਤੇ 21 ਵਰ੍ਹਿਆਂ ਤੋਂ ਦੀਵਾ ਨਹੀਂ ਜਗਿਆ

**ਬਠਿੰਡਾ:** ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਆਲਪੁਰਾ ਭਾਈਕਾ ਦਾ ਹਰ ਘਰ ਉਦਾਸ ਹੈ ਕਿਉਂਕਿ ਵਰ੍ਹਿਆਂ ਤੋਂ ਦੁੱਖ ਝੱਲ ਰਹੇ ਇਸ ਪਿੰਡ ਦੇ ਸਪੁੱਤਰ ਦੇ ਵਾਪਸ ਪਰਤਣ ਦੀ ਆਸ ਇਕ ਵਾਰ ਫਿਰ ਠੰਢੀ ਪੈ ਗਈ ਹੈ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਤਕਰੀਬਨ ਨੌਂ ਸਾਲਾਂ ਤੋਂ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ ਤੇ ਉਸ ਵੱਲੋਂ ਪਾਈ ਰਹਿਮ ਦੀ ਅਪੀਲ ਰਾਸ਼ਟਰਪਤੀ ਨੇ ਖਾਰਜ ਕਰ ਦਿੱਤੀ ਹੈ। ਰਾਸ਼ਟਰਪਤੀ ਦੇ ਇਸ ਫੈਸਲੇ ਨਾਲ ਪੂਰੇ ਪਿੰਡ ਦੇ ਲੋਕ ਉਦਾਸ ਹੋ ਗਏ।

ਪਿੰਡ ਦਿਆਲਪੁਰਾ ਦੇ ਬਾਹਰ ਢਾਣੀਆਂ ’ਚ ਬਣੇ ਪ੍ਰੋ. ਭੁੱਲਰ ਦੇ ਘਰ ਵਿਚ ਤਕਰੀਬਨ ਦੋ ਦਹਾਕਿਆਂ ਤੋਂ ਕਦੇ ਬੱਤੀ ਨਹੀਂ ਜਗੀ। 21 ਵਰ੍ਹਿਆਂ ਤੋਂ ਇਸ ਘਰ ’ਚ ਉਦਾਸੀ ਤੇ ਗਮਾਂ ਦਾ ਹੀ ਵਾਸਾ ਹੈ। ਘਰ ਨੂੰ ਲੱਗੇ ਜਿੰਦਰਿਆਂ ਨੂੰ ਜੰਗਾਲ ਪੈ ਗਈ ਹੈ। ਪਿੰਡ ਦੇ ਸਰਪੰਚ ਸੁਖਦੇਵ ਸਿੰਘ ਨੇ ਦੱਸਿਆ ਕਿ ਦਿਆਲਪੁਰਾ ਭਾਈਕਾ ਦੇ ਲੋਕ ਤੇ ਇਲਾਕੇ ਦੀਆਂ ਪੰਚਾਇਤਾਂ ਮਤੇ ਪਾਸ ਕਰਕੇ ਰਾਸ਼ਟਰਪਤੀ ਨੂੰ ਫੈਸਲੇ ’ਤੇ ਮੁੜ ਗੌਰ ਕਰਨ ਵਾਸਤੇ ਭੇਜਣਗੀਆਂ। ਦਿਆਲਪੁਰਾ ਦੇ ਲੋਕ ਦੱਸਦੇ ਹਨ ਕਿ ਤਕਰੀਬਨ 42 ਸਾਲ ਪਹਿਲਾਂ ਪ੍ਰੋ. ਦਵਿੰਦਰਪਾਲ ਸਿੰਘ ਦੇ ਪਿਤਾ ਬਲਵੰਤ ਸਿੰਘ ਨੇ ਪੱਟੀ ਤੋਂ ਆ ਕੇ ਇੱਥੇ ਆਪਣਾ ਮਕਾਨ ਬਣਾਇਆ ਸੀ। ਬਲਵੰਤ ਸਿੰਘ ਤੇ ਉਸ ਦੀ ਪਤਨੀ ਉਪਕਾਰ ਕੌਰ ਸਰਕਾਰੀ ਮੁਲਾਜ਼ਮ ਸਨ। ਘਰ ਵਿਚ ਰੌਣਕਾਂ ਆ ਗਈਆਂ ਤੇ ਦੋ ਪੁੱਤਰਾਂ ਦੇ ਹਾਸਿਆਂ ਨੇ ਘਰ ਵਿਚ ਰੂਹ ਭਰ ਦਿੱਤੀ। ਫਿਰ ਇਕ ਦਿਨ ਗੁਰਸਿੱਖ ਬਲਵੰਤ ਸਿੰਘ ਦਾ ਹੱਸਦਾ ਵਸਦਾ ਘਰ ਖੇਰੂੰ-ਖੇਰੂੰ ਹੋ ਗਿਆ। ਬਲਵੰਤ ਸਿੰਘ ਦੇ ਲੜਕੇ ਦਵਿੰਦਰਪਾਲ ਸਿੰਘ ਭੁੱਲਰ ਦੇ ਵਿਆਹ ਮਗਰੋਂ ਨੂੰਹ ਨਵਨੀਤ ਕੌਰ ਨੂੰ ਇਸ ਘਰ ਦੀਆਂ ਬਰੂਹਾਂ ਅੰਦਰ ਇਕ ਵਾਰ ਹੀ ਪੈਰ ਪਾਉਣ ਦਾ ਮੌਕਾ ਮਿਲ ਸਕਿਆ।



ਪ੍ਰੋ. ਭੁੱਲਰ ਦੇ ਪਿੰਡ ਦਿਆਲਪੁਰਾ ਭਾਈਕਾ ਦੇ ਲੋਕ ਉਸ ਦੇ ਪਰਿਵਾਰ ਬਾਰੇ ਦੱਸਦੇ ਹੋਏ।

ਗੁਆਂਢੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਕੁਝ ਮਹੀਨਿਆਂ ਮਗਰੋਂ ਦਿੱਲੀ ਤੋਂ ਕੋਈ ਨਾ ਕੋਈ ਸਰਕਾਰੀ ਵਿਅਕਤੀ ਆਉਂਦਾ ਹੈ। ਆਸਪਾਸ ਦੇ ਲੋਕਾਂ ਦੇ ਬਿਆਨ ਲਿਖ ਕੇ ਵਾਪਸ ਮੁੜ ਜਾਂਦਾ ਹੈ। ਗੁਆਂਢੀਆਂ ਅਨੁਸਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਮਾਤਾ ਉਪਕਾਰ ਕੌਰ ਜੋ ਕਿ 77 ਸਾਲ ਦੀ ਹੈ, ਤੇ ਭਰਾ ਜਤਿੰਦਰਪਾਲ ਸਿੰਘ ਹੁਣ ਅਮਰੀਕਾ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਉਪਕਾਰ ਕੌਰ ਤਕਰੀਬਨ 12 ਸਾਲਾਂ ਮਗਰੋਂ ਪਿੰਡ ਆਈ ਸੀ ਤੇ ਉਹ ਆਪਣੇ ਮਕਾਨ ਦੀ ਥੋੜ੍ਹੀ ਬਹੁਤ ਮੁਰੰਮਤ ਕਰਵਾ ਕੇ ਵਾਪਸ ਚਲੀ ਗਈ। ਭੁੱਲਰ ਪਰਿਵਾਰ ਦੀ ਤਕਰੀਬਨ 15 ਏਕੜ ਜ਼ਮੀਨ ਵੀ ਨਾਲ ਹੀ ਹੈ। ਇਸ ਨੂੰ ਠੇਕੇ ’ਤੇ ਦਿੱਤਾ ਜਾਂਦਾ ਹੈ। ਲੋਕ ਦੱਸਦੇ ਹਨ ਕਿ ਜਦੋਂ ਦਵਿੰਦਰਪਾਲ ਸਿੰਘ ਭੁੱਲਰ ਪਿੱਛੇ ਪੁਲਿਸ ਲੱਗੀ ਹੋਈ ਸੀ ਤਾਂ ਉਦੋਂ ਹੀ ਉਸਦੇ ਪਿਤਾ ਬਲਵੰਤ ਸਿੰਘ ਨੂੰ ਪੁਲਿਸ ਚੁੱਕ ਕੇ ਲੈ ਗਈ ਸੀ। ਅੱਜ ਤੱਕ ਬਲਵੰਤ ਸਿੰਘ ਦਾ ਕੋਈ ਥਹੁ ਪਤਾ ਨਹੀਂ ਲੱਗਾ।

ਗੁਆਂਢਣ ਕਸ਼ਮੀਰ ਕੌਰ ਨੇ ਦੱਸਿਆ ਕਿ ਜਦੋਂ ਕੋਈ ਤਿੱਥ ਤਿਉਹਾਰ ਆਉਂਦਾ ਹੈ ਤਾਂ ਪੂਰੇ ਪਿੰਡ ’ਚ ਰੌਸ਼ਨੀ ਹੁੰਦੀ ਹੈ। ਇਕੱਲਾ ਇਹ ਘਰ ਹੈ ਜਿਸ ਦੀ ਦੀਵਾਰ ’ਤੇ ਕਦੇ ਦੀਵਾਲੀ ਵਾਲੇ ਦਿਨ ਵੀ ਦੀਵਾ ਨਹੀਂ ਜਗਿਆ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਦਵਿੰਦਰਪਾਲ ਸਿੰਘ ਤਕਰੀਬਨ 16 ਸਾਲ ਜੇਲ੍ਹ ਵਿਚ ਰਹਿ ਚੁੱਕਾ ਹੈ ਇਸ ਲਈ ਉਸ ਦੀ ਸਜ਼ਾ ਮੁਆਫੀ ਦਾ ਪੂਰਾ ਆਧਾਰ ਹੈ।

## ਦਿੱਲੀ ਗੁਰਦੁਆਰਾ ਕਮੇਟੀ ਭੁੱਲਰ ਲਈ ਰਹਿਮ ਦੀ ਨਵੀਂ ਅਪੀਲ ਪਾਏਗੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਲਈ ਰਹਿਮ ਦੀ ਅਪੀਲ ਨਵੇਂ ਸਿਰਿਓਂ ਪਾ ਕੇ ਰਾਸ਼ਟਰਪਤੀ ਨੂੰ ਉਹਦੀ ਮੌਤ ਦੀ ਸਜ਼ਾ ਸੁਣਾਏ ਜਾਣ ਮੌਕੇ ਸੁਪਰੀਮ ਕੋਰਟ ਦੇ ਟੁੱਟਵੇਂ ਫੈਸਲੇ ਨੂੰ ਧਿਆਨ ’ਚ ਰੱਖਣ ਦੀ ਬੇਨਤੀ ਕੀਤੀ ਜਾਏਗੀ। ਕਮੇਟੀ ਨੇ ਇਹ ਦਲੀਲ ਵੀ ਦਿੱਤੀ ਹੈ ਕਿ ਪੰਜਾਬ ’ਚੋਂ ਦਹਿਸ਼ਤਗਰਦੀ ਦਾ ਦੌਰ ਖਤਮ ਹੋ ਚੁੱਕਿਆ ਹੈ ਅਤੇ ਮਨਿੰਦਰਜੀਤ ਸਿੰਘ ਬਿੱਟਾ ’ਤੇ ਹਮਲੇ ਦੇ ਦੋਸ਼ਾਂ ’ਚ ਮੌਤ ਦੀ ਸਜ਼ਾ ਵਾਲੇ ਭੁੱਲਰ ਜਾਂ ਕਿਸੇ ਹੋਰ ਵੱਲੋਂ ਅਜਿਹੀ ਕੋਈ ਕਾਰਵਾਈ ਦੁਹਰਾਉਣ ਦੀ ਸੰਭਾਵਨਾ ਨਹੀਂ ਹੈ।

ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਭੁੱਲਰ ਲਈ ਰਹਿਮ ਦੀ ਨਵੀਂ ਅਪੀਲ ਪਾਈ ਜਾਏਗੀ। ਉਹਨੂੰ ਸੁਪਰੀਮ ਕੋਰਟ ਵੱਲੋਂ ਸੁਣਾਈ ਮੌਤ ਦੀ ਸਜ਼ਾ ਲਈ ਸਾਰੇ ਜੱਜ ਸਹਿਮਤ ਨਹੀਂ ਸਨ। ਸਰਵਉੱਚ ਅਦਾਲਤ ਨੇ ਵੀ ਕਿਹਾ ਸੀ ਕਿ ਟੁੱਟਵਾਂ ਫੈਸਲਾ ਹੋਣ ਕਾਰਨ ਉਹਦੀ ਰਹਿਮ ਦੀ ਅਪੀਲ ’ਤੇ ਵਿਚਾਰ ਹੋ ਸਕਦੀ ਹੈ। ਕਮੇਟੀ ਦੇ ਇਕ ਹੋਰ ਮੈਂਬਰ ਅਤੇ ਪ੍ਰਧਾਨ ਰਹੇ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਕਿ ਭਾਰਤ ਦੀ ਨਿਆਂਪਾਲਿਕਾ ਦੇ ਇਤਿਹਾਸ ’ਚ ਹੁਣ ਤਕ ਟੁੱਟਵੇਂ ਫੈਸਲੇ ਦੇ ਆਧਾਰ ’ਤੇ ਕਿਸੇ ਨੂੰ ਵੀ ਫਾਂਸੀ ਨਹੀਂ ਲਾਇਆ ਗਿਆ।

# ਪੰਥਕ ਜਥੇਬੰਦੀਆਂ ਸ਼੍ਰੋਮਣੀ ਕਮੇਟੀ ਦੀ ਅਗਵਾਈ 'ਚ ਸੰਘਰਸ਼ ਕਰਨ ਲਈ ਸਹਿਮਤ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਇਕੱਠੀਆਂ ਹੋਈਆਂ ਸਮੂਹ ਪੰਥਕ ਜਥੇਬੰਦੀਆਂ ਨੇ ਇਕਮੱਤ ਹੋ ਕੇ ਫੈਸਲਾ ਕੀਤਾ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਤੁੜਵਾਉਣ ਲਈ ਪੰਜਾਬ ਦੇ ਸਮੂਹ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਇਸ ਸਬੰਧੀ ਪਾਸ ਕੀਤੇ ਮਤੇ ਰਾਸ਼ਟਰਪਤੀ ਨੂੰ ਭੇਜੇ ਜਾਣਗੇ ਅਤੇ ਫਾਂਸੀ ਦੀ ਸਜ਼ਾ ਮੁਆਫ ਕਰਨ ਲਈ ਅਪੀਲ ਕੀਤੀ ਜਾਵੇਗੀ। ਸਿੱਖ ਜਥੇਬੰਦੀਆਂ ਨੇ ਇਹ ਫੈਸਲਾ ਵੀ ਕੀਤਾ ਕਿ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਪੰਜਾਬ ਦੇ ਰਾਜਪਾਲ ਨੂੰ 20 ਜੂਨ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ। ਇਸੇ ਸਬੰਧ ਵਿਚ ਯੂ.ਐਨ.ਓ. ਦੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪਹੁੰਚ ਕੀਤੀ ਜਾਵੇਗੀ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਜਾਵੇਗੀ ਕਿ ਵਿਧਾਨ ਸਭਾ ਵਿਚ ਪ੍ਰੋ. ਭੁੱਲਰ ਦੀ ਸਜ਼ਾ ਮੁਆਫ ਕਰਨ ਲਈ ਮਤਾ ਪਾਸ ਕਰਕੇ ਰਾਸ਼ਟਰਪਤੀ ਨੂੰ ਭੇਜਿਆ ਜਾਵੇ।

ਰਾਸ਼ਟਰਪਤੀ ਵੱਲੋਂ ਪ੍ਰੋ. ਭੁੱਲਰ ਦੀ ਰਹਿਮ ਦੀ ਅਪੀਲ ਖਾਰਜ ਕਰਨ ਦੇ ਮੱਦੇਨਜ਼ਰ ਸਮੂਹ ਜਥੇਬੰਦੀਆਂ ਨੇ ਅੱਜ ਇਥੇ ਸ਼੍ਰੋਮਣੀ ਕਮੇਟੀ ਕੰਪਲੈਕਸ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਮੀਟਿੰਗ ਕੀਤੀ ਅਤੇ ਕਮੇਟੀ ਦੀ ਸਰਪ੍ਰਸਤੀ ਵਿਚ ਸਜ਼ਾ ਰੱਦ ਕਰਵਾਉਣ ਲਈ ਮਿਲ ਕੇ ਸੰਘਰਸ਼ ਕਰਨ ਲਈ ਸਹਿਮਤੀ ਪ੍ਰਗਟਾਈ। ਇਸ ਮੌਕੇ ਪ੍ਰੋ. ਭੁੱਲਰ ਦੀ ਮਾਤਾ ਸ੍ਰੀਮਤੀ ਉਪਕਾਰ ਕੌਰ ਭੁੱਲਰ ਵੀ ਪੁੱਜੇ ਹੋਏ ਸਨ।

ਮੀਟਿੰਗ ਵਿਚ ਕੀਤੇ ਫੈਸਲਿਆਂ ਬਾਰੇ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਇਹ ਕੌਮੀ ਮਸਲਾ ਹੈ ਅਤੇ ਚੰਗੀ ਗੱਲ ਹੈ ਕਿ ਇਸ ਮੁੱਦੇ 'ਤੇ ਸਮੂਹ ਜਥੇਬੰਦੀਆਂ ਪੰਥ ਦੀ ਸਿਰਮੌਰ ਸੰਸਥਾ ਦੀ ਅਗਵਾਈ ਵਿਚ ਇਕ ਮੰਚ 'ਤੇ ਇਕੱਠੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਪ੍ਰੋ. ਭੁੱਲਰ ਦੀ ਰਿਹਾਈ ਲਈ 9 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਖੰਡ ਪਾਠ ਸਾਹਿਬ ਆਰੰਭ ਕੀਤਾ ਜਾਵੇਗਾ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਆਪਣੇ ਨੇੜੇ ਸਥਿਤ ਗੁਰਦੁਆਰਿਆਂ ਵਿਚ ਅਖੰਡ ਪਾਠ ਕਰਵਾਏ ਜਾਣ ਅਤੇ 11 ਜੂਨ ਨੂੰ ਫਾਂਸੀ ਦੀ ਸਜ਼ਾ ਮੁਆਫੀ ਲਈ ਅਰਦਾਸ ਕੀਤੀ ਜਾਵੇ।

ਉਨ੍ਹਾਂ ਦੱਸਿਆ ਕਿ ਇਹ ਫੈਸਲਾ ਕੀਤਾ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਅਕਾਲੀ ਵਿਧਾਇਕਾਂ ਰਾਹੀਂ ਪਿੰਡਾਂ ਦੀਆਂ ਪੰਚਾਇਤਾਂ ਤਕ ਪਹੁੰਚ ਕੀਤੀ ਜਾਵੇ। ਇਕ ਮੈਮੋਰੰਡਮ ਤਿਆਰ ਕਰਕੇ ਮੈਂਬਰਾਂ ਨੂੰ ਇਸ ਸਬੰਧੀ ਦਿੱਤਾ ਜਾਵੇਗਾ ਅਤੇ ਉਹ ਆਪਣੇ-ਆਪਣੇ ਹਲਕੇ ਦੀਆਂ ਪੰਚਾਇਤਾਂ ਤੋਂ ਮਤੇ ਪਾਸ ਕਰਵਾ ਕੇ ਮੈਮੋਰੰਡਮ ਨਾਲ ਲਾਉਣਗੇ। ਇਹ ਮੈਮੋਰੰਡਮ ਇਕੱਠੇ ਕਰਕੇ ਰਾਸ਼ਟਰਪਤੀ ਨੂੰ ਸਜ਼ਾ ਮੁਆਫੀ ਲਈ ਭੇਜੇ ਜਾਣਗੇ। ਰਾਸ਼ਟਰਪਤੀ ਨੂੰ ਇਹ ਅਪੀਲ ਕੀਤੀ ਜਾਵੇਗੀ ਕਿ ਪ੍ਰੋ. ਭੁੱਲਰ ਦੀ ਰਹਿਮ ਦੀ ਅਪੀਲ 'ਤੇ ਨਜ਼ਰਸਾਨੀ ਕੀਤੀ ਜਾਵੇ। ਸ਼੍ਰੋਮਣੀ ਕਮੇਟੀ ਕੌਮਾਂਤਰੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਵੀ ਪ੍ਰੋ. ਭੁੱਲਰ ਦੀ ਫਾਂਸੀ ਦੇ ਮੁੱਦੇ ਨੂੰ ਲੈ ਕੇ ਪਹੁੰਚ ਕਰੇਗੀ।

ਜਥੇਬੰਦੀਆਂ ਵੱਲੋਂ ਕੀਤੀ ਗਈ ਇਸ ਮੰਗ ਦੇ ਜਵਾਬ ਵਿਚ ਕਿ ਪੰਜਾਬ ਵਿਧਾਨ ਸਭਾ ਵਿਚ ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਲਈ ਮਤਾ ਪਾਸ ਕਰਵਾ ਕੇ ਅਕਾਲੀ ਸਰਕਾਰ ਰਾਸ਼ਟਰਪਤੀ ਨੂੰ ਭੇਜੇ, ਬਾਰੇ ਜਥੇਦਾਰ ਨੇ ਕਿਹਾ ਕਿ ਉਹ ਜਥੇਬੰਦੀਆਂ ਦੀਆਂ ਭਾਵਨਾਵਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਪਹੁੰਚਾ ਦੇਣਗੇ।

ਤੀਹ ਜਥੇਬੰਦੀਆਂ ਦੀ ਕਮੇਟੀ, ਜਿਸ ਵਿਚ ਦਲ ਖਾਲਸਾ ਵੱਲੋਂ ਕੰਵਰਪਾਲ ਸਿੰਘ, ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਲਜੀਤ ਸਿੰਘ ਦਾਦੂਵਾਲ, ਪੰਚ ਪ੍ਰਧਾਨੀ ਦੇ ਆਗੂ ਹਰਪਾਲ ਸਿੰਘ ਚੀਮਾ, ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ ਸ਼ਾਮਲ ਹਨ, ਨੇ ਜਥੇਦਾਰ ਵੱਲੋਂ ਐਲਾਨੇ ਪ੍ਰੋਗਰਾਮ 'ਤੇ ਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਭੁੱਲਰ ਕੌਮ ਦਾ ਪੁੱਤਰ ਹੈ ਅਤੇ ਭੁੱਲਰ ਦਾ ਮੁੱਦਾ ਕੌਮ ਦਾ ਮੁੱਦਾ ਹੈ, ਇਸ ਲਈ ਉਹ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਇਹ ਸੰਘਰਸ਼ ਕਰਨਗੇ। ਉਨ੍ਹਾਂ ਮੀਡੀਆ ਨੂੰ ਸੁਚੇਤ ਕੀਤਾ ਕਿ ਇਹ ਪ੍ਰੋ. ਭੁੱਲਰ ਨੂੰ ਅਤਿਵਾਦੀ ਵਜੋਂ ਪੇਸ਼ ਕਰਨ ਤੋਂ ਗੁਰੇਜ਼ ਕਰੇ।

ਪ੍ਰੋ. ਭੁੱਲਰ ਦੀ ਮਾਤਾ ਸ੍ਰੀਮਤੀ ਉਪਕਾਰ ਕੌਰ ਨੇ ਪੰਥਕ ਜਥੇਬੰਦੀਆਂ ਦੇ ਇਕ ਮੰਚ 'ਤੇ ਇਕੱਠੇ ਹੋਣ ਲਈ ਧੰਨਵਾਦ ਕੀਤਾ। ਸਮੂਹ ਜਥੇਬੰਦੀਆਂ ਵੱਲੋਂ ਲਿਆ ਫੈਸਲਾ ਵੀ ਉਨ੍ਹਾਂ ਕੋਲੋਂ ਸਹਿਮਤੀ ਲੈਣ ਮਗਰੋਂ ਹੀ ਐਲਾਨਿਆ ਗਿਆ। ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਬਚਨ ਸਿੰਘ, ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਚੀਫ ਖਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਭਾਗ ਸਿੰਘ ਅਣਖੀ, ਸਿੰਘ ਸਭਾ ਦੇ ਪ੍ਰਧਾਨ ਅਨੂਪ ਸਿੰਘ ਵਿਰਦੀ, ਗੁਰਬਚਨ ਸਿੰਘ ਗਰੇਵਾਲ (ਫੈਡਰੇਸ਼ਨ-ਮਹਿਤਾ), ਕਰਨੈਲ ਸਿੰਘ ਪੀਰ ਮੁਹੰਮਦ (ਫੈਡਰੇਸ਼ਨ-ਪੀਰ ਮੁਹੰਮਦ), ਡਾ. ਮਨਜੀਤ ਸਿੰਘ ਭੋਮਾ (ਫੈਡਰੇਸ਼ਨ-ਭੋਮਾ) ਤੋਂ ਇਲਾਵਾ ਬਹੁਤ ਸਾਰੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਮੌਜੂਦ ਸਨ।



ਸ਼੍ਰੋਮਣੀ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਥੇਦਾਰ ਅਵਤਾਰ ਸਿੰਘ

## ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਰਾਇ ਲਈ ਕਮੇਟੀ ਕਾਇਮ

**ਅੰਮ੍ਰਿਤਸਰ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕਰਾਉਣ ਲਈ ਤੁਰੰਤ ਸਰਗਰਮ ਹੋਈ ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ 'ਚ ਕਾਨੂੰਨੀ ਮਾਹਿਰਾਂ ਨਾਲ ਵਿਚਾਰ ਵਟਾਂਦਰਾ ਕਰਨ ਲਈ ਪੰਜ ਮੈਂਬਰੀ ਕਮੇਟੀ ਕਾਇਮ ਕੀਤੀ ਹੈ ਜਿਸ ਨੇ ਦਿੱਲੀ 'ਚ ਉਘੇ ਕਾਨੂੰਨ ਮਾਹਿਰਾਂ ਨਾਲ ਰਾਬਤਾ ਕਾਇਮ ਕੀਤਾ ਹੈ ਤਾਂ ਜੋ ਕਾਨੂੰਨੀ ਚਾਰਾਜੋਈ ਸ਼ੁਰੂ ਕੀਤੀ ਜਾ ਸਕੇ। ਕਮੇਟੀ 'ਚ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ ਤੇ ਸੁਰਜੀਤ ਸਿੰਘ ਗੜ੍ਹੀ, ਮੈਂਬਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਐਡਵੋਕੇਟ ਜਸਵਿੰਦਰ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ।

ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫੀ ਦੀ ਗੱਲ ਕਰਦਿਆਂ 1963 ਦੀ ਘਟਨਾ ਦਾ ਹਵਾਲਾ ਜਾ ਸਕਦਾ ਹੈ ਜਿਸ 'ਚ ਆਂਧਰਾ ਪ੍ਰਦੇਸ਼ ਦੀ ਇਕ ਬੱਸ 'ਤੇ ਹਮਲਾ ਕਰਕੇ 23 ਯਾਤਰੂਆਂ ਨੂੰ ਮਾਰਨ ਧਏ ਦੋਸ਼ 'ਚ ਚਲਪਤੀ ਰਾਓ ਤੇ ਵਿਜਿਆ ਵਰਧਨ ਦੀ ਰਹਿਮ ਦੀ ਅਪੀਲ 1997 'ਚ ਉਸ ਵੇਲੇ ਦੇ ਰਾਸ਼ਟਰਪਤੀ ਸ਼ੰਕਰ ਦਿਆਲ ਸ਼ਰਮਾ ਨੇ ਰੱਦ ਕਰ ਦਿੱਤੀ ਸੀ ਪਰ ਦੋਸ਼ੀਆਂ ਵੱਲੋਂ ਮੁੜ ਰਹਿਮ ਬਾਰੇ ਨਜ਼ਰਸਾਨੀ ਦੀ ਅਪੀਲ ਅਗਲੇ ਰਾਸ਼ਟਰਪਤੀ ਆਰ.ਕੇ. ਨਰਾਇਣਨ ਨੂੰ ਕੀਤੀ ਗਈ ਸੀ ਤੇ ਰਾਸ਼ਟਰਪਤੀ ਨੇ ਦੋਵਾਂ ਦੀ ਫਾਂਸੀ ਦੀ ਸਜ਼ਾ ਮੁਆਫ ਕਰ ਦਿੱਤੀ ਸੀ।

ਇਸ ਤਰ੍ਹਾਂ 1984 ਦੇ ਸਿੱਖ ਕਤਲੇਆਮ 'ਚ 30 ਸਿੱਖਾਂ ਨੂੰ ਕਤਲ ਕਰਨ ਦੇ ਦੋਸ਼ ਹੇਠ ਕਿਸ਼ੋਰ ਨਾਮੀ ਵਿਅਕਤੀ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ ਪਰ ਬਾਅਦ 'ਚ ਉਸ ਦੀ ਫਾਂਸੀ ਦੀ ਸਜ਼ਾ ਵੀ ਰੱਦ ਕਰ ਦਿੱਤੀ ਗਈ ਸੀ।



ਪ੍ਰੋ. ਭੁੱਲਰ ਨੂੰ ਅਦਾਲਤ ਵਿਚ ਲਿਜਾਏ ਜਾਣ ਦੀ ਪੁਰਾਣੀ ਤਸਵੀਰ।

## ਸੋਨੀਆ ਗਾਂਧੀ ਨੂੰ ਵੀ ਪਾਈ ਚਿੱਠੀ

**ਚੰਡੀਗੜ੍ਹ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਨੂੰ ਬੇਨਤੀ ਕੀਤੀ ਹੈ ਕਿ ਉਹ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਮੁਆਫੀ ਦੇ ਮਾਮਲੇ 'ਚ ਦਖਲ ਦੇ ਕੇ ਉਸ ਦੀ ਰਹਿਮ ਦੀ ਅਪੀਲ 'ਤੇ ਨਜ਼ਰਸਾਨੀ ਕਰਨ ਲਈ ਚਾਰਾਜੋਈ ਕਰੇ।

ਸ. ਸਰਨਾ ਨੇ ਸ੍ਰੀਮਤੀ ਸੋਨੀਆ ਗਾਂਧੀ ਨੂੰ ਇਸ ਬਾਰੇ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਇਸ ਵੇਲੇ ਪੰਜਾਬ 'ਚ ਖਾੜਕੂਵਾਦ ਦਾ ਦੌਰ ਖਤਮ ਹੋ ਚੁੱਕਾ ਹੈ ਤੇ ਲੋਕ ਉਸ ਮੰਦਭਾਗੇ ਦੌਰ ਨੂੰ ਭੁਲਾ ਚੁੱਕੇ ਹਨ। ਇਸ ਲਈ ਸਰਕਾਰ ਵੱਲੋਂ ਪ੍ਰੋ. ਭੁੱਲਰ ਨੂੰ ਮੁਆਫ ਕਰਕੇ ਸਮੁੱਚੇ ਸਿੱਖ ਭਾਈਚਾਰੇ ਨੂੰ ਦਿਆਲਤਾ ਦਾ ਸੁਨੇਹਾ ਦੇਣਾ ਚਾਹੀਦਾ ਹੈ। ਇਥੇ ਜ਼ਿਕਰਯੋਗ ਹੈ ਕਿ ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਪਰਮਜੀਤ ਸਿੰਘ ਸਰਨਾ ਦੀ ਅਗਵਾਈ ਹੇਠ ਸਿੱਖਾਂ ਦਾ ਵਫਦ ਸ੍ਰੀਮਤੀ ਸੋਨੀਆ ਗਾਂਧੀ ਨੂੰ ਮਿਲਿਆ ਸੀ। ਇਸ ਵਫਦ ਦੀਆਂ ਚਾਰ ਮੰਗਾਂ 'ਚ ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਦੀ ਮੰਗ ਵੀ ਸ਼ਾਮਲ ਸੀ।

ਸ. ਸਰਨਾ ਨੇ ਯੂ.ਪੀ.ਏ. ਸਰਕਾਰ ਦੀ ਚੇਅਰਪਰਸਨ ਨੂੰ ਲਿਖੀ ਚਿੱਠੀ 'ਚ ਕਿਹਾ ਹੈ ਕਿ ਇਹ ਮਾਮਲਾ 1980 ਤੇ 90 ਦੇ ਦਹਾਕਿਆਂ ਦਾ ਹੈ ਜਿਸ ਵੇਲੇ ਖਾੜਕੂਵਾਦ ਸਿਖਰ 'ਤੇ ਸੀ ਤੇ ਕੁਝ ਗੁੰਮਰਾਹ ਮੁੰਡੇ ਹਿੰਸਾ ਦੇ ਰਾਹ ਤੁਰ ਪਏ ਸਨ। ਉਨ੍ਹਾਂ ਕਿਹਾ ਹੈ ਕਿ ਇਸ ਵੇਲੇ ਪੰਜਾਬ 'ਚ ਅਤਿਵਾਦ ਤੇ ਹਿੰਸਾ ਪੂਰੀ ਤਰ੍ਹਾਂ ਖਤਮ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਰਹਿਮ ਦੀ ਅਪੀਲ ਬਾਰੇ ਫੈਸਲੇ ਵੇਲੇ ਇਹ ਤੱਥ ਅਹਿਮ ਹੁੰਦਾ ਹੈ ਕਿ ਕੀ ਦੋਸ਼ੀ ਮੁੜ ਹਿੰਸਾ ਦੇ ਰਾਹ ਪੈ ਸਕਦਾ ਹੈ।ਪਰ ਇਸ ਵੇਲੇ ਜਦੋਂ ਪੰਜਾਬ 'ਚ ਅਤਿਵਾਦ ਖਤਮ ਹੋ ਚੁੱਕਾ ਹੈ ਤਾਂ ਪ੍ਰੋ. ਭੁੱਲਰ ਵੱਲੋਂ ਹਿੰਸਾ ਦਾ ਰਾਹ ਮੁੜ ਅਖਤਿਆਰ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

## ਸਿੱਖ ਭਾਈਚਾਰੇ ਵਿੱਚ ਰੋਸ ਦੀ ਲਹਿਰ, ਨਜ਼ਰਸਾਨੀ ਦੀ ਮੰਗ

**ਅੰਮ੍ਰਿਤਸਰ:** ਤਿਹਾੜ ਜੇਲ੍ਹ 'ਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਨੂੰ ਰਾਸ਼ਟਰਪਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਵੱਲੋਂ ਰੱਦ ਕਰ ਦਿੱਤੇ ਜਾਣ ਨੂੰ ਮੰਦਭਾਗਾ ਕਰਾਰ ਦਿੰਦਿਆਂ ਸਿੱਖ ਜਥੇਬੰਦੀਆਂ ਨੇ ਸਰਕਾਰ ਨੂੰ ਕਿਹਾ ਹੈ ਕਿ ਸਮੁੱਚਾ ਮਾਮਲਾ ਇਕ ਵਿਰ ਮੁੜ ਵਿਚਾਰਿਆ ਜਾਵੇ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਇਸ ਫੈਸਲੇ ਨਾਲ ਘੱਟ-ਗਿਣਤੀ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪੁੱਜੀ ਹੈ। ਉਨ੍ਹਾਂ ਇਸ ਫੈਸਲੇ 'ਤੇ ਨਜ਼ਰਸਾਨੀ ਲਈ ਕਿਹਾ ਹੈ। ਸਿੱਖ ਜਥੇਬੰਦੀ ਦਲ ਖਾਲਸਾ ਨੇ ਅਪੀਲ ਰੱਦ ਕਰਨ ਦੇ ਫੈਸਲੇ ਨੂੰ ਕੇਂਦਰ ਸਰਕਾਰ ਦੀ ਸਿੱਖ-ਵਿਰੋਧੀ ਮਾਨਸਿਕਤਾ ਦਾ ਪ੍ਰਮਾਣ ਕਰਾਰ ਦਿੱਤਾ।

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨਾਲ ਧੱਕਾ ਹੋ ਰਿਹੈ:ਫੂਲਕਾ

**ਬਠਿੰਡਾ:** ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਤੇ ਮਨੁੱਖੀ ਅਧਿਕਾਰਾਂ ਬਾਰੇ ਕਾਰਕੁਨ ਹਰਵਿੰਦਰ ਸਿੰਘ ਫੂਲਕਾ ਨੇ ਰਾਸ਼ਟਰਪਤੀ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਖਾਰਜ ਕੀਤੇ ਜਾਣ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਰਹਿਮ ਦੀ ਅਪੀਲ ਰੱਦ ਹੋਣ ਨਾਲ ਅਜਿਹਾ ਨਾ ਹੋਵੇ ਕਿ ਕਿਸੇ ਬੇਕਸੂਰ ਨੂੰ ਫਾਂਸੀ ਦੀ ਸਜ਼ਾ ਮਿਲ ਜਾਵੇ। ਉਨ੍ਹਾਂ ਕਿਹਾ ਕਿ ਪ੍ਰੋ. ਭੁੱਲਰ ਨੂੰ ਸੁਪਰੀਮ ਕੋਰਟ ਦੇ ਤਿੰਨ ਜੱਜਾਂ 'ਚੋਂ ਦੋ ਵੱਲੋਂ ਮੌਤ ਦੀ ਸਜ਼ਾ ਤੇ ਇਕ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਉਸ ਵੱਲੋਂ ਰਾਸ਼ਟਰਪਤੀ ਕੋਲ ਪਾਈ ਰਹਿਮ ਦੀ ਅਪੀਲ ਨੂੰ ਰੱਦ ਕਰ ਦਿੱਤਾ ਗਿਆ ਜਦਕਿ ਉਸ ਖਿਲਾਫ ਕੋਈ ਗਵਾਹ ਨਹੀਂ ਹੈ ਤੇ ਪੁਲੀਸ ਹਿਰਾਸਤ ਵਿਚ ਲਏ ਗਏ ਬਿਆਨਾਂ 'ਤੇ ਹੀ ਕੇਸ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਉਸ ਨਾਲ ਧੱਕਾ ਕੀਤਾ ਜਾ ਰਿਹਾ ਹੈ।

ਸ੍ਰੀ ਫੂਲਕਾ ਨੇ ਕਿਹਾ ਕਿ 1984 ਵਿਚ ਦੇਸ਼ ਦੇ ਕਈ ਹਿੱਸਿਆਂ ਵਿਚ ਹੋਏ ਕਤਲੇਆਮ ਦੇ ਦੋਸ਼ੀਆਂ ਨੂੰ ਹਾਲੇ ਤੱਕ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ 1984 ਵਿਚ ਤ੍ਰਿਲੋਕਪੁਰੀ ਵਿਚ ਕਿਸ਼ੋਰੀ ਨਾਂ ਦੇ ਵਿਅਕਤੀ ਵੱਲੋਂ 40 ਸਿੱਖਾਂ ਦਾ ਕਤਲੇਆਮ ਕੀਤਾ ਗਿਆ।ਜਿਸ ਤਹਿਤ ਉਸ ਖਿਲਾਫ ਚਾਰ ਕੇਸ ਦਰਜ ਕੀਤੇ ਗਏ ਸਨ ਜਿਨ੍ਹਾਂ ਵਿਚ ਹਾਈ ਕੋਰਟ ਵੱਲੋਂ ਤਿੰਨ ਕੇਸਾਂ ਵਿਚ ਮੌਤ ਦੀ ਸਜ਼ਾ ਦਾ ਫੈਸਲਾ ਸੁਣਾਇਆ ਗਿਆ ਸੀ ਫਿਰ ਵੀ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ ਸੀ। ਉਨ੍ਹਾਂ ਸਵਾਲ ਕੀਤਾ ਕਿ ਫਿਰ ਪ੍ਰੋ. ਭੁੱਲਰ ਨੂੰ ਸੁਣਾਈ ਗਈ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਿਉਂ ਨਹੀਂ ਕੀਤਾ ਜਾ ਸਕਦਾ।

**ਸਜ਼ਾ ਮੁਆਫ ਹੋਵੇ: ਬਾਬਾ ਹਰਨਾਮ ਸਿੰਘ**

ਸੰਤ ਸਮਾਜ ਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਹੈ ਕਿ ਭਾਰਤੀ ਨਿਆਂ ਪ੍ਰਣਾਲੀ ਵਿਚ ਸਿੱਖ ਕੌਮ ਦਾ ਵਿਸ਼ਵਾਸ ਬਹਾਲ ਰੱਖਣ ਲਈ ਜ਼ਰੂਰੀ ਹੈ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਸੁਣਾਈ ਗਈ ਫਾਂਸੀ ਦੀ ਸਜ਼ਾ ਮੁਆਫ ਕੀਤੀ ਜਾਵੇ ਕਿਉਂਕਿ ਦੇਸ਼ ਦੀ ਰਾਸ਼ਟਰਪਤੀ ਵੱਲੋਂ ਰਹਿਮ ਦੀ ਅਪੀਲ ਨੂੰ ਖਾਰਜ ਕਰਨ ਤੋਂ ਬਾਅਦ ਸਿੱਖਾਂ ਕੌਮ ਦੇ ਹਿਰਦਿਆਂ ਨੂੰ ਠੇਸ ਪਹੁੰਚੀ ਹੈ।



ਹਰਵਿੰਦਰ ਸਿੰਘ

ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ 1984 ਵਿਚ ਹੋਏ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਕੇਂਦਰ ਸਰਕਾਰ ਵੱਲੋਂ ਵਜ਼ੀਰੀਆਂ ਦੇਣੀਆਂ ਤੇ ਉਨ੍ਹਾਂ ਖ਼ਿਲਾਫ਼ ਅਜੇ ਤੱਕ ਵੀ ਕੋਈ ਸਖ਼ਤ ਕਾਰਵਾਈ ਨਾ ਹੋਣ ਨਾਲ ਪਹਿਲਾਂ ਹੀ ਸਿੱਖ ਕੌਮ ਵਿਚ ਨਿਰਾਸ਼ਾ ਦਾ ਆਲਮ ਸੀ ਤੇ ਹਾਲ ਹੀ ਵਿਚ ਰਾਸ਼ਟਰਪਤੀ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਖ਼ਿਲਾਫ਼ ਕੋਈ ਠੋਸ ਗਵਾਹੀ ਨਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਫਾਂਸੀ 'ਤੇ ਚੜ੍ਹਾਉਣ ਬਾਰੇ ਜੋ ਫੈਸਲਾ ਲਿਆ ਗਿਆ ਹੈ, ਉਸ ਨਾਲ ਕੇਂਦਰ ਸਰਕਾਰ ਦੀ ਸਿੱਖਾਂ ਪ੍ਰਤੀ ਦੋਗਲੀ ਨੀਤੀ ਜੱਗ ਜ਼ਾਹਿਰ ਹੋ ਗਈ ਹੈ।

**ਰਹਿਮ ਦੀ ਅਪੀਲ ਰੱਦ ਕਰਨ ਦੀ ਮਾਨ ਵੱਲੋਂ ਨਿਖੇਧੀ**

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਨੂੰ ਰਾਸ਼ਟਰਪਤੀ ਵੱਲੋਂ ਖਾਰਜ ਕਰਨ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਦੇਸ਼ ਅੰਦਰ ਘੱਟ ਗਿਣਤੀਆਂ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ।

**ਅਕਾਲੀ ਦਲ ਵੱਲੋਂ ਵੀ ਪ੍ਰਧਾਨ ਮੰਤਰੀ ਦੇ ਦਖ਼ਲ ਦੀ ਮੰਗ**

ਰਾਸ਼ਟਰਪਤੀ ਵੱਲੋਂ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਤਰਸ ਦੇ ਆਧਾਰ 'ਤੇ ਰੱਦ ਕਰਨ ਦੇ ਫੈਸਲੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਇਸ ਮਾਮਲੇ ਵਿਚ ਸਿੱਧੇ ਦਖ਼ਲ ਦੀ ਮੰਗ ਕੀਤੀ ਹੈ। ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹਵਾਲੇ ਨਾਲ ਜਾਰੀ ਬਿਆਨ ਵਿਚ ਮੰਗ ਕੀਤੀ ਗਈ ਹੈ ਕਿ ਮਾਨਵਤਾ ਦੇ ਭਲੇ ਤੇ ਸਮਾਜਿਕ ਸਰੋਕਾਰਾਂ ਨੂੰ ਮੁੱਖ ਰੱਖਦਿਆਂ ਪ੍ਰਧਾਨ ਮੰਤਰੀ ਨੂੰ ਇਸ ਮਾਮਲੇ ਵਿਚ ਫੌਰੀ ਦਖ਼ਲ ਦੇਣਾ ਚਾਹੀਦਾ ਹੈ ਤਾਂ ਕਿ ਕੇਂਦਰ ਤੇ ਸਿੱਖਾਂ ਵਿਚ ਵਧ ਰਹੇ ਤਲਖ਼ੀ ਤੇ ਕੁੜੱਤਣ ਭਰੇ ਮਾਹੌਲ ਨੂੰ ਘਟਾਇਆ ਜਾ ਸਕੇ।

## ਕੈਪਟਨ ਅਮਰਿੰਦਰ ਵੀ ਪ੍ਰੋ. ਭੁੱਲਰ ਦੇ ਹੱਕ 'ਚ ਉਤਰਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਨੂੰ ਮਿਲੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਮੰਗ ਕੀਤੀ ਹੈ।

ਜ਼ਿਕਰਯੋਗ ਹੈ ਕਿ ਪਹਿਲਾਂ ਸ਼੍ਰੋਮਣੀ ਅਕਾਲੀ ਦਲ, ਅਕਾਲੀ ਦਲ (ਦਿੱਲੀ) ਤੇ ਸ਼੍ਰੋਮਣੀ ਕਮੇਟੀ ਵੀ ਪ੍ਰੋ. ਭੁੱਲਰ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਮੰਗ ਕਰ ਚੁੱਕੇ ਹਨ।

ਕੈਪਟਨ ਨੇ ਕਿਹਾ ਕਿ ਕਿਸੇ ਵਿਅਕਤੀ ਨੂੰ ਮੌਤ ਦੀ ਸਜ਼ਾ ਦੇ ਕੇ ਸਮੱਸਿਆ ਦਾ ਹੱਲ ਨਹੀਂ ਕੱਢਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ ਕਿ ਭੁੱਲਰ ਦੀ ਸਜ਼ਾ ਉਮਰ ਕੈਦ ਵਿਚ ਬਦਲਣੀ ਚਾਹੀਦੀ ਹੈ ਕਿਉਂਕਿ ਉਹ ਪਿਛਲੇ ਕਈ ਸਾਲਾਂ ਤੋਂ ਜੇਲ੍ਹ ਵਿਚ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 4 ਜੂਨ 2011*

## ਪੰਜਾਬ ਲਈ ਪ੍ਰਾਰਥਨਾ

ਇਹ ਕੋਈ ਇਤਫ਼ਾਕ ਨਹੀਂ ਹੈ ਕਿ ਫ਼ਾਂਸੀ ਦੀ ਸਜ਼ਾਯਾਫ਼ਤਾ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਭਾਰਤੀ ਰਾਸ਼ਟਰਪਤੀ ਨੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਉਤੇ ਹਮਲੇ ਵਾਲੀ ਤਾਰੀਖ਼ ਦੇ ਐਨ ਨੇੜੇ ਆਉਣ 'ਤੇ ਰੱਦ ਕੀਤੀ ਹੈ। ਉਂਜ ਵੀ ਪ੍ਰੋ. ਭੁੱਲਰ ਦੀ ਰਹਿਮ ਦੀ ਅਪੀਲ ਦਾ ਸਿਲਸਿਲਾ ਜਿਸ ਢੰਗ ਨਾਲ ਅਤੇ ਜਿੰਨੀ ਤੇਜ਼ੀ ਨਾਲ ਚੱਲਿਆ ਹੈ, ਉਸ ਤੋਂ ਜ਼ਾਹਿਰ ਹੈ ਕਿ ਇਸ ਤੇਜ਼ੀ ਤੇ ਤੀਬਰਤਾ ਦੀ ਅਸਲ ਚਾਲਕ-ਸ਼ਕਤੀ ਪਿਛੋਕੜ ਵਿਚ ਕੋਈ ਹੋਰ ਹੈ। ਪ੍ਰੋ. ਭੁੱਲਰ ਕਈ ਸਾਲਾਂ ਤੋਂ ਕਾਲ-ਕੋਠੜੀ ਵਿਚ ਪਿਆ ਆਪਣੀ ਮੌਤ ਉਡੀਕਦਾ, ਮਾਨਸਿਕ ਤਵਾਜ਼ਨ ਵੀ ਖੋ ਬੈਠਾ ਹੈ। ਬਹੁਤਿਆਂ ਨੂੰ ਹੁਣ ਸ਼ਾਇਦ ਹੀ ਚੇਤਾ ਹੋਵੇ ਕਿ ਉਸ ਨੂੰ ਫ਼ਾਂਸੀ ਦਾ ਫ਼ੈਸਲਾ ਸੁਣਾਉਣ ਵਾਲੇ ਬੈਂਚ ਦੇ ਤਿੰਨ ਜੱਜਾਂ ਵਿਚੋਂ ਇਕ ਜੱਜ ਨੇ ਵਿਰੋਧੀ ਟਿੱਪਣੀ ਕੀਤੀ ਸੀ। ਉਸ ਜੱਜ ਦੀ ਰਾਇ ਮੁਤਾਬਕ ਪ੍ਰੋ. ਭੁੱਲਰ ਨੂੰ ਫ਼ਾਂਸੀ ਦੀ ਸਜ਼ਾ ਨਹੀਂ ਬਣਦੀ ਪਰ ਦੂਜੇ ਦੋ ਜੱਜਾਂ ਨੇ ਕਿਉਂਕਿ ਫ਼ਾਂਸੀ ਦੀ ਹੀ ਪੈਰਵੀ ਕੀਤੀ ਸੀ, ਇਸ ਲਈ ਬਹੁਮਤ ਦੇ ਆਧਾਰ 'ਤੇ ਫ਼ੈਸਲਾ ਫ਼ਾਂਸੀ ਦਾ ਹੋ ਗਿਆ। ਇਹ ਗੱਲ ਵੀ ਗੌਲਣ ਵਾਲੀ ਹੈ ਕਿ ਇਨ੍ਹਾਂ ਦੋ ਜੱਜਾਂ ਨੇ ਪ੍ਰੋ. ਭੁੱਲਰ ਨੂੰ ਫਾਂਸੀ ਦੇਣ ਦਾ ਆਧਾਰ ਗਵਾਹੀਆਂ ਨੂੰ ਨਹੀਂ, ਸਗੋਂ ਪ੍ਰੋ. ਭੁੱਲਰ ਦੇ ਉਸ ਇਕਬਾਲੀਆ ਬਿਆਨ ਨੂੰ ਬਣਾਇਆ ਜਿਸ ਬਾਰੇ ਬਾਅਦ ਵਿਚ ਪ੍ਰੋ. ਭੁੱਲਰ ਨੇ ਆਪ ਸਪਸ਼ਟ ਕਰ ਦਿੱਤਾ ਸੀ ਕਿ ਇਹ ਉਸ ਤੋਂ ਜ਼ਬਰਦਸਤੀ ਲਿਖਵਾਇਆ ਗਿਆ ਸੀ। ਹੁਣ ਉਸ ਦੀ ਅਪੀਲ ਰੱਦ ਹੋਣ ਨਾਲ ਗੱਲ ਫਿਰ ਫ਼ਾਂਸੀ ਨਾਲ ਜਾ ਜੁੜੀ ਹੈ। ਜੇ ਤਰਦੀ ਜਿਹੀ ਨਿਗ੍ਹਾ ਵੀ ਮਾਰੀਏ ਤਾਂ ਇਹੀ ਲੱਭਦਾ ਹੈ ਕਿ ਪੰਜਾਬ ਵਿਚ 1984 ਤੋਂ ਬਾਅਦ ਹੋਈਆਂ ਬਹੁਤੀਆਂ ਘਟਨਾਵਾਂ ਦੀ ਲੜੀ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਉਤੇ ਕੀਤੇ ਹਮਲੇ ਨਾਲ ਡੂੰਘੀ ਜੁੜੀ ਹੋਈ ਹੈ। ਪੰਜਵੀਂ ਪਾਤਸ਼ਾਹੀ ਦੇ ਸ਼ਹੀਦੀ ਪੁਰਬ ਮੌਕੇ ਹੋਈ ਇਹ ਉਹ ਘਟਨਾ ਸੀ ਜਿਸ ਨੇ ਸਿੱਖ ਮਨਾਂ ਨੂੰ ਘਾਇਲ ਅਤੇ ਪੀੜ-ਪੀੜ ਕਰ ਸੁੱਟਿਆ ਸੀ। ਇਹ ਪੀੜ ਇੰਨੀ ਡੂੰਘੀ ਅਤੇ ਦਰਦਨਾਕ ਹੈ ਕਿ ਇਹ ਜ਼ਖ਼ਮ ਅੱਜ 27 ਸਾਲ ਬਾਅਦ ਵੀ ਹਰੇ ਹਨ ਅਤੇ ਰਿਸ ਰਹੇ ਹਨ। ਇਸ ਇਕੱਲੀ ਘਟਨਾ ਨੇ ਸਿੱਖਾਂ ਦੇ ਦੁਖੀ ਮਨਾਂ ਅੰਦਰ ਰੋਹ ਦਾ ਭਾਂਬੜ ਬਾਲਿਆ। ਇਸ ਰੋਹ ਦਾ ਸਬੰਧ ਕਿਸੇ ਕਿਸਮ ਦੀ ਸਿਆਸਤ ਨਾਲ ਨਹੀਂ ਸੀ। ਹਾਂ, ਇਹ ਗੱਲ ਵੱਖਰੀ ਹੈ ਕਿ ਇਸ ਮਸਲੇ ਉਤੇ ਦਿੱਲੀ ਵਿਚ ਵੀ ਅਤੇ ਪੰਜਾਬ ਵਿਚ ਵੀ, ਰੱਜ ਕੇ ਸਿਆਸਤ ਕੀਤੀ ਗਈ। ਹੁਣ ਪ੍ਰੋ. ਭੁੱਲਰ ਦੇ ਮਾਮਲੇ ਵਿਚ ਵੀ ਸਿਆਸਤ ਦੀਆਂ ਗੋਟੀਆਂ ਹੀ ਘੁੰਮੀਆਂ ਹਨ।

ਅਸਲ ਵਿਚ ਦਿੱਲੀ ਦੀ ਸਿਆਸਤ ਵਿਚ ਇਕ ਵਰਗ ਅਜਿਹਾ ਹੈ ਜਿਸ ਦਾ ਦਾਰੋਮਦਾਰ ਪੰਜਾਬ ਦੀ ਸਿਆਸਤ ਹੈ। ਇਸ ਲਈ ਪੰਜਾਬ ਦੇ ਮਸਲਿਆਂ ਵਿਚ ਦਖ਼ਲ ਇਸ ਵਰਗ ਦੀ ਮਜਬੂਰੀ ਵੀ ਹੈ ਅਤੇ ਅਣਸਰਦੀ ਲੋੜ ਵੀ। ਦਹਾਕਿਆਂ ਤੋਂ ਇਹੀ ਸਿਆਸਤ ਚੱਲ ਰਹੀ ਹੈ ਅਤੇ ਪੰਜਾਬ ਸਿੱਧੇ ਤੌਰ 'ਤੇ ਇਸ ਦੀ ਮਾਰ ਹੇਠ ਹੈ। ਪਿਛਲੇ ਕੁਝ ਸਮੇਂ ਦੌਰਾਨ ਹੋਈਆਂ-ਵਾਪਰੀਆਂ ਘਟਨਾਵਾਂ ਗਵਾਹ ਹਨ ਕਿ ਪੰਜਾਬ ਨੂੰ ਬਲਦੀ ਦੇ ਮੂੰਹ ਰੱਖਣ ਵਾਲੀਆਂ ਧਿਰਾਂ ਕਿਸ-ਕਿਸ ਤਰ੍ਹਾਂ, ਸ਼ਤਰੰਜ ਦੀ ਚਾਲ ਚੱਲ ਰਹੀਆਂ ਹਨ। ਪੰਜਾਬ ਦੀਆਂ ਕੁਝ ਧਿਰਾਂ ਵੀ, ਜਾਣੇ-ਅਣਜਾਣੇ ਦਿੱਲੀ ਦੀ ਇਸ ਸ਼ਤਰੰਜੀ ਚਾਲ ਦਾ ਹਿੱਸਾ ਬਣ ਗਈਆਂ ਹਨ। ਪੰਜਾਬ ਦੀ ਕੋਈ ਵੀ ਧਿਰ ਇਨ੍ਹਾਂ ਚਾਲਾਂ ਨੂੰ ਸਮਝ ਨਹੀਂ ਸਕੀ/ਰਹੀ; ਇਸ ਦਾ ਟਾਕਰਾ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ। ਟਾਕਰਾ ਸਿਰਫ਼ ਇਕ ਸੂਰਤ ਵਿਚ ਹੀ ਹੋ ਸਕਦਾ ਹੈ ਕਿ ਸਿਆਸਤ ਛੱਡ ਕੇ ਸੱਚ, ਸੋਚ ਅਤੇ ਸਿੱਖੀ ਨੂੰ ਗਲ੍ਹ ਨਾਲ ਲਾਇਆ ਜਾਵੇ ਪਰ ਇਸ ਤਰ੍ਹਾਂ ਦੇ ਆਸਾਰ ਫ਼ਿਲਹਾਲ ਨਜ਼ਰੀਂ ਨਹੀਂ ਪੈ ਰਹੇ। ਪੰਜਾਬ ਲਈ ਇਹ ਡਾਢੇ ਫ਼ਿਕਰਾਂ ਵਾਲੀ ਗੱਲ ਹੈ।

ਮਸਲਾ ਸਿਰਫ਼ ਪ੍ਰੋ. ਭੁੱਲਰ ਦੀ ਫਾਂਸੀ ਦਾ ਜਾਂ ਉਸ ਨੂੰ ਬਚਾਉਣ ਦਾ ਨਹੀਂ ਹੈ। ਉਸ ਨੂੰ ਕਾਲ-ਕੋਠੜੀ ਵਿਚ ਰੱਖ ਕੇ ਨਿੱਤ ਮਾਰਿਆ ਜਾ ਰਿਹਾ ਹੈ। ਮਸਲਾ ਮਨਿੰਦਰਜੀਤ ਸਿੰਘ ਬਿੱਟਾ ਵਰਗਿਆਂ ਵੱਲੋਂ ਕੀਤੀ ਜਾ ਰਹੀ ਕੂੜ ਸਿਆਸਤ ਦੀ ਟੋਹ ਲਾਉਣ ਦਾ ਹੈ ਜਿਸ ਰਾਹੀਂ ਇਤਨੇ ਸਾਲਾਂ ਤੋਂ ਸੂਬੇ ਵਿਚ ਨਫ਼ਰਤ ਦਾ ਪ੍ਰਚਾਰ ਹੋ ਰਿਹਾ ਹੈ। ਪ੍ਰੋ. ਭੁੱਲਰ ਦੇ ਮਾਮਲੇ ਵਿਚ ਦੋ ਜੱਜਾਂ ਦਾ ਫ਼ੈਸਲਾ ਇਸੇ ਪ੍ਰਚਾਰ ਦੀ ਕੜੀ ਵਿਚ ਆਉਂਦਾ ਹੈ। ਪੰਜਾਬ ਦੇ ਧੀਆਂ-ਪੁੱਤਾਂ ਨੇ ਹੁਣ ਇਹ ਸੋਚਣਾ ਹੈ ਕਿ ਇਸ ਦੁਰ-ਪ੍ਰਚਾਰ ਦਾ ਤੋੜ ਕੀ ਅਤੇ ਕਿੰਜ ਦੇਣਾ ਹੈ। ਪੰਜਾਬ ਨੇ ਅਗਲੇ ਨੂੰ 'ਪਾਰ ਬੁਲਾਉਣ ਦਾ ਨਾਅਰਾ' ਵੀ ਲਾ ਕੇ ਦੇਖ ਲਿਆ ਹੈ, ਬਾਰੂਦ ਚਲਾ ਕੇ ਵੀ ਦੇਖ ਲਿਆ ਹੈ, ਹੁਣ ਪੰਜਾਬ 'ਪਾਰ ਲੰਘਾਉਣ ਵਾਲਿਆਂ' ਨੂੰ ਹਾਕਾਂ ਮਾਰ ਰਿਹਾ ਹੈ। ਪਾਰ ਬੁਲਾਉਣ ਦੇ ਨਾਅਰੇ ਨੇ ਤਾਂ ਸ਼ਾਇਦ ਹੀ ਕਦੀ ਪੰਜਾਬ ਦਾ ਕੁਝ ਸੰਵਾਰਿਆ ਹੋਵੇ, ਇਸ ਲਈ ਹੁਣ ਮੁੱਦਾ ਬੇੜਾ ਪਾਰ ਲੰਘਾਉਣ ਵਾਲਿਆਂ ਦਾ ਕਾਫ਼ਲਾ ਬਣਾਉਣ ਦਾ ਹੈ। ਇਹ ਤਾਂ ਹੀ ਸੰਭਵ ਹੈ ਜੇ ਸਿਆਸਤ ਦੀ ਸ਼ਤਰੰਜ ਛੱਡ ਕੇ, ਸਰਬੱਤ ਦੇ ਭਲੇ ਦੀ ਪਨਾਹ ਲਈ ਜਾਵੇ। ਗੁਰਾਂ ਦੇ ਨਾਂ ਉਤੇ ਵਸਦੇ ਪੰਜਾਬ ਨੂੰ ਗੁਰਾਂ ਦੇ ਹੁਣ ਇਸੇ ਸੁੱਚੇ ਸੰਦੇਸ਼ੇ ਦੀ ਲੋੜ ਹੈ। ਜੂਨ 1984 ਵਿਚ ਹੋਏ ਕਹਿਰ ਦੇ ਵਰ੍ਹੀਣੇ ਮੌਕੇ ਇਸ ਸੁੱਚੇ ਸੰਦੇਸ਼ੇ ਨੂੰ ਸੰਗਤ ਤੱਕ ਪਹੁੰਚਾਉਣ ਤੋਂ ਵਧੀਆ ਮੌਕਾ ਹੋਰ ਕੀ ਹੋ ਸਕਦਾ ਹੈ। ਅੱਜ ਲੋੜ ਇਸ ਸਮੁੱਚੇ ਹਾਲਾਤ ਉਤੇ ਨਜ਼ਰਸਾਨੀ ਦੀ ਵੀ ਹੈ। ਉਂਜ ਵੀ, ਜੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਉਤੇ ਹਮਲੇ ਦਾ ਬਦਲਾ ਲਿਆ ਜਾ ਚੁੱਕਾ ਹੈ ਜਿਸ ਤਰ੍ਹਾਂ ਅਕਸਰ ਪ੍ਰਚਾਰ ਕੀਤਾ ਜਾਂਦਾ ਹੈ, ਤਾਂ ਸਵਾਲ ਬਣਦਾ ਹੈ ਕਿ ਹੁਣ ਉਸ ਤੋਂ ਅਗਾਂਹ ਕਿਸ ਨੇ ਅਤੇ ਕਿਸ ਤਰ੍ਹਾਂ ਝਾਕਣਾ ਹੈ? ਕੋਈ ਜਣਾ ਅਗਾਂਹ ਤਾਂ ਹੀ ਝਾਕ ਸਕਦਾ ਹੈ, ਜਾਂ ਝਾਕ ਸਕਿਆ ਹੈ, ਜੇ ਤੁਹਾਡੇ ਕੋਲ ਕਰਨ-ਕਰਾਉਣ ਲਈ ਕੋਈ ਗੱਲ ਹੈ। ਇਸ ਤੋਂ ਉਰੇ-ਉਰੇ ਤਾਂ ਸਿਆਸਤ ਦੀਆਂ ਗੋਟੀਆਂ ਹਨ ਜੋ ਲਗਾਤਾਰ ਸੰਗਤ ਦੇ ਸਿਰਾਂ ਵਿਚ ਟਕੋਰ ਕਰ ਰਹੀਆਂ ਹਨ, ਸਿਰਾਂ ਨੂੰ ਸੋਚਣ ਵੱਲ ਨਹੀਂ ਮੋੜ ਰਹੀਆਂ। ਪੰਜਾਬ ਹੁਣ ਉਨ੍ਹਾਂ ਸਿਦਕੀਆਂ ਨੂੰ ਉਡੀਕ ਰਿਹਾ ਹੈ ਜਿਹੜੇ ਸੰਗਤ ਨੂੰ ਸੋਚਣ ਵਾਲੇ ਰਾਹ ਦੇ ਰਾਹੀ ਬਣਾਉਣ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲੁਟੇਰਿਆਂ ਦੀ ਲੋੜ!*

ਇੱਛਾ ਪੂਰੀਆਂ ਹੋਣ ਦੇ ਕਰਨ ਦਾਅਵੇ, ਬਾਬੇ ਸੈਂਕੜੇ ਜਟਾਂ ਖਿਲਾਰ ਬੈਠੇ।
ਦਿਲ ਟੁੰਬਵੀਂ ਵਰਤ ਸ਼ਬਦਾਵਲੀ ਨੂੰ, ਦੇਈ ਜਾਂਦੇ ਨੇ ਰੋਜ਼ ਇਸ਼ਤਿਹਾਰ ਬੈਠੇ।
ਚੰਗੇ ਭਲੇ ਪਰ ਕਰੀ ਪਖੰਡ ਜਾਂਦੇ, ਮਦਦ ਲੈਣ ਲਈ ਕਈ ਬਿਮਾਰ ਬੈਠੇ।
'ਗੁਰੂ ਮਾਨਿਓ ਗ੍ਰੰਥ ਜੀ' ਗਾਉਣ ਮੂੰਹੋਂ, ਧੰਦਾ ਧਰਮ ਦਾ ਕਰਨ ਵਿਉਪਾਰ ਬੈਠੇ।
ਜਿਹੜੇ ਜਾਣਦੇ ਅਸਲ ਹਕੀਕਤਾਂ ਨੂੰ, ਸੋਚੀਂ ਪਏ ਉਹ ਚੁਪ ਲਾਚਾਰ ਬੈਠੇ।
ਆਵੇ ਲੋਟੂ ਕੋਈ ਸਾਊ ਸ਼ਰੀਫ ਬਣ ਕੇ, ਲੁੱਟ ਹੋਣ ਲਈ ਲੋਕ ਤਿਆਰ ਬੈਠੇ!

# ਬੌਧਿਕ ਬੁਲੰਦੀ ਨਾਲ ਹੀ ਉਠਦਾ ਹੈ ਹੋਂਦ ਦਾ ਸਵਾਲ

**ਗੁਰਦਿਆਲ ਸਿੰਘ**

ਅੱਜ ਸਭ ਤੋਂ ਵੱਡਾ ਸਵਾਲ ਇਹ ਬਣਿਆ ਹੋਇਆ ਹੈ ਕਿ ਕੀ ਭਾਰਤੀ, ਪੱਛਮੀ ਕੌਮਾਂ ਨਾਲੋਂ ਕਮਜ਼ੋਰ ਹਨ, ਕਿ ਪੱਛਮ ਵਾਲੇ ਤਾਂ ਬਹੁਤ ਤਰੱਕੀ ਕਰ ਗਏ ਪਰ ਭਾਰਤੀ ਪਛੜਦੇ ਹੀ ਗਏ? ਸਵਾਲ ਸਾਧਾਰਨ ਨਹੀਂ, ਤੇ ਨਾ ਹੀ ਇਸ ਦਾ ਜਵਾਬ ਸਾਧਾਰਨ ਹੈ। ਬਹੁਤੇ ਪੜ੍ਹੇ-ਲਿਖੇ ਵੀ ਉਨ੍ਹਾਂ ਪਰੰਪਰਾਵਾਂ ਨੂੰ ਪ੍ਰਵਾਨ ਨਹੀਂ ਕਰਦੇ ਜਿਨ੍ਹਾਂ ਕਰਕੇ ਦੱਖਣੀ-ਪੂਰਬੀ ਦੇਸ਼ਾਂ ਦੇ ਲੋਕ ਪੱਛਮੀ ਦੇਸ਼ਾਂ ਤੋਂ ਪਛੜ ਗਏ ਪਰ ਇਤਿਹਾਸ ਬੜਾ ਜ਼ਾਲਮ ਹੈ; ਇਹ ਕੌਮਾਂ ਦੇ ਹੱਡੀਂ ਰਚਿਆ ਰਹਿੰਦਾ ਹੈ, ਤੇ ਇਹਦੇ ਅਸਰਾਂ ਦਾ ਪਤਾ ਵੀ ਨਹੀਂ ਲੱਗਦਾ। ਇਹ ਵੀ ਭਾਵੇਂ ਸੱਚਾਈ ਹੈ ਕਿ ਬਦਲਦੇ ਹਾਲਾਤ ਦੇ ਪ੍ਰਭਾਵ ਹਰ ਕੌਮ ਦੇ ਸੁਭਾਅ ਨੂੰ ਪ੍ਰਭਾਵਤ ਕਰਦੇ ਹਨ ਪਰ ਜੋ ਸੁਭਾਅ ਸਦੀਆਂ ਦੇ ਇਤਿਹਾਸ ਨੇ ਹੱਡੀਂ ਰਚਾ ਦਿੱਤਾ ਹੈ, ਉਹ ਅਚੇਤ ਹੀ ਪ੍ਰਭਾਵਤ ਕਰਦਾ ਰਹਿੰਦਾ ਹੈ। ਇਸ ਨੂੰ ਕੁਝ ਠੋਸ ਤੱਥਾਂ ਰਾਹੀਂ ਸਮਝਿਆ ਜਾ ਸਕਦਾ ਹੈ।

ਭਾਰਤ ਵਿਚ ਆਰੀਏ ਕਦੋਂ ਆਏ (ਕੁਝ ਕਹਿੰਦੇ ਹਨ ਕਿ ਉਹ ਬਾਹਰੋਂ ਨਹੀਂ ਆਏ, ਭਾਰਤ ਦੇ ਜੱਦੀ ਵਸਨੀਕ ਸਨ) ਪਰ ਇਤਿਹਾਸਕਾਰ ਇਸ ਤੱਥ 'ਤੇ ਸਹਿਮਤ ਹਨ ਕਿ ਪਾਕਿਸਤਾਨ ਦੇ ਪੱਛਮੀ ਇਲਾਕਿਆਂ ਵਿਚ, ਹੜੱਪਾ ਤੇ ਮੋਹੰਜੋਦੜੋ ਆਦਿ ਦੇ ਇਲਾਕਿਆਂ ਵਿਚ ਜੋ ਵੀ ਲੋਕ ਵਸਦੇ ਸਨ, ਉਨ੍ਹਾਂ ਦੇ ਰਹਿਣ ਦਾ ਪ੍ਰਮਾਣ, ਅੱਜ ਤੋਂ ਤਿੰਨ ਸਾਢੇ ਤਿੰਨ ਹਜ਼ਾਰ ਸਾਲ ਪਹਿਲਾਂ ਦਾ ਮਿਲਦਾ ਹੈ-ਭਾਵ ਸਿਕੰਦਰ ਦੇ ਹਮਲੇ ਤੋਂ ਹਜ਼ਾਰ ਕੁ ਸਾਲ ਪਹਿਲਾਂ ਦਾ। ਇਹ ਇਲਾਕਾ ਬਹੁਤ ਉਪਜਾਊ ਸੀ। ਚੰਗੀਆਂ ਫਸਲਾਂ ਵੀ ਹੁੰਦੀਆਂ ਸਨ ਤੇ ਜੰਗਲਾਂ 'ਚ ਘਾਹ-ਬੂਟ ਆਮ ਸੀ। ਦਰਿਆ ਬਾਰਾਂ ਮਹੀਨੇ ਵਗਦੇ ਰਹਿੰਦੇ ਸਨ। ਦੁੱਧ-ਘਿਓ ਇਸ ਲਈ ਆਮ ਸੀ। ਗਊਆਂ ਜੰਗਲ ਤੇ ਘਾਹ-ਬੂਟ ਨਾਲ ਰੱਜ ਕੇ ਆ ਜਾਂਦੀਆਂ ਤੇ ਸ਼ਾਮ-ਸਵੇਰ ਦੁੱਧ ਚੋਅ ਕੇ ਰੱਜਵਾਂ ਦੁੱਧ-ਘਿਓ ਖਾਧਾ-ਪੀਤਾ ਜਾ ਸਕਦਾ ਸੀ। ਬਹੁਤ ਮਿਹਨਤ-ਮੁਸ਼ੱਕਤ ਦੀ ਲੋੜ ਨਹੀਂ ਸੀ। ਫਸਲਾਂ ਲਈ ਖੇਤਾਂ ਦੀ ਵਾਹੀ-ਬਿਜਾਈ ਤੇ ਰਾਖੀ ਉਤੇ ਸਾਲ ਵਿਚੋਂ ਸਿਰਫ ਦੋ-ਤਿੰਨ ਮਹੀਨੇ ਕੰਮ ਕਰਕੇ ਬਾਕੀ ਸਾਰਾ ਸਮਾਂ ਲੋਕ ਵਿਹਲੇ ਰਹਿੰਦੇ। ਅਜਿਹੇ ਸਮਾਜ ਦੇ ਬੁੱਧੀਵਾਨ, ਦਰਿਆ ਵਿਚ ਇਸ਼ਨਾਨ ਕਰਕੇ ਸੰਘਣੇ ਰੁੱਖਾਂ ਦੀ ਛਾਵੇਂ ਬੈਠ ਕੇ ਧਰਤੀ ਤੇ ਆਕਾਸ਼ ਦਾ ਰਹੱਸ ਸਮਝਣ ਲਈ ਸੋਚਦੇ ਰਹਿੰਦੇ।

ਅਜਿਹੇ ਸੁਖਾਵੇਂ ਮਾਹੌਲ ਕਾਰਨ ਉਸ ਸਮੇਂ ਦੇ ਬੁੱਧੀਜੀਵੀਆਂ ਨੇ ਜੀਵਨ ਦੇ ਮੂਲ-ਆਧਾਰ ਸਮਝਣ ਦੀ ਕੋਸ਼ਿਸ਼ ਕੀਤੀ। ਇਸੇ ਕਾਰਨ ਵੇਦ, ਬ੍ਰਾਹਮਣ, ਉਪਨਿਸ਼ਦ ਤੇ ਸ਼ਾਸਤਰ ਰਚੇ ਗਏ। ਸੋਚ ਸਮਝ ਬਹੁਤ ਵਿਕਸਤ ਹੋਈ। ਇਹਦਾ ਠੋਸ ਪ੍ਰਮਾਣ ਇਹ ਹੈ ਕਿ ਇਨ੍ਹਾਂ ਬੁੱਧੀਵਾਨਾਂ ਦੇ ਰਚੇ ਜਾਂ ਸੰਕਲਿਤ ਕੀਤੇ ਖਟ-ਸ਼ਾਸਤਰਾਂ (ਜੀਵਨ ਦੇ ਰਹੱਸ ਨੂੰ ਸਮਝਣ ਦੇ ਛੇ ਸਿਧਾਂਤ) ਵਿਚ ਪਾਤੰਜਲੀ ਰਿਸ਼ੀ ਨੇ ਜੀਵਨ ਦੇ ਕੇਵਲ ਦੋ ਤੱਤ ਦੱਸੇ-ਦ੍ਰਿਸ਼ ਤੇ ਦ੍ਰਿਸ਼ਟਾ। ਦੂਸਰੇ ਪੰਜ ਰਿਸ਼ੀ ਮੁਨੀਆਂ ਨੇ ਇਸ ਤੋਂ ਵੱਖਰੇ (ਵੀਹ ਤੋਂ ਵੀ ਵਧੇਰੇ) ਤੱਤ ਦੱਸੇ। ਕਿਸ ਨੂੰ ਸਹੀ ਮੰਨਿਆ ਜਾਏ? ਮੁੱਖ ਸਵਾਲ ਇਹ ਨਹੀਂ। ਸਵਾਲ ਆਪੋ-ਆਪਣੀ ਬੁੱਧੀ ਅਨੁਸਾਰ ਜੀਵਨ ਦਾ ਰਹੱਸ ਜਾਨਣ ਦੇ ਯਤਨਾਂ ਦਾ ਹੈ।

ਇਸੇ ਰਮਣੀਕ ਖਿੱਤੇ ਤੇ ਕੁਦਰਤ ਦੀਆਂ ਮਿਹਰਾਂ ਵਾਲੇ ਇਲਾਕੇ ਤੋਂ ਇਹ ਲੋਕ ਗੰਗਾ ਦੇ ਕਿਨਾਰੇ ਅੱਗੇ ਵਧਦੇ ਗਏ। ਸਮਰਿਧੀ ਹੋਰ ਵਧਦੀ ਗਈ। ਈਸਵੀ ਸੰਨ ਦੇ ਸ਼ੁਰੂਆਤੀ ਸਮੇਂ ਅੰਦਰ ਰਾਜੇ-ਮਹਾਰਾਜੇ ਤੇ ਆਮ ਲੋਕ ਸੁਖ-ਰਹਿਣੇ ਹੁੰਦੇ ਗਏ। ਸਿਕੰਦਰ ਤੋਂ ਬਾਅਦ ਕਈ ਹੋਰ ਹਮਲਾਵਰ ਵੀ ਆਉਂਦੇ ਰਹੇ। ਭਾਰਤੀ ਲੋਕਾਂ ਨੂੰ ਵਰਣਾਸ਼ਰਮ ਅਨੁਸਾਰ ਚਾਰ ਵਰਣਾਂ ਵਿਚੋਂ ਸਿਰਫ ਕਸ਼ਤ੍ਰੀਆਂ ਨੂੰ ਯੁੱਧ-ਵਿਦਿਆ 'ਚ ਨਿਪੁੰਨ ਹੋਣ ਦਾ ਅਧਿਕਾਰ ਮਿਲਿਆ, ਬਾਕੀ ਤਿੰਨ ਜਾਤੀਆਂ ਨੂੰ ਸ਼ਸਤਰ ਵਿਦਿਆ ਦਾ ਅਧਿਕਾਰ ਨਾ ਹੋਣ ਕਾਰਨ ਪੋਰਸ ਤੋਂ ਲੈ ਕੇ 1947 ਤਕ ਭਾਰਤੀ ਲੋਕ ਹਮੇਸ਼ਾ ਛੋਟੇ-ਛੋਟੇ ਹਮਲਾਵਰਾਂ ਤੋਂ ਹਾਰਦੇ ਰਹੇ। ਕਾਰਨ ਦੋ ਹੀ ਸਨ, ਇਕ ਯੁੱਧ ਨੀਤੀ ਦੀ ਘਾਟ, ਤੇ ਦੂਜਾ ਕੁਦਰਤ ਦੀ ਮਿਹਰ ਕਾਰਨ ਸੁਖ ਭੋਗੀ ਹੋਣਾ।

ਦੂਜੇ ਪਾਸੇ ਪੱਛਮ ਦੇ ਲੋਕ ਅਤਿਅੰਤ ਸਰਦ ਮੌਸਮ ਵਿਚ ਜੀਵਨ ਬਿਤਾਉਣ ਕਾਰਨ, ਸਖਤ ਜਾਨ ਹੁੰਦੇ ਗਏ। ਯੂਰਪ ਦੇ ਦੇਸ਼ਾਂ ਵਿਚ, ਸਰਦੀ ਵਿਚ ਦਰਿਆ ਜੰਮ ਜਾਂਦੇ ਸਨ। ਸਭ ਰੁੱਖ-ਬੂਟੇ ਹਰਿਆਵਲ ਸਰਦੀ ਕਾਰਨ ਸੁੱਕ-ਸੜ ਜਾਂਦੀ। ਇੰਨੀ ਠੰਢ ਵਿਚ ਜਿਉਣ ਲਈ ਬੜੀਆਂ ਮੁਸ਼ਕਲਾਂ ਪੈਦਾ ਹੋ ਜਾਂਦੀਆਂ। ਦਰਿਆਵਾਂ ਦੇ ਉਤਲੇ ਹਿੱਸੇ 'ਤੇ ਜਮੀ ਬਰਫ ਨੂੰ ਭੰਨ ਕੇ ਹੇਠੋਂ ਪਾਣੀ ਕੱਢਣਾ ਪੈਂਦਾ ਸੀ। ਉਸ ਵਿਚੋਂ ਮੱਛੀਆਂ ਲੱਭ ਕੇ ਭੁੱਖ ਮਿਟਾਉਣੀ ਪੈਂਦੀ ਸੀ। ਜਿਹੜੇ ਦੇਸ਼ ਸਮੁੰਦਰ ਦੇ ਕੰਢਿਆਂ ਨਾਲ ਲਗਦੇ ਸਨ, ਉਨ੍ਹਾਂ ਨੇ ਜਿਉਂਦੇ ਰਹਿਣ ਲਈ ਸਮੁੰਦਰਾਂ ਦਾ ਸਫਰ ਸ਼ੁਰੂ ਕੀਤਾ ਤੇ ਫੇਰ ਬਾਹਰਲੀਆਂ ਧਰਤੀਆਂ ਤਕ ਪਹੁੰਚ ਕੇ ਪਛੜੇ ਹੋਏ ਦੇਸ਼ਾਂ ਦੀ 'ਅੰਧੀ-ਰਯਤਿ' ਨੂੰ ਗੁਲਾਮ ਬਣਾ ਕੇ ਜਿੰਨਾ ਵੀ ਲੁੱਟ ਸਕਦੇ ਸਨ, ਰੱਜ ਕੇ ਲੁੱਟਿਆ। ਅਕਹਿ ਜ਼ੁਲਮ ਕੀਤੇ।

ਅਜਿਹਾ ਮੰਦਾ ਹਾਲ ਹੀ ਅਰਬ ਦੇਸ਼ਾਂ ਦਾ ਰਿਹਾ। ਰੇਗਿਸਤਾਨ ਦੀ ਜ਼ਿੰਦਗੀ ਕਿਸੇ ਪੱਖੋਂ ਵੀ ਸੁਖਾਵੀਂ ਨਹੀਂ ਹੁੰਦੀ। ਕਿਧਰੇ ਵੀ ਕੁਦਰਤ ਮਿਹਰਬਾਨ ਨਹੀਂ ਸੀ। ਦੂਰ-ਦੂਰ ਤਕ ਪਾਣੀ ਨਹੀਂ ਸੀ ਮਿਲਦਾ। ਬਹੁਤ ਥੋੜ੍ਹੀ ਧਰਤੀ ਹੁੰਦੀ ਜਿੱਥੇ ਲੋਕ ਭੇਡਾਂ-ਬੱਕਰੀਆਂ ਚਾਰ ਕੇ ਤੇ ਉਨ੍ਹਾਂ ਦੀ ਉਨ ਦੇ ਗਲੀਚੇ ਆਦਿ ਬਣਾ ਕੇ ਦੁਰਾਡੇ ਇਲਾਕਿਆਂ ਵਿਚ ਵੇਚ ਕੇ ਗੁਜ਼ਾਰਾ ਕਰਦੇ ਸਨ। ਉਠਾਂ 'ਤੇ ਲੰਮਾ ਸਫਰ ਸੌਖਾ ਨਹੀਂ ਸੀ ਹੁੰਦਾ।

ਇਹ ਤੱਥ ਵੀ ਦਿਲਚਸਪ ਹੈ ਕਿ ਦੁਨੀਆਂ ਦੇ ਦੋ ਧਰਮਾਂ ਦਾ ਵਿਕਾਸ ਲਗਭਗ ਇਕੋ (ਨੇੜਲੇ) ਇਲਾਕਿਆਂ ਵਿਚ ਹੋਇਆ, ਤੇ ਇਹ ਧਰਮ (ਇਸਾਈ ਤੇ ਇਸਲਾਮ) ਪਾਣੀ ਉਤੇ ਤੇਲ ਵਾਂਗ ਫੈਲ ਗਏ। ਏਸ਼ੀਆ ਦੇ ਵਧੇਰੇ ਮੁਲਕਾਂ ਵਿਚ ਪਹਿਲਾਂ ਇਸਲਾਮ ਫੈਲਿਆ, ਤੇ ਉਸ ਤੋਂ ਮਗਰੋਂ ਇਨ੍ਹਾਂ ਕੋਲੋਂ ਏਸ਼ੀਆ ਤੇ ਅਫਰੀਕਾ ਦੇ ਲਗਭਗ ਸਾਰੇ ਇਲਾਕੇ ਇਸਾਈ ਧਰਮ ਦੇ ਪੈਰੋਕਾਰ ਯੂਰਪ ਦੇ ਗੋਰਿਆਂ ਨੇ ਖੋਹ ਲਏ। ਇਨ੍ਹਾਂ ਦੋਵੇਂ ਖਿੱਤਿਆਂ ਵਿਚ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋਏ ਇਲਾਕੇ ਵਿਚ ਰਹਿਣ ਵਾਲੇ ਲੋਕ ਬਹੁਤ ਸਖਤ ਜਾਨ ਬਣ ਚੁੱਕੇ ਸਨ। ਜਿਉਂਦੇ ਰਹਿਣ ਲਈ ਕੁਦਰਤ ਦੀ ਕਰੋਪੀ (ਅਤਿਅੰਤ ਕਠਿਨ ਤੇ ਮੰਦੇ ਹਾਲਾਤ) ਨੇ ਇਨ੍ਹਾਂ ਵਿਚ ਜਿਉਂਦੇ ਰਹਿਣ ਲਈ, ਸਰੀਰਾਂ ਤੇ ਦਿਮਾਗਾਂ ਦਾ ਇੰਨਾ ਵਿਕਾਸ ਕੀਤਾ ਕਿ ਬਾਬਰ, ਭਾਰਤ ਵਰਗੇ ਦੇਸ਼ ਉਤੇ ਹਮਲਾ ਕਰਨ ਲਈ ਸਿਰਫ ਵੀਹ-ਪੰਝੀ ਹਜ਼ਾਰ ਫੌਜੀ ਲੈ ਕੇ ਆਇਆ, ਪਰ ਅੰਗਰੇਜ਼ਾਂ ਦੇ ਆਉਣ ਤਕ ਤਿੰਨ ਸਦੀਆਂ ਉਸ ਦੀ ਔਲਾਦ ਨੇ ਕਰੋੜਾਂ ਭਾਰਤੀਆਂ 'ਤੇ ਰਾਜ ਕੀਤਾ। ਫੇਰ 6-7 ਹਜ਼ਾਰ ਮੀਲ ਸਮੁੰਦਰ ਹੰਘਾਲ ਕੇ ਅੰਗਰੇਜ਼ ਆਏ ਤੇ 6-7 ਸੌ ਰਾਜਿਆਂ ਦੀਆਂ ਆਪੋ-ਵਿਚਲੀਆਂ ਲੜਾਈਆਂ ਨਾਲ ਬਰਬਾਦ ਹੋਈ ਯੁੱਧ-ਸ਼ਕਤੀ ਨੂੰ ਸਿਰਫ ਇਕ ਲੱਖ ਤੋਂ ਘੱਟ ਅੰਗਰੇਜ਼ਾਂ ਨੇ ਸਿੱਧੇ-ਅਸਿੱਧੇ ਢੰਗਾਂ ਨਾਲ ਕਰੋੜਾਂ ਭਾਰਤੀਆਂ ਨੂੰ ਪਸ਼ੂਆਂ ਵਾਂਗ ਗੁਲਾਮ ਬਣਾਈ ਰੱਖਿਆ। ਭਾਰਤ ਦੀ ਆਜ਼ਾਦੀ ਸਿਰਫ ਕਾਂਗਰਸ ਜਾਂ ਹੋਰ ਪਾਰਟੀਆਂ ਦੇ ਅੰਦੋਲਨਾਂ ਨਾਲ ਹੀ ਨਹੀਂ ਸੀ ਆਈ, ਦੂਸਰੇ ਸੰਸਾਰ-ਯੁੱਧ ਕਾਰਨ ਹਿਟਲਰ ਦੀਆਂ ਫੌਜਾਂ ਨੇ ਅੰਗਰੇਜ਼ਾਂ ਦੀ ਯੁੱਧ-ਸ਼ਕਤੀ ਤੇ ਦੁਨੀਆਂ ਦੇ ਬਹੁਤੇ ਦੇਸ਼ਾਂ ਨੂੰ ਗੁਲਾਮ ਰੱਖਣ ਲਈ ਰਾਜ ਪ੍ਰਬੰਧ ਦੀ ਸਮਰੱਥਾ ਹੀ ਤਬਾਹ ਕਰ ਦਿੱਤੀ ਸੀ। ਕਾਰਨ ਇਹ ਵੀ ਸਨ ਕਿ ਕੋਲੰਬਸ ਦੇ ਅਮਰੀਕਾ ਲੱਭਣ ਪਿੱਛੋਂ, ਏਸ਼ੀਆ ਦੇ ਦੇਸ਼ ਵੀ ਅਠਾਰ੍ਹਵੀਂ-ਉਨ੍ਹੀਵੀਂ ਸਦੀ ਵਿਚ ਗੁਲਾਮੀ ਤੋਂ ਤੰਗ ਆ ਕੇ ਸੁਚੇਤ ਹੋਣ ਲੱਗ ਪਏ ਸਨ। ਉਜ ਆਜ਼ਾਦੀ ਦੀ ਸਿੱਖਿਆ ਵੀ ਪੱਛਮੀ ਦੇਸ਼ਾਂ ਤੋਂ ਆਈ। ਮਿਸਾਲ ਵਜੋਂ ਭਾਰਤ ਦੀ ਗਦਰ ਲਹਿਰ ਦੀ ਸ਼ੁਰੂਆਤ ਵੀ ਕੈਨੇਡਾ ਤੇ ਅਮਰੀਕਾ ਤੋਂ ਪ੍ਰਭਾਵਤ ਸੀ।

ਭਾਰਤ, ਅਰਬ ਦੇਸ਼ ਅਤੇ ਯੂਰਪ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਫਰਕ ਇਹੋ ਸੀ ਕਿ ਮਨੁੱਖ ਦੇ ਜਿਉਂਦੇ ਰਹਿਣ ਲਈ ਜਿੰਨਾ ਵੀ ਵਧੇਰੇ ਸੰਘਰਸ਼ ਕਰਨਾ ਪਿਆ, ਉਸੇ ਕਾਰਨ ਉਨ੍ਹਾਂ ਖਿੱਤਿਆਂ ਦੇ ਲੋਕ ਸਖਤ ਜਾਨ ਹੁੰਦੇ ਗਏ। ਆਪਣੇ ਕਸ਼ਟਦਾਇਕ ਹਾਲਾਤ ਕਰਕੇ ਹੀ ਉਨ੍ਹਾਂ ਨੇ ਰੇਗਿਸਤਾਨ ਪਾਰ ਕੀਤੇ ਤੇ ਸਮੁੰਦਰ ਹੰਘਾਲੇ ਅਤੇ ਭਾਰਤ ਵਰਗੇ ਦੇਸ਼ਾਂ ਦੇ ਲੋਕਾਂ ਨੇ ਸੌਖੇ ਹਾਲਾਤ ਵਿਚ ਸਿਰਫ ਨਹਾ-ਧੋ ਕੇ, ਦੁੱਧ-ਘਿਓ ਖਾ-ਪੀ ਕੇ ਸੁਖ-ਰਹਿਣੀਆਂ ਕੌਮਾਂ ਨੂੰ ਗੁਲਾਮ ਬਣਾ ਲਿਆ।

ਇਹ ਵੀ ਸੱਚਾਈ ਹੈ ਕਿ ਵਕਤ ਬਦਲਣ ਨਾਲ ਗੁਲਾਮ ਕੌਮਾਂ ਨੂੰ ਹੋਸ਼ ਆਈ ਤੇ ਉਨ੍ਹਾਂ ਨੇ ਵੀ ਜਿਉਂਦੇ ਰਹਿਣ ਲਈ ਯਤਨ ਕਰਨੇ ਸ਼ੁਰੂ ਕੀਤੇ ਪਰ ਅਜਿਹੀਆਂ ਕੌਮਾਂ ਵੀ ਪਛੜੀਆਂ ਹੋਈਆਂ ਹਨ ਕਿਉਂਕਿ ਆਧੁਨਿਕ ਯੁੱਗ ਦਾ ਸਾਰਾ ਵਿਗਿਆਨ, ਯੁੱਧ-ਸ਼ਕਤੀ ਤੇ ਰਾਜ ਪ੍ਰਬੰਧ ਦੇ ਸਭ ਢੰਗ-ਤਰੀਕੇ, ਯੂਰਪ ਦੀਆਂ ਕੌਮਾਂ ਨੇ ਹੀ ਵਿਕਸਤ ਕੀਤੇ, ਪਛੜੀਆਂ (ਤੇ ਸੁਖ ਰਹਿਣੀਆਂ) ਕੌਮਾਂ ਨੇ ਜੋ ਕੁਝ ਸਿੱਖਿਆ ਤੇ ਸਮਰਿਧੀ ਦੇ ਸਾਧਨ ਪੈਦਾ ਕੀਤੇ, ਉਹ ਸਾਰੇ ਯੂਰਪ ਦੀਆਂ ਕੌਮਾਂ ਤੋਂ ਸਿੱਖੇ। ਕੁਦਰਤੀ ਹੈ ਕਿ ਉਸਤਾਦ, ਸ਼ਾਗਿਰਦ ਨਾਲੋਂ ਹਮੇਸ਼ਾ ਵਧੇਰੇ ਸਿਆਣਾ ਤੇ ਤੇਜ਼ ਦਿਮਾਗ ਹੁੰਦਾ ਹੈ। ਜੇ ਅਸੀਂ ਆਪਣੇ ਹੀ ਦੇਸ਼ ਦੀ ਮਿਸਾਲ ਲਈਏ ਤਾਂ ਸਾਡੀ ਫੌਜ ਦੀ ਪੂਰੀ ਬਣਤਰ ਅੱਜ ਵੀ ਉਹ ਹੈ ਜੋ ਅੰਗਰੇਜ਼ ਸਿਖਾ ਕੇ ਗਏ। ਵਰਦੀਆਂ ਤੋਂ ਹਥਿਆਰਾਂ ਤੇ ਟਰੇਨਿੰਗ ਤਕ ਸਭ ਕੁਝ ਅੰਗਰੇਜ਼ਾਂ ਦੀ ਦੇਣ ਹਨ। ਆਜ਼ਾਦੀ ਤੋਂ ਪਹਿਲਾਂ ਜਿਹੜੇ ਭਾਰਤੀ ਬਰਤਾਨੀਆ ਪੜ੍ਹ ਕੇ ਆਉਂਦੇ ਸਨ, ਉਨ੍ਹਾਂ ਨੂੰ 'ਇੰਗਲੈਂਡ ਰਿਟਰਨ' ਕਹਿ ਕੇ ਸਭ ਤੋਂ ਇੱਜ਼ਤਦਾਰ ਤੇ ਸਿਆਣੇ ਕਿਹਾ ਜਾਂਦਾ ਸੀ। ਵਿਦਿਅਕ ਪ੍ਰਬੰਧ ਹੋਵੇ ਜਾਂ ਰਾਜ ਪ੍ਰਬੰਧ, ਵਪਾਰ ਤੇ ਉਦਯੋਗ ਦਾ ਹਰ ਢੰਗ; ਜਾਂ ਤਾਂ ਅਸੀਂ ਅੰਗਰੇਜ਼ਾਂ ਤੋਂ ਸਿੱਖਿਆ ਹੈ ਜਾਂ ਯੂਰਪੀ ਕੌਮਾਂ ਤੋਂ। ਆਧੁਨਿਕ ਢੰਗ ਦੇ ਹਥਿਆਰ, ਜੰਗੀ ਜਹਾਜ਼ ਤੇ ਹੈਲੀਕਾਪਟਰ ਤਕ ਜਾਂ ਯੂਰਪ ਦੇ ਦੇਸ਼ਾਂ ਤੋਂ ਖਰੀਦਦੇ ਹਾਂ ਜਾਂ ਉਨ੍ਹਾਂ ਦੀ ਤਕਨਾਲੋਜੀ ਵਰਤ ਕੇ ਬਣਾਉਂਦੇ ਹਾਂ।

ਸਭ ਤੋਂ ਵੱਡਾ ਭੁਲੇਖਾ ਅਸੀਂ ਜਾਂ ਸਾਡੇ ਵਰਗੇ ਹੋਰ ਏਸ਼ੀਆਈ ਦੇਸ਼ਾਂ ਦੇ ਬੁੱਧੀਜੀਵੀਆਂ ਨੇ ਜੋ ਜਾਣਿਆ (ਜਾਂ ਸੋਚਿਆ) ਹੈ, ਉਹ ਇਹੋ ਹੈ ਕਿ, 'ਸੰਸਾਰ ਹੁਣ ਪਿੰਡ ਬਣ ਚੁਕਿਆ ਹੈ' ਵਿਸ਼ਵੀਕਰਨ (ਗਲੋਬਲਾਈਜ਼ੇਸ਼ਨ) ਇਸ ਭੁਲੇਖੇ ਦਾ ਦੂਜਾ ਨਾਂ ਹੈ। ਇਹ ਭਰਮ ਉਨ੍ਹਾਂ ਹੀ ਯੂਰਪੀ ਦੇਸ਼ਾਂ ਨੇ ਫੈਲਾਇਆ ਹੈ ਜੋ ਪਹਿਲਾਂ ਸਾਨੂੰ ਗੁਲਾਮ ਬਣਾ ਕੇ ਸਿੱਧੇ ਲੁੱਟਦੇ-ਮਾਰਦੇ ਰਹੇ, ਹੁਣ ਹਰ ਆਧੁਨਿਕ ਖੇਤਰ 'ਚ ਵਿਕਾਸ ਦੇ ਨਾਂ 'ਤੇ ਬਾਜ਼ਾਰਵਾਦ ਰਾਹੀਂ, ਗੁੱਝੇ ਢੰਗਾਂ ਨਾਲ ਲੁੱਟਣ ਲੱਗੇ ਹੋਏ ਹਨ। 'ਆਜ਼ਾਦੀ' ਦੇ ਮਖੌਟੇ ਵਿਚ ਲੁਕੀ ਬਾਜ਼ਾਰਵਾਦ ਦੀ ਗੁਲਾਮੀ ਨੂੰ ਆਪਣੇ ਪਛੜੇ ਇਤਿਹਾਸ ਤੇ ਕਮਜ਼ੋਰੀਆਂ ਕਾਰਨ ਸਾਡੇ ਨੇਤਾ, ਪਾਰਟੀਆਂ ਇਹੋ ਸਮਝੀ ਜਾਂਦੇ ਹਨ ਕਿ 'ਗਲੋਬਲਾਈਜ਼ੇਸ਼ਨ' ਹੀ ਸਾਡੇ ਵਿਕਾਸ ਦਾ ਆਧਾਰ ਹੈ। ਸੱਚਾਈ ਇਹ ਹੈ ਕਿ ਅਸੀਂ ਅੱਜ ਉਨ੍ਹਾਂ ਯੂਰਪੀਅਨ ਕੌਮਾਂ ਦੇ ਅਸਿੱਧੇ ਗੁਲਾਮ ਹਾਂ ਜਿਨ੍ਹਾਂ ਦੇ ਪਹਿਲਾਂ ਸਿੱਧੇ ਗੁਲਾਮ ਸਾਂ।

ਸਵਾਲ ਕੌਮਾਂ ਦੇ ਫਰਕ ਤੋਂ ਸ਼ੁਰੂ ਕੀਤਾ ਪਰ ਬਹੁਤੀਆਂ ਦਲੀਲਾਂ ਯੂਰਪੀ ਕੌਮਾਂ ਦੀਆਂ ਦਿੱਤੀਆਂ ਹਨ। ਇਸਲਾਮ ਦਾ ਵੀ ਜ਼ਿਕਰ ਆਇਆ ਕਿ ਉਨ੍ਹਾਂ ਨੂੰ ਰੇਗਿਸਤਾਨਾਂ ਦੀਆਂ ਮੁਸ਼ਕਲਾਂ ਨੇ ਸਖਤ ਜਾਨ ਬਣਾ ਦਿੱਤਾ, ਤਦੇ ਉਹ ਇਸਲਾਮ ਦੇ ਆਰੰਭ ਹੋਣ ਤੋਂ ਤਿੰਨ-ਚਾਰ ਸਦੀਆਂ ਅੰਦਰ ਹੀ, ਭਾਰਤ ਤੇ ਏਸ਼ੀਆ ਦੇ ਦੇਸ਼ਾਂ ਉਤੇ ਛਾ ਗਏ। ਭਾਰਤ ਦੇ ਸਿੰਧ ਇਲਾਕੇ ਵਿਚ, ਸੱਤਵੀਂ ਸਦੀ ਵਿਚ ਹੀ ਉਨ੍ਹਾਂ ਦੇ ਹਮਲੇ ਸ਼ੁਰੂ ਹੋ ਗਏ ਸਨ।

ਇਸਲਾਮੀ ਦੇਸ਼ ਭਾਵੇਂ ਪੱਛਮੀ ਦੇਸ਼ਾਂ ਤੋਂ, ਆਧੁਨਿਕ ਖੇਤਰਾਂ ਵਿਚ ਪਛੜ ਗਏ ਪਰ ਅੱਜ ਵੀ ਉਹ ਸਖਤ ਜਾਨ ਹਨ। ਹੁਣ ਮਿਸਰ ਤੋਂ ਸ਼ੁਰੂ ਹੋਈ ਬਗ਼ਾਵਤ ਲਗਭਗ ਜੰਗਲ ਦੀ ਅੱਗ ਵਾਂਗ ਬਹੁਤੇ ਅਰਬ ਦੇਸ਼ਾਂ ਵਿਚ ਫੈਲ ਰਹੀ ਹੈ। ਲਿਬੀਆ ਦਾ ਡਿਕਟੇਟਰ ਗੱਦਾਫੀ ਅੜਿਆ ਹੋਇਆ ਹੈ ਪਰ ਉਹਦੀ ਹਕੂਮਤ ਨੂੰ ਤਬਾਹ ਕਰਨ ਲਈ ਅਮਰੀਕਾ ਤੇ ਨਾਟੋ ਦੇ ਦੇਸ਼ ਧੱਕੇ ਨਾਲ ਹੀ ਉਹਦੇ ਟਿਕਾਣੇ ਤਬਾਹ ਕਰਨ ਲੱਗ ਪਏ ਹਨ। ਆਮ ਬੰਦੇ ਨੂੰ ਇਸ ਗੁੰਝਲ ਦੀ ਸਮਝ ਨਹੀਂ ਆਉਂਦੀ ਕਿ ਯੂਰਪੀ ਦੇਸ਼ ਅਚਾਨਕ ਗੱਦਾਫੀ ਦੇ ਖ਼ਿਲਾਫ਼ ਕਿਉਂ ਹੋ ਗਏ? ਇਹ ਕੋਈ ਗੁੰਝਲ ਨਹੀਂ। ਇਰਾਕ ਉਤੇ ਅਮਰੀਕੀ ਹਮਲਿਆਂ ਅਤੇ ਸੱਦਾਮ ਹੁਸੈਨ ਨੂੰ ਫਾਂਸੀ ਚਾੜ੍ਹਨ ਦਾ ਕਾਰਨ, ਉਸ ਦੇਸ਼ ਦੇ ਤੇਲ ਦੀ ਲੁੱਟ ਸੀ। ਇਹੋ ਕਾਰਨ ਲਿਬੀਆ ਤੇ ਹੋਰ ਅਰਬ ਦੇਸ਼ਾਂ ਉਤੇ ਹਮਲਿਆਂ ਦਾ ਹੈ। ਜਦੋਂ ਲਿਬੀਆ ਦੇ ਬਾਗ਼ੀ ਲੋਕ, ਹੌਲੀ-ਹੌਲੀ ਗੱਦਾਫੀ ਦੀ ਹਕੂਮਤ ਨੂੰ ਹਰਾ ਰਹੇ ਹਨ ਤਾਂ ਸੁਭਾਵਿਕ ਹੈ ਕਿ ਉਹ ਤੇਲ ਦੇ ਖੂਹ ਵੀ ਆਪਣੇ ਕਬਜ਼ੇ ਵਿਚ ਕਰ ਰਹੇ ਹਨ। ਯੂਰਪ ਤੇ ਅਮਰੀਕਾ ਨੂੰ ਤੇਲ ਦੀ ਸਭ ਤੋਂ ਵੱਧ ਲੋੜ ਹੈ। ਇਸ ਲਈ ਜਿਹੜੇ ਵੀ ਲੋਕ ਤੇਲ ਦੇ ਖੂਹਾਂ 'ਤੇ ਕਾਬਜ਼ ਹੋਣਗੇ, ਯੂਰਪ ਤੇ ਅਮਰੀਕਾ ਉਨ੍ਹਾਂ ਦੀ ਸਹਾਇਤਾ ਕਰੇਗਾ।

ਕੌਮਾਂ ਦੇ ਕਿਰਦਾਰ, ਉਨ੍ਹਾਂ ਦੀ ਸ਼ਕਤੀ, ਆਰਾਮਪ੍ਰਸਤੀ ਜਾਂ ਸਖਤ ਜਾਨ ਹੋਣ ਦੇ ਕਾਰਨ ਅੱਜ ਵੀ ਕਾਇਮ ਹਨ, ਭਾਵੇਂ ਉਨ੍ਹਾਂ ਦਾ ਰੂਪ ਪੁਰਾਣੇ ਸਮੇਂ ਵਾਲਾ ਨਹੀਂ ਰਿਹਾ ਪਰ ਮਾਨਸਿਕਤਾ ਦੇ ਆਧਾਰ ਅੱਜ ਵੀ ਕਾਇਮ ਹਨ। ਇਸ ਗੁੰਝਲਦਾਰ ਸਮੱਸਿਆ ਨੂੰ ਜੇ ਸਮਝ ਵੀ ਲਿਆ ਜਾਵੇ ਤਾਂ ਵੀ ਫਰਕ ਨਹੀਂ ਪੈਂਦਾ। ਪਛੜੇ (ਸੁਖ ਰਹਿਣੇ) ਦੇਸ਼ ਦੀ ਤੇ ਸਖ਼ਤ-ਜਾਨ ਕੌਮਾਂ ਦੀ ਮਾਨਸਿਕਤਾ ਸ਼ਾਇਦ ਇੱਕੀਵੀਂ ਸਦੀ ਵਿਚ ਕੁਝ ਬਦਲ ਸਕੇ ਕਿਉਂਕਿ ਇਹ ਲੋਕ (ਕੌਮਾਂ) ਅਜਿਹੀਆਂ ਮੁਸ਼ਕਲਾਂ-ਮੁਸੀਬਤਾਂ ਵਿਚ ਘਿਰਦੇ ਜਾ ਰਹੇ ਹਨ ਕਿ ਆਪਣੀ ਮਾਨਸਿਕਤਾ ਨੂੰ ਬਦਲੇ ਬਿਨਾਂ ਤੇ ਹੱਥ-ਪੈਰ ਮਾਰੇ ਬਿਨਾਂ ਉਨ੍ਹਾਂ ਦਾ ਵਜੂਦ ਹੀ ਖਤਰੇ ਵਿਚ ਪੈ ਜਾਣਾ ਹੈ।

ਸਵਾਲ ਇਕੋ ਹੈ: ਜਿਉਂਦੇ ਰਹਿਣ ਦੀ ਚਾਹ। ਇਸੇ ਅਧੀਨ ਹਮੇਸ਼ਾ ਮਨੁੱਖ ਜਿਉਂਦੇ ਰਹਿਣ ਲਈ ਆਪਣੇ ਸਰੀਰ ਤੇ ਦਿਮਾਗ ਦੀ ਵਰਤੋਂ ਕਰਦਾ ਰਿਹਾ ਹੈ ਤੇ ਜਦੋਂ ਤਕ ਇਹਦਾ ਵਜੂਦ ਕਾਇਮ ਹੈ, ਉਹਨੂੰ ਜਿਉਂਦੇ ਰਹਿਣ ਲਈ ਹਰ ਯਤਨ ਕਰਨਾ ਪਵੇਗਾ। ਇਹੋ ਅਜਿਹੀ ਗੋਝ ਹੈ ਜਿਸ ਨੂੰ ਸਮਝੇ ਬਿਨਾਂ ਸੰਸਾਰ ਵਿਚ ਵਾਪਰ ਰਹੀਆਂ ਤਬਦੀਲੀਆਂ ਤੇ ਘਟਨਾਵਾਂ ਨੂੰ ਨਹੀਂ ਸਮਝਿਆ ਜਾ ਸਕਦਾ।

# ਚੁਰਾਸੀ ਦੇ ਸਵਾਲ ਅਤੇ 'ਅੰਤਿਮ ਸੱਚ'

**ਦਲਜੀਤ ਅਮੀ**



ਪਿਛਲੇ ਤਿੰਨ ਦਹਾਕਿਆਂ ਵਿਚ 1984 ਭਾਰਤ ਦੇ ਇਤਿਹਾਸ ਨੂੰ ਫ਼ੈਸਲਾਕੁਨ ਮੋੜ ਦੇਣ ਵਾਲਾ ਸਾਲ ਹੈ। ਦਰਬਾਰ ਸਾਹਿਬ ਉੱਤੇ 'ਅਪਰੇਸ਼ਨ ਬਲੂ ਸਟਾਰ' ਤਹਿਤ ਫ਼ੌਜੀ ਕਾਰਵਾਈ ਤੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਅਤੇ ਉਸ ਤੋਂ ਬਾਅਦ ਹੋਏ ਕਤਲੇਆਮ ਤੱਕ ਦੇ ਸਮੇਂ ਨੂੰ ਸਮਝਣ ਲਈ ਹਾਲੇ ਤੱਕ ਸੋਚ-ਵਿਚਾਰ ਚੱਲ ਰਹੀ ਹੈ ਅਤੇ ਇਸ ਦੇ ਅੱਗੇ ਚੱਲਦੇ ਰਹਿਣ ਦੀ ਸੰਭਾਵਨਾ ਹੈ। ਇਸ ਸਾਲ ਹਰਿਆਣਾ ਦੇ ਪਿੰਡ ਹੋਂਦ ਚਿੱਲੜ ਦੇ ਹਵਾਲੇ ਨਾਲ ਲਗਾਤਾਰ ਬਹਿਸ ਭਖੀ ਰਹੀ। ਸਮੁੱਚੀ ਚਰਚਾ ਇਸ ਨੁਕਤੇ ਦੁਆਲੇ ਘੁੰਮਦੀ ਰਹੀ ਕਿ 1984 ਦੇ ਸਿੱਖ ਕਤਲੇਆਮ ਦੀਆਂ ਹੋਂਦ ਚਿੱਲੜ ਵਰਗੀਆਂ ਕੜੀਆਂ ਨਜ਼ਰਅੰਦਾਜ਼ ਕਿਵੇਂ ਹੋ ਗਈਆਂ? ਇਸ ਦੇ ਨਾਲ ਹੀ ਇਨਸਾਫ਼, ਮੁਆਵਜ਼ੇ ਅਤੇ ਮੁੜ-ਬਹਾਲੀ ਦੇ ਮਸਲੇ ਨਵੇਂ ਸਿਰੇ ਤੋਂ ਸਾਹਮਣੇ ਆਏ। ਪਿਛਲੇ ਦਿਨੀਂ ਇਸੇ ਕਤਲੇਆਮ ਦੀ ਸ੍ਰੀਨਗਰ ਕੜੀ ਸਾਹਮਣੇ ਆਈ।

ਇਸ ਨਜ਼ਰਅੰਦਾਜ਼ੀ ਦੀ ਵਿਆਖਿਆ ਇਹ ਰਹੀ ਹੈ ਕਿ ਵੱਡੇ ਕਤਲੇਆਮ ਕਾਰਨ ਦੂਰ-ਦੁਰਾਡੇ ਹੋਈਆਂ ਘਟਨਾਵਾਂ ਤਫ਼ਸੀਲ ਨਾਲ ਚਰਚਾ ਦਾ ਵਿਸ਼ਾ ਨਹੀਂ ਬਣ ਸਕੀਆਂ। ਜੇ ਇਹ ਚਰਚਾ ਵਿਚ ਆਈਆਂ ਵੀ ਤਾਂ ਪਾਠਕਾਂ ਜਾਂ ਦਰਸ਼ਕਾਂ ਤੋਂ ਨਜ਼ਰਅੰਦਾਜ਼ ਹੋ ਗਈਆਂ ਕਿਉਂਕਿ ਵੱਡੀਆਂ ਘਟਨਾਵਾਂ ਨੇ ਅਖ਼ਬਾਰਾਂ, ਰਸਾਲਿਆਂ ਅਤੇ ਟੈਲੀਵਿਜ਼ਨ ਉੱਤੇ ਜ਼ਿਆਦਾ ਥਾਂ ਮੱਲ ਲਈ। ਪੱਤਰਕਾਰੀ ਦੇ ਪੈਂਤੜੇ ਤੋਂ ਇਸ ਦਲੀਲ ਨੂੰ ਕੁਝ ਹੱਦ ਤੱਕ ਪ੍ਰਵਾਨ ਵੀ ਕੀਤਾ ਜਾ ਸਕਦਾ ਹੈ ਪਰ ਜੇ ਨਜ਼ਰਅੰਦਾਜ਼ੀ ਦਾ ਆਲਮ ਪੱਤਰਕਾਰੀ ਤੋਂ ਵਡੇਰਾ ਹੈ ਤਾਂ ਸਵਾਲ ਕੁਝ ਹੋਰ ਹਨ। ਅਧੂਰੇ ਅਤੇ ਚੋਣਵੇਂ ਤੱਥ ਵੱਖ-ਵੱਖ ਕਾਰਨਾਂ ਕਰ ਕੇ ਕਈ ਧਿਰਾਂ ਨੂੰ ਮੁਆਫਕ ਆਉਂਦੇ ਹਨ। ਇਸ ਨਜ਼ਰਅੰਦਾਜ਼ੀ ਉੱਤੇ ਸਿਆਸਤ, ਧਰਮ ਅਤੇ ਰਾਜਤੰਤਰ ਦੇ ਪੱਖ ਤੋਂ ਨਜ਼ਰਸਾਨੀ ਬਹੁਤ ਜ਼ਰੂਰੀ ਬਣਦੀ ਹੈ।

ਰਾਜੀਵ ਗਾਂਧੀ ਦਾ ਬਦਨਾਮ ਬਿਆਨ "ਜਦੋਂ ਵੱਡਾ ਦਰਖ਼ਤ ਡਿਗਦਾ ਹੈ ਤਾਂ ਧਰਤੀ ਹਿੱਲਦੀ ਹੈ", ਇਸੇ ਹਵਾਲੇ ਨਾਲ ਨਜ਼ਰਸਾਨੀ ਦੀ ਮੰਗ ਕਰਦਾ ਹੈ। ਜਦੋਂ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਵੱਡੀਆਂ ਘਟਨਾਵਾਂ ਦੀਆਂ ਛੋਟੀਆਂ ਕੜੀਆਂ ਨਜ਼ਰਅੰਦਾਜ਼ ਹੋ ਜਾਂਦੀਆਂ ਹਨ ਤਾਂ ਇਸ ਬਿਆਨ ਦੀ ਅਹਿਮੀਅਤ ਵਧ ਜਾਂਦੀ ਹੈ। ਰਾਜੀਵ ਗਾਂਧੀ, ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦੇ ਕਤਲੇਆਮ ਨੂੰ ਵੱਡੀ ਘਟਨਾ ਦੀ ਛੋਟੀ ਕੜੀ ਵਜੋਂ ਵੇਖਦਾ ਹੈ। ਇਸੇ ਤਰ੍ਹਾਂ ਹੋਂਦ ਚਿੱਲੜ ਜਾਂ ਸ੍ਰੀਨਗਰ ਦੀਆਂ ਕੜੀਆਂ ਦਿੱਲੀ ਦੇ ਕਤਲੇਆਮ ਦੇ ਨਿਗੂਣੇ ਹਿੱਸੇ ਤੱਕ ਮਹਿਦੂਦ ਹੋ ਜਾਂਦੀਆਂ ਹਨ। ਅਜਿਹੀਆਂ ਘਟਨਾਵਾਂ ਦਾ ਅਸਰ ਫੌਰੀ ਜਾਨੀ-ਮਾਲੀ ਨੁਕਸਾਨ ਜਾਂ ਕਾਰਨਾਂ ਤੱਕ ਮਹਿਦੂਦ ਨਹੀਂ ਹੁੰਦਾ। ਇਹ ਸਮਾਜ ਦੀ ਸੋਚ, ਸੱਭਿਆਚਾਰ, ਜੀਵਨ-ਸ਼ੈਲੀ, ਕਦਰਾਂ-ਕੀਮਤਾਂ, ਵਰਤੋਂ-ਵਿਹਾਰ ਅਤੇ ਭਵਿੱਖ ਦੀ ਨਕਸ਼-ਤਰਾਸ਼ੀ ਉੱਤੇ ਅਸਰਅੰਦਾਜ਼ ਹੁੰਦੀਆਂ ਹਨ। ਇਨ੍ਹਾਂ ਪੱਖਾਂ ਦਾ ਅਧਿਐਨ ਤਾਂ ਲਗਾਤਾਰ ਹੁੰਦਾ ਰਹਿੰਦਾ ਹੈ ਪਰ ਤੱਥਾਂ ਦੀਆਂ ਨਿਰਪੱਖ ਗਵਾਹੀਆਂ ਨੂੰ ਦਰਜ ਕਰਨਾ ਅਹਿਮ ਹੁੰਦਾ ਹੈ। ਇਸ ਹਵਾਲੇ ਨਾਲ 1984 ਦਾ ਘਟਨਾਕ੍ਰਮ ਹਾਲੇ ਵੀ ਤੱਥ-ਮੁਖੀ ਤੇ ਬਹੁ-ਪਸਾਰੀ ਅਧਿਐਨ ਦੀ ਮੰਗ ਕਰਦਾ ਹੈ ਜਦੋਂ ਕਿ ਵਿਆਖਿਆ-ਮੁਖੀ ਅਧਿਐਨ ਲਗਾਤਾਰ 'ਅੰਤਿਮ ਸੱਚ' ਦਾ ਐਲਾਨ ਕਰ ਰਹੇ ਹਨ।

ਹੋਂਦ ਚਿੱਲੜ ਬਾਬਤ ਚਰਚਾ ਦਾ ਧੁਰਾ ਮੁਆਵਜ਼ੇ, ਮੁੜ-ਬਹਾਲੀ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੇ ਜਾਣ ਦੇ ਦੁਆਲੇ ਘੁੰਮਿਆ ਹੈ। ਇਹ ਇਨਸਾਫ਼ ਲਈ ਅਹਿਮ ਮਸਲੇ ਹਨ। ਅਜਿਹੇ ਮਸਲੇ ਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਠੋਸ ਪੇਸ਼ਬੰਦੀਆਂ ਇਨਸਾਫ਼ ਦਾ ਦੂਜਾ ਪਰ ਚਿਰਕਾਲੀ ਪੜਾਅ ਹਨ। ਹੋਂਦ ਚਿੱਲੜ ਬਾਬਤ ਇਸ ਪੱਖੋਂ ਭਾਵੇਂ ਚਰਚਾ ਨਹੀਂ ਹੋਈ ਪਰ ਇਸ ਪੱਖ ਦੀ ਅਹਿਮੀਅਤ ਉਘੜ ਆਈ ਹੈ ਕਿ ਜੇ ਮਾਰ ਦਾ ਘੇਰਾ ਵਸੀਹ ਹੈ ਤਾਂ ਪੇਸ਼ਬੰਦੀਆਂ ਦਾ ਘੇਰਾ ਵੀ ਮੋਕਲਾ ਹੋਣਾ ਚਾਹੀਦਾ ਹੈ। ਹੁਣ ਤੱਕ ਚਰਚਾ ਦਾ ਹਿੱਸਾ ਜ਼ਾਹਿਰ ਤੱਥ ਜਾਂ ਜਿਸਮਾਨੀ ਫੱਟ ਹੀ ਰਹੇ ਹਨ, ਤਹਿ ਵਿਚ ਪਏ ਤੱਥ ਗ਼ੈਰ-ਹਾਜ਼ਰ ਹਨ। ਸਮੁੱਚੇ ਕਤਲੇਆਮ ਨੂੰ ਘਟਾ ਕੇ ਪੇਸ਼ ਕਰਨਾ ਭਾਰਤੀ ਸਿਆਸੀ ਜਮਾਤ ਦੀ ਸਿਆਸਤ ਦਾ ਹਿੱਸਾ ਰਿਹਾ ਹੈ। ਇਸ ਨੂੰ 'ਦੰਗਿਆਂ' ਤੋਂ 'ਕਤਲੇਆਮ' ਵਜੋਂ ਦਰਜ ਹੋਣ ਵਿਚ ਹੀ ਕਈ ਸਾਲ ਲੱਗ ਗਏ। ਇਤਿਹਾਸ ਵਿਚ ਅਜਿਹੀਆਂ ਮਿਸਾਲਾਂ ਹਨ ਜਦੋਂ ਕਤਲੇਆਮ ਦੀਆਂ ਚੋਣਵੀਆਂ ਘਟਨਾਵਾਂ ਨਾਲ ਸਿਆਸੀ ਧਾਰਨਾ ਪੇਸ਼ ਕਰਨ ਨੂੰ ਤਰਜੀਹ ਦਿੱਤੀ ਗਈ ਪਰ ਮਾਰ ਦੇ ਘੇਰੇ ਨੂੰ ਸਮਝਣ ਦਾ ਉਪਰਾਲਾ ਨਹੀਂ ਕੀਤਾ ਗਿਆ। ਨਾਜ਼ੀਆਂ ਦੇ ਕਤਲੇਆਮ ਨੂੰ ਯਹੂਦੀਆਂ ਤੱਕ ਘਟਾ ਕੇ ਪੇਸ਼ ਕਰਨਾ ਨਾਜ਼ੀਆਂ, ਅਮਰੀਕੀ ਧੜੇ ਅਤੇ ਯਹੂਦੀਆਂ ਦੀ ਸਿਆਸਤ ਨੂੰ



*ਇਹ ਤਸਵੀਰ ਉਸ ਵੇਲੇ ਦੀ ਹੈ, ਜਿਸ ਦਿਨ ਦਿੱਲੀ ਦੇ ਹਾਕਮਾਂ ਨੇ ਜੂਨ '84 ਦੇ ਸਾਕੇ ਪਿੱਛੋਂ ਸੰਗਤ ਨੂੰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਦਿੱਤੇ ਸਨ। ਦਰਸ਼ਨੀ ਡਿਓੜੀ 'ਚ ਖੜ੍ਹਾ ਫੋਟੋਗ੍ਰਾਫ਼ਰ ਯੋਗ ਜੌਇ ਆਪਣੇ ਕੈਮਰੇ ਰਾਹੀਂ ਸਾਨੂੰ ਸੰਗਤ ਦੇ ਦਰਸ਼ਨ ਕਰਵਾ ਰਿਹਾ ਹੈ। ਸੰਗਤ ਜਲ੍ਹਿਆਂਵਾਲੇ ਬਾਗ ਵਾਲੇ ਪਾਸਿਓਂ ਹੱਸਦੀ ਜਦ ਦਰਸ਼ਨੀ ਡਿਓੜੀ ਲੰਘੀ ਤਾਂ ਇਨ੍ਹਾਂ ਤਬਾਹੀ ਦੇਖ ਕੇ ਰੋਣ ਲੱਗ ਜਾਣਾ ਹੈ।*

ਵੱਖਰੇਵਿਆਂ ਦੇ ਬਾਵਜੂਦ ਰਾਸ ਆਉਂਦਾ ਸੀ। ਨਾਜ਼ੀਆਂ ਦੀ ਮਾਰ ਵਿਚ ਆਏ ਜਰਮਨ ਦੇ ਗ਼ੈਰ-ਯਹੂਦੀ ਅਤੇ ਤਸ਼ੱਦਦ ਕੇਂਦਰਾਂ ਵਿਚ ਮਾਰੇ ਗਏ ਪੂਰਬੀ ਯੂਰਪੀ ਮੁਲਕਾਂ ਦਾ ਸ਼ਹਿਰੀਆਂ ਨੂੰ 'ਵੱਡੀ ਘਟਨਾ ਦੀਆਂ ਛੋਟੀਆਂ ਕੜੀਆਂ' ਦੀ ਦਲੀਲ ਤਹਿਤ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਇਨ੍ਹਾਂ ਨਜ਼ਰਅੰਦਾਜ਼ ਹੋਈਆਂ ਕੜੀਆਂ ਵਿਚੋਂ ਜੋ ਸਿਆਸੀ ਰੁਝਾਨ ਨਜ਼ਰ ਆਉਂਦਾ ਹੈ ਤਕਰੀਬਨ ਉਸੇ ਦਾ ਪ੍ਰਗਟਾਵਾ 1984 ਦੀਆਂ ਘਟਨਾਵਾਂ ਦੀ ਵੱਖ-ਵੱਖ ਧਿਰਾਂ ਵੱਲੋਂ ਕੀਤੀ ਪੇਸ਼ਕਾਰੀ ਵਿਚੋਂ ਵੀ ਹੁੰਦਾ ਹੈ।

ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਉੱਤੇ ਕੀਤੀ ਫ਼ੌਜੀ ਕਾਰਵਾਈ ਨੂੰ ਬਲੂ ਸਟਾਰ ਦਾ ਨਾਮ ਦਿੱਤਾ। ਹਾਲੇ ਤੱਕ ਬਲੂ ਸਟਾਰ ਦਾ ਤਰਜਮਾ ਤਾਂ ਸਾਕਾ ਨੀਲਾ ਤਾਰਾ ਵਜੋਂ ਹੋਇਆ ਹੈ ਪਰ ਉਸ ਦੀਆਂ ਫੌਰੀ ਅਤੇ ਮੁਕਾਮੀ ਤੰਦਾਂ ਦਾ ਸਿਆਸੀ ਤੇ ਰਾਜ-ਤੰਤਰੀ ਤਾਣੇ-ਬਾਣੇ ਨਾਲ ਗੁੰਝਲਦਾਰ ਰਿਸ਼ਤਾ ਵਿਆਖਿਆਕਾਰਾਂ ਨੇ ਨਜ਼ਰਅੰਦਾਜ਼ ਕੀਤਾ ਹੈ ਜਾਂ ਚੋਣਵੇਂ ਤੱਥਾਂ ਨਾਲ ਆਪਣੀ ਸਿਆਸੀ ਧਾਰਨਾ ਨੂੰ ਰੂੜ੍ਹ ਕਰਨ ਨੂੰ ਤਰਜੀਹ ਦਿੱਤੀ ਹੈ। ਇਸ ਕਾਰਵਾਈ ਨੂੰ ਮਹਿਜ਼ ਨਫ਼ਰਤ ਦਾ ਸਿੱਟਾ ਕਰਾਰ ਦੇ ਕੇ ਆਪਣੀ ਨਫ਼ਰਤ-ਮੁਖੀ ਸਿਆਸਤ ਨੂੰ ਅੱਗੇ ਵਧਾਉਣਾ, ਵਿਦੇਸ਼ੀ ਮਾਇਕ ਸਰਪ੍ਰਸਤੀ ਨਾਲ ਚੱਲਦੀ 'ਵਿਦਵਤਾ-ਮੁਹਿੰਮ' ਦਾ ਟੀਚਾ ਰਿਹਾ ਹੈ। ਉਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲਦੀ ਸਿਆਸਤ ਅਤੇ ਫ਼ੌਜੀ ਕਾਰਵਾਈ ਦੀ ਲੋਕ ਮਨ ਨੂੰ ਵੱਜੀ ਠੇਸ ਸਪਸ਼ਟ ਨਿਖੇੜੇ ਦੀ ਮੰਗ ਕਰਦੀ ਹੈ। ਸਰਕਾਰੀ ਤਸ਼ੱਦਦ ਅਤੇ ਦਹਿਸ਼ਤ ਦੇ ਬਾਵਜੂਦ ਬਲੂ ਸਟਾਰ ਅਪਰੇਸ਼ਨ ਵਿਰੁਧ ਰੋਹ ਫੌਰੀ ਤੌਰ ਉੱਤੇ ਦਰਜ ਹੋਇਆ। ਸੰਦੀਪ ਕੌਰ ਨੇ ਆਪਣੀ ਕਿਤਾਬ 'ਬਿਖੜੇ ਪੈਂਡੇ' ਵਿਚ ਉਸ ਪੀੜ ਦੀ ਗਵਾਹੀ ਦਰਜ ਕੀਤੀ ਹੈ। ਪੀੜ ਦਾ ਪੱਛਿਆ ਪਿੰਡ ਆਪਣੀ ਮਾਸੂਮੀਅਤ ਵਿਚੋਂ ਨਿਕਲਣ ਲਈ ਉਪਰਾਲਾ ਕਰਦਾ ਹੈ। ਇਹੋ ਮਾਸੂਮੀਅਤ ਅਗਲੇ ਸਾਲਾਂ ਵਿਚ ਦੋਹਰੀ ਦਹਿਸ਼ਤ ਦਾ ਸ਼ਿਕਾਰ ਹੁੰਦੀ ਹੈ। ਇਸੇ ਦੀ ਕੜੀ ਅਪਰੇਸ਼ਨ ਬਲੂ ਸਟਾਰ ਤੋਂ ਬਾਅਦ ਛਾਉਣੀਆਂ ਵਿਚੋਂ ਭੱਜਣ ਵਾਲੇ ਸਿੱਖ ਫ਼ੌਜੀ ਸਨ। ਉਸ ਵੇਲੇ ਕਿੰਨੇ ਸਿੱਖ ਫ਼ੌਜੀ ਗੋਲੀ ਦਾ ਸ਼ਿਕਾਰ ਹੋਏ, ਇਸ ਦਾ ਕੋਈ ਠੋਸ ਅਧਿਐਨ ਹਾਲੇ ਤੱਕ ਨਹੀਂ ਹੋਇਆ। ਜਾਰਜ ਫਰਨਾਂਡਿਸ ਨੇ ਕੇਂਦਰ ਰੱਖਿਆ ਮੰਤਰੀ ਵਜੋਂ ਐਲਾਨ ਕੀਤਾ ਸੀ ਕਿ ਛਾਉਣੀਆਂ ਵਿਚੋਂ ਭੱਜਣ ਵਾਲੇ ਫ਼ੌਜੀਆਂ ਦੀ ਮੁੜ-ਬਹਾਲੀ ਕਰ ਦਿੱਤੀ ਗਈ ਹੈ। ਉਨ੍ਹਾਂ ਨੇ ਅੰਕੜੇ ਜਾਰੀ ਕੀਤੇ ਸਨ ਕਿ ਕਿੰਨੇ ਫ਼ੌਜੀ ਅਨੁਸ਼ਾਸਨ ਤੋੜਨ ਦੇ ਦੋਸ਼ੀ ਸਨ। ਇਹ ਵੀ ਦੱਸਿਆ ਗਿਆ ਕਿ ਕਿੰਨੇ ਫ਼ੌਜ, ਕਿੰਨੇ ਨੀਮ-ਫ਼ੌਜੀ ਬਲਾਂ ਅਤੇ ਕਿੰਨੇ ਹੋਰ ਮਹਿਕਮਿਆਂ ਵਿਚ ਮੁੜ-ਬਹਾਲ ਕੀਤੇ ਗਏ। ਜੇ ਇਨ੍ਹਾਂ ਅੰਕੜਿਆਂ ਦੀ ਭਰੋਸੇਯੋਗਤਾ ਉੱਤੇ ਕੋਈ ਸਵਾਲ ਨਾ ਕੀਤਾ ਜਾਵੇ ਤਾਂ ਵੀ ਕੁਝ ਤੱਥ ਸਰਕਾਰ ਦੀ ਨੀਅਤ ਉੱਤੇ ਸ਼ੱਕ ਨੂੰ ਪੱਕਾ ਕਰਨ ਲਈ ਕਾਫ਼ੀ ਹਨ। ਸਵਾਲ ਇਹ ਹੈ ਕਿ

***(ਬਾਕੀ ਸਫਾ 24 'ਤੇ)***

# 1984 ਦੇ ਘਟਨਾਕ੍ਰਮ ਦਾ ਧਿਆਨ ਧਰੀਏ

**ਹਰਬੀਰ ਸਿੰਘ ਭੰਵਰ**

ਅਕਸਰ ਹਰ ਦੇਸ਼ ਜਾਂ ਕੌਮ ਉਤੇ ਕਦੀ ਨਾ ਕਦੀ ਕੋਈ ਵੱਡੀ ਬਿਪਤਾ ਆ ਪੈਂਦੀ ਹੈ ਜਿਸ ਦਾ ਸਬੰਧਤ ਦੇਸ਼ ਜਾਂ ਕੌਮ ਵੱਲੋਂ ਆਪਣੇ ਵਿੱਤ ਤੇ ਸਮਰੱਥਾ ਅਨੁਸਾਰ ਮੁਕਾਬਲਾ ਕੀਤਾ ਜਾਂਦਾ ਹੈ ਅਤੇ ਮੁੜ ਪੁਰਾਣੀ ਸ਼ਾਨ ਬਹਾਲ ਕੀਤੀ ਜਾਂਦੀ ਹੈ।



ਆਪਣੇ ਜਨਮ ਦੇ ਪਹਿਲੇ ਸਾਲਾਂ ਤੋਂ ਹੀ ਸਿੱਖ-ਪੰਥ ਨੂੰ ਕਈ ਵਾਰ ਕਈ ਆਫ਼ਤਾਂ ਦਾ ਮੁਕਾਬਲਾ ਕਰਨਾ ਪਿਆ ਹੈ। ਹਰ ਬਿਪਤਾ ਸਮੇਂ, ਹਰ ਹਨੇਰੀ ਸਮੇਂ ਉਹ ਇਨ੍ਹਾਂ ਹਾਲਾਤ ਦਾ ਸਾਹਮਣਾ ਕਰਦੇ ਰਹੇ ਹਨ ਅਤੇ ਹਰ ਵਾਰੀ 'ਫਰਸ਼' ਤੋਂ ਉਠ ਕੇ ਪਹਿਲਾਂ ਨਾਲੋਂ ਤਕੜੇ ਹੋ ਕੇ 'ਅਰਸ਼' ਤੱਕ ਪਹੁੰਚਦੇ ਰਹੇ ਹਨ। ਅਠਾਰ੍ਹਵੀਂ ਸਦੀ ਵਿਚ ਜਦੋਂ ਉਨ੍ਹਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ, ਤਾਂ ਉਨ੍ਹਾਂ ਨੂੰ ਬਹੁਤ ਸਮਾਂ ਜੰਗਲਾਂ ਵਿਚ ਰਹਿਣਾ ਪਿਆ। ਛੋਟੇ ਤੇ ਵੱਡੇ ਘਲੂਘਾਰਿਆਂ ਜਿਨ੍ਹਾਂ ਵਿਚ ਹਜ਼ਾਰਾਂ ਹੀ ਸਿੰਘ ਮਾਰੇ ਗਏ, ਤੋਂ ਬਾਅਦ ਵੀ ਉਹ ਹਾਲਾਤ ਦਾ ਮੁਕਾਬਲਾ ਕਰਦੇ ਹੋਏ ਨਵੇਂ ਸਿਰੇ ਤੋਂ ਜਥੇਬੰਦ ਹੋ ਕੇ ਖੜ੍ਹੇ ਹੁੰਦੇ ਰਹੇ ਹਨ। ਮਿਸਲਾਂ ਵੱਲੋਂ ਛੋਟੇ-ਛੋਟੇ ਰਾਜ ਬਣਾਉਣ ਤੋਂ ਲੈ ਕੇ ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਸ਼ਕਤੀਸ਼ਾਲੀ ਖਾਲਸਾ ਰਾਜ ਕਾਇਮ ਕੀਤਾ।

ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉਤੇ ਫੌਜੀ ਹਮਲਾ ਅਤੇ ਪਿਛੋਂ ਨਵੰਬਰ 84 ਦੇ ਸਿੱਖ ਕਤਲੇਆਮ ਸਮੇਤ ਸਾਰਾ ਦੁਖਦਾਈ ਘਟਨਾਕ੍ਰਮ ਸੰਸਾਰ ਭਰ ਦੇ ਸਿੱਖਾਂ ਲਈ ਵੀਹਵੀਂ ਸਦੀ ਦਾ ਸਭ ਤੋਂ ਵੱਡਾ ਦੁਖਾਂਤ ਹੈ ਜਿਸ ਨੇ ਸਿੱਖ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਝੰਜੋੜ ਦਿੱਤਾ। ਇਸ ਹਮਲੇ ਪਿੱਛੋਂ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੇ ਫਿਰ ਉਨ੍ਹਾਂ ਦੇ ਉਤਰਾਧਿਕਾਰੀ ਤੇ ਪੁੱਤਰ ਰਾਜੀਵ ਗਾਂਧੀ ਵੱਲੋਂ ਆਮ ਸਿੱਖਾਂ ਨੂੰ 'ਆਤੰਕਵਾਦੀ' ਤੇ 'ਵੱਖਵਾਦੀ' ਕਰਾਰ ਦੇ ਕੇ ਰੇਡੀਓ ਤੇ ਦੂਰਦਰਸ਼ਨ ਨੈਟਵਰਕ ਸਮੇਤ ਸਰਕਾਰੀ ਮਾਧਿਅਮਾਂ ਰਾਹੀਂ ਬੜਾ ਹੀ ਗੁੰਮਰਾਹਕੁਨ ਤੇ ਜ਼ਹਿਰੀਲਾ ਪ੍ਰਚਾਰ ਕੀਤਾ ਗਿਆ ਜਿਸ ਕਾਰਨ ਆਮ ਸਿੱਖਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਣ ਲੱਗਾ।

ਅੱਜ ਇਸ ਦੁਖਾਂਤ ਨੂੰ ਵਾਪਰਿਆਂ 27 ਸਾਲ ਹੋਣ ਲੱਗੇ ਹਨ। ਹੁਣ ਸਾਰੇ ਹਾਲਾਤ 'ਤੇ ਠੰਢੇ ਦਿਮਾਗ਼ ਨਾਲ ਡੂੰਘੀ ਸੋਚ ਵਿਚਾਰ ਕਰਨ ਦੀ ਲੋੜ ਹੈ, ਤਾਂ ਜੋ ਅਸੀਂ ਸਾਰੇ ਘਟਨਾਕ੍ਰਮ ਤੋਂ ਕੋਈ ਸਬਕ ਲੈ ਸਕੀਏ ਤਾਂ ਕਿ ਅਜਿਹਾ ਦੁਖਾਂਤ ਫਿਰ ਕਦੀ ਨਾ ਵਾਪਰੇ। ਇਹ ਹਕੀਕਤ ਹੈ ਕਿ ਇਸ ਦੁਖਾਂਤ ਲਈ ਵਧੇਰੇ ਕਰਕੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜ਼ਿੰਮੇਵਾਰ ਸਨ। ਅਕਾਲੀ ਦਲ ਵੱਲੋਂ ਆਪਣੀਆਂ ਕੁਝ ਮੰਗਾਂ ਨੂੰ ਲੈ ਕੇ 'ਧਰਮ ਯੁੱਧ' ਮੋਰਚਾ ਚਲਾਇਆ ਜਾ ਰਿਹਾ ਸੀ। ਕੋਈ ਵੀ ਮੰਗ ਅਜਿਹੀ ਨਹੀਂ ਸੀ ਜੋ ਦੇਸ਼ ਦੇ ਸੰਵਿਧਾਨ ਦੇ ਬਾਹਰ ਹੋਵੇ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਖ਼ਤਰਾ ਹੋਵੇ। ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਸਰਕਾਰ ਅਤੇ ਕੁਝ ਵਿਰੋਧੀ ਪਾਰਟੀਆਂ ਵੱਖਵਾਦੀ ਕਰਾਰ ਦੇ ਰਹੀਆਂ ਸਨ। ਇਸ ਮਤੇ ਰਾਹੀਂ ਅਕਾਲੀ ਕੇਵਲ ਪੰਜਾਬ ਲਈ ਨਹੀਂ, ਸਗੋਂ ਦੇਸ਼ ਦੇ ਸਾਰੇ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਕਰ ਰਹੇ ਸਨ। ਦੇਸ਼ ਦੀਆਂ ਕਈ ਹੋਰ ਪਾਰਟੀਆਂ ਵੀ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਕਰਦੀਆਂ ਆ ਰਹੀਆਂ ਹਨ। ਫਿਰ ਸਰਕਾਰ ਨੇ ਵੀ ਇਸ ਮੰਗ 'ਤੇ ਵਿਚਾਰ ਕਰਨ ਲਈ ਸਰਕਾਰੀਆ ਕਮਿਸ਼ਨ ਵੀ ਬਣਾ ਦਿੱਤਾ ਸੀ। ਮੋਰਚੇ ਦੌਰਾਨ ਸਰਕਾਰ ਨੇ ਕਈ ਵਾਰੀ ਆਪਣੇ ਏਲਚੀਆਂ ਜਾਂ ਵਜ਼ੀਰਾਂ ਰਾਹੀਂ ਅਕਾਲੀ ਆਗੂਆਂ ਨਾਲ ਗੱਲਬਾਤ ਕੀਤੀ, ਅਕਸਰ ਗੱਲ ਸਮਝੌਤੇ ਨੇੜੇ ਅੱਪੜਦੀ ਤਾਂ ਸ੍ਰੀਮਤੀ ਗਾਂਧੀ ਆਪਣਾ ਰੁਖ਼ ਬਦਲ ਲੈਂਦੇ। ਦਰਅਸਲ ਉਹ ਮੋਰਚਾ ਲਮਕਾ ਕੇ ਇਸ ਨੂੰ ਅਸਫ਼ਲ ਕਰਨਾ ਚਾਹੁੰਦੇ ਸਨ, ਤੇ ਸਿੱਖਾਂ ਦਾ ਹਊਆ ਖੜ੍ਹਾ ਕਰਕੇ ਅਗਲੀਆਂ ਚੋਣਾਂ ਜਿੱਤਣਾ ਚਾਹੁੰਦੇ ਸਨ, ਜੋ ਪਿੱਛੋਂ ਉਨ੍ਹਾਂ ਦੇ ਪੁੱਤਰ ਰਾਜੀਵ ਗਾਂਧੀ ਨੇ ਜਿੱਤੀਆਂ। ਜੋ ਪੰਜਾਬ ਸਮਝੌਤਾ ਸ੍ਰੀ ਰਾਜੀਵ ਗਾਂਧੀ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਕੀਤਾ, ਉਹ ਸ੍ਰੀਮਤੀ ਗਾਂਧੀ ਵੀ ਕਰ ਸਕਦੇ ਸਨ। ਇਹ ਗੱਲ ਵੱਖਰੀ ਹੈ ਕਿ ਉਸ ਸਮਝੌਤੇ ਉਤੇ ਵੀ ਸਰਕਾਰ ਨੇ ਕੋਈ ਅਮਲ ਨਹੀਂ ਕੀਤਾ।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਉਤੇ ਫੌਜੀ ਹਮਲੇ ਲਈ ਮੁੱਖ ਤੌਰ 'ਤੇ ਸ੍ਰੀਮਤੀ ਗਾਂਧੀ ਜ਼ਿੰਮੇਵਾਰ ਸਨ, ਜਿਸ ਦੀ ਕੀਮਤ ਉਨ੍ਹਾਂ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ। ਤਸਵੀਰ ਦਾ ਦੂਸਰਾ ਪੱਖ ਵੀ ਹੈ, ਉਹ ਇਹ ਕਿ ਉਸ ਸਮੇਂ ਦੇ ਅਕਾਲੀ ਆਗੂ, ਸਿੱਖ ਧਾਰਮਿਕ ਆਗੂ, ਬੁੱਧੀਜੀਵੀ ਤੇ ਲੇਖਕ ਵੀ ਕੁਝ ਹੱਦ ਤੱਕ ਇਸ ਦੁਖਾਂਤ ਲਈ ਜ਼ਿੰਮੇਵਾਰ ਹਨ। ਇਹ ਪਹਿਲਾ ਅਕਾਲੀ ਮੋਰਚਾ ਹੈ ਜੋ ਬੁਰੀ ਤਰ੍ਹਾਂ ਅਸਫ਼ਲ ਹੋਇਆ। ਸਿੱਖਾਂ ਦਾ ਕਾਫ਼ੀ ਨੁਕਸਾਨ ਹੋਇਆ ਅਤੇ ਮੋਰਚੇ ਦੌਰਾਨ ਪੰਜਾਬ ਵਿਚ ਹਿੰਸਾ ਫੈਲ ਗਈ। ਮੋਰਚੇ ਦੀ ਆੜ ਵਿਚ ਕਈ ਗ਼ੈਰ-ਸਮਾਜਿਕ ਤੱਤ, ਸਮੂਹ ਅੰਦਰ ਆ ਕੇ ਪਨਾਹ ਲੈਣ ਲੱਗੇ ਜੋ ਆਸੇ-ਪਾਸੇ ਲੁੱਟ ਮਾਰ ਕਰਕੇ, ਜਬਰੀ ਪੈਸੇ ਉਗਰਾਹ ਕੇ ਤੇ ਹਿੰਸਕ ਕਾਰਵਾਈਆਂ ਕਰਕੇ ਫਿਰ ਅੰਦਰ ਆ ਜਾਂਦੇ ਰਹੇ, ਜਿਸ ਨਾਲ ਮੋਰਚੇ ਦੀ ਬਦਨਾਮੀ ਹੋਣ ਲੱਗੀ। ਕਈ ਅਤਿਵਾਦੀ ਜੱਥੇਬੰਦੀਆਂ ਦੇ ਲੋਕ ਵੀ ਇਥੇ ਆ ਕੇ ਰਹਿਣ ਲੱਗੇ ਸਨ। ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਤਾਂ ਕੋਈ ਖਤਰਾ ਨਹੀਂ ਸੀ, ਇਸ ਲਈ ਇਸ ਸਮੂਹ ਦੀ ਕਿਲ੍ਹੇਬੰਦੀ ਤੇ ਇਥੇ ਆਧੁਨਿਕ ਮਾਰੂ ਹਥਿਆਰ ਇਕੱਠੇ ਕਰਨ ਦੀ ਕੋਈ ਲੋੜ ਨਹੀਂ ਸੀ।

ਸ੍ਰੀ ਦਰਬਾਰ ਸਾਹਿਬ ਸਮੁੱਚੀ ਮਾਨਵਤਾ ਲਈ ਇਕ ਰੂਹਾਨੀ ਤੇ ਸ਼ਾਂਤੀ ਦਾ ਪਾਵਨ ਕੇਂਦਰ ਹੈ, ਪਰ ਇਹ ਵੀ ਕੌੜੀ ਸਚਾਈ ਹੈ ਕਿ ਇਸ ਦੀ ਪਾਵਨ ਹਦੂਦ ਤੋਂ ਫਿਰਕੂ ਨਫ਼ਰਤ ਤੇ ਹਿੰਸਾ ਦਾ ਪ੍ਰਚਾਰ ਹੋਣ ਲੱਗਾ ਸੀ। ਸਿੱਖ ਹਮੇਸ਼ਾ ਮਜ਼ਲੂਮਾਂ, ਗ਼ਰੀਬਾਂ, ਨਿਤਾਣਿਆਂ ਤੇ ਨਿਮਾਣਿਆਂ ਦੀ ਰੱਖਿਆ ਕਰਦੇ ਰਹੇ ਹਨ, ਪਰ ਇਸ ਸਮੂਹ ਦੀ ਪਾਵਨ ਹਦੂਦ ਅੰਦਰ ਤਸੀਹੇ ਦੇਣ ਅਤੇ ਹੱਤਿਆ ਵਰਗੀਆਂ ਦੁਖਦਾਈ ਘਟਨਾਵਾਂ ਵਾਪਰਨ ਲੱਗੀਆਂ ਸਨ ਜਿਸ ਕਾਰਨ 30 ਅਪ੍ਰੈਲ 1984 ਨੂੰ ਪੰਜ ਸਿੰਘ ਸਾਹਿਬਾਨ ਨੂੰ ਲੰਬੀ ਚੌੜੀ ਅਪੀਲ ਜਾਰੀ ਕਰਕੇ ਇਹ ਤਸੀਹੇ ਤੇ ਹੱਤਿਆਵਾਂ ਬੰਦ ਕਰਨ ਅਤੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਅਤੇ ਮਾਣ ਮਰਯਾਦਾ ਕਾਇਮ ਰੱਖਣ ਲਈ ਆਖਣਾ ਪਿਆ ਸੀ।

ਸ੍ਰੀਮਤੀ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਵਾਪਰ ਰਹੀਆਂ ਇਹ ਸਾਰੀਆਂ ਹਿੰਸਕ ਘਟਨਾਵਾਂ ਦਾ ਬਹਾਨਾ ਬਣਾ ਕੇ ਇਥੇ ਫੌਜੀ ਹਮਲਾ ਕਰਵਾਇਆ ਸੀ।

ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਸਮੇਤ ਉਸ ਸਮੇਂ ਦੀ ਅਕਾਲੀ ਲੀਡਰਸ਼ਿਪ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਮੇਤ ਸਾਰੇ ਅਹੁਦੇਦਾਰ, ਸਿੱਖ ਧਾਰਮਿਕ ਆਗੂ, ਬੁੱਧੀਜੀਵੀ ਤੇ ਲੇਖਕ (ਜਿਨ੍ਹਾਂ ਵਿਚ ਖੁਦ ਲੇਖਕ ਵੀ ਸ਼ਾਮਿਲ ਹੈ) ਸ਼ਾਂਤੀ ਤੇ ਅਮਨ ਦੇ ਇਸ ਪਾਵਨ ਕੇਂਦਰ ਤੋਂ ਨਫ਼ਰਤ ਤੇ ਹਿੰਸਾ ਦੇ ਇਸ ਪ੍ਰਚਾਰ ਸਬੰਧੀ ਆਪਣੀ ਆਵਾਜ਼ ਬੁਲੰਦ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੇ ਸਨ। ਜੇ ਉਹ ਅਜਿਹਾ ਕਰਦੇ, ਤਾਂ ਸ਼ਾਇਦ ਇਹ ਸਾਰਾ ਦੁਖਾਂਤ ਨਾ ਵਾਪਰਦਾ।

ਇਸ ਫਿਰਕੂ ਨਫ਼ਰਤ ਤੇ ਹਿੰਸਕ ਪ੍ਰਚਾਰ ਕਾਰਨ ਹੀ ਪੰਜਾਬ ਤੋਂ ਬਾਹਰ ਸਿੱਖਾਂ ਪ੍ਰਤੀ ਨਫ਼ਰਤ ਪੈਦਾ ਹੋ ਗਈ ਤੇ ਨਵੰਬਰ 84 ਦਾ ਦੁਖਾਂਤ ਵਾਪਰਿਆ। ਜੂਨ 84 ਤੋਂ ਪਹਿਲਾਂ ਸਾਡੇ ਕੁਝ ਗਰਮ ਖਿਆਲੀਏ ਲੀਡਰਾਂ ਨੇ ਜੋ ਇਥੇ ਬੀਜਿਆ ਸੀ, ਉਹ ਪੰਜਾਬ ਤੋਂ ਬਾਹਰਲੇ ਸਿੱਖਾਂ ਨੇ ਨਵੰਬਰ 84 ਵਿਚ ਵੱਢਿਆ। ਇਸ ਲੇਖ ਦੇ ਲੇਖਕ ਨੂੰ ਸਾਲ 2006 ਦੌਰਾਨ ਛੇ ਕੁ ਮਹੀਨੇ ਦਿੱਲੀ ਨੌਕਰੀ ਕਰਨ ਦਾ ਮੌਕਾ ਮਿਲਿਆ, ਉਥੇ ਕਈ ਸਥਾਨਕ ਸਿੱਖ ਲੀਡਰਾਂ ਦੇ ਮੂੰਹੋਂ ਇਹ ਸੁਣਿਆ, 'ਪੰਜਾਬ ਦੇ ਸਿੱਖ ਲੀਡਰਾਂ ਨੇ 1984 ਵਿਚ ਪੰਜਾਬ ਤੋਂ ਬਾਹਰਲੇ ਸਿੱਖਾਂ ਨੂੰ ਮਰਵਾ ਦਿੱਤਾ।'

ਅੱਜ ਵੀ ਕਈ ਲੀਡਰ ਬੜੇ ਗਰਮ-ਗਰਮ ਬਿਆਨ ਦੇ ਰਹੇ ਹਨ ਅਤੇ ਬੁੱਧੀਜੀਵੀ ਤੇ ਲੇਖਕ ਬੜੇ ਗਰਮ ਲੇਖ ਲਿਖ ਰਹੇ ਹਨ ਜੋ ਸਿੱਖ ਪੰਥ ਦਾ ਕੁਝ ਵੀ ਸੰਵਾਰ ਨਹੀਂ ਸਕਣਗੇ। ਅੱਜ ਲੋੜ ਹੈ ਕਿ ਅਸੀਂ ਆਪਣੀ ਨਵੀਂ ਪੀੜ੍ਹੀ ਨੂੰ ਚੰਗੀ ਤੋਂ ਚੰਗੀ ਕਿੱਤਾ-ਮੁਖੀ ਸਿੱਖਿਆ ਦਿਵਾਈਏ ਅਤੇ ਆਪਣੇ ਮਹਾਨ ਇਤਿਹਾਸ ਤੇ ਅਮੀਰ ਵਿਰਸੇ ਨਾਲ ਜੋੜੀਏ ਤਾਂ ਜੋ ਅਸੀਂ ਸਾਰੇ ਸਿੱਖ-ਪੰਥ ਨੂੰ ਚੜ੍ਹਦੀ ਕਲਾ ਵਿਚ ਲਿਜਾ ਕੇ, ਪੰਥ ਦੀ ਪੁਰਾਣੀ ਆਨ ਤੇ ਸ਼ਾਨ ਬਹਾਲ ਕਰ ਸਕੀਏ।

# ਅਕਾਲੀ ਦਲ ਵੱਲੋਂ ਸਿੱਖ ਮਸਲਿਆਂ ਦਾ ਮੁੜ ਲਾਹਾ ਲੈਣ ਦੀ ਕੋਸ਼ਿਸ਼



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਸਿੱਖ ਮਸਲਿਆਂ ਨੂੰ ਮੁੜ ਉਭਾਰ ਕੇ ਇਸ ਦਾ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਹੁਣ ਜਦੋਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਇਕ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ ਤਾਂ ਨਵੇਂ ਨਾਨਕਸ਼ਾਹੀ ਕੈਲੰਡਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੂਸੱਤਾ ਨੂੰ ਚੁਣੌਤੀ ਦੇਣ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਏ ਜਾਣ ਜਿਹੇ ਸਾਰੇ ਸਿੱਖ ਮੁੱਦੇ ਜ਼ੋਰਸ਼ੋਰ ਨਾ ਉਭਾਰੇ ਜਾ ਰਹੇ ਹਨ। ਇਸ ਅਹਿਮ ਸਮੇਂ 'ਚ ਅਕਾਲੀ ਦਲ ਵੱਲੋਂ ਸਿੱਖ ਮਸਲਿਆਂ ਦਾ ਮੁੜ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਕਾਲੀ ਸੂਚੀ 'ਚੋਂ 117 ਸਿੱਖਾਂ ਦੇ ਨਾਂ ਹਟਾਏ ਜਾਣ ਦੇ ਬਾਵਜੂਦ 27 ਨਾਂ ਜ਼ਾਹਰ ਕਰਨ ਤੋਂ ਇਨਕਾਰ ਤੇ ਰਾਸ਼ਟਰਪਤੀ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਖਾਰਜ ਕੀਤੇ ਜਾਣਾ ਅਜਿਹੇ ਨੁਕਤੇ ਹਨ ਜਿਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਕੇਂਦਰ 'ਚ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੂੰ ਸਿੱਖ ਵਿਰੋਧੀ ਕਹਿ ਕੇ ਭੰਡਣ ਲਈ ਵਰਤ ਰਿਹਾ ਹੈ। ਨਵੇਂ ਨਾਨਕਸ਼ਾਹੀ ਕੈਲੰਡਰ ਅਨੁਸਾਰ ਆ ਰਹੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਲਈ ਸਿੱਖ ਜਥੇ ਨੂੰ ਪਾਕਿਸਤਾਨ ਸਰਕਾਰ ਵੱਲੋਂ ਗੁਰਧਾਮਾਂ ਦੇ ਦਰਸ਼ਨਾਂ ਦੀ ਆਗਿਆ ਨਾ ਦੇਣ 'ਤੇ ਵੀ ਸਿੱਖ ਭਾਈਚਾਰੇ 'ਚ ਤੇ ਖਾਸ ਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਕਾਫੀ ਰੋਸ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਸਿੱਖਾਂ ਦੇ ਮਾਮਲਿਆਂ 'ਚ ਬੇਲੋੜੀ ਦਖਲਅੰਦਾਜ਼ੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਸਰਵਉੱਚ ਸ਼ਕਤੀ ਅਕਾਲ ਤਖ਼ਤ ਸਾਹਿਬ ਤੋਂ ਹੀ ਇਹ ਤੈਅ ਹੁੰਦਾ ਹੈ ਕਿ ਕਿਹੜਾ ਧਾਰਮਿਕ ਦਿਵਸ ਕਦੋਂ ਮਨਾਉਣਾ ਹੈ। 5 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਲਈ ਸਿੱਖਾਂ ਨੂੰ ਪਾਕਿਸਤਾਨ ਜਾਣ ਦੀ ਪ੍ਰਵਾਨਗੀ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਨੇ ਇਹ ਵੀ ਦੋਸ਼ ਲਾਇਆ ਕਿ ਕੇਂਦਰ ਸਰਕਾਰ ਸ਼੍ਰੋਮਣੀ ਕਮੇਟੀ ਵਿਚ ਦੁਫਾੜ ਪਾਉਣੀ ਚਾਹ ਰਹੀ ਹੈ ਕਿਉਂਕਿ ਇਹ ਕਾਂਗਰਸ ਹੀ ਸੀ ਜਿਸ ਨੇ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਖੜ੍ਹੀ ਕੀਤੀ ਸੀ ਤੇ ਹੁਣ ਇਹ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 'ਚ ਜਾਣਬੁੱਝ ਕੇ ਦੇਰੀ ਕਰ ਰਹੀ ਹੈ। ਤਿੰਨ ਸਾਲ ਤੋਂ ਵੱਧ ਸਮੇਂ ਤੋਂ ਚੋਣਾਂ ਹੋਣੀਆਂ ਬਕਾਇਆ ਹੈ। ਸਿੱਖ ਗੁਰਦੁਆਰਾ ਚੋਣ ਕਮਿਸ਼ਨ ਨੇ ਪਹਿਲਾਂ ਮਾਰਚ 'ਚ ਤੇ ਫਿਰ ਮਈ 'ਚ ਇਹ ਚੋਣਾਂ ਕਰਵਾਏ ਜਾਣ ਦੀ ਸਿਫਾਰਸ਼ ਕੀਤੀ ਸੀ ਪਰ ਹਾਲੇ ਤੱਕ ਤਾਰੀਖ ਤੈਅ ਨਹੀਂ ਕੀਤੀ ਜਾ ਸਕੀ।

ਬੰਬ ਕਾਂਡ 'ਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿਮ ਦੀ ਅਪੀਲ ਰੱਦ ਕਰਨਾ ਇਕ ਹੋਰ ਵੱਡਾ ਮਸਲਾ ਬਣ ਗਿਆ ਹੈ ਕਿਉਂਕਿ ਵੱਖ-ਵੱਖ ਸਿੱਖ ਸੰਗਠਨ ਤੇ ਮਨੁੱਖੀ ਅਧਿਕਾਰ ਸੰਗਠਨ ਰਾਸ਼ਟਰਪਤੀ ਦੇ ਇਸ ਫੈਸਲੇ ਨੂੰ 'ਮੰਦਭਾਗਾ' ਕਰਾਰ ਦੇ ਰਹੇ ਹਨ। ਕਾਨੂੰਨੀ ਹਲਕਿਆਂ ਵਿਚ ਵੀ ਇਸ ਗੱਲ ਨੂੰ ਲੈ ਕੇ ਬਹਿਸ ਛਿੜੀ ਹੋਈ ਹੈ ਕਿ ਕੀ ਸੁਪਰੀਮ ਕੋਰਟ ਪ੍ਰੋ. ਭੁੱਲਰ ਵੱਲੋਂ ਪਾਈ ਨਜ਼ਰਸਾਨੀ ਪਟੀਸ਼ਨ 'ਤੇ ਹੁਣ ਵੀ ਕੋਈ ਫੈਸਲਾ ਲਵੇਗੀ। ਨਜ਼ਰਸਾਨੀ ਪਟੀਸ਼ਨ 'ਚ ਪ੍ਰੋ. ਭੁੱਲਰ ਨੇ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਦੀ ਅਪੀਲ ਕੀਤੀ ਸੀ ਕਿਉਂਕਿ ਉਸ ਦੀ ਰਹਿਮ ਦੀ ਅਪੀਲ ਰਾਸ਼ਟਰਪਤੀ ਕੋਲ 2003 ਤੋਂ ਪਈ ਸੀ। ਕੁਝ ਲੋਕਾਂ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਦੇ ਫੈਸਲੇ ਮਗਰੋਂ ਇਹ ਪਟੀਸ਼ਨ 'ਬੇਲੋੜੀ' ਹੋ ਜਾਂਦੀ ਹੈ ਜਦਕਿ ਹੋਰਾਂ ਦਾ ਮੰਨਣਾ ਹੈ ਕਿ ਸੁਪਰੀਮ ਕੋਰਟ ਹਾਲੇ ਵੀ ਇਸ 'ਤੇ ਕੋਈ ਫੈਸਲਾ ਲੈ ਸਕਦੀ ਹੈ। ਸਿੱਖਾਂ ਦੀ ਕਾਲੀ ਸੂਚੀ 'ਚੋਂ ਕੁਝ ਨਾਂ ਇਸ ਮਹੀਨੇ ਦੇ ਸ਼ੁਰੂ 'ਚ ਕੱਢੇ ਜਾਣ ਦਾ ਮਾਮਲਾ ਵੀ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸੂਤਰਾਂ ਅਨੁਸਾਰ ਕਾਲੀ ਸੂਚੀ ਸਮੇਤ ਕਈ ਮਸਲੇ ਸਿੱਖਾਂ ਤੇ ਕੇਂਦਰ ਸਰਕਾਰ ਵਿਚਾਲੇ ਕਿਰਕਿਰੀ ਬਣੇ ਹੋਏ ਹਨ। ਸਰਕਾਰ ਨੂੰ ਫਰਾਖਦਿਲੀ ਦਿਖਾਉਂਦਿਆਂ ਇਹ ਮਸਲੇ ਨਿਬੇੜਨੇ ਚਾਹੀਦੇ ਹਨ ਤਾਂ ਕਿ ਭਰੋਸੇ ਤੇ ਬਰਾਬਰਤਾ ਦਾ ਮਾਹੌਲ ਉਸਰ ਸਕੇ। ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਸਰਕਾਰ ਨੂੰ ਇਨ੍ਹਾਂ ਚੱਕਰਾਂ 'ਚ ਨਹੀਂ ਪੈਣਾ ਚਾਹੀਦਾ ਕਿ ਕਿਹੜਾ ਧਾਰਮਿਕ ਗਰੁੱਪ ਆਪਣੇ ਕਿਹੜੇ ਦਿਵਸ ਕਦੋਂ ਤੇ ਕਿਹੜੇ ਕੈਲੰਡਰ ਮੁਤਾਬਕ ਮਨਾਉਂਦਾ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਕ੍ਰਿਪਾਨ 'ਤੇ ਰੋਕ ਵਿਰੁੱਧ ਸੰਘਰਸ਼ ਦਾ ਐਲਾਨ

**ਅੰਮ੍ਰਿਤਸਰ:** ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ ਏਪਰਨ ਖੇਤਰ ਵਿਚ ਅੰਮ੍ਰਿਤਧਾਰੀ ਸਿੱਖ ਦੇ ਕ੍ਰਿਪਾਨ ਸਮੇਤ ਜਾਣ 'ਤੇ ਲਾਈ ਗਈ ਰੋਕ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਤੇ ਸੁਰੱਖਿਆ ਏਜੰਸੀ ਸੀ.ਆਈ.ਐਸ.ਐਫ. ਵੱਲੋਂ ਹੁਣ ਤਕ ਕੋਈ ਕਾਰਵਾਈ ਨਾ ਕੀਤੇ ਜਾਣ ਦੇ ਰੋਸ ਵਜੋਂ ਸ਼੍ਰੋਮਣੀ ਕਮੇਟੀ ਨੇ ਵੀ 8 ਜੂਨ ਤੋਂ ਅਣਮਿੱਥੇ ਸਮੇਂ ਤਕ ਹਵਾਈ ਅੱਡੇ 'ਤੇ ਰੋਸ ਧਰਨਾ ਦੇਣ ਦਾ ਐਲਾਨ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰ ਸਰਕਾਰ ਨੂੰ ਇਹ ਹੁਕਮ ਵਾਪਸ ਲੈਣ ਲਈ ਅਪੀਲ ਕੀਤੀ ਗਈ ਸੀ ਪਰ ਇਸ ਦੇ ਬਾਵਜੂਦ ਇਹ ਹੁਕਮ ਰੱਦ ਨਾ ਕੀਤੇ ਜਾਣ ਦੇ ਰੋਸ ਵਜੋਂ 8 ਜੂਨ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤਾਂ ਨਾਲ ਹਵਾਈ ਅੱਡੇ ਦਾ ਘਿਰਾਓ ਕਰਨ ਦਾ ਫੈਸਲਾ ਕੀਤਾ ਹੈ।

**ਹਵਾਈ ਅੱਡੇ 'ਤੇ 8 ਜੂਨ ਤੋਂ ਰੋਸ ਧਰਨੇ**

ਉਨ੍ਹਾਂ ਕਿਹਾ ਕਿ ਸਿੱਖਾਂ ਨਾਲ ਹੋ ਰਹੀ ਇਸ ਧੱਕੇਸ਼ਾਹੀ ਬਾਰੇ ਭਾਰਤ ਦੇ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਅਜਿਹੇ ਹੁਕਮ ਵਾਪਸ ਲੈਣ ਦੀ ਮੰਗ ਕੀਤੀ ਸੀ। ਇਸ ਬਾਰੇ ਸ਼੍ਰੋਮਣੀ ਕਮੇਟੀ ਨੇ ਸੀ.ਆਈ.ਐਸ.ਐਫ. ਦੇ ਅਧਿਕਾਰੀਆਂ ਨਾਲ ਵੀ ਮੀਟਿੰਗ ਕੀਤੀ। ਮੀਟਿੰਗ 'ਚ ਉਨ੍ਹਾਂ ਇਸ ਮਸਲੇ ਦਾ ਹੱਲ ਕਰ ਲੈਣ ਦਾ ਭਰੋਸਾ ਵੀ ਦਿੱਤਾ ਸੀ ਪਰ ਦੋ ਹਫਤੇ ਬੀਤ ਜਾਣ 'ਤੇ ਨਾ ਤਾਂ ਕੇਂਦਰ ਸਰਕਾਰ ਨੇ ਇਸ 'ਚ ਕੋਈ ਦਿਲਚਸਪੀ ਦਿਖਾਈ ਹੈ ਤੇ ਨਾ ਹੀ ਏਅਰਪੋਰਟ ਅਥਾਰਟੀ ਨੇ ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਕੋਈ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੇ ਅਜਿਹੇ ਹੁਕਮਾਂ ਨਾਲ ਜਿਥੇ ਸਿੱਖ ਕਰਮਚਾਰੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਉਥੇ ਉਨ੍ਹਾਂ 'ਚ ਹੀਣਭਾਵਨਾ ਵੀ ਪੈਦਾ ਹੁੰਦੀ ਹੈ। ਉਨ੍ਹਾਂ ਕਿਹਾ ਕਿ ਆਪਣੇ ਹੀ ਦੇਸ਼ 'ਚ ਸਿੱਖਾਂ ਨਾਲ ਹੋ ਰਹੀ ਧੱਕੇਸ਼ਾਹੀ ਬੰਦ ਕਰਾਉਣ ਲਈ 8 ਜੂਨ ਨੂੰ ਵੱਡੀ ਗਿਣਤੀ 'ਚ ਸਿੱਖ ਸੰਗਤਾਂ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਹਵਾਈ ਅੱਡੇ ਦਾ ਘਿਰਾਓ ਕੀਤਾ ਜਾਵੇਗਾ ਤੇ ਇਹ ਘਿਰਾਓ ਉਦੋਂ ਤੱਕ ਜਾਰੀ ਰਹੇਗਾ ਜਦ ਤੱਕ ਸਰਕਾਰ ਅਜਿਹੇ ਤਾਨਾਸ਼ਾਹੀ ਹੁਕਮ ਵਾਪਸ ਲੈ ਕੇ ਸਿੱਖਾਂ ਦੇ ਸਵੈਮਾਣ ਨੂੰ ਬਹਾਲ ਨਹੀਂ ਕਰਦੀ।

ਉਨ੍ਹਾਂ ਸਮੂਹ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ, ਸ਼੍ਰੋਮਣੀ ਕਮੇਟੀ ਮੈਂਬਰਾਂ, ਧਾਰਮਿਕ ਸਭਾ-ਸੁਸਾਇਟੀਆਂ, ਟਕਸਾਲਾਂ, ਨਿਹੰਗ ਸਿੰਘ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਸਿੱਖਾਂ ਦੇ ਸਵੈਮਾਣ ਨੂੰ ਬਹਾਲ ਕਰਾਉਣ ਲਈ ਦਿੱਤੇ ਜਾ ਰਹੇ ਇਸ ਧਰਨੇ ਵਿਚ ਸ਼ਾਮਲ ਹੋਣ। ਬੀਤੇ ਦਿਨ ਇਸੇ ਮਾਮਲੇ ਨੂੰ ਲੈ ਕੇ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਵੱਲੋਂ ਵੀ ਹਵਾਈ ਅੱਡੇ ਦੇ ਬਾਹਰ ਧਰਨਾ ਦਿੱਤਾ ਗਿਆ ਸੀ।

# ਸ਼ਹੀਦਾਂ ਦੀ ਯਾਦਗਾਰ ਦੇ ਮਾਮਲੇ 'ਤੇ ਪੰਥਕ ਧਿਰਾਂ ਇਕਜੁਟ

## ਸ਼੍ਰੋਮਣੀ ਕਮੇਟੀ ਨੂੰ ਦਿੱਤਾ ਅਲਟੀਮੇਟਮ



**ਜਲੰਧਰ:** ਦਰਬਾਰ ਸਾਹਿਬ ਸਮੂਹ ਵਿਚ ਸ਼ਹੀਦਾਂ ਦੀ ਯਾਦਗਾਰ ਕਾਇਮ ਕਰਨ ਦੇ ਮੁੱਦੇ 'ਤੇ ਸ਼੍ਰੋਮਣੀ ਕਮੇਟੀ ਤੇ ਪੰਥਕ ਧਿਰਾਂ ਆਹਮੋ-ਸਾਹਮਣੇ ਹੋ ਗਈਆਂ ਹਨ। ਜੂਨ 1984 ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਥਿਤ ਸ਼ਹੀਦੀ ਗੈਲਰੀ ਨੂੰ ਖੋਲ੍ਹਣ ਦੀ ਮੰਗ ਨੂੰ ਲੈ ਕੇ ਪੰਥਕ ਸੇਵਾ ਲਹਿਰ, ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਦਲ ਖਾਲਸਾ ਤੇ ਖਾਲਸਾ ਐਕਸ਼ਨ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 6 ਜੂਨ ਤੱਕ ਦਾ ਅਲਟੀਮੇਟਮ ਦਿੰਦੇ ਹੋਏ ਚਿਤਾਵਨੀ ਦਿੱਤੀ ਹੈ ਕਿ ਜੇਕਰ ਸ਼੍ਰੋਮਣੀ ਕਮੇਟੀ ਨੇ ਅਜਿਹਾ ਨਾ ਕੀਤਾ ਤਾਂ ਪੰਥਕ ਜਥੇਬੰਦੀਆਂ ਸਿੱਖ ਸੰਗਤਾਂ ਤੇ ਸ਼ਹੀਦਾਂ ਦੇ ਪਰਿਵਾਰਾਂ ਦੇ ਸਹਿਯੋਗ ਨਾਲ ਸ਼ਹੀਦੀ ਗੈਲਰੀ ਖੋਲ੍ਹਣਗੀਆਂ।

ਗੁਰਦੁਆਰਾ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜਲੰਧਰ ਵਿਖੇ ਪੰਥਕ ਧਿਰਾਂ ਦੀ ਇਕੱਤਰਤਾ 'ਚ ਸੰਬੋਧਨ ਕਰਦੇ ਹੋਏ ਬਾਬਾ ਬਲਜੀਤ ਸਿੰਘ ਦਾਦੂਵਾਲ, ਭਾਈ ਹਰਪਾਲ ਸਿੰਘ ਚੀਮਾ, ਕੰਵਰਪਾਲ ਸਿੰਘ ਤੇ ਭਾਈ ਮੋਹਕਮ ਸਿੰਘ ਨੇ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ 6 ਜੂਨ ਨੂੰ ਸ਼ਹੀਦੀ ਯਾਦਗਾਰ ਦਾ ਨੀਂਹ ਪੱਥਰ ਰੱਖ ਕੇ ਇਸ ਦੀ ਉਸਾਰੀ ਬਾਰੇ ਕੋਈ ਠੋਸ ਕਦਮ ਨਹੀਂ ਚੁੱਕਦੀ ਤਾਂ ਪੰਥਕ ਧਿਰਾਂ ਇਸ ਦਿਨ ਪੰਥਕ ਇਕੱਠ ਵਿਚ ਸ਼ਹੀਦੀ ਯਾਦਗਾਰ ਬਣਾਉਣ ਦੀ ਤਾਰੀਖ ਦਾ ਐਲਾਨ ਕਰਨਗੀਆਂ।

ਇਸ ਤਰ੍ਹਾਂ ਪੰਥਕ ਜਥੇਬੰਦੀਆਂ ਫੈਸਲਾਕੁਨ ਲੜਾਈ ਵਿੱਢ ਕੇ ਸ਼੍ਰੋਮਣੀ ਕਮੇਟੀ ਨਾਲ ਆਰ ਪਾਰ ਦੀ ਲੜਾਈ ਲੜਨ ਦੇ ਰੌਂਅ ਵਿਚ ਹਨ। ਸ਼੍ਰੋਮਣੀ ਕਮੇਟੀ ਨੇ 20 ਫ਼ਰਵਰੀ 2002 ਨੂੰ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਮਤਾ ਪਾਸ ਕਰ ਕੇ ਯਾਦਗਾਰ ਕਾਇਮ ਕਰਨ ਦਾ ਪੰਥ ਨੂੰ ਭਰੋਸਾ ਦਿੱਤਾ ਸੀ ਪਰ ਮਾਰਚ 2002 ਵਿਚ ਅਕਾਲੀ ਦਲ ਨੂੰ ਹੋਈ ਹਾਰ ਤੋਂ ਬਾਅਦ ਇਹ ਮਤਾ ਠੰਢੇ ਬਸਤੇ ਵਿਚ ਚਲਾ ਗਿਆ। ਮਈ 2003 ਵਿਚ ਅਕਾਲੀ ਤਖ਼ਤ ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਕੌਮੀ ਸ਼ਹੀਦ ਐਲਾਨਿਆ ਗਿਆ ਸੀ। 2004 ਵਿਚ ਹੋਈਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਪੰਥਕ ਧਿਰਾਂ ਨੇ ਯਾਦਗਾਰ ਮੁੱਦੇ ਨੂੰ ਉਭਾਰ ਕੇ ਲੋਕ ਲਹਿਰ ਬਣਾਉਣ ਦਾ ਯਤਨ ਕੀਤਾ ਸੀ। 2005 ਵਿਚ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਬੀਬੀ ਜਗੀਰ ਕੌਰ ਨੇ ਸੰਭਾਲੀ ਤੇ ਉਨ੍ਹਾਂ 27 ਮਈ 2005 ਨੂੰ ਯਾਦਗਾਰ ਮੁੱਦੇ 'ਤੇ ਸਖ਼ਤ ਸਟੈਂਡ ਲੈਂਦਿਆਂ 6 ਜੂਨ 2005 ਨੂੰ ਯਾਦਗਾਰ ਦਾ ਨੀਂਹ ਪੱਥਰ ਰੱਖਣ ਦਾ ਐਲਾਨ ਕਰ ਦਿੱਤਾ। ਸਾਰੀਆਂ ਤਿਆਰੀਆਂ ਮੁਕੰਮਲ ਹੋਣ ਦੇ ਬਾਵਜੂਦ 3 ਜੂਨ 2005 ਨੂੰ ਐਨ ਮੌਕੇ 'ਤੇ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਗਿਆ। 2009 ਵਿਚ ਪੰਥਕ ਧਿਰਾਂ ਨੇ ਸ਼੍ਰੋਮਣੀ ਕਮੇਟੀ ਨੂੰ ਮੰਗ ਪੱਤਰ ਸੌਂਪਿਆ ਤੇ ਜਥੇਦਾਰ ਮੱਕੜ ਨੇ ਯਕੀਨ ਦਿਵਾਇਆ ਸੀ ਕਿ ਛੇਤੀ ਹੀ ਕੌਮੀ ਭਾਵਨਾਵਾਂ ਨੂੰ ਵੇਖਦਿਆਂ ਯਾਦਗਾਰ ਕਾਇਮ ਕਰ ਦਿੱਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਦੇ ਹੁਣ ਤਕ ਦੇ ਪ੍ਰੋਗਰਾਮ ਤੋਂ ਅੱਕੀਆਂ ਪੰਥਕ ਧਿਰਾਂ ਨੇ ਇਸ ਵਾਰ ਪਿਛਲੇ ਸਾਲ ਦੇ ਪ੍ਰੋਗਰਾਮ ਤੋਂ ਦੋ ਕਦਮ ਅੱਗੇ ਸਖ਼ਤ ਪ੍ਰੋਗਰਾਮ ਦੇਣ ਦਾ ਮਨ ਬਣਾ ਲਿਆ ਹੈ। ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਜਨਰਲ ਸਕੱਤਰ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪਿਛਲੇ 25 ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਵੱਲ ਵੇਖ ਰਹੇ ਹਾਂ। ਜੇ ਹੁਣ ਵੀ ਸ਼੍ਰੋਮਣੀ ਕਮੇਟੀ ਨੇ ਯਾਦਗਾਰ ਬਾਰੇ ਕੋਈ ਠੋਸ ਫ਼ੈਸਲਾ ਨਾ ਕੀਤਾ ਤਾਂ ਸਿੱਖ ਸੰਗਤਾਂ ਆਪਣੇ ਤੌਰ 'ਤੇ ਯਾਦਗਾਰ ਸਥਾਪਤ ਕਰਨ ਲਈ ਢੁਕਵੇਂ ਪ੍ਰਬੰਧ ਕਰਨਗੀਆਂ। ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਜੇ ਸ਼੍ਰੋਮਣੀ ਕਮੇਟੀ ਨੇ ਠੋਸ ਕਾਰਵਾਈ ਨਾ ਕੀਤੀ ਤਾਂ ਸਖ਼ਤ ਕਦਮ ਚੁੱਕਣੇ ਪੈਣਗੇ।

# ਦਰਬਾਰ ਸਾਹਿਬ 'ਚ ਪੁਰਾਤਨ ਬੇਰੀਆਂ ਦੀ ਸਾਂਭ-ਸੰਭਾਲ ਸ਼ੁਰੂ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਹਰਿਮੰਦਰ ਸਾਹਿਬ 'ਚ ਪੁਰਾਤਨ ਬੇਰੀਆਂ ਵਿਚ ਸ਼ਾਮਲ ਦੁੱਖ ਭੰਜਨੀ ਬੇਰੀ ਨੇੜੇ ਅਠਸਠ ਤੀਰਥ ਵਾਲੀ ਪੁਰਾਤਨ ਬੇਰ ਦੀ ਲੰਮੇਰੀ ਉਮਰ ਲਈ ਉਥੇ ਖੁੱਲ੍ਹੀ ਹਵਾ-ਧੁੱਪ ਦਾ ਪ੍ਰਬੰਧ ਕਰਨ ਦੀ ਲੋੜ ਹੈ। ਇਹ ਰਾਏ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਪ੍ਰਗਟਾਈ ਹੈ। ਵਿਗਿਆਨੀਆਂ ਦਾ ਪੰਜ ਮੈਂਬਰੀ ਵਫ਼ਦ ਸ੍ਰੀ ਹਰਿਮੰਦਰ ਸਾਹਿਬ 'ਚ ਪੁਰਾਤਨ ਬੇਰੀਆਂ ਦੀ ਸਾਂਭ-ਸੰਭਾਲ ਲਈ ਪੁੱਜਾ ਸੀ।

ਇਸ ਵਫ਼ਦ ਵਿਚ ਪੀ.ਏ.ਯੂ. ਤੋਂ ਬੇਰ ਮਾਹਰ ਡਾ. ਜਗਤਾਰ ਸਿੰਘ ਬੱਲ, ਡਾ. ਦੇਸ ਰਾਜ ਸ਼ਰਮਾ, ਡਾ. ਨਰਿੰਦਰਪਾਲ ਤੇ ਅੰਮ੍ਰਿਤਸਰ ਖਾਲਸਾ ਕਾਲਜ ਖੇਤੀਬਾੜੀ ਵਿਭਾਗ ਤੋਂ ਡਾ. ਸੁਖਦੇਵ ਸਿੰਘ, ਡਾ. ਪਰਮਜੀਤ ਸਿੰਘ ਸ਼ਾਮਲ ਹਨ। ਇਸ ਟੀਮ ਨੇ ਬੇਰ ਬਾਬਾ ਬੁੱਢਾ ਜੀ, ਦੁੱਖ ਭੰਜਨੀ ਬੇਰ, ਲਾਚੀ ਬੇਰ ਤੇ ਅਠਸਠ ਤੀਰਥ ਵਾਲੀ ਬੇਰ ਦੀ ਸਾਂਭ-ਸੰਭਾਲ ਤਹਿਤ ਇਸ ਦੀਆਂ ਸੁੱਕੀਆਂ ਟਹਿਣੀਆਂ ਦੀ ਕਾਂਟ-ਛਾਂਟ ਕੀਤੀ ਹੈ। ਅਠਸਠ ਤੀਰਥ ਵਾਲੀ ਬੇਰ 'ਤੇ ਲਾਖ ਦੇ ਕੀੜੇ ਦਾ ਵੱਡਾ ਹਮਲਾ ਸੀ। ਵਿਗਿਆਨੀਆਂ ਨੇ ਕੀੜੇ ਦੇ ਹਮਲੇ ਵਾਲੀਆਂ ਟਹਿਣੀਆਂ ਕੱਟ ਦਿੱਤੀਆਂ ਹਨ ਤੇ ਇਸ ਬੀਮਾਰੀ ਨੂੰ ਖ਼ਤਮ ਕਰਨ ਲਈ ਲੋੜ ਅਨੁਸਾਰ ਛਿੜਕਾਅ ਵੀ ਕੀਤਾ ਜਾਵੇਗਾ। ਇਸ ਬੇਰ ਦੇ ਤਣੇ ਦਾ ਵੱਡਾ ਹਿੱਸਾ ਅੰਦਰ ਦੱਬ ਚੁੱਕਾ ਹੈ। ਇਥੇ ਤਣੇ ਦੇ ਨਾਲ ਦੋ ਕਮਰੇ ਹਨ ਜਿਨ੍ਹਾਂ ਵਿਚ ਅਖੰਡ ਪਾਠ ਜਾਰੀ ਰਹਿੰਦਾ ਹੈ। ਤਣੇ ਦੇ ਕੁਝ ਹਿੱਸੇ 'ਤੇ ਸੀਮਿੰਟ ਪਾਇਆ ਹੋਇਆ ਹੈ ਜਿਸ ਕਾਰਨ ਬੇਰ ਦੀ ਚਮੜੀ ਨੂੰ ਵੀ ਨੁਕਸਾਨ ਪੁੱਜਾ ਹੈ। ਮਾਹਰਾਂ ਦੀ ਰਾਇ ਹੈ ਕਿ ਇਸ ਬੇਰ ਦੀ ਲੰਮੇਰੀ ਉਮਰ ਲਈ ਇਸ ਦੀ ਚਮੜੀ ਨਾਲ ਛੇੜਛਾੜ ਨਹੀਂ ਹੋਣੀ ਚਾਹੀਦੀ। ਇਸ ਦੇ ਤਣੇ ਤੇ ਜੜ੍ਹਾਂ ਨੂੰ ਕੁਦਰਤੀ ਹਵਾ-ਧੁੱਪ ਮਿਲਦਾ ਰਹਿਣਾ ਚਾਹੀਦਾ ਹੈ। ਵਿਗਿਆਨੀਆਂ ਵੱਲੋਂ ਇਹ ਮਾਮਲਾ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਦੇ ਧਿਆਨ ਵਿਚ ਵੀ ਲਿਆਂਦਾ ਗਿਆ ਹੈ। ਇਸੇ ਤਰ੍ਹਾਂ ਬੇਰ ਬਾਬਾ ਬੁੱਢਾ ਸਾਹਿਬ ਤੇ ਲਾਚੀ ਬੇਰ ਦੀਆਂ ਸੁੱਕੀਆਂ ਟਹਿਣੀਆਂ ਦੀ ਵੀ ਕਾਂਟ-ਛਾਂਟ ਕੀਤੀ ਗਈ ਹੈ। ਮਾਹਰਾਂ ਨੇ ਦੱਸਿਆ ਕਿ ਇਹ ਦੋਵਾਂ ਬੇਰਾਂ ਦੀ ਹਾਲਤ ਪਹਿਲਾਂ ਨਾਲੋਂ ਬਿਹਤਰ ਹੈ।



*ਦੁੱਖ ਭੰਜਨੀ ਬੇਰੀ ਦੀ ਕਾਂਟ-ਛਾਂਟ ਕਰਦੇ ਹੋਏ ਯੂਨੀਵਰਸਿਟੀ ਦੇ ਵਿਗਿਆਨੀ।*

ਇਥੇ ਦੱਸਣਯੋਗ ਹੈ ਕਿ ਬੇਰ ਬਾਬਾ ਬੁੱਢਾ ਸਾਹਿਬ ਭਾਰਤ ਦੀਆਂ ਪੁਰਾਤਨ ਬੇਰਾਂ ਵਿਚੋਂ ਇਕ ਹੈ। ਇਸ ਬੇਰ ਦੀ ਅੰਦਾਜ਼ਨ ਉਮਰ 500 ਸਾਲ ਦੇ ਕਰੀਬ ਹੈ। ਦੋ ਦਹਾਕੇ ਪਹਿਲਾਂ ਇਸ ਬੇਰ ਦੀ ਹਾਲਤ ਮਾੜੀ ਹੋ ਗਈ ਸੀ। ਮੱਥਾ ਟੇਕਣ ਲਈ ਆਉਣ ਵਾਲੇ ਸ਼ਰਧਾਲੂਆਂ ਵੱਲੋਂ ਸ਼ਰਧਾਵੱਸ ਬੇਰ ਦੇ ਤਣੇ ਨੂੰ ਕੜਾਹ ਵਾਲੇ ਹੱਥ ਲਾਉਣ ਤੇ ਹੋਰ ਚੀਜ਼ਾਂ ਸੁੱਟਣ ਕਾਰਨ ਇਥੇ ਕੀੜੀਆਂ ਨੇ ਘਰ ਕਰ ਲਿਆ ਸੀ ਜਿਸ ਨਾਲ ਇਸ ਪੁਰਾਤਨ ਬੇਰ ਦੀ ਹੋਂਦ ਨੂੰ ਨੁਕਸਾਨ ਹੋਇਆ ਸੀ। ਇਸ ਬੇਰ ਦੀ ਹੋਂਦ ਨੂੰ ਬਚਾਏ ਰੱਖਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਪੀ.ਏ.ਯੂ. ਦੇ ਮਾਹਰਾਂ ਵੱਲੋਂ ਪਿਛਲੇ ਦੋ ਦਹਾਕਿਆਂ ਤੋਂ ਹਰ ਵਰ੍ਹੇ ਇਥੇ ਆ ਕੇ ਬੇਰਾਂ ਦੀ ਸਾਂਭ-ਸੰਭਾਲ ਕੀਤੀ ਜਾ ਰਹੀ ਹੈ। ਸਿੱਟੇ ਵਜੋਂ ਬੇਰ ਬਾਬਾ ਬੁੱਢਾ ਸਾਹਿਬ ਦੀ ਹਾਲਤ ਵਿਚ ਸੁਧਾਰ ਹੋਇਆ ਹੈ ਤੇ ਇਸ ਨੂੰ ਮੁੜ ਫਲ ਲੱਗਣੇ ਸ਼ੁਰੂ ਹੋ ਗਏ ਹਨ। ਸ. ਦਲਮੇਘ ਸਿੰਘ ਨੇ ਦੱਸਿਆ ਕਿ ਪੀ.ਏ.ਯੂ. ਤੋਂ ਆਏ ਵਿਗਿਆਨੀਆਂ ਨੇ ਪੁਰਾਤਨ ਬੇਰਾਂ ਦੀ ਹਾਲਤ ਬਾਰੇ ਜਾਣੂ ਕਰਵਾਇਆ ਹੈ। ਅਠਸਠ ਤੀਰਥ ਨੇੜਲੀ ਬੇਰ ਦੀ ਲੰਮੇਰੀ ਉਮਰ ਲਈ ਵਿਗਿਆਨੀਆਂ ਦੀ ਰਾਏ ਮੁਤਾਬਕ ਸ਼੍ਰੋਮਣੀ ਕਮੇਟੀ ਵਲੋਂ ਢੁੱਕਵੇਂ ਪ੍ਰਬੰਧ ਕੀਤੇ ਜਾਣਗੇ।

# ਆਈ.ਐਸ.ਆਈ. ਨੇ ਦਿੱਤੀ ਸੀ ਹੈਡਲੀ ਨੂੰ ਸਿਖਲਾਈ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਮੁੰਬਈ ਹਮਲੇ ਦੇ ਦੋਸ਼ਾਂ 'ਚ ਘਿਰੇ ਡੇਵਿਡ ਕੋਲਮਨ ਹੈਡਲੀ ਨੇ ਕਈ ਅਹਿਮ ਖੁਲਾਸੇ ਕਰਕੇ ਜਿੱਥੇ ਪਾਕਿਸਤਾਨ ਨੂੰ ਕਸੂਤੀ ਹਾਲਤ 'ਚ ਫਸਾ ਦਿੱਤਾ ਹੈ ਉਥੇ ਅਮਰੀਕੀ ਤੇ ਭਾਰਤੀ ਖੁਫੀਆ ਤੰਤਰ ਦੀ ਕਾਰਗੁਜਾਰੀ ਦੀ ਵੀ ਪੋਲ ਖੋਲ੍ਹ ਦਿੱਤੀ ਹੈ। ਹੈਡਲੀ ਕਾਫੀ ਚਿਰ ਭਾਰਤ ਦੀਆਂ ਅਹਿਮ ਥਾਵਾਂ 'ਤੇ ਘੁੰਮਦਾ ਰਿਹਾ ਪਰ ਖੁਫੀਆ ਏਜੰਸੀਆਂ ਨੂੰ ਸੂਹ ਤੱਕ ਨਹੀਂ ਲੱਗੀ। ਸ਼ਿਕਾਗੋ ਦੀ ਅਦਾਲਤ 'ਚ ਚੱਲ ਰਹੀ ਕਾਰਵਾਈ ਦੌਰਾਨ ਹੈਡਲੀ ਨੇ ਖੁਲਾਸਾ ਕੀਤਾ ਹੈ ਕਿ ਲਸ਼ਕਰ-ਏ-ਤੋਇਬਾ ਤੋਂ ਪ੍ਰਾਪਤ ਫੌਜੀ ਤੇ ਸੂਹੀਆ ਸਿਖਲਾਈ ਤੋਂ ਅਸੰਤੁਸ਼ਟ ਆਈ.ਐਸ.ਆਈ. ਨੇ ਉਸ ਨੂੰ 26/11 ਹਮਲੇ ਲਈ ਸੂਹੀਆ ਮਿਸ਼ਨ 'ਤੇ ਭੇਜਣ ਤੋਂ ਪਹਿਲਾਂ ਲਾਹੌਰ ਵਿਚ ਹਰ ਪੱਖ ਤੋਂ ਪੂਰੀ ਤਰ੍ਹਾਂ ਚੰਡਿਆ ਸੀ। ਇਸ ਤੋਂ ਇਲਾਵਾ ਉਸ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸੂਫ ਰਜ਼ਾ ਗਿਲਾਨੀ ਸਾਲ 2010 ਵਿਚ ਉਸ ਦੇ ਪਿਤਾ ਦੇ ਜਨਾਜ਼ੇ ਵਿਚ ਸ਼ਰੀਕ ਹੋਏ ਸਨ।

ਹੈਡਲੀ ਨੇ ਅਦਾਲਤ ਨੂੰ ਦੱਸਿਆ ਕਿ ਆਈ.ਐਸ.ਆਈ. ਨੇ ਉਸ ਨੂੰ ਖੁਫ਼ੀਆ ਸਿਖਲਾਈ ਦਿੱਤੀ ਸੀ। ਸਿਖਲਾਈ ਦਾ ਜ਼ਿੰਮਾ ਮੇਜਰ ਇਕਬਾਲ ਕੋਲ ਸੀ ਤੇ ਇਹ ਕੰਮ ਲਾਹੌਰ 'ਚ ਹਵਾਈ ਅੱਡੇ ਨੇੜੇ ਸੜਕਾਂ ਤੇ ਇਕ ਦੋ-ਮੰਜ਼ਿਲਾ ਇਮਾਰਤ 'ਤੇ ਕੀਤਾ ਜਾਂਦਾ ਸੀ। ਬਚਾਅ ਪੱਖ ਦੇ ਵਕੀਲ ਚਾਰਲਸ ਡੀ ਸਵਿਫਟ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਹੈਡਲੀ ਨੇ ਕਿਹਾ ਕਿ ਉਹ ਜਦੋਂ 2006 'ਚ ਮੇਜਰ ਇਕਬਾਲ ਨੂੰ ਮਿਲਿਆ ਸੀ ਤਾਂ ਉਹ ਲਸ਼ਕਰ-ਏ-ਤੋਇਬਾ ਤੋਂ ਮਿਲੀ ਫੌਜੀ ਤੇ ਖੁਫ਼ੀਆ ਸਿਖਲਾਈ ਤੋਂ ਅਸੰਤੁਸ਼ਟ ਸੀ। ਇਹ ਬਿਆਨ ਇਕਬਾਲ-ਏ-ਜੁਰਮ ਕਰਨ ਵਾਲੇ ਹੈਡਲੀ ਵੱਲੋਂ ਦਿੱਤੀ ਗਵਾਹੀ ਦਾ ਹਿੱਸਾ ਹੈ। ਇਨ੍ਹਾਂ ਖੁਲਾਸਿਆਂ ਤੋਂ ਭਾਰਤ ਵੱਲੋਂ ਲਾਏ ਜਾਂਦੇ ਇਨ੍ਹਾਂ ਦੋਸ਼ਾਂ ਨੂੰ ਬਲ ਮਿਲਿਆ ਹੈ ਕਿ 26/11 ਹਮਲੇ ਵਿਚ ਆਈ.ਐਸ.ਆਈ. ਦਾ ਹੱਥ ਸੀ। ਫੈਡਰਲ ਇਸਤਗਾਸਾ ਪੱਖ ਵੱਲੋਂ ਅਦਾਲਤ ਵਿਚ ਪੇਸ਼ ਕੀਤੇ ਦਸਤਾਵੇਜ਼ਾਂ ਨਾਲ ਵੀ ਇਨ੍ਹਾਂ ਦੋਸ਼ਾਂ ਦੀ ਪ੍ਰੋੜ੍ਹਤਾ ਹੋਈ ਹੈ। ਹੈਡਲੀ ਨੇ ਕਿਹਾ ਕਿ ਉਹ ਮੇਜਰ ਇਕਬਾਲ ਦਾ ਪੂਰਾ ਨਾਂ ਨਹੀਂ ਜਾਣਦਾ ਪਰ ਇਹ ਯਕੀਨ ਹੈ ਕਿ ਉਹ ਆਈ.ਐਸ.ਆਈ. ਦਾ ਬੰਦਾ ਸੀ। ਉਸ ਨੇ ਆਪਣੀ ਪਛਾਣ ਵੀ ਮੇਜਰ



*ਹੈਡਲੀ*

ਇਕਬਾਲ ਵਜੋਂ ਕਰਾਈ ਸੀ। ਉਸ ਨੇ ਦੱਸਿਆ ਕਿ ਭਾਵੇਂ ਉਸ ਨੇ ਮੇਜਰ ਇਕਬਾਲ ਨੂੰ ਕਦੇ ਫੌਜੀ ਵਰਦੀ ਵਿਚ ਨਹੀਂ ਦੇਖਿਆ ਸੀ ਪਰ ਉਹ ਕਈ ਵਾਰ ਫੌਜੀ ਜੀਪ ਵਿਚ ਉਸ ਨੂੰ ਮਿਲਣ ਆਉਂਦਾ ਸੀ ਤੇ ਉਸ ਦੇ ਮਾਤਹਿਤਾਂ ਦੇ ਫੌਜੀ ਅਹੁਦੇ ਸਨ।

ਹੈਡਲੀ ਨੇ ਕਿਹਾ ਕਿ ਉਹ ਕਦੇ ਆਈ.ਐਸ.ਆਈ. ਦੇ ਹੈਡਕੁਆਰਟ ਨਹੀਂ ਗਿਆ ਸੀ ਤੇ ਇਕ ਫੌਜੀ ਮੁਲਾਜ਼ਮ ਵੱਲੋਂ ਮੇਜਰ ਇਕਬਾਲ ਨਾਲ ਉਸ ਦੀ ਜਾਣ-ਪਛਾਣ ਕਰਾਈ ਗਈ ਸੀ। ਆਈ.ਐਸ.ਆਈ. ਤੇ ਮੇਜਰ ਇਕਬਾਲ ਇਸ ਗੱਲ ਤੋਂ ਬਹੁਤ ਪ੍ਰੇਰਿਤ ਸਨ ਕਿ ਉਹ ਇਕ ਮੂਲ ਅਮਰੀਕੀ ਨਾਗਰਿਕ ਸੀ ਤੇ ਇਸ ਨਾਲ ਭਾਰਤ ਵਿਚ ਕਿਸੇ ਨੂੰ ਉਸ 'ਤੇ ਸ਼ੱਕ ਨਹੀਂ ਪਵੇਗਾ। ਉਸ ਨੇ ਕਿਹਾ ਕਿ ਆਈ.ਐਸ.ਆਈ. ਤੇ ਮੇਜਰ ਇਕਬਾਲ ਚਾਹੁੰਦੇ ਸਨ ਕਿ ਉਸਦਾ ਕਾਰੋਬਾਰ ਹੋਵੇ ਤੇ ਉਹ ਵੱਧ ਤੋਂ ਵੱਧ ਸਮਾਂ ਭਾਰਤ ਵਿਚ ਟਿਕ ਸਕੇ। ਇਸ ਦੌਰਾਨ ਹੈਡਲੀ ਨੇ ਉਨ੍ਹਾਂ ਨੂੰ ਸੁਝਾਅ ਦਿੱਤਾ ਕਿ ਇਸ ਮੰਤਵ ਲਈ ਡਾ. ਤਹੱਵੁਰ ਰਾਣਾ ਦੇ ਕਾਰੋਬਾਰ ਤੋਂ ਮਦਦ ਲਈ ਜਾ ਸਕਦੀ ਹੈ। ਹੈਡਲੀ ਡਾ. ਰਾਣਾ ਦਾ ਬਚਪਨ ਦਾ ਦੋਸਤ ਹੈ। ਪਾਕਿਸਤਾਨ ਵਿਚ ਲਸ਼ਕਰ-ਏ-ਤੋਇਬਾ ਦੇ ਕੈਂਪਾਂ ਵਿਚ ਸਿਖਲਾਈ ਹਾਸਲ ਕਰਨ ਤੋਂ ਬਾਅਦ ਹੈਡਲੀ ਕਸ਼ਮੀਰ ਵਿਚ ਕਿਸੇ ਮਿਸ਼ਨ 'ਤੇ ਜਾਣਾ ਚਾਹੁੰਦਾ ਸੀ ਪਰ ਲਸ਼ਕਰ ਆਗੂ ਕਿਸੇ ਹੋਰ ਥਾਂ ਭੇਜਣਾ ਚਾਹੁੰਦੇ ਸਨ।

ਨਵੇਂ ਦਸਤਾਵੇਜ਼ ਮੁਤਾਬਕ ਹੈਡਲੀ ਨੇ ਫਰਵਰੀ 2002 ਤੋਂ ਪਾਕਿਸਤਾਨ ਵਿਚ ਲਸ਼ਕਰ-ਏ-ਤੋਇਬਾ ਦੇ ਕੈਂਪਾਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ ਸੀ। ਦਸੰਬਰ 2003 ਤਕ ਉਸ ਨੇ ਪੰਜ ਵੱਖ-ਵੱਖ ਕੋਰਸਾਂ ਵਿਚ ਹਿੱਸਾ ਲਿਆ ਸੀ ਤੇ ਹੋਰ ਗੱਲਾਂ ਤੋਂ ਇਲਾਵਾ ਉਸ ਨੂੰ ਲਸ਼ਕਰ ਦੀ ਵਿਚਾਰਧਾਰਾ ਤੇ ਗ੍ਰਨੇਡਾਂ ਦੀ ਵਰਤੋਂ, ਲੜਾਕੂ ਪੈਂਤੜਿਆਂ, ਬਚੇ ਰਹਿਣ ਦੀ ਮੁਹਾਰਤ ਤੇ ਵਿਰੋਧੀ ਖੁਫੀਆ ਏਜੰਸੀਆਂ ਦੇ ਤੋੜ ਆਦਿ ਬਾਰੇ ਸਿਖਲਾਈ ਦਿੱਤੀ ਗਈ। ਕਈ ਕੈਂਪਾਂ ਵਿਚ ਹਿੱਸਾ ਲੈਣ ਤੋਂ ਬਾਅਦ ਹੈਡਲੀ ਲਸ਼ਕਰ-ਏ-ਤੋਇਬਾ ਦੇ ਸੀਨੀਅਰ ਮੈਂਬਰ ਜ਼ਕੀਉਰ-ਰਹਿਮਾਨ ਲਖਵੀ ਨਾਲ ਘੁਲਮਿਲ ਗਿਆ ਜੋ ਲਸ਼ਕਰ ਦੇ ਫੌਜੀ ਅਪਰੇਸ਼ਨਾਂ ਦਾ ਕਮਾਂਡਰ ਸੀ।

ਮੇਜਰ ਇਕਬਾਲ ਦੇ ਆਖੇ 'ਤੇ ਹੈਡਲੀ ਨੇ ਅਪਰੈਲ 2008 ਵਿਚ ਭਾਰਤ ਦੇ ਇਕ ਪਰਮਾਣੂ ਪਲਾਂਟ ਦਾ ਦੌਰਾ ਵੀ ਕੀਤਾ ਸੀ। ਇਸੇ ਮਹੀਨੇ ਉਹ ਮੁੰਬਈ ਪਰਤ ਆਇਆ ਸੀ। ਇਥੇ ਉਸ ਨੇ ਜ਼ਮੀਨਾਂ ਤੇ ਹੋਰ ਥਾਵਾਂ ਬਾਰੇ ਖੁਫ਼ੀਆ ਜਾਣਕਾਰੀ ਇਕੱਠੀ ਕੀਤੀ ਤੇ ਮੁੰਬਈ ਹਾਰਬਰ 'ਤੇ ਕਿਸ਼ਤੀ ਦੀ ਸਵਾਰੀ ਕੀਤੀ ਤੇ ਜੀ.ਪੀ.ਐਸ. ਰਾਹੀਂ ਵੀਡੀਓ ਵੀ ਬਣਾਏ।

26/11 ਹਮਲੇ ਤੋਂ ਪਹਿਲਾਂ ਆਪਣੇ ਆਖਰੀ ਖੁਫੀਆ ਦੌਰੇ ਸਮੇਂ ਹੈਡਲੀ ਮੇਜਰ ਇਕਬਾਲ ਦੇ ਕਹਿਣ 'ਤੇ 15 ਲਾਲ ਗਾਨੇ ਲੈ ਕੇ ਆਇਆ ਸੀ ਤਾਂ ਕਿ ਇਨ੍ਹਾਂ ਨੂੰ ਪਹਿਨ ਕੇ ਹਮਲਾਵਰ ਹਿੰਦੂ ਜਾਪਣ। ਅਦਾਲਤ ਵਿਚ ਪੇਸ਼ ਕੀਤੇ ਦਸਤਾਵੇਜ਼ਾਂ ਮੁਤਾਬਕ ਲਸ਼ਕਰ ਲੀਡਰਸ਼ਿਪ ਨੇ ਮੁੰਬਈ ਵਿਚ ਹਮਲੇ ਦੀ ਨੁਕਸ-ਰਹਿਤ ਯੋਜਨਾ ਬਣਾਈ ਸੀ ਪਰ ਇਸ ਕਤਲੇਆਮ ਵਿਚ ਸ਼ਾਮਲ ਦਸ ਹਮਲਾਵਰਾਂ ਨੇ ਬਹੁਤ ਸਾਰੀਆਂ ਗਲਤੀਆਂ ਕੀਤੀਆਂ ਜਿਨ੍ਹਾਂ ਤੋਂ ਭਾਰਤੀ ਤਫਤੀਸ਼ਕਾਰਾਂ ਨੇ ਉਨ੍ਹਾਂ ਦੀ ਛੇਤੀ ਹੀ ਪੈੜ ਕੱਢ ਲਈ। ਲਸ਼ਕਰ-ਏ-ਤੋਇਬਾ ਦੇ ਮਾਸਟਰ ਮਾਈਂਡ ਸਾਜਿਦ ਮੀਰ ਨੇ ਹੈਡਲੀ ਨਾਲ ਮੁਲਾਕਾਤ ਦੌਰਾਨ ਵੀ ਗਲਤੀਆਂ ਦੀ ਗੱਲ ਮੰਨੀ ਸੀ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਸਾਜਿਦ ਨਾਲ ਮੀਟਿੰਗ ਵਿਚ ਉਸ ਨੇ ਹੈਡਲੀ ਨੂੰ ਦੱਸਿਆ ਸੀ ਕਿ ਕੁਝ ਹਮਲਾਵਰਾਂ ਨੇ ਉਸ ਦੀਆਂ ਹਦਾਇਤਾਂ ਨਹੀਂ ਮੰਨੀਆਂ ਸਨ ਤੇ ਉਹ ਮੁੰਬਈ ਪੁੱਜਣ ਲਈ ਵਰਤੀ ਕਿਸ਼ਤੀ ਨੂੰ ਡੁਬੋਣ 'ਚ ਨਾਕਾਮ ਰਹੇ। ਇਕ ਹਮਲਾਵਰ ਆਪਣਾ ਸੈਟੇਲਾਈਟ ਫੋਨ ਕਿਸ਼ਤੀ 'ਚ ਹੀ ਭੁੱਲ ਗਿਆ ਸੀ। ਭਾਰਤੀ ਅਧਿਕਾਰੀਆਂ ਨੇ ਇਹ ਕਿਸ਼ਤੀ ਲੱਭ ਲਈ ਤੇ ਇਹ ਫੋਨ ਬਰਾਮਦ ਕਰਕੇ ਇਸ ਨੂੰ ਫੋਰੈਂਸਿਕ ਵਿਸ਼ਲੇਸ਼ਣ ਲਈ ਐਫ.ਬੀ.ਆਈ. ਨੂੰ ਸੌਂਪ ਦਿੱਤਾ ਸੀ।


**Desi Cuts and Color Plus**

For Men, Women & Children



Grand Opening



Ph:510-429-0786

Mandeep
510-200-4415

Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 ( Behind Tacobell )



**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

(408) 940-6065, (408) 736-5203

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



ਯੂਬਾ ਸਿਟੀ ਵਿਚ ਤੁਹਾਡੀ ਆਪਣੀ ਟਾਇਰ ਅਤੇ ਆਟੋ ਰਿਪੇਅਰ ਸ਼ਾਪ

**Lucky Tire & Auto Repair**

ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ

*909 Garden Hwy*

*660 Culussa Hwy*




ਟਾਇਰ ਸਪੈਸ਼ਲ $99/-

ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ

ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

ਫੋਨ:530-755-4037, 530-673-4001



ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guaran- tee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com




www.GoldCoastATM.com

ੴ ਸਤਿਗੁਰ ਪ੍ਰਸਾਦਿ॥

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ, ਵਤਨ ਪਰ ਮਰ ਮਿਟਨੇ ਵਾਲੋਂ ਕਾ ਬਾਕੀ ਯਹੀ ਨਿਸ਼ਾਂ ਹੋਗਾ

# ਗੁਰਦੁਆਰਾ ਸਾਹਿਬ ਮਾਡੈਸਟੋ-ਸੀਰੀਜ਼

## ਬਾਬਾ ਨਿਹਾਲ ਸਿੰਘ ਜੀ-ਬਾਬਾ ਹਰਨਾਮ ਸਿੰਘ ਜੀ ਤੱਲ੍ਹਣ ਵਾਲਿਆਂ ਦੀ ਯਾਦ ਵਿਚ ਸ਼ਹੀਦੀ ਮੇਲਾ






ਹਰ ਸਾਲ ਦੀ ਤਰ੍ਹਾਂ ਬਾਬਾ ਨਿਹਾਲ ਸਿੰਘ ਜੀ-ਬਾਬਾ ਹਰਨਾਮ ਸਿੰਘ ਤੱਲ੍ਹਣ ਵਾਲਿਆਂ ਦੀ ਯਾਦ ਵਿਚ ਕੈਲੀਫੋਰਨੀਆ ਵਸਦੇ ਪਿੰਡ ਤੱਲ੍ਹਣ (ਜ਼ਿਲਾ ਜਲੰਧਰ) ਦੇ ਸ਼ਰਧਾਲੂਆਂ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਮਾਡੈਸਟੋ-ਸੀਰੀਜ਼ ਵਿਖੇ 13 ਜੂਨ ਤੋਂ 20 ਜੂਨ 2011 ਤੱਕ ਸ਼ਹੀਦੀ ਜੋੜ ਮੇਲਾ ਕਰਵਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹਾਜ਼ਰੀਆਂ ਭਰ ਕੇ ਧੰਨਵਾਦੀ ਬਣਾਓ ਜੀ।

**ਕਥਾ ਵਿਆਖਿਆ**
ਭਾਈ ਬਲਵਿੰਦਰ ਸਿੰਘ ਜੀ ਕੁਰਾਲੀਵਾਲੇ
**ਢਾਡੀ ਜਥਾ**
ਭਾਈ ਗੁਰਮੇਲ ਸਿੰਘ ਬੱਲ
ਭਾਈ ਕਮਲਜੀਤ ਸਿੰਘ ਬਿਲਗਾਵਾਲੇ
**ਕੀਰਤਨੀ ਜਥਾ**
ਭਾਈ ਮਨਜੀਤ ਸਿੰਘ
ਭਾਈ ਅਮਰਜੀਤ ਸਿੰਘ


ਭਾਈ ਬਲਵਿੰਦਰ ਸਿੰਘ

### ਪ੍ਰੋਗਰਾਮ

ਕੀਰਤਨ ਦੀਵਾਨ 13 ਜੂਨ ਤੋਂ 19 ਜੂਨ 2011
ਸ਼ਾਮ 6:30 ਤੋਂ 8:30 ਵਜੇ ਤੱਕ
ਅਰੰਭ ਸ੍ਰੀ ਅਖੰਡ ਪਾਠ - 18 ਜੂਨ 2011, ਸਵੇਰੇ 10:30 ਵਜੇ
ਭੋਗ ਸ੍ਰੀ ਅਖੰਡ ਪਾਠ- 20 ਜੂਨ 2011, ਸਵੇਰੇ 10:30 ਵਜੇ
ਕੀਰਤਨ ਦੀਵਾਨ- ਸਵੇਰੇ 10:30 ਵਜੇ ਤੋਂ 1:30 ਵਜੇ ਤੱਕ

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਜਰਨੈਲ ਸਿੰਘ ਬੈਂਸ 209-872-3070
ਪਰਮਜੀਤ ਸਿੰਘ ਤੱਲ੍ਹਣ 209-483-2683
ਭਾਈ ਮਨਜੀਤ ਸਿੰਘ 209-541-8538
ਭਾਈ ਅਮਰਜੀਤ ਸਿੰਘ 209-549-6906

ਗੁਰੂ ਘਰ ਦਾ ਫੋਨ 209-538-4100








# ਹਰਿਆਣਾ ਵੱਲੋਂ ਮੰਤਰੀਆਂ ਤੇ ਵਿਧਾਇਕਾਂ ਨੂੰ ਗੱਫੇ

**ਚੰਡੀਗੜ੍ਹ:** ਹਰਿਆਣਾ ਸਰਕਾਰ ਆਪਣੇ ਵਿਧਾਇਕਾਂ ਤੇ ਮੰਤਰੀਆਂ 'ਤੇ ਮਿਹਰਬਾਨ ਹੋਈ ਹੈ। ਸਰਕਾਰ ਵੱਲੋਂ ਵਿਧਾਇਕਾਂ ਦੀ ਤਨਖਾਹ 10 ਹਜ਼ਾਰ ਤੋਂ ਵਧਾ ਕੇ 20 ਹਜ਼ਾਰ ਰੁਪਏ ਮਹੀਨਾ ਕਰ ਦਿੱਤੀ ਗਈ ਹੈ ਜਦੋਂਕਿ ਮੰਤਰੀਆਂ ਦੇ ਰਿਹਾਇਸ਼ੀ ਕਿਰਾਏ ਦੀ ਹੱਦ 15 ਹਜ਼ਾਰ ਤੋਂ ਵਧਾ ਕੇ 50 ਹਜ਼ਾਰ ਕਰ ਦਿੱਤੀ ਗਈ ਹੈ। ਸਰਕਾਰ ਦੇ ਨਵੇਂ ਫੈਸਲੇ ਮੁਤਾਬਕ ਮੰਤਰੀਆਂ ਦੇ ਪਰਿਵਾਰ ਤੇ ਉਨ੍ਹਾਂ 'ਤੇ ਨਿਰਭਰ ਮੈਂਬਰਾਂ ਨੂੰ ਮੁਫ਼ਤ ਹਵਾਈ ਸਹੂਲਤ ਦਾ ਲਾਭ ਦੇ ਦਿੱਤਾ ਗਿਆ ਹੈ। ਮੰਤਰੀ ਮੰਡਲ ਦੇ ਫੈਸਲੇ ਅਨੁਸਾਰ ਮੰਤਰੀ ਦੇ ਪਰਿਵਾਰ ਜਾਂ ਦੂਜੇ ਨਿਰਭਰ ਮੈਂਬਰਾਂ ਨੂੰ ਹਵਾਈ ਜਹਾਜ਼ ਦੇ ਪਹਿਲੀ ਸ਼੍ਰੇਣੀ ਦੇ ਨਾਲ-ਨਾਲ ਏ.ਸੀ. ਰੇਲ ਵਿਚ ਸਫਰ ਕਰਨ ਦੀ ਮੁਫਤ ਸਹੂਲਤ ਵੀ ਦੇ ਦਿੱਤੀ ਹੈ ਪਰ ਇਸ ਲਈ ਜਹਾਜ਼ ਜਾਂ ਰੇਲ ਦੀ ਟਿਕਟ ਪੇਸ਼ ਕਰਨੀ ਹੋਵੇਗੀ। ਮੰਤਰੀ ਮੰਡਲ ਨੇ ਇਸ ਤੋਂ ਪਹਿਲਾਂ ਹਰਿਆਣਾ ਮੰਤਰੀ ਭੱਤਾ ਨਿਯਮ 1972 ਦੇ ਨਿਯਮ 4 ਵਿਚ ਸੋਧ ਕੀਤੀ ਸੀ।

ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਹੈ ਕਿ ਚੰਡੀਗੜ੍ਹ ਦੇ ਪ੍ਰਸਤਾਵਤ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਰੱਖਣ ਬਾਰੇ ਪੰਜਾਬ ਸਰਕਾਰ ਨਾਲ ਉਨ੍ਹਾਂ ਦਾ ਕੋਈ ਵਿਵਾਦ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਫੈਸਲਾ ਮੀਟਿੰਗ 'ਚ ਹੋ ਚੁੱਕਿਆ ਹੈ ਜਿਸ ਵਿਚ ਦੋਵੇਂ ਰਾਜਾਂ ਦੇ ਮੁੱਖ ਮੰਤਰੀ, ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਹਾਜ਼ਰ ਸਨ। ਇਸ ਮੀਟਿੰਗ 'ਚ ਹਵਾਈ ਅੱਡੇ ਦਾ ਨਾਂ ਚੰਡੀਗੜ੍ਹ ਏਅਰਪੋਰਟ ਰੱਖਣ ਦਾ ਫੈਸਲਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਇਸ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਦਾ ਸੁਝਾਅ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਰਾਜ ਸਰਕਾਰ ਸਤਲੁਜ ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਵੀ ਛੇਤੀ ਸੁਣਵਾਈ ਲਈ ਦਬਾਅ ਪਾ ਰਹੀ ਹੈ।

# ਬੇਕਰਜ਼ਫੀਲਡ 'ਚ ਆਪਣੇ ਫਿਊਨਰਲ ਹੋਮ ਲਈ ਯਤਨ ਸ਼ੁਰੂ

**ਬੇਕਰਜ਼ਫੀਲਡ (ਮਾਨ ਮਨਦੀਪ):** ਸਥਾਨਕ ਸਿੱਖ ਭਾਈਚਾਰੇ ਵਲੋਂ ਇਥੇ ਆਪਣਾ ਵਖਰਾ ਫਿਊਨਰਲ ਹੋਮ ਬਣਾਉਣ ਲਈ ਯਤਨ ਸ਼ੁਰੂ ਕਰ ਦਿਤੇ ਗਏ ਹਨ। ਜ਼ਿਕਰਯੋਗ ਹੈ ਕਿ ਬੇਕਰਜ਼ਫੀਲਡ ਅਤੇ ਆਲੇ-ਦੁਆਲੇ ਵਸਦੇ 10-12 ਛੋਟੇ ਸ਼ਹਿਰਾਂ ਵਿਚ ਪੰਜਾਬੀਆਂ ਦੀ ਵਸੋਂ 35 ਹਜਾਰ ਤੋਂ ਵੀ ਵੱਧ ਹੈ ਪਰ ਉਨ੍ਹਾਂ ਦਾ ਆਪਣਾ ਕੋਈ ਫਿਊਨਰਲ ਹੋਮ ਨਹੀਂ। ਸਸਕਾਰ ਉਤੇ ਘਟੋ-ਘੱਟ 6-7 ਹਜਾਰ ਡਾਲਰ ਖਰਚ ਹੋ ਜਾਂਦੇ ਹਨ ਜੋ ਕਿ ਆਮ ਆਦਮੀ ਲਈ ਅਦਾ ਕਰਨਾ ਕਾਫੀ ਮੁਸ਼ਕਿਲ ਹੋ ਜਾਂਦਾ ਹੈ। ਸੂਤਰਾਂ ਅਨੁਸਾਰ ਜਲਦ ਹੀ ਸਮੂਹ ਸਥਾਨਕ ਗੁਰਦੁਆਰਾ ਕਮੇਟੀਆਂ ਅਤੇ ਪੰਜਾਬੀ ਸੰਸਥਾਵਾਂ ਦੀ ਇਕ ਮੀਟਿੰਗ ਇਸ ਸਬੰਧੀ ਬੁਲਾਈ ਜਾ ਰਹੀ ਹੈ।

ਐਨ ਆਰ ਆਈ ਸਭਾ, ਬੇਕਰਜ਼ਫੀਲਡ ਕਬੱਡੀ ਕਲੱਬ, ਇੰਡੀਅਨ ਸਾਕਰ ਕਲੱਬ, ਪੀਪਲਜ਼ ਪਾਰਟੀ ਆਫ ਪੰਜਾਬ (ਬੇਕਰਜ਼ਫੀਲਡ), ਅਕਾਲੀ ਦਲ (ਬਾਦਲ), ਪੰਜਾਬੀ ਅਮੈਰੀਕਨ ਸੀਨੀਅਰ ਸਿਟੀਜ਼ਨ ਸੈਂਟਰ, ਹਿੰਦੂ ਟੈਂਪਲ ਤੋਂ ਇਲਾਵਾ ਸ਼ਹਿਰ ਦੇ ਮੁਖ ਕਾਰੋਬਾਰੀਆਂ ਡਾਕਟਰਾਂ ਅਤੇ ਟਰਾਂਸਪੋਟਰਾਂ ਨੇ ਇਸ ਸਬੰਧੀ ਆਪਣੀ ਸਹਿਮਤੀ ਪ੍ਰਗਟਾਈ ਹੈ। ਇਸ ਸਬੰਧੀ ਸੁਝਾਅ ਦੇਣ ਜਾਂ ਹੋਰ ਜਾਣਕਾਰੀ ਲੈਣ ਲਈ ਪੱਤਰਕਾਰ ਮਾਨ ਮਨਦੀਪ ਨਾਲ ਫੋਨ 661-889-1927 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬਲਾਤਕਾਰੀ ਫਾਹੇ ਟੰਗੇ


**ਤਹਿਰਾਨ:** ਬੱਚਿਆਂ ਨਾਲ ਬਲਾਤਕਾਰ ਕਰਨ ਦੇ ਦੋ ਦੋਸ਼ੀਆਂ ਨੂੰ ਇਰਾਕ ਦੇ ਸ਼ਹਿਰ ਕਰਗਨਸ਼ਾਹ ਵਿਖੇ ਫਾਹੇ ਲਾ ਦਿੱਤਾ ਗਿਆ। ਪੀ. ਮੁਹੰਮਦੀ ਪਸ਼ਤੇਹਿਜ਼ ਤੇ ਏ. ਨਾਮਾਕੀ ਨੂੰ ਸ਼ਰੇਆਮ ਫਾਂਸੀ ਦਿੱਤੀ ਗਈ। ਮੁਹੰਮਦੀ ਨੇ ਇਕ ਬੱਚੇ ਨਾਲ ਬਲਾਤਕਾਰ ਕੀਤਾ ਤੇ ਆਪਣੀ ਕਰਤੂਤ ਦੀ ਫਿਲਮ ਬਣਾਈ, ਜਦਕਿ ਨਾਮਾਕੀ ਨੇ 9 ਸਾਲਾ ਬੱਚੇ ਨਾਲ ਬਲਾਤਕਾਰ ਕੀਤਾ।



# ਗੁਰੂ ਘਰਾਂ ਦੇ ਨਾਲ ਵਿਦਿਅਕ ਅਦਾਰੇ ਖੋਲ੍ਹਣ 'ਤੇ ਜੋਰ

**ਬੇਕਰਜ਼ਫੀਲਡ (ਬਿਊਰੋ):** ਅੱਜ ਪੰਜਾਬ ਨੂੰ ਚੰਗੇ ਪੱਧਰ ਦੀ ਸਿਖਿਆ ਦੀ ਡਾਢੀ ਲੋੜ ਹੈ ਕਿਉਂਕਿ ਪੰਜਾਬ ਦਾ ਨੌਜਵਾਨ ਵਰਗ ਇਸ ਵੇਲੇ ਬੁਰੀ ਤਰ੍ਹਾਂ ਨਸ਼ਿਆਂ ਦੀ ਦਲਦਲ ਵਿਚ ਫਸ ਚੁਕਾ ਹੈ। ਗੁਰੂ ਘਰਾਂ ਦੀ ਉਸਾਰੀ ਜ਼ਰੂਰ ਕੀਤੀ ਜਾਵੇ ਪਰ ਪਹਿਲਾਂ ਸਕੂਲ ਖੋਲ੍ਹੇ ਜਾਣ ਨਹੀਂ ਤਾਂ ਗੁਰੂ ਘਰਾਂ ਵਿਚ ਅਗਲੀ ਪੀੜ੍ਹੀ ਜੇ ਉਹ ਵਿਦਿਆ ਅਤੇ ਧਰਮ ਤੋਂ ਸੱਖਣੀ ਹੋਈ ਤਾਂ ਕਿਵੇਂ ਆਏਗੀ। ਇਹ ਵਿਚਾਰ ਇਥੇ ਗੁਰਦੁਆਰਾ ਵਿਲਸਨ ਰੋਡ ਵਿਖੇ ਬੜੂ ਸਾਹਿਬ ਅਕੈਡਮੀ ਵਾਲੇ ਬਾਬਾ ਇਕਬਾਲ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ। ਉਹ ਇਥੇ ਐਨ ਆਰ ਆਈ ਸਭਾ ਦੇ ਸੱਦੇ ਉਤੇ ਪਹੁੰਚੇ ਸਨ।

ਬਾਬਾ ਇਕਬਾਲ ਸਿੰਘ ਨੇ ਦੱਸਿਆ ਕਿ ਬੜੂ ਸਾਹਿਬ ਅਕੈਡਮੀ 200 ਬੱਚਿਆਂ ਨਾਲ ਸ਼ੁਰੂ ਕੀਤੀ ਗਈ ਸੀ ਅਤੇ ਅੱਜ ਪੂਰੇ ਪੰਜਾਬ ਵਿਚ ਇਸ ਨਾਲ ਸਬੰਧਤ ਸਕੂਲਾਂ ਵਿਚ 65,000 ਤੋਂ ਵੱਧ ਵਿਦਿਆਰਥੀ ਪੜ੍ਹ ਰਹੇ ਹਨ। ਇਸ ਅਕੈਡਮੀ ਨਾਲ ਸਬੰਧਤ ਵੱਖ ਵੱਖ ਵਿਦਿਅਕ ਸੰਸਥਾਵਾਂ ਵਿਚ ਦੁਨੀਆਂ ਭਰ ਤੋਂ ਵਿਦਿਆਰਥੀ ਸਿਖਿਆ ਹਾਸਲ ਕਰ ਰਹੇ ਹਨ। ਵਿਦਿਆ ਅਤੇ ਪ੍ਰਯੋਗਸ਼ਾਲਾਵਾਂ ਦਾ ਪੱਧਰ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਮਾਤ ਪਾਉਂਦਾ ਹੈ। ਉਨ੍ਹਾਂ ਸੰਗਤਾਂ ਨੂੰ ਇਕ ਵਾਰ ਬੜੂ ਸਾਹਿਬ (ਹਿਮਾਚਲ ਪ੍ਰਦੇਸ਼) ਆਉਣ ਦੀ ਬੇਨਤੀ ਕੀਤੀ ਤਾਂ ਜੋ ਆਪਣੀ ਅੱਖੀਂ ਵਿਦਿਆ ਦੇ ਪ੍ਰਬੰਧ ਵੇਖ ਸਕਣ। ਬਾਬਾ ਇਕਬਾਲ ਸਿੰਘ ਦੇ ਨਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਖੇਮ ਸਿੰਘ ਗਿੱਲ ਵੀ ਆਏ ਹੋਏ ਸਨ।



ਇਨ੍ਹੀਂ ਦਿਨੀਂ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ ਗੁਰਦੁਆਰਾ ਵਿਲਸਨ ਰੋਡ ਅਤੇ ਗੁਰੂ ਅੰਗਦ ਦਰਬਾਰ ਵਿਖੇ ਵਿਸ਼ੇਸ਼ ਸਮਾਗਮ ਚੱਲ ਰਹੇ ਹਨ। ਇਨ੍ਹਾਂ ਸਮਾਗਮਾਂ ਦੌਰਾਨ ਐਨ ਆਰ ਆਈ ਸਭਾ, ਅਮਰੀਕਾ ਵਲੋਂ ਗੁਰੂ ਕੇ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ। ਸਭਾ ਦੇ ਅਹੁਦੇਦਾਰਾਂ ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਮੀਡੀਆ ਸਲਾਹਕਾਰ ਮਾਨ ਮਨਦੀਪ, ਮੀਤ ਪ੍ਰਧਾਨ ਮਨਜੋਤ ਰਾਏ, ਡਾ. ਜਸਵੰਤ ਗਿੱਲ ਅਤੇ ਸਾਥੀਆਂ ਵਲੋਂ ਇਨ੍ਹਾਂ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰਾਂ ਨਾਲ ਮਿਲ ਕੇ ਲੰਗਰ ਦੀ ਸੇਵਾ ਕੀਤੀ ਗਈ। ਇਸ ਮੌਕੇ ਸੁੱਖੀ ਘੁੰਮਣ ਚੇਅਰਮੈਨ, ਜਗਦੀਸ਼ ਢਿੱਲੋਂ, ਗੁਰਜੀਤ ਮਾਣਕ, ਤੇਜਪਾਲ ਨਿਕਸਨ, ਗੁਰਦੀਪ ਢੀਂਡਸਾ, ਸੁਖਬੀਰ ਸਿੰਘ ਸੰਧੂ ਪ੍ਰਧਾਨ, ਛਿੰਦਾ ਉਪਲ, ਗਿਆਨੀ ਗੁਰਚਰਨ ਸਿੰਘ, ਵਿਨੋਦ ਕੰਬੋਜ, ਬਲਜੀਤ ਭੁੱਟੋ, ਬਲਜੀਤ ਨਿਰਵਾਣ, ਬਲਬੀਰ ਸ਼ੇਰਗਿੱਲ, ਬਾਬੀ ਸਹੋਤਾ, ਸਾਧੂ ਸ਼ੇਰਗਿੱਲ, ਗੁਰਪ੍ਰੀਤ ਸਿੰਘ ਰਾਏ, ਪੈਮ ਰੰਧਾਵਾ, ਹਰਦਿਆਲ ਸਿੰਘ ਮੱਲ੍ਹੀ, ਰਾਜਿੰਦਰ ਗਿੱਲ, ਬਲਵਿੰਦਰ ਸਿੰਘ ਬਰਾੜ, ਦਲਜੀਤ ਸਿੰਘ, ਬਲਬੀਰ ਸਿੱਧੂ, ਪ੍ਰਭਦੀਪ ਸਿੰਘ, ਹਰਦੀਪ ਢੀਂਡਸਾ, ਕਮਲਜੀਤ ਢਿੱਲੋਂ, ਸ਼ਿਵਚਰਨ ਬੁੱਟਰ, ਕੁਲਦੀਪ ਬਿੱਲੂ, ਮੇਜਰ ਚੌਹਾਨ, ਭਰਪੂਰ ਬਰਾੜ ਅਤੇ ਹਰਦਮ ਔਲਖ ਹਾਜ਼ਰ ਸਨ।










# ਸੇਵਾ ਅਤੇ ਸਿਮਰਨ ਦਾ ਮੁਜੱਸਮਾ ਸੰਤ ਪ੍ਰੇਮ ਸਿੰਘ ਮੁਰਾਲੇਵਾਲੇ

**ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

ਮਹਾਨ ਤਪੱਸਵੀ, ਬ੍ਰਹਮ ਗਿਆਨੀ, ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦਾ ਜਨਮ ਕੱਤਕ ਦੀ ਸੰਗਰਾਂਦ ਵਾਲੇ ਦਿਨ, ਪਿੰਡ ਖੋੜੀ ਦੁਨਾ ਸਿੰਘ, ਗੁਜਰਾਤ (ਹੁਣ ਪਾਕਿਸਤਾਨ) ਪਿਤਾ ਵਸਾਵਾ ਸਿੰਘ ਅਤੇ ਮਾਤਾ ਬੀਬੀ ਨਿਹਾਲ ਕੌਰ ਦੇ ਘਰ ਹੋਇਆ। ਬਾਲਕ ਪ੍ਰੇਮ ਸਿੰਘ ਜਨਮ ਤੋਂ ਹੀ ਪ੍ਰਮੇਸ਼ਵਰ ਦੀਆਂ ਬਖ਼ਸ਼ਿਸ਼ਾਂ ਨਾਲ ਲਬਾ-ਲਬ ਸਨ। ਬਚਪਨ ਤੋਂ ਹੀ ਉਹ ਆਮ ਬੱਚਿਆਂ ਵਾਂਗ ਖੇਡਣ ਦੀ ਥਾਂ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ। ਜਿਵੇਂ ਮਾਲਿਕ ਦਾ ਹੁਕਮ ਸੀ, ਬਾਬਾ ਜੀ ਅਜੇ ਛੋਟੀ ਉਮਰ ਵਿਚ ਹੀ ਸਨ ਕਿ ਉਨ੍ਹਾਂ ਦੇ ਮਾਤਾ ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ। ਮਾਂ ਦੇ ਚਲੇ ਜਾਣ ਤੋਂ ਬਾਅਦ ਵੀ ਬਾਬਾ ਜੀ ਦੇ ਪ੍ਰਭੂ ਪ੍ਰੇਮ ਵਿਚ ਕੋਈ ਫਰਕ ਨਾ ਆਇਆ। ਉਧਰ, ਪਿਤਾ ਵਸਾਵਾ ਸਿੰਘ ਨੇ ਵੀ ਆਪਣੇ ਬਾਲਕ ਪ੍ਰੇਮ ਸਿੰਘ ਨੂੰ ਰੱਜ ਕੇ ਪਿਆਰ ਦਿੱਤਾ ਅਤੇ ਗੁਰੂ ਬਾਣੀ ਨਾਲ ਜੁੜਨ ਲਈ ਪ੍ਰੇਰਨਾ ਦਿੱਤੀ।



ਸੰਤ ਪ੍ਰੇਮ ਸਿੰਘ ਮੁਰਾਲੇਵਾਲੇ

ਪਿੰਡ ਮੁਰਾਲਾ ਵਿਚ ਰੱਬੀ ਰਹਿਮਤਾਂ ਨਾਲ ਭਰੇ ਹੋਏ ਮਹਾਂਪੁਰਸ਼ ਸੰਤ ਬਾਬਾ ਬਿਸ਼ਨ ਸਿੰਘ ਨਿਵਾਸ ਕਰਦੇ ਸਨ ਅਤੇ ਉਥੇ ਬੇਸ਼ੁਮਾਰ ਸੰਗਤਾਂ ਗੁਰੂ ਦੇ ਲੜ ਲੱਗ ਰਹੀਆਂ ਸਨ। ਇਸੇ ਹੀ ਸਮੇਂ ਪਿੰਡ ਖੋੜੀ ਤੋਂ ਕੁਝ ਸੰਗਤਾਂ ਬਾਬਾ ਜੀ ਦੇ ਦਰਸ਼ਨਾਂ ਲਈ ਤਿਆਰ ਹੋਈਆਂ ਤਾਂ ਪਿਤਾ ਵਸਾਵਾ ਸਿੰਘ ਵੀ ਬਾਲਕ ਪ੍ਰੇਮ ਸਿੰਘ ਨੂੰ ਨਾਲ ਲੈ ਕੇ ਮੁਰਾਲੇ ਵੱਲ ਹੋ ਤੁਰੇ। ਮੁਰਾਲਾ ਪਹੁੰਚ ਕੇ ਸੰਗਤਾਂ ਵਾਰੀ-ਵਾਰੀ ਮਹਾਂਪੁਰਸ਼ਾਂ ਨੂੰ ਸੀਸ ਨਿਵਾ ਰਹੀਆਂ ਸਨ ਪਰ ਉਸ ਦਿਨ ਕੁਝ ਹੋਰ ਵੀ ਚਮਤਕਾਰ ਹੋਣ ਵਾਲਾ ਸੀ। ਜਦ ਪਿਤਾ ਵਸਾਵਾ ਸਿੰਘ ਨੇ ਆਪ ਮੱਥਾ ਟੇਕ ਕੇ ਬਾਲਕ ਪ੍ਰੇਮ ਸਿੰਘ ਦਾ ਸਿਰ ਮਹਾਂਪੁਰਸ਼ਾਂ ਦੇ ਚਰਨਾਂ 'ਤੇ ਧਰਿਆ ਤਾਂ ਮਹਾਂਪੁਰਸ਼ਾਂ ਨੇ ਆਪਣਾ ਹੱਥ ਬਾਲਕ ਦੇ ਸਿਰ 'ਤੇ ਰੱਖ ਕੇ ਆਖਿਆ ਕਿ ਭਾਈ ਇਹ ਬਾਲਕ ਤਾਂ ਸਾਨੂੰ ਚਾਹੀਦਾ ਹੈ। ਅਸੀਂ ਬਹੁਤ ਚਿਰ ਤੋਂ ਇਸ ਦੀ ਉਡੀਕ ਕਰ ਰਹੇ ਸੀ। ਇਹ ਬਚਨ ਕਰਕੇ ਮਹਾਂਪੁਰਸ਼ਾਂ ਨੇ ਆਪਣੇ ਕੋਲ ਬਿਠਾ ਲਿਆ, ਤੇ ਉਸ ਦਾ ਨਾਮ ਪੁੱਛ ਕੇ ਆਖਿਆ ਕਿ ਇਹ ਪ੍ਰੇਮ ਸਿੰਘ ਹੀ ਇਕ ਦਿਨ ਪਰਮਾਤਮਾ ਦੇ ਨਾਮ ਨੂੰ ਇੰਨਾ ਪ੍ਰੇਮ ਕਰੇਗਾ ਕਿ ਰੱਬ ਇਸ ਦੇ ਨਾਲ-ਨਾਲ ਹੀ ਰਿਹਾ ਕਰੇਗਾ। ਇਸ ਤਰ੍ਹਾਂ ਬਾਲਕ ਪ੍ਰੇਮ ਸਿੰਘ ਮੁਰਾਲੇ ਦੇ ਹੀ ਵਾਸੀ ਬਣ ਗਏ।

ਮਹਾਂਪੁਰਸ਼ਾਂ ਦੀ ਸੰਗਤ ਵਿਚ ਹੀ ਬਾਲਕ ਪ੍ਰੇਮ ਸਿੰਘ ਨੇ ਗੁਰਮੁਖੀ ਵਿਦਿਆ, ਗੁਰਬਾਣੀ ਗਿਆਨ ਅਤੇ ਕੀਰਤਨ ਦੀ ਮੁਹਾਰਤ ਹਾਸਲ ਕੀਤੀ। ਮੇਰੇ ਪਿਤਾ ਭਾਈ ਦਰਗਾਹਾ ਸਿੰਘ ਜੋ ਸਾਰਾ ਜੀਵਨ ਗੁਰੂ ਘਰ ਦੇ ਗ੍ਰੰਥੀ ਅਤੇ ਕੀਰਤਨੀਏ ਰਹੇ, ਉਨ੍ਹਾਂ ਦੇ ਜੀਵਨ ਦਾ ਕਾਫ਼ੀ ਲੰਮਾ ਸਮਾਂ ਬਾਬਾ ਪ੍ਰੇਮ ਸਿੰਘ ਨਾਲ ਵੀ ਬੀਤਿਆ। ਮੈਂ ਪਿਤਾ ਜੀ ਤੋਂ ਬਚਪਨ ਵਿਚ ਹੀ ਬਾਬਾ ਪ੍ਰੇਮ ਸਿੰਘ ਬਾਰੇ ਬਹੁਤ ਗਿਆਨ ਪ੍ਰਾਪਤ ਕੀਤਾ।

ਸੰਤ ਪ੍ਰੇਮ ਸਿੰਘ ਨੇ ਜੋ ਪਹਿਲਾ ਕਾਰਜ ਅਰੰਭਿਆ, ਉਹ ਸੀ ਆਮ ਲੋਕਾਂ ਦੀ ਅਨਪੜ੍ਹਤਾ ਦੂਰ ਕਰਨ ਦਾ। ਉਨ੍ਹਾਂ ਨੇ ਪਿੰਡ-ਪਿੰਡ ਸਕੂਲ ਖੋਲ੍ਹ ਕੇ ਲੋਕਾਂ ਨੂੰ ਵਿੱਦਿਆ ਦਾ ਚਾਨਣ ਦਿੱਤਾ। ਉਹ ਗੁਰਬਾਣੀ ਦੇ ਧੁਰ ਅੰਦਰੋਂ ਮਤਵਾਲੇ ਸਨ ਅਤੇ ਗੁਰਬਾਣੀ ਦਾ ਕੀਰਤਨ ਵੀ ਬੜੇ ਵੈਰਾਗ ਵਿਚ ਕਰਦੇ ਸਨ। ਬਾਬਾ ਜੀ ਨੇ ਲੋਕਾਂ ਨੂੰ ਮਨਮਤ ਅਤੇ ਭੈੜੇ ਰਸਮਾਂ ਰਿਵਾਜ਼ਾਂ ਤੋਂ ਹਟਾ ਕੇ ਗੁਰੂ ਅਤੇ ਗੁਰਬਾਣੀ ਨਾਲ ਜੋੜਿਆ। ਬਾਬਾ ਜੀ ਦਾ ਜਨਮ ਲੁਬਾਣਾ ਬਰਾਦਰੀ ਵਿਚ ਹੋਇਆ ਪਰ ਉਨ੍ਹਾਂ ਨੇ ਸਭ ਜਾਤਾਂ ਬਰਾਦਰੀਆਂ ਤੋਂ ਉਪਰ ਉਠ ਕੇ ਸਮੁੱਚੀ ਮਾਨਵਤਾ ਲਈ ਆਪਣਾ ਜੀਵਨ ਅਰਪਨ ਕੀਤਾ।

ਉਨ੍ਹਾਂ ਨੂੰ ਪੀਰੀ ਤਾਂ ਇਕ ਤਰ੍ਹਾਂ ਨਾਲ ਵਿਰਸੇ ਵਿਚ ਹੀ ਮਿਲੀ ਹੋਈ ਸੀ ਕਿਉਂਕਿ ਉਨ੍ਹਾਂ ਦੇ ਵਡੇਰਿਆਂ ਵਿਚੋਂ ਭਾਈ ਮਨਸੁਖ ਗੁਰੂ ਨਾਨਕ ਦੇਵ ਜੀ ਦੇ ਸਿੱਖ ਸਨ, ਸੌਂਦੇਸ਼ਾਹ ਗੁਰੂ ਅੰਗਦ ਦੇਵ ਜੀ ਦੇ ਅਨਿਨ ਭਗਤ ਸਨ ਜਦੋਂਕਿ ਸਾਰਾ ਸਿੱਖ ਪੰਥ ਜਾਣਦਾ ਹੈ ਕਿ ਭਾਈ ਮੱਖਣ ਸ਼ਾਹ

(ਅਗਲੇ ਸਫੇ 'ਤੇ ਜਾਰੀ)



## ਸੰਤ ਪ੍ਰੇਮ ਸਿੰਘ ਮੁਰਾਲੇਵਾਲੇ

ਲੁਬਾਣਾ ਨੇ ਗੁਰੂ ਲਾਧੋ ਦੀ ਸਦ ਲਾਈ ਸੀ। ਭਾਈ ਲੱਖੀ ਸ਼ਾਹ ਵਣਜਾਰਾ ਨੇ ਗੁਰੂ ਤੇਗ ਬਹਾਦੁਰ ਜੀ ਦੇ ਧੜ ਦਾ ਆਪਣੇ ਘਰ ਨੂੰ ਅੱਗ ਲਾ ਕੇ ਸਸਕਾਰ ਕੀਤਾ ਸੀ। ਬੰਦ ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਭਾਈ ਲੱਖੀ ਸ਼ਾਹ ਦੇ ਜਵਾਈ ਸਨ।

ਸੰਤ ਪ੍ਰੇਮ ਸਿੰਘ ਹੁਰਾਂ ਨੇ ਆਪਣਾ ਸਾਰਾ ਜੀਵਨ ਸਿੱਖੀ ਪ੍ਰਚਾਰ ਦੇ ਲੇਖੇ ਲਾਇਆ ਅਤੇ ਸਮਾਜ ਵਿਚੋਂ ਦਾਜ ਅਤੇ ਵਹਿਮਾਂ-ਭਰਮਾਂ ਦੀਆਂ ਅਲਾਮਤਾਂ ਵਿਰੁਧ ਪ੍ਰਚਾਰ ਕੀਤਾ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 1925 ਤੋਂ 1950 ਤਕ ਮੈਂਬਰ ਵੀ ਰਹੇ ਅਤੇ ਪੰਜਾਬ ਅਸੰਬਲੀ ਲਈ ਵੀ ਚੁਣੇ ਗਏ। ਉਨ੍ਹਾਂ ਨੇ ਵਿਦਿਆ ਦਾ ਚਾਨਣ ਵੰਡਣ ਲਈ ਸਕੂਲ ਅਤੇ ਕਾਲਜ ਖੋਲ੍ਹੇ। ਭਾਰਤ ਦੀ ਵੰਡ ਤੋਂ ਬਾਅਦ ਉਨ੍ਹਾਂ ਉਜੜ ਕੇ ਆਏ ਲੋਕਾਂ ਨੂੰ ਵਸਾਉਣ ਲਈ ਵੀ ਅਹਿਮ ਭੂਮਿਕਾ ਨਿਭਾਈ।

ਅੱਜ ਦੇਸ਼-ਵਿਦੇਸ਼ ਵਿਚ ਸੰਤ ਪ੍ਰੇਮ ਸਿੰਘ ਦੇ ਨਾਮ 'ਤੇ ਗੁਰਦੁਆਰੇ ਤੇ ਸਮਾਜਿਕ ਸੰਸਥਾਵਾਂ ਕੰਮ ਕਰ ਰਹੀਆਂ ਹਨ। 2-3 ਜੂਨ ਨੂੰ ਉਨ੍ਹਾਂ ਦੀ ਬਰਸੀ ਮਨਾਈ ਜਾਂਦੀ ਹੈ ਅਤੇ ਵੱਡੇ-ਵੱਡੇ ਮੇਲੇ ਲਗਦੇ ਹਨ। ਆਓ, ਸਾਰੇ ਮਿਲ ਕੇ ਉਨ੍ਹਾਂ ਦੇ ਜੀਵਨ ਤੋਂ ਸਿੱਖਿਆ ਲਈਏ ਅਤੇ ਵੈਰ-ਵਿਰੋਧ ਛੱਡ ਕੇ ਸਰਬੱਤ ਦਾ ਭਲਾ ਮੰਗੀਏ। ਇਹੋ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



ਘਰ ਖਰੀਦਣਾ ਹੈ ਜਾਂ ਵੇਚਣਾ !

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ
ਫੋਨ:209-856-2131



Century 21
M&M AND ASSOCIATES
Each office is independently owned and operated.
MLS

Jarnail Singh Lallria
Broker Associate
DRE#01440382


Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com

1472 'B' Street, Ste. D, Livingston, CA 95334



Dhillon Truck Stop
Dhillon Road Service
Interstate 40, exit 356, San Jon, NM

Gill Manj Gurdaspur Wale




ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਟੇਟ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776



Are Worries Keeping You Awake?
Watch Your Business AnyTime Any Place.




Attention Business Owners!!
Are You Worried About Your Business When You`re Not There?

Watch your business from anywhere on
iPhone
with our new technology

QuikStop Shell 7 ELEVEN 76 Holiday Inn Denny's Arby's

Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

DVR UNLIMITED
Call:1-(888) 233-4566 www.dvrunlimited.com

# ਪੰਜਾਬ ਤ੍ਰਾਸਦੀ ਲਈ ਗਿਆਨੀ ਜ਼ੈਲ ਸਿੰਘ ਤੇ ਸੰਜੈ ਗਾਂਧੀ ਜ਼ਿੰਮੇਵਾਰ

**ਨਵੀਂ ਦਿੱਲੀ**: ਪੰਜਾਬ ਵਿਚ ਸਾਬਕਾ ਰਾਸ਼ਟਰਪਤੀ ਮਰਹੂਮ ਗਿਆਨੀ ਜ਼ੈਲ ਸਿੰਘ ਤੇ ਸੰਜੈ ਗਾਂਧੀ ਵੱਲੋਂ ਜਿਹੜੇ ਕੰਡੇ ਬੀਜੇ ਗਏ ਸਨ, ਉਸ ਕਾਰਨ 1980 ਦੇ ਦਹਾਕੇ ਵਿਚ ਸੂਬੇ ਦਾ ਪਿੰਡਾ ਲਹੂ-ਲੁਹਾਨ ਹੋਇਆ ਤੇ ਉਸ ਤ੍ਰਾਸਦੀ ਦਾ ਦਰਦ ਅਜੇ ਵੀ ਲੋਕ ਹੰਢਾ ਰਹੇ ਹਨ। ਇਹ ਅਹਿਮ ਖੁਲਾਸਾ ਕਾਂਗਰਸ ਬਾਰੇ ਛਪੀ ਪੁਸਤਕ 'ਏ ਸੈਂਟੇਨਰੀ ਹਿਸਟਰੀ ਆਫ ਦਿ ਇੰਡੀਅਨ ਨੈਸ਼ਨਲ ਕਾਂਗਰਸ' 'ਚ ਹੋਇਆ ਹੈ। ਇਸ ਪੁਸਤਕ ਵਿਚ ਕਿਹਾ ਗਿਆ ਹੈ ਕਿ ਗਿਆਨੀ ਜ਼ੈਲ ਸਿੰਘ ਨੇ ਰਾਜ ਦੇ ਮੁੱਖ ਮੰਤਰੀ ਹੁੰਦਿਆਂ ਜੋ ਕੁਝ ਕੀਤਾ, ਉਸ ਨਾਲ ਸੂਬੇ ਦੇ ਹਾਲਾਤ ਖ਼ਰਾਬ ਹੋਏ ਤੇ ਇਸ ਦੀ ਕੀਮਤ ਹਜ਼ਾਰਾਂ ਜਾਨਾਂ ਗੁਆ ਕੇ ਚੁਕਾਉਣੀ ਪਈ।



ਸੂਬੇ ਵਿਚ ਧਰਮ ਦੇ ਨਾਂ 'ਤੇ ਖੇਡੀ ਗਈ 'ਸੌੜੀ ਸਿਆਸਤ' ਨੇ ਮੁੰਡਿਆਂ ਨੂੰ ਹਥਿਆਰਾਂ ਦੇ ਰਾਹ ਤੋਰਿਆ ਤੇ ਲੋਕਾਂ ਦੀ ਜ਼ੁਬਾਨ 'ਤੇ ਖਾਲਿਸਤਾਨ ਦੀ ਮੰਗ ਆ ਗਈ। ਇਸ ਕਿਤਾਬ ਮੁਤਾਬਕ ਕਾਂਗਰਸ ਤੇ ਅਕਾਲੀ ਲੀਡਰਸ਼ਿਪ ਦੀ ਸੌੜੀ ਸਿਆਸਤ ਤੇ ਧਰਮ ਦੀ ਵਰਤੋਂ ਜੋ ਉਨ੍ਹਾਂ ਆਪਣੇ ਨਿੱਜੀ ਹਿੱਤਾਂ ਲਈ ਕੀਤੀ ਸੀ, ਉਹ ਸਿੱਖ ਭਾਈਚਾਰੇ ਤੇ ਭਾਰਤ ਸਰਕਾਰ ਨੂੰ ਬਹੁਤ ਮਹਿੰਗੀ ਪਈ। 1972 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪੰਜਾਬ ਵਿਚ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ ਤੇ ਉਸ ਨੇ ਗਿਆਨੀ ਜ਼ੈਲ ਸਿੰਘ ਦੀ ਅਗਵਾਈ ਵਿਚ ਸਰਕਾਰ ਬਣਾਈ। ਇਸ ਮੌਕੇ ਉਨ੍ਹਾਂ ਨੇ ਅਕਾਲੀਆਂ ਨੂੰ ਕਮਜ਼ੋਰ ਕਰਨ ਲਈ ਧਰਮ ਦਾ ਪੱਤਾ ਖੇਡਿਆ ਤੇ ਉਹ ਬਾਜ਼ੀ ਆਪਣੇ ਹੱਕ ਵਿਚ ਕਰਨ ਲਈ ਕਾਮਯਾਬ ਵੀ ਰਹੇ ਪਰ ਸੂਬੇ ਵਿਚ ਇਸ ਸੌੜੀ ਸਿਆਸਤ ਨੇ ਅਜਿਹਾ ਪੁਆੜਾ ਪਾਇਆ ਕਿ ਉਥੇ ਖੂਨ ਦੀ ਹੋਲੀ ਖੇਡੀ ਜਾਣ ਲੱਗੀ।

ਗਿਆਨੀ ਜ਼ੈਲ ਸਿੰਘ ਨੇ ਅਕਾਲੀਆਂ ਨੂੰ ਖੂੰਡੇ ਲਾਉਣ ਤੇ ਸਿੱਖਾਂ ਦੀਆਂ ਵੋਟਾਂ ਆਪਣੀ ਜੇਬ ਵਿਚ ਪਾਉਣ ਲਈ ਸਭ ਤੋਂ ਵੱਡਾ ਸਿੱਖ ਮਾਰਚ ਕਰਵਾਇਆ ਸੀ।

ਪੁਸਤਕ ਦੇ ਇਕ ਅਧਿਆਇ 'ਇੰਦਰਾ ਗਾਂਧੀ: ਐਨ ਅਦਰ ਵਿਊ' ਮੁਤਾਬਕ ਗਿਆਨੀ ਜ਼ੈਲ ਸਿੰਘ ਜੋ 1980 ਵਿਚ ਇੰਦਰਾ ਗਾਂਧੀ ਦੀ ਕੈਬਨਿਟ ਦੇ ਪਹਿਲੇ ਗ੍ਰਹਿ ਮੰਤਰੀ ਬਣੇ ਸਨ, ਨੇ ਅਕਾਲੀਆਂ ਦੀ ਖੁੰਬ ਠੱਪਣ ਲਈ ਸੰਜੈ ਗਾਂਧੀ ਦੀ ਸ਼ਹਿ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਵਰਤਿਆ। ਪੁਸਤਕ ਮੁਤਾਬਕ ਇਹ ਮੰਨਣਾ ਬੜਾ ਔਖਾ ਹੈ ਕਿ ਗਿਆਨੀ ਜ਼ੈਲ ਸਿੰਘ ਤੇ ਸੰਜੈ ਗਾਂਧੀ ਜੋ ਕੁਝ ਕਰ ਰਹੇ ਸਨ, ਉਸ ਬਾਰੇ ਇੰਦਰਾ ਗਾਂਧੀ ਨੂੰ ਪਤਾ ਹੀ ਨਹੀਂ ਸੀ। ਸਮੇਂ ਨੇ ਅਜਿਹਾ ਪਾਸਾ ਪਲਟਿਆ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਾਗੀ ਹੋ ਕੇ ਆਪਣੇ ਰਾਹ ਤੁਰ ਪਏ ਤੇ ਪੰਜਾਬ ਵਿਚ ਖੂਨ-ਖਰਾਬਾ ਸ਼ੁਰੂ ਹੋ ਗਿਆ। ਉਧਰ ਕਾਂਗਰਸ ਪੁਸਤਕ ਵਿਚਲੇ ਵਿਚਾਰਾਂ ਨਾਲ ਸਹਿਮਤ ਨਹੀਂ ਹੈ। ਪਾਰਟੀ ਦੇ ਬੁਲਾਰੇ ਮਨੀਸ਼ ਤਿਵਾੜੀ ਨੇ ਕਿਹਾ ਹੈ ਕਿ ਇਹ ਕਾਂਗਰਸ ਦਾ ਅਧਿਕਾਰਤ ਇਤਿਹਾਸ ਨਹੀਂ ਹੈ ਸਗੋਂ ਵੱਖ-ਵੱਖ ਵਿਦਵਾਨਾਂ ਦੇ ਆਪਣੇ ਵਿਚਾਰ ਹਨ।

ਪੁਸਤਕ ਮੁਤਾਬਕ ਪੰਜਾਬ ਵਿਚ ਸਿੱਖਾਂ ਦੀਆਂ ਵੋਟਾਂ 'ਤੇ ਕਬਜ਼ਾ ਕਰਨ ਲਈ ਕਾਂਗਰਸ ਤੇ ਅਕਾਲੀਆਂ ਨੇ ਸਿੱਖ ਭਾਵਨਾਵਾਂ ਨੂੰ ਭੜਕਾਇਆ। ਦੇਸ਼ ਵਿਚ ਐਮਰਜੈਂਸੀ ਦੌਰਾਨ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਵਿਰੋਧੀ ਧਿਰ ਨਾਲ ਰਲਣ ਤੇ ਅਕਾਲੀ ਮੋਰਚਾ ਲਾਉਣ ਤੋਂ ਇੰਦਰਾ ਗਾਂਧੀ ਨੇ ਉਨ੍ਹਾਂ ਪ੍ਰਤੀ ਮਨ ਵਿਚ ਖਾਰ ਰੱਖ ਲਈ ਸੀ। ਪੁਸਤਕ ਮੁਤਾਬਕ ਸ੍ਰੀ ਹਰਮਿੰਦਰ ਸਾਹਿਬ 'ਤੇ ਹਮਲੇ ਨਾਲ ਸੂਬੇ ਦੇ ਹਾਲਾਤ ਬੇਕਾਬੂ ਹੋ ਗਏ। ਇਸ ਤੋਂ ਇਲਾਵਾ ਗਿਆਨੀ ਜ਼ੈਲ ਸਿੰਘ ਤੇ ਦਰਬਾਰਾ ਸਿੰਘ ਵਿਚਾਲੇ 'ਦੁਸ਼ਮਣੀ' ਨੇ ਬਲਦੀ 'ਤੇ ਤੇਲ ਪਾਇਆ। ਰਹਿੰਦੀ-ਖੂੰਹਦੀ ਕਸਰ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਨੇ 1982 ਦੀਆਂ ਏਸ਼ਿਆਈ ਖੇਡਾਂ ਦੌਰਾਨ ਸੂਬੇ ਵਿਚੋਂ ਲੰਘਣ ਵਾਲੇ ਸਾਰੇ ਸਿੱਖਾਂ ਦੀ ਤਲਾਸ਼ੀ ਲੈਣ ਦੇ ਹੁਕਮ ਜਾਰੀ ਕਰਕੇ ਕੱਢ ਦਿੱਤੀ।







# ਬੀਬੀਆਂ ਨੂੰ ਕਮੇਟੀ ਵਿਚ ਵੱਧ ਨੁਮਾਇੰਦਗੀ ਦੇਣ ਦਾ ਫੈਸਲਾ



**ਸੈਨ ਹੋਜ਼ੇ (ਸਵੱਦੀ):** ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧ ਵਿਚ ਬੀਬੀਆਂ ਨੂੰ ਵੱਧ ਨੁਮਾਇੰਦਗੀ ਦਿੱਤੀ ਜਾਏਗੀ ਅਤੇ ਬੀਬੀਆਂ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਲ ਲਈ ਇਕ ਸਬ ਕਮੇਟੀ ਦਾ ਗਠਨ ਕੀਤਾ ਜਾਏਗਾ। ਇਹ ਐਲਾਨ ਇਥੇ ਰੋਜ਼ ਵਾਟਰ ਹਾਲ ਵਿਚ ਸਿੱਖ ਸੰਗਤ ਦੇ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਕੀਤਾ। ਪ੍ਰਬੰਧਕਾਂ ਦੇ ਉਦਮ ਨਾਲ ਸੱਦੇ ਗਏ ਇਸ ਇਕੱਠ ਵਿਚ ਬੋਲਦਿਆਂ ਭਾਈ ਢਿੱਲੋਂ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਦੇ ਹਾਲ ਹੀ ਵਿਚ ਮੁਕੰਮਲ ਹੋਏ ਉਸਾਰੀ ਪ੍ਰਾਜੈਕਟ ਉਪਰ ਹੁਣ ਤੱਕ 20 ਮਿਲੀਅਨ ਡਾਲਰ ਖਰਚ ਹੋ ਚੁੱਕੇ ਹਨ ਅਤੇ ਇਸ ਵਿਚੋਂ ਸਾਢੇ 13 ਮਿਲੀਅਨ ਡਾਲਰ ਦਾ ਲੋਨ ਹੈ ਜਿਸ ਦੀ ਕਿਸ਼ਤ 65,800 ਹੈ।

ਚੱਲ ਰਹੇ ਪ੍ਰਜੈਕਟਾਂ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਹੁਣ ਛੇਤੀ ਤੋਂ ਛੇਤੀ ਗੁਰਦੁਆਰਾ ਸਾਹਿਬ ਦਾ ਕਰਜ਼ਾ ਲਾਹੁਣ ਦੀ ਲੋੜ ਹੈ। ਭਵਿੱਖ ਦੇ ਨਵੇਂ ਪ੍ਰਾਜੈਕਟਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪਹਾੜੀ ਉਪਰ ਇੱਕ ਪਗਡੰਡੀ ਬਣਾਉਣ ਦੀ ਸੰਗਤਾਂ ਵਲੋਂ ਮੰਗ ਹੈ। ਇਸ ਪਗਡੰਡੀ ਉਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਜਾਣਕਾਰੀ ਵਿਸ਼ੇਸ਼ ਬੋਰਡ ਲਾ ਕੇ ਦਿੱਤੀ ਜਾਏਗੀ। ਇਸ ਤੋਂ ਇਲਾਵਾ ਅਜਾਇਬ ਘਰ, ਲਇਬਰੇਰੀ, ਖਿਡਾਰੀਆਂ ਦੀ ਸਹੂਲਤ ਲਈ ਗਰਾਊਂਡ, ਡੇ ਕੇਅਰ ਸੈਂਟਰ, ਆਫਟਰ ਸਕੂਲ ਪ੍ਰੋਗਰਾਮ, ਬਜ਼ੁਰਗਾਂ ਲਈ ਇੰਗਲਿਸ਼ ਸਿੱਖਣ ਲਈ ਕਲਾਸਾਂ, ਸੀਨੀਅਰ ਸਿਟੀਜ਼ਨ ਸੈਂਟਰ ਅਤੇ ਸੋਲਰ ਸਿਸਟਮ ਆਦਿ ਪ੍ਰਾਜੈਕਟ ਭਵਿੱਖ ਦੇ ਪ੍ਰੋਗਰਾਮਾਂ ਵਿਚ ਸ਼ਾਮਲ ਹਨ।

ਡਾ. ਆਲਾ ਸਿੰਘ ਨੇ ਨਿਰੋਲ ਧਾਰਮਿਕ ਤਕਰੀਰ ਕਰਦਿਆਂ ਕਿਹਾ ਕਿ ਗੁਰੂ ਘਰ ਵਿਚੋਂ ਹਮੇਸ਼ਾ ਸ਼ਾਂਤੀ ਦਾ ਸੰਦੇਸ਼ ਹੀ ਮਿਲਣਾ ਚਾਹੀਦਾ ਹੈ। ਡਾ. ਹਰਕੇਸ਼ ਕੁਮਾਰ ਨੇ ਕਿਹਾ ਕਿ ਗੁਰਦੁਆਰਾ ਸੈਨ ਹੋਜ਼ੇ ਗੁਰੂ ਸਾਹਿਬ ਦੇ ਮਹਾਂਵਾਕ 'ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ' ਅਨੁਸਾਰ ਸਾਂਝੀਵਾਲਤਾ ਦਾ ਪ੍ਰਤੀਕ ਹੈ। ਉਨ੍ਹਾਂ ਗੁਰਦੁਆਰਾ ਪ੍ਰਬੰਧਕਾਂ ਨੂੰ ਹਰ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਸਿੱਖ ਆਗੂ ਇੰਦਰਜੀਤ ਸਿੰਘ ਥਿੰਦ ਨੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇੱਡਾ ਵੱਡਾ ਪ੍ਰਾਜੈਕਟ ਮੁਕੰਮਲ ਕਰਨ ਲਈ ਪ੍ਰਬੰਧਕ ਵਧਾਈ ਦੇ ਹੱਕਦਾਰ ਹਨ। ਬੇ-ਏਰੀਆ ਸਪੋਰਟਸ ਅਤੇ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਸੋਹਲ ਨੇ ਪ੍ਰਬੰਧਕਾਂ ਵਲੋਂ ਵੱਖ-ਵੱਖ ਵਿਸ਼ਿਆਂ 'ਤੇ ਕਲਾਸਾਂ ਸ਼ੁਰੂ ਕਰਨ ਦੇ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਆਪਣੀ ਸੰਸਥਾ ਵਲੋਂ ਪੂਰਾ ਸਾਹਿਯੋਗ ਦੇਣ ਦਾ ਭਰੋਸਾ ਦਿੱਤਾ।

ਗੁਰਦੁਆਰਾ ਫਰੀਮਾਂਟ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ, ਭਾਈ ਗੁਰਚਰਨ ਸਿੰਘ ਮਾਨ ਅਤੇ ਭਾਈ ਐਸ ਪੀ ਸਿੰਘ ਨੇ ਆਪਣੀ ਤਕਰੀਰ ਵਿਚ ਗੁਰਦੁਆਰਾ ਫਰੀਮਾਂਟ ਦੀਆਂ ਹੁਣ ਤੱਕ ਦੀਆਂ ਚੋਣਾਂ ਦਾ ਤਜ਼ਰਬਾ ਸਾਂਝਾ ਕਰਦਿਆਂ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਨੂੰ ਸੁਚੱਜੀਆਂ ਸਲਾਹਾਂ ਦਿੱਤੀਆਂ। ਪੱਤਰਕਾਰ ਬਲਬੀਰ ਸਿੰਘ ਐਮ ਏ ਨੇ ਕਿਹਾ ਕਿ ਸੰਗਤ ਕਮੇਟੀ ਦੇ ਨਾਲ ਹੈ ਅਤੇ ਕਮੇਟੀ ਨੂੰ ਸੰਗਤ ਦੀ ਭਾਵਨਾ ਅਨੁਸਾਰ ਨਿਰੰਤਰ ਕੰਮ ਜਾਰੀ ਰੱਖਣੇ ਚਾਹੀਦੇ ਹਨ।

ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਬੀਬੀ ਨਰਿੰਦਰ ਕੌਰ ਮਹੇੜੂ ਅਤੇ ਉਘੀ ਸਮਾਜ ਸੇਵਕ ਬੀਬੀ ਨੀਤੂ ਧਾਲੀਵਾਲ ਨੇ ਕਮੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਪਹਿਲਾ ਗੁਰਦੁਆਰਾ ਹੈ ਜਿਸ ਵਿਚ ਪ੍ਰਬੰਧਕ ਕਮੇਟੀ ਨੇ ਬੀਬੀਆਂ ਨੂੰ ਵੱਧ ਨੁਮਾਇੰਦਗੀ ਦੇਣ ਦਾ ਫੈਸਲਾ ਕੀਤਾ ਹੈ। ਦੋਨਾਂ ਬੀਬੀਆਂ ਨੇ ਕਿਹਾ ਕਿ ਜਦੋਂ ਕੋਈ ਚੰਗਾ ਕੰਮ ਹੁੰਦਾ ਹੈ ਤਾਂ ਲੱਤਾਂ ਖਿੱਚਣ ਵਾਲੇ ਵੀ ਨਾਲ ਹੀ ਪੈਦਾ ਹੋ ਜਾਂਦੇ ਹਨ ਪਰ ਪ੍ਰਬੰਧਕਾਂ ਨੂੰ ਬਿਨਾ ਅਜਿਹੇ ਲੋਕਾਂ ਦੀ ਪ੍ਰਵਾਹ ਕੀਤਿਆਂ ਅੱਗੇ ਵੱਧਣਾ ਚਾਹੀਦਾ ਹੈ।

ਭਾਈ ਪਰਮਜੀਤ ਸਿੰਘ ਦਾਖਾ ਨੇ ਨਿਧੱੜਕ ਅਤੇ ਜੋਸ਼ੀਲੀ ਤਕਰੀਰ ਕਰਦਿਆਂ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਦਾ ਪੱਖ ਪੂਰਿਆ। ਭਾਈ ਇਕਬਾਲ ਸਿੰਘ ਮੰਝਪੁਰ ਨੇ ਕਿਹਾ ਕਿ ਗੁਰਦੁਆਰਾ ਸੈਨ ਹੋਜ਼ੇ ਦੀ ਸੰਗਤ ਨੇ ਸੰਵਿਧਾਨ ਵਿਚ ਸੋਧਾਂ ਕਰਕੇ ਇੱਕ ਵਾਰ ਸਾਰੀ ਕਮੇਟੀ ਬਦਲਣ ਦੀ ਬਜਾਏ ਹਰ ਸਾਲ ਚਾਰ ਮੈਂਬਰਾਂ ਨੂੰ ਬਦਲਣ ਦੀ ਜੋ ਤਰਤੀਬ ਬਣਾਈ ਹੈ, ਉਹ ਇੱਕ ਬਹੁਤ ਵਧੀਆ ਸਿਸਟਮ ਹੈ। ਇਸ ਨਾਲ ਨਿਰੰਤਰ ਕੰਮ ਚਲਦਾ ਰਹੇਗਾ ਅਤੇ ਮਾਹੌਲ ਵੀ ਸ਼ਾਂਤਮਈ ਰਹੇਗਾ।

ਪ੍ਰੋਗਰਾਮ ਦੇ ਅਖੀਰ ਵਿਚ ਸਰਨਪਾਲ ਸਿੰਘ ਢਿੱਲੋਂ ਨੇ ਸੰਗਤ ਵਲੋਂ ਸੰਵਿਧਾਨ 'ਚ ਕੀਤੀਆਂ ਗਈਆਂ ਸੋਧਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੰਗਤ ਪ੍ਰਬੰਧਕਾਂ ਦੇ ਨਾਲ ਹੈ ਅਤੇ ਉਨ੍ਹਾਂ ਜੋ ਕੁੱਝ ਕੀਤਾ ਹੈ ਉਹ ਸੰਗਤ ਦੇ ਸਾਹਮਣੇ ਹੈ। ਵਿਰੋਧੀ ਸੁਰ ਰੱਖਣ ਵਾਲਿਆਂ ਨੂੰ ਬੇਲੋੜੀ ਨੁਕਤਾਚੀਨੀ ਕਰਨ ਦੀ ਬਜਾਏ ਉਸਾਰੂ ਗੱਲ ਕਰਨੀ ਚਾਹੀਦੀ ਹੈ।

ਸਟੇਜ ਸਕੱਤਰ ਦੀ ਸੇਵਾ ਨਿਭਾਉਂਦਿਆਂ ਭਾਈ ਪ੍ਰੀਤਮ ਸਿੰਘ ਗਰੇਵਾਲ ਨੇ ਆਈ ਸੰਗਤ ਦਾ ਧੰਨਵਾਦ ਕੀਤਾ ਅਤੇ ਮੈਂਬਰਸ਼ਿਪ ਮੁੜ ਸ਼ੁਰੂ ਕੀਤੇ ਜਾਣ ਦੀ ਜਾਣਕਾਰੀ ਦਿੱਤੀ। ਮੀਟਿੰਗ ਵਿਚ ਬੇ-ਏਰੀਆ ਦੀਆਂ ਵੱਖ ਵੱਖ ਧਾਰਮਿਕ, ਰਾਜਨੀਤਕ ਅਤੇ ਸਮਾਜਿਕ ਸੰਸਥਾਵਾਂ ਦੇ ਆਗੂਆਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਭਾਈ ਧਰਮ ਸਿੰਘ, ਸੁਖਵਿੰਦਰ ਸਿੰਘ ਗੋਗੀ, ਦਲਜੀਤ ਸਿੰਘ ਮਾਵੀ, ਸੁਖਵਿੰਦਰ ਸਿੰਘ ਠਾਣਾ, ਜਗਜੀਤ ਸਿੰਘ ਨਰੂਲਾ, ਅਟਾਰਨੀ ਗੁਰਪਵੰਤ ਸਿੰਘ ਪੰਨੂੰ, ਜਸਵੀਰ ਸਿੰਘ, ਗੁਰਬਖਸ਼ ਸਿੰਘ ਢਿੱਲੋਂ, ਸੁਖਦੇਵ ਸਿੰਘ ਗੇਹਲੋਂ, ਲਹਿੰਬਰ ਸਿੰਘ, ਨਿਸ਼ਾਨ ਸਿੰਘ ਵਿਰਕ, ਮਾਸਟਰ ਰਜਿੰਦਰ ਸਿੰਘ ਸਚਦੇਵਾ, ਗੁਰਜੰਟ ਸਿੰਘ ਸੰਘਾ, ਕਮਲਜੀਤ ਸਿੰਘ ਟੌਂਕ, ਹਰਦੀਪ ਸਿੰਘ ਫਗੂੜਾ, ਹਰਪ੍ਰਕਾਸ਼ ਸਿੰਘ ਢਿੱਲੋਂ, ਭੁਪਿੰਦਰ ਸਿੰਘ ਗਿੱਲ, ਪ੍ਰਸ਼ੋਤਮ ਸਿੰਘ ਗਿੱਲ, ਚੰਦਰ ਸੇਖਰ, ਪ੍ਰੋ. ਸਰਬਜੀਤ ਸਿੰਘ ਸੰਧੂ, ਹਰਪਾਲ ਸਿੰਘ ਚਾਹਲ, ਪਰਮਜੀਤ ਸਿੰਘ ਪਹੁਵਿੰਡ, ਬਾਰਨੀ ਨਿੱਝਰ, ਸੁਰਜੀਤ ਸਿੰਘ ਸੋਹਲ, ਜਰਨੈਲ ਸਿੰਘ ਬਨਵੈਤ, ਭਾਈ ਜ਼ੋਰਾਵਰ ਸਿੰਘ, ਭਾਈ ਬਲਵਿੰਦਰ ਸਿੰਘ, ਬਲਬੀਰ ਸਿੰਘ ਜੌਹਲ, ਪੰਕਜ ਆਂਸਲ, ਬਲਜੀਵਨ ਸਿੰਘ, ਸੋਹਣ ਸਿੰਘ ਮਹੇੜੂ, ਕਸ਼ਮੀਰ ਸਿੰਘ ਗਿੱਲ, ਸਤਪਾਲ ਸਿੰਘ ਮਿਲਪੀਟਸ, ਕੁਲਦੀਪ ਸਿੰਘ ਸ਼ੇਰਗਿੱਲ, ਅਵਤਾਰ ਸਿੰਘ ਤਾਰੀ, ਸਰਪੰਚ ਮਹਿੰਗਾ ਸਿੰਘ, ਗੁਰਦਾਵਰ ਸਿੰਘ, ਲਖਵੀਰ ਸਿੰਘ ਪਟਵਾਰੀ, ਦਵਿੰਦਰ ਸਿੰਘ, ਜਰਨੈਲ ਸਿੰਘ, ਦਰਸ਼ਨ ਸਿੰਘ ਗੇਹਲੋਂ, ਹਰਦੇਵ ਸਿੰਘ, ਅਮਰੀਕ ਸਿੰਘ ਤੱਖਰ, ਸੰਤ ਸਿੰਘ ਤੱਖਰ, ਜਗਤਾਰ ਸਿੰਘ, ਰਣਜੀਤ ਸਿੰਘ ਨਾਗਰਾ, ਕਮਲਜੀਤ ਸਿੰਘ, ਪਰਮਿੰਦਰ ਸਿੰਘ ਪਵਾਰ, ਗੁਰਲਾਲ ਸਿੰਘ ਭੰਡਾਲ, ਚਰਨ ਸਿੰਘ ਭੰਡਾਲ, ਕੁਲਦੀਪ ਸਿੰਘ ਭੰਡਾਲ ਅਤੇ ਕੁਲਵਿੰਦਰ ਸਿੰਘ ਬੈਂਸ ਸ਼ਾਮਲ ਸਨ।

**To Advertise with Punjab Times**
**Call: 847-359-0746**



# ਬੇਗਾਨੇ ਦੰਗਲ ਦਾ ਅਖਾੜਾ ਬਣਨ ਤੋਂ ਬਚੇ ਭਾਰਤ

## ਸਿਆਸਤ ਦਾ ਪਿੜ

**ਜਤਿੰਦਰ ਪਨੂੰ**

***ਅਮਰੀਕਾ ਦੀ ਅੰਤਰਰਾਸ਼ਟਰੀ ਨੀਤੀ ਏਨੀ ਸੁਖਾਲੀ ਸਮਝ ਆਉਣ ਵਾਲੀ ਕਦੇ ਨਹੀਂ ਰਹੀ। ਉਸ ਦੀ ਨਿਗ੍ਹਾ ਕਿਸੇ ਹੋਰ ਥਾਂ ਅਤੇ ਨਿਸ਼ਾਨਾ ਕਿਸੇ ਹੋਰ ਥਾਂ ਹੁੰਦਾ ਹੈ। ਹੁਣ ਵੀ ਉਸ ਦੇ ਨਿਸ਼ਾਨੇ ਨੂੰ ਸਿਰਫ਼ ਪਾਕਿਸਤਾਨ ਤੱਕ ਸੀਮਤ ਕਰ ਕੇ ਵੇਖਣਾ ਗਲਤ ਹੋਵੇਗਾ। 'ਹਿੱਟ ਐਂਡ ਰਨ' ਦਾ ਸ਼ਬਦ ਐਕਸੀਡੈਂਟ ਕਰ ਕੇ ਮੌਕੇ ਤੋਂ ਭੱਜ ਜਾਣ ਵਾਲਿਆਂ ਲਈ ਵਰਤਿਆ ਜਾਂਦਾ ਹੈ, ਪਰ ਅੰਤਰਰਾਸ਼ਟਰੀ ਨੀਤੀ ਵਿਚ ਅਮਰੀਕਾ ਦੇ ਹਾਕਮ ਵੀ ਇਹੋ ਕੁਝ ਕਰਦੇ ਹਨ। ਉਹ ਇੱਕ ਦੇਸ਼ ਵਿਚ ਪੇਚਾ ਪਾਉਂਦੇ ਹਨ, ਜਦੋਂ ਫਸ ਜਾਣ ਦੀ ਹਾਲਤ ਬਣੇ, ਓਥੋਂ ਦੌੜ ਕੇ ਦੂਜੀ ਥਾਂ ਤੰਬੂ ਜਾ ਗੱਡਦੇ ਹਨ। ਇਸ ਵੇਲੇ ਉਹ ਅਫ਼ਗਾਨਿਸਤਾਨ ਦੇ ਕਾਬੂ ਤੋਂ ਬਾਹਰ ਹੁੰਦੇ ਜਾਂਦੇ ਹਾਲਾਤ ਕਾਰਨ ਓਥੋਂ ਵੀ ਨਿਕਲਣਾ ਚਾਹੁੰਦੇ ਹਨ।***

ਕੰਪਿਊਟਰ ਦੀਆਂ ਚਾਬੀਆਂ ਮਰੋੜ ਕੇ ਇੰਟਰਨੈਟ ਫੋਲਿਆ ਜਾਵੇ ਤਾਂ ਇਹੋ ਜਿਹੇ ਲੋਕ ਵੀ ਬਥੇਰੇ ਲੱਭ ਜਾਣਗੇ, ਜਿਹੜੇ ਇਸ ਵਹਿਮ ਪਾਲੀ ਬੈਠੇ ਹਨ ਕਿ ਅਮਰੀਕਾ ਵਾਲਿਆਂ ਨੇ ਓਸਾਮਾ ਬਿਨ ਲਾਦਿਨ ਨੂੰ ਦਸ ਸਾਲ ਪਹਿਲਾਂ ਮਾਰ ਲਿਆ ਸੀ, ਵਿਖਾਵਾ ਹੀ ਹੁਣ ਕੀਤਾ ਹੈ। ਏਦਾਂ ਦੇ ਲੋਕ ਅਮਰੀਕਾ ਦੇ ਵਰਲਡ ਟਰੇਡ ਸੈਂਟਰ ਦੇ ਟਾਵਰਾਂ ਉਤੇ ਜਹਾਜ਼ਾਂ ਨਾਲ ਕੀਤੇ ਗਏ ਹਮਲੇ ਬਾਰੇ ਵੀ ਬਹੁਤ ਗੱਲਾਂ ਜੋੜੀ ਫਿਰਦੇ ਸਨ ਤੇ ਇੰਦਰਾ ਗਾਂਧੀ ਦੇ ਕਤਲ ਮਗਰੋਂ ਰਾਜੀਵ ਗਾਂਧੀ ਬਾਰੇ ਵੀ ਬਹੁਤ ਕੁਝ ਕਿਹਾ ਜਾਂਦਾ ਰਿਹਾ ਸੀ। ਹਰ



ਓਸਾਮਾ ਬਿਨ ਲਾਦਿਨ

ਮਾਹੌਲ ਵਿਚ ਏਦਾਂ ਦੇ ਲੋਕ ਆਪਣੀ ਮਨ ਦੀ ਧਾਰਨਾ ਇੰਜ ਪੇਸ਼ ਕਰਦੇ ਹਨ, ਜਿਵੇਂ ਉਹੋ ਹੀ ਓੜਕ ਦਾ ਸੱਚ ਹੋਵੇ। ਅਸੀਂ ਉਨ੍ਹਾਂ 'ਦੂਰ-ਅੰਦੇਸ਼' ਲੋਕਾਂ ਵਿਚ ਸ਼ਾਮਲ ਨਹੀਂ ਹਾਂ। ਇਸ ਦੇ ਬਾਵਜੂਦ ਅਸੀਂ ਇਹ ਕਹਿਣ ਤੋਂ ਨਹੀਂ ਰਹਿ ਸਕਦੇ ਕਿ ਅਮਰੀਕੀ ਰਾਜਨੀਤੀ ਨੂੰ ਸਮਝਣਾ ਏਨਾ ਸੌਖਾ ਨਹੀਂ, ਜਿੰਨਾ ਸਾਡੇ ਵਰਗੇ ਦੇਸ਼ਾਂ ਦੇ ਕਾਲਮ-ਨਵੀਸ ਤੇ ਅੰਤਰ ਰਾਸ਼ਟਰੀ ਮਾਮਲਿਆਂ ਦੇ ਮਾਹਰ ਸਮਝੀ ਰੱਖਦੇ ਹਨ।

ਹੁਣੇ ਜਿਹੇ ਅਮਰੀਕਾ ਦੀ ਵਿਦੇਸ਼ ਸਕੱਤਰ ਹਿਲੇਰੀ ਕਲਿੰਟਨ ਨੇ ਪਾਕਿਸਤਾਨ ਦਾ ਦੌਰਾ ਕੀਤਾ ਹੈ। ਓਥੇ ਜਾ ਕੇ ਉਸ ਨੇ ਇਹ ਕਹਿ ਦਿੱਤਾ ਕਿ ਓਸਾਮਾ ਬਿਨ ਲਾਦਿਨ ਦੇ ਉਸ ਦੇਸ਼ ਵਿਚ ਛੁਪੇ ਹੋਣ ਬਾਰੇ 'ਸਰਕਾਰ ਦੇ ਸਿਖਰਲੇ ਪੱਧਰ ਉਤੇ ਕਿਸੇ ਨੂੰ ਪਤਾ ਨਹੀਂ ਸੀ।' ਇਸ ਤੋਂ ਬਹੁਤ ਸਾਰੇ ਲੋਕਾਂ ਨੇ ਇਹ ਸੰਕੇਤ ਲਿਆ ਕਿ ਹਿਲੇਰੀ ਕਲਿੰਟਨ ਨੇ ਪਾਕਿਸਤਾਨ ਵਾਲਿਆਂ ਨੂੰ 'ਕਲੀਨ ਚਿੱਟ' ਦੇ ਦਿੱਤੀ ਹੈ। ਅਸਲ ਵਿਚ ਇਹ ਅੱਧਾ ਸੱਚ ਹੈ। ਹਿਲੇਰੀ ਕਲਿੰਟਨ ਦੇ ਬਿਆਨ ਵਿਚ ਇਸ ਤੋਂ ਪਹਿਲੀ ਗੱਲ ਇਹ ਸੀ ਕਿ 'ਆਈ ਵਾਜ਼ ਟੋਲਡ ਦੈਟ ਸਮ ਵਨ ਸਮਵੇਅਰ ਹੈਡ ਬਿਨ ਪਰੋਵਾਈਡਿੰਗ ਸਪੋਰਟ ਟੂ ਓਸਾਮਾ ਬਿਨ ਲਾਦਿਨ', ਜਿਸ ਦਾ ਭਾਵ ਇਹ ਹੈ ਕਿ 'ਮੈਨੂੰ ਦੱਸਿਆ ਗਿਆ ਸੀ ਕਿ ਕਿਸੇ ਥਾਂ ਕੋਈ ਜਣਾ ਓਸਾਮਾ ਬਿਨ ਲਾਦਿਨ ਨੂੰ ਮਦਦ ਮੁਹੱਈਆ ਕਰਵਾ ਰਿਹਾ ਸੀ।' ਇੱਕੋ ਵਕਤ ਇਹ ਦੋ ਗੱਲਾਂ ਹਿਲੇਰੀ ਕਲਿੰਟਨ ਵਰਗੀ ਰਾਜਨੀਤੀ ਦੀ ਧਰੰਤਰ ਔਰਤ ਐਵੇਂ ਨਹੀਂ ਸੀ ਕਹਿ ਰਹੀ। ਇਸ ਦੇ ਖਾਸ ਅਰਥ ਸਨ। ਇੱਕ ਪਾਸੇ ਉਹ ਇਹ ਕਹਿ ਰਹੀ ਸੀ ਕਿ ਤੁਹਾਡੇ ਦੇਸ਼ ਵਿਚ ਹੀ ਕੋਈ ਨਾ ਕੋਈ ਲੋਕ ਸਨ, ਜਿਹੜੇ ਓਸਾਮਾ ਬਿਨ ਲਾਦਿਨ ਨੂੰ ਮਦਦ ਦੇਂਦੇ ਸਨ, ਤੇ ਇਹ 'ਕੋਈ' ਗਾਮਾ-ਮਾਜਾ ਨਹੀਂ ਹੋ ਸਕਦੇ, ਪਰ ਦੂਜੇ ਫ਼ਿਕਰੇ ਵਿਚ ਜਦੋਂ ਇਹ ਕਿਹਾ ਕਿ 'ਸਰਕਾਰ ਦੇ ਸਿਖਰਲੇ ਪੱਧਰ ਉਤੇ ਕਿਸੇ ਨੂੰ ਪਤਾ ਨਹੀਂ ਸੀ' ਤਾਂ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ, ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਅਤੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੂੰ ਉਨ੍ਹਾਂ ਦੋਸ਼ਾਂ ਦੇ ਘੇਰੇ ਤੋਂ ਬਾਹਰ ਕੱਢੀ ਜਾ ਰਹੀ ਸੀ, ਜਿਨ੍ਹਾਂ ਦੇ ਹੁੰਦਿਆਂ ਅਮਰੀਕਾ ਦੀ ਸੈਨੇਟ ਵਿਚ ਮਤੇ ਪੇਸ਼ ਹੋ ਰਹੇ ਹਨ ਕਿ ਇਹੋ ਜਿਹੀ ਸਰਕਾਰ ਵਾਲੇ ਦੇਸ਼ ਦੀ ਕੋਈ ਹੋਰ ਮਾਇਕ ਮਦਦ ਨਹੀਂ ਕੀਤੀ ਜਾਣੀ ਚਾਹੀਦੀ। ਪਾਕਿਸਤਾਨ ਦੀ ਸਰਕਾਰ ਦੇ ਦੋਵੇਂ ਵੱਡੇ ਮੁਖੀਆਂ ਨਾਲ ਅੰਦਰ ਬੈਠ ਕੇ ਵੀ ਉਸ ਦੀ ਇਹੋ ਗੱਲ ਹੋਈ ਹੋ ਸਕਦੀ ਹੈ ਕਿ ਤੁਹਾਡੀ ਖ਼ੁਫ਼ੀਆ ਏਜੰਸੀ ਦੇ ਕਾਰਿੰਦੇ ਓਸਾਮਾ ਬਿਨ ਲਾਦਿਨ ਨੂੰ ਸਰਪ੍ਰਸਤੀ ਦੇਂਦੇ ਰਹੇ ਹਨ, ਜੇ ਤੁਸੀਂ ਚਾਹੁੰਦੇ ਹੋ ਕਿ ਗੱਲ ਤੁਹਾਡੇ ਤੱਕ ਨਾ ਆ ਜਾਵੇ ਤਾਂ ਜਿਵੇਂ ਅਸੀਂ ਕਹਿੰਦੇ ਹਾਂ, 'ਰਾਜਾ ਬੇਟਾ' ਬਣ ਕੇ ਉਵੇਂ ਹੀ ਕਰਦੇ ਰਹੋ। ਇਹ ਵੀ ਸਾਰਾ ਸੱਚ ਨਹੀਂ, ਸਿਰਫ਼ ਕਿਆਫ਼ੇ ਹੋ ਸਕਦੇ ਹਨ।

ਸਿਰਫ਼ ਕਿਆਫ਼ੇ ਇਸ ਲਈ ਕਿ ਅਮਰੀਕਾ ਦੀ ਅੰਤਰ ਰਾਸ਼ਟਰੀ ਨੀਤੀ ਏਨੀ ਸੁਖਾਲੀ ਸਮਝ ਆਉਣ ਵਾਲੀ ਕਦੇ ਨਹੀਂ ਰਹੀ। ਉਸ ਦੀ ਨਿਗ੍ਹਾ ਕਿਸੇ ਹੋਰ ਥਾਂ ਅਤੇ ਨਿਸ਼ਾਨਾ ਕਿਸੇ ਹੋਰ ਥਾਂ ਹੁੰਦਾ ਹੈ। ਹੁਣ ਵੀ ਉਸ ਦੇ ਨਿਸ਼ਾਨੇ ਨੂੰ ਸਿਰਫ਼ ਪਾਕਿਸਤਾਨ ਤੱਕ ਸੀਮਤ ਕਰ ਕੇ ਵੇਖਣਾ ਗਲਤ ਹੋਵੇਗਾ। 'ਹਿੱਟ ਐਂਡ ਰਨ' ਦਾ ਸ਼ਬਦ ਐਕਸੀਡੈਂਟ ਕਰ ਕੇ ਮੌਕੇ ਤੋਂ ਭੱਜ ਜਾਣ ਵਾਲਿਆਂ ਲਈ ਵਰਤਿਆ ਜਾਂਦਾ ਹੈ, ਪਰ ਅੰਤਰਰਾਸ਼ਟਰੀ ਨੀਤੀ ਵਿਚ ਅਮਰੀਕਾ ਦੇ ਹਾਕਮ ਵੀ ਇਹੋ ਕੁਝ ਕਰਦੇ ਹਨ। ਉਹ ਇੱਕ ਦੇਸ਼ ਵਿਚ ਪੇਚਾ ਪਾਉਂਦੇ ਹਨ, ਜਦੋਂ ਫਸ ਜਾਣ ਦੀ ਹਾਲਤ ਬਣੇ, ਓਥੋਂ ਦੌੜ ਕੇ ਦੂਜੀ ਥਾਂ ਤੰਬੂ ਜਾ ਗੱਡਦੇ ਹਨ। ਇਸ ਵੇਲੇ ਉਹ ਅਫ਼ਗਾਨਿਸਤਾਨ ਦੇ ਕਾਬੂ ਤੋਂ ਬਾਹਰ ਹੁੰਦੇ ਜਾਂਦੇ ਹਾਲਾਤ ਕਾਰਨ ਓਥੋਂ ਵੀ ਨਿਕਲਣਾ ਚਾਹੁੰਦੇ ਹਨ ਅਤੇ ਪਾਕਿਸਤਾਨ ਵਿਚੋਂ ਵੀ ਆਪਣੀਆਂ ਛਾਉਣੀਆਂ ਚੁੱਕਣ ਦੀ ਸੋਚ ਰਹੇ ਹੋ ਸਕਦੇ ਹਨ। ਜੇ ਉਹ ਇੰਜ ਸੋਚਦੇ ਹੋਣ ਤਾਂ ਉਨ੍ਹਾਂ ਨੂੰ ਇਸ ਖਿੱਤੇ ਵਿਚ ਕਿਸੇ ਹੋਰ ਦੇਸ਼ ਵਿਚ ਛਾਉਣੀ ਪਾਉਣ ਦੀ ਲੋੜ ਪੈ ਸਕਦੀ ਹੈ। ਬੰਗਲਾ ਦੇਸ਼ ਉਹ ਇਲਾਕਾ ਨਹੀਂ ਹੋ ਸਕਦਾ, ਨਾ ਸ੍ਰੀਲੰਕਾ ਹੋ ਸਕਦਾ ਹੈ ਤੇ ਨਾ ਚੀਨ ਨੇ ਅਮਰੀਕਾ ਨੂੰ ਨੇੜੇ ਲੱਗਣ ਦੇਣਾ ਹੈ। ਲੈ-ਦੇ ਕੇ ਉਨ੍ਹਾਂ ਦੀ ਨਜ਼ਰ ਇੱਕੋ ਇੱਕ ਦੇਸ਼ ਉਤੇ ਟਿਕ ਸਕਦੀ ਹੈ ਤੇ ਉਹ ਭਾਰਤ ਹੋ ਸਕਦਾ ਹੈ।

ਹਾਲਾਤ ਦੇ ਇਸ ਪਾਸੇ ਵੱਲ ਵਧਣ ਦੇ ਸੰਕੇਤ ਸਮਝਣੇ ਹੋਣ ਤਾਂ ਕਿਸੇ ਇੱਕਾ-ਦੁੱਕਾ ਗੱਲ ਨੂੰ ਨਹੀਂ, ਸਗੋਂ ਤਿੰਨ ਪੱਖਾਂ ਨੂੰ ਨੀਝ ਨਾਲ ਘੋਖਣ ਦੀ ਲੋੜ ਹੈ।

ਪਹਿਲੀ ਗੱਲ ਇਹ ਕਿ ਪਾਕਿਸਤਾਨ ਨੂੰ ਕੋਈ ਫ਼ੇਲ੍ਹ ਹੋ ਚੁੱਕਾ ਰਾਜ ਆਖੇ ਜਾਂ ਨਾ ਆਖੇ, ਅਮਲ ਵਿਚ ਇਹ ਇਸ ਤੋਂ ਵੀ ਅੱਗੇ ਵਧਿਆ ਪਿਆ ਹੈ। ਸਰਕਾਰ ਦਾ ਆਪਣੇ ਦੇਸ਼ ਦੇ ਬਹੁਤ ਸਾਰੇ ਇਲਾਕਿਆਂ ਉਤੇ ਕੋਈ ਕੰਟਰੋਲ ਹੀ ਨਹੀਂ ਹੈ। ਹਰ ਰੋਜ਼ ਓਥੇ ਦਹਿਸ਼ਤਗਰਦੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਤੇ ਪਿਛਲੇ ਇੱਕੋ ਹਫ਼ਤੇ ਦੌਰਾਨ ਇਸ ਦੇ ਵੱਖ-ਵੱਖ ਹਿੱਸਿਆਂ ਵਿਚ ਪੰਜ ਵੱਡੇ ਕਾਂਡ ਵਾਪਰੇ ਹਨ, ਜਿਨ੍ਹਾਂ ਵਿਚ ਕੁੱਲ ਮਿਲਾ ਕੇ ਇੱਕ ਸੌ ਤੋਂ ਵੱਧ ਲੋਕ ਮਾਰੇ ਗਏ ਹਨ। ਮੁਲਕ ਦਾ ਮਹਿਰਾਨ ਵਾਲਾ ਜਿਹੜਾ ਸਮੁੰਦਰੀ ਫ਼ੌਜੀ ਅੱਡਾ ਕਦੇ ਬੜਾ ਜ਼ਬਰਦਸਤ ਕਿਲ੍ਹਾ ਸਮਝਿਆ ਜਾਂਦਾ ਸੀ, ਓਥੇ ਹਮਲਾ ਕਰ ਕੇ ਦਹਿਸ਼ਤਗਰਦ ਸੋਲਾਂ ਘੰਟੇ ਤੱਕ ਅੰਦਰੋਂ ਮੋਰਚਾ ਲਾ ਕੇ ਲੜਦੇ ਰਹੇ। ਇਸ ਤੋਂ ਪਹਿਲਾਂ ਉਹ ਪਾਕਿਸਤਾਨ ਦੀ ਮਿਲਟਰੀ ਅਕੈਡਮੀ ਉਤੇ ਵੀ ਹਮਲਾ ਕਰ ਚੁੱਕੇ ਹਨ, ਪੁਲਿਸ ਦੇ ਕਮਾਂਡੋ ਟਰੇਨਿੰਗ ਸੈਂਟਰ ਉਤੇ ਵੀ ਅਤੇ ਸੰਸਾਰ ਭਰ ਵਿਚ ਵਾਰਦਾਤਾਂ ਕਰ ਰਹੀ ਖ਼ੁਫ਼ੀਆ ਏਜੰਸੀ ਆਈ ਐਸ ਆਈ ਦੇ ਸੂਬਾਈ ਮੁੱਖ ਦਫ਼ਤਰਾਂ ਉਤੇ ਵੀ। ਜਦੋਂ ਵੀ ਇਹੋ ਜਿਹੀ ਕੋਈ ਵਾਰਦਾਤ ਹੁੰਦੀ ਹੈ ਤਾਂ ਫ਼ੜੇ ਜਾਣ ਵਾਲੇ ਦਹਿਸ਼ਤਗਰਦਾਂ ਦੇ ਹੱਕ ਵਿਚ ਹੀ ਮੁਜ਼ਾਹਰੇ ਹੁੰਦੇ ਹਨ, ਸਰਕਾਰ ਦੇ ਪੱਖ ਵਿਚ ਕੋਈ ਆਵਾਜ਼ ਨਹੀਂ ਉਠਦੀ ਅਤੇ ਇਸ ਗੱਲ ਲਈ ਵੀ ਨਹੀਂ ਕਿ ਆਮ ਜਨਤਾ ਦੀ ਜਾਨ-ਮਾਲ ਦੀ ਰਾਖੀ ਦੇ ਪ੍ਰਬੰਧ ਕੀਤੇ ਜਾਣ।

ਨਵਾਂ ਸਾਲ ਚੜ੍ਹਨ ਤੋਂ ਥੋੜ੍ਹੇ ਦਿਨਾਂ ਬਾਅਦ ਪਾਕਿਸਤਾਨੀ ਪੰਜਾਬ ਦੇ ਗਵਰਨਰ ਸਲਮਾਨ ਤਾਸੀਰ ਦਾ ਕਤਲ ਇੱਕ ਸਿਪਾਹੀ ਨੇ ਕਰ ਦਿੱਤਾ, ਪਰ ਜਦੋਂ ਉਸ ਸਿਪਾਹੀ ਨੇ ਇਹ ਕਿਹਾ ਕਿ ਕਤਲ ਇਸਲਾਮ ਦੀ ਖ਼ਾਤਰ ਕੀਤਾ ਹੈ ਤਾਂ ਉਸ ਦੀ ਅਦਾਲਤ ਵਿਚ ਪੇਸ਼ੀ ਮੌਕੇ ਵਕੀਲਾਂ ਦੀ ਭੀੜ ਵੀ ਉਸ ਦੇ ਉਪਰ ਫੁੱਲਾਂ ਦੀ ਵਰਖਾ ਕਰ ਰਹੀ ਸੀ। ਸਰਕਾਰ ਦੀਆਂ ਜੜ੍ਹਾਂ ਆਪਣੇ ਲੋਕਾਂ ਵਿਚ ਹੈ ਨਹੀਂ ਤੇ ਓਥੋਂ ਦੀ ਵਿਰੋਧੀ ਧਿਰ ਆਪਣੇ ਰਾਜਸੀ ਮੁਫ਼ਾਦ ਵਾਸਤੇ ਵਗਦੇ ਵਹਿਣ ਵਿਚ ਵਗੀ ਜਾਂਦੀ ਹੈ। ਪਿਛਲੇ ਸਾਲ ਤਾਲਿਬਾਨ ਅਤੇ ਅਲ ਕਾਇਦਾ ਨੇ ਜਦੋਂ ਕੁਝ ਕਬਾਇਲੀ ਇਲਾਕਿਆਂ ਵਿਚ ਇਹ ਕਿਹਾ ਕਿ ਓਥੇ ਸਕੂਲਾਂ ਅਤੇ ਕਾਲਜਾਂ ਨੂੰ ਬੰਦ ਕਰ ਦੇਣਾ ਹੈ ਤਾਂ ਸਰਕਾਰ ਨੇ ਵਿਰੋਧ ਕਰਨ ਦੀ ਥਾਂ 'ਲੋਕਾਂ ਦੀ ਇੱਛਾ' ਆਖ ਕੇ ਇੰਜ ਹੋਣ ਦਿੱਤਾ ਸੀ। ਸਥਾਨਕ ਪੱਧਰ ਉਤੇ ਇਸਲਾਮ ਦੇ ਨਾਂ ਉਤੇ ਮੌਤ ਤੱਕ ਦੇ ਫ਼ੁਰਮਾਨ ਉਹ ਬੰਦੇ ਜਾਰੀ ਕਰੀ ਜਾਂਦੇ ਹਨ, ਜਿਹੜੇ ਕਦੀ ਸਕੂਲ ਦਾ ਦਰਵਾਜ਼ਾ



ਹਿਲੇਰੀ ਕਲਿੰਟਨ

ਵੇਖਣ ਨਹੀਂ ਗਏ ਅਤੇ ਸਰਕਾਰ ਇਸ ਵਿਚ ਦਖ਼ਲ ਨਹੀਂ ਦੇਂਦੀ। ਇਹੋ ਜਿਹੇ ਮੁਲਕ ਵਿਚ ਹਾਲਾਤ ਜਿਸ ਪਾਸੇ ਨੂੰ ਬਹੁਤ ਅੱਗੇ ਵਧ ਗਏ ਹਨ, ਉਨ੍ਹਾਂ ਨੂੰ ਵੇਖਦੇ ਹੋਏ ਅਮਰੀਕਾ ਨੂੰ ਆਪਣੇ ਕੁਝ ਦੂਤਕ ਦਫ਼ਤਰ ਵੀ ਬੰਦ ਕਰਨੇ ਪਏ ਹਨ ਤੇ ਖ਼ੁਫ਼ੀਆ ਟਿਕਾਣੇ ਵੀ ਛੱਡਣੇ ਪੈ ਰਹੇ ਹਨ। ਜਿਵੇਂ ਅਫ਼ਗਾਨਿਸਤਾਨ ਉਤੇ ਨਜ਼ਰ ਰੱਖਣ ਲਈ ਅਮਰੀਕਾ ਵਾਲੇ ਪਾਕਿਸਤਾਨ ਆਏ ਸਨ, ਉਵੇਂ ਹੀ ਹੁਣ ਅਗਲੀ ਚੈਕ-ਪੋਸਟ ਇਸ ਤੋਂ ਅਗਲਾ ਦੇਸ਼ ਬਣਾਉਣ ਦੀ ਕੋਸ਼ਿਸ਼ ਕਰ ਸਕਦੇ ਹਨ।

ਦੂਸਰੀ ਗੱਲ ਇਹ ਕਿ ਪਿਛਲੇ ਲੰਮੇ ਸਮੇਂ ਤੋਂ ਪਾਕਿਸਤਾਨ ਅੰਦਰ ਇਹ ਵਿਚਾਰ ਗਿਣੇ-ਮਿਥੇ ਢੰਗ ਨਾਲ ਪ੍ਰਚਾਰਿਆ ਗਿਆ ਸੀ ਕਿ ਭਾਰਤ ਦੀ ਇੱਛਾ ਪਾਕਿਸਤਾਨ ਨੂੰ ਹੜੱਪ ਜਾਣ ਦੀ ਹੈ। ਕੋਈ ਪੰਜੀ ਕੁ ਸਾਲ ਪਹਿਲਾਂ ਲਾਹੌਰ ਦੇ ਇੱਕ ਸੈਮੀਨਾਰ ਵਿਚ ਭਾਰਤ ਦੇ ਇੱਕ ਦੂਤ ਮੂਹਰੇ ਇਹੋ ਗੱਲ ਰੱਖ ਕੇ ਉਸ ਦਾ ਸਪੱਸ਼ਟੀਕਰਨ ਮੰਗਿਆ ਗਿਆ ਸੀ। ਉਸ ਨੇ ਕਿਹਾ ਸੀ ਕਿ ਭਾਰਤ ਵਿਚ, ਓਦੋਂ ਦੇ ਹਾਲਾਤ ਮੁਤਾਬਕ, ਜੰਮੂ-ਕਸ਼ਮੀਰ, ਪੰਜਾਬ ਅਤੇ ਆਸਾਮ ਸਿਰਫ਼ ਤਿੰਨ ਰਾਜਾਂ ਵਿਚ ਹਾਲਾਤ ਖ਼ਰਾਬ ਹਨ ਅਤੇ ਭਾਰਤ ਦੇ ਕੇਂਦਰੀ ਪ੍ਰਦੇਸ਼ਾਂ ਸਮੇਤ ਕੁੱਲ ਬੱਤੀ ਰਾਜਾਂ ਵਿਚੋਂ ਬਾਕੀ ਦੇ ਉਨੱਤੀ ਰਾਜ ਮਿਲ ਕੇ ਮਸਾਂ ਉਥੋਂ ਵਾਲੇ ਸੁਰੱਖਿਆ ਪ੍ਰਬੰਧਾਂ ਦਾ ਖ਼ਰਚਾ ਝੱਲਦੇ ਹਨ। ਪਾਕਿਸਤਾਨ ਦੇ ਪੰਜਾਂ ਸੂਬਿਆਂ ਵਿਚ ਇੱਕ ਵੀ ਇਹੋ ਜਿਹਾ ਨਹੀਂ, ਜਿਹੜਾ ਅਮਨ ਵਾਲਾ ਗਿਣਿਆ ਜਾਵੇ। ਜੇ ਇਹ ਪੰਜੇ ਵੀ ਸਾਡੇ ਪੱਲੇ ਪਾ ਦਿੱਤੇ ਜਾਣ ਤਾਂ ਸਾਡੇ ਗੜਬੜ ਵਾਲੇ ਸੂਬਿਆਂ ਦੀ ਗਿਣਤੀ ਤਿੰਨਾਂ ਤੋਂ ਵਧ ਕੇ ਅੱਠ ਹੋ ਜਾਵੇਗੀ। ਅੱਗੇ ਅਸੀਂ ਤਿੰਨ ਰਾਜਾਂ ਦੀ ਗੜਬੜ ਮਸਾਂ ਸੰਭਾਲਦੇ ਹਾਂ, ਫਿਰ ਸਾਨੂੰ ਅੱਠਾਂ ਦੀ ਗੜਬੜ ਸੰਭਾਲਣ ਦਾ ਪ੍ਰਬੰਧ ਕਰਨਾ ਪਵੇਗਾ। ਭਾਰਤ ਦੀ ਰਾਜਨੀਤੀ ਵਿਚ ਇੱਕ ਵੀ ਇਹੋ ਜਿਹਾ ਲੀਡਰ ਨਹੀਂ, ਜਿਹੜਾ ਬਿਨਾ ਕਾਰਨ ਹੀ ਪੰਜ ਪਰਾਏ ਵਾਲੇ ਸੂਬਿਆਂ ਦੀ ਜ਼ਿਮੇਵਾਰੀ ਆਪਣੇ ਸਿਰ ਪਾਉਣ ਨੂੰ ਤਿਆਰ ਹੋਵੇ।



ਅਫ਼ਗਾਨ ਮੁਜਾਹਿਦ

ਇਸ ਦੇ ਬਾਵਜੂਦ ਪਾਕਿਸਤਾਨ ਦੀ ਹਰ ਰੰਗ ਦੀ ਸਰਕਾਰ, ਭਾਵੇਂ ਉਹ ਚੁਣੀ ਹੋਈ ਹੋਵੇ ਤੇ ਭਾਵੇਂ ਕਿਸੇ ਫ਼ੌਜੀ ਜਰਨੈਲ ਵੱਲੋਂ ਧੱਕੇ ਨਾਲ ਸਾਂਭੀ ਹੋਈ, ਆਪਣੇ ਦੇਸ਼ ਦੇ ਲੋਕਾਂ ਨੂੰ ਇਹੋ ਸਮਝਾਉਣ ਲੱਗੀ ਰਹੀ ਹੈ ਕਿ ਭਾਰਤ ਨੇ ਸਾਨੂੰ ਹੜੱਪ ਜਾਣਾ ਹੈ। ਨਤੀਜੇ ਵਜੋਂ ਓਧਰ ਦਾ ਹਰ ਬਸ਼ਰ, ਭਾਰਤ ਨਾਲ ਕਦੇ-ਕਦਾਈਂ ਦੀ ਦੋਸਤੀ ਦੀ ਸੁਰ ਕੱਢਣ ਨੂੰ ਛੱਡ ਕੇ, ਇਸ ਵੱਲ ਵੈਰ-ਭਾਵੀ ਵਤੀਰਾ ਰੱਖਦਾ ਰਿਹਾ ਹੈ ਅਤੇ ਇਹੋ ਜਿਹੇ ਕੁੜੱਤਣ ਭਰਪੂਰ ਸਬੰਧਾਂ ਵਾਲਾ ਅਗਲਾ ਅੱਡਾ ਅਮਰੀਕਾ ਨੂੰ ਸੂਤਰ ਬਹਿੰਦਾ ਹੈ। ਭਾਰਤ ਵਿਚ ਇਹੋ ਜਿਹੀਆਂ ਕੁਝ ਪਾਰਟੀਆਂ ਅਤੇ ਉਨ੍ਹਾਂ ਦੇ ਆਗੂ ਵੀ ਹਨ, ਜਿਹੜੇ ਉਤਲੇ ਮਨੋਂ ਭਾਰਤ-ਅਮਰੀਕਾ ਸਮਝੌਤੇ ਦਾ ਵਿਰੋਧ ਕਰ ਕੇ ਅਗਲੇ ਦਿਨ ਅਮਰੀਕੀ ਰਾਜਦੂਤ ਨੂੰ ਇਹ ਕਹਿਣ ਚਲੇ ਜਾਂਦੇ ਹਨ ਕਿ ਦਿਲੋਂ ਅਸੀਂ ਵੀ ਤੁਹਾਡੇ ਨਾਲ ਹੀ ਹਾਂ।

ਤੀਸਰੀ ਗੱਲ ਇਹ ਕਿ ਜਦੋਂ ਤੋਂ ਭਾਰਤ ਆਜ਼ਾਦ ਹੋਇਆ ਅਤੇ ਜਦੋਂ ਤੋਂ ਪਾਕਿਸਤਾਨ ਨਾਂ ਦੇ ਨਵੇਂ ਮੁਲਕ ਦਾ ਜਨਮ ਹੋਇਆ ਹੈ, ਅਮਰੀਕਾ ਅਤੇ ਉਸ ਦੇ ਜੋਟੀਦਾਰਾਂ ਨੇ ਹਮੇਸ਼ਾਂ ਸੰਸਾਰ ਪੱਧਰ ਦੇ ਹਰ ਮੰਚ ਉਤੇ ਭਾਰਤ ਦਾ ਵਿਰੋਧ ਅਤੇ ਪਾਕਿਸਤਾਨ ਦਾ ਸਮਰਥਨ ਕੀਤਾ ਹੈ। ਹੁਣ ਉਸ ਦੀ ਨੀਤੀ ਅਚਾਨਕ ਬਦਲਣ ਲੱਗ ਪਈ ਜਾਪਦੀ ਹੈ।

ਅਮਰੀਕਾ ਦੀ ਸਰਕਾਰ ਦੇ ਬੁਲਾਰੇ ਨੇ ਸਤਾਈ ਮਈ ਦੇ ਦਿਨ ਪਾਕਿਸਤਾਨ ਦੀ ਸਰਕਾਰ ਨੂੰ ਇਹ ਗੱਲ ਉਚੇਚ ਨਾਲ ਸਮਝਾਈ ਹੈ ਕਿ ਉਸ ਦੇ ਦੇਸ਼ ਵਿਚ ਬਲੋਚਾਂ ਦੀ ਜਿਹੜੀ ਬਗ਼ਾਵਤੀ ਲਹਿਰ ਚੱਲ ਰਹੀ ਹੈ, ਉਸ ਦੇ ਪਿੱਛੇ ਭਾਰਤ ਨਹੀਂ ਹੈ। ਉਸੇ ਦੇਸ਼ ਵਿਚ ਕਦੇ 'ਜੀਏ ਸਿੰਧ' ਲਹਿਰ ਚੱਲਣ ਵੇਲੇ ਉਥੋਂ ਦੀ ਸਰਕਾਰ ਨੇ ਭਾਰਤ ਉਤੇ ਉਸ ਨੂੰ ਭੜਕਾਉਣ ਦਾ ਦੋਸ਼ ਲਾਇਆ ਸੀ ਪਰ ਅਮਰੀਕਾ ਨਹੀਂ ਸੀ ਬੋਲਿਆ। ਫਿਰ ਮੁਹਾਜਰਾਂ ਦੀ ਲਹਿਰ ਚੱਲੀ ਤੇ ਕਈ ਮਹੀਨੇ ਪਾਕਿਸਤਾਨ ਵਿਚ ਸਾੜ-ਫ਼ੂਕ ਅਤੇ ਕਤਲ ਹੁੰਦੇ ਰਹੇ ਸਨ। ਪਾਕਿਸਤਾਨ ਦੀ ਸਰਕਾਰ ਨੇ ਉਸ ਦਾ ਦੋਸ਼ ਵੀ ਭਾਰਤ ਦੇ ਸਿਰ ਥੱਪ ਦਿੱਤਾ ਸੀ, ਪਰ ਅਮਰੀਕਾ ਵਾਲੇ ਉਦੋਂ ਨਹੀਂ ਸਨ ਬੋਲੇ। ਜਦੋਂ ਜਨਰਲ ਪਰਵੇਜ਼ ਮੁਸ਼ੱਰਫ਼ ਦੇ ਰਾਜ ਵਿਚ ਉਸ ਨੇ ਨਿਆਂ ਪਾਲਿਕਾ ਦੀ ਧੌਣ ਉਤੇ ਗੋਡਾ ਰੱਖਣਾ ਚਾਹਿਆ ਅਤੇ ਵਕੀਲ ਸੜਕਾਂ ਉਤੇ 'ਲੌਂਗ ਮਾਰਚ' ਕਰਨ ਲਈ ਨਿਕਲ ਤੁਰੇ ਸਨ, ਇਹੋ ਦੋਸ਼ ਉਦੋਂ ਵੀ ਭਾਰਤ ਉਤੇ ਲਾਇਆ ਗਿਆ ਸੀ ਪਰ ਅਮਰੀਕਾ ਵਾਲੇ ਨਹੀਂ ਸਨ ਬੋਲੇ। ਇਸ ਵਾਰੀ ਹੀ ਉਨ੍ਹਾਂ ਨੂੰ ਇਹ ਬਿਆਨ ਉਚੇਚ ਨਾਲ ਕਿਉਂ ਦੇਣਾ ਪਿਆ ਹੈ? ਬਲੋਚਾਂ ਦੀ ਲਹਿਰ ਹੋਵੇ ਜਾਂ ਕੋਈ ਹੋਰ, ਭਾਰਤ ਦੀ ਇਹੋ ਜਿਹੀ ਕੋਈ ਨੀਤੀ ਵੀ ਨਹੀਂ ਤੇ ਇਹੋ ਜਿਹੇ ਕਿਸੇ ਦਖ਼ਲ ਦਾ ਕੋਈ ਸਬੂਤ ਵੀ ਨਹੀਂ ਮਿਲਦਾ ਪਰ ਅਮਰੀਕਾ ਵਾਲਿਆਂ ਨੇ ਇਸ ਗੱਲ ਕਰ ਕੇ ਆਪਣਾ ਬਿਆਨ ਜਾਰੀ ਨਹੀਂ ਕੀਤਾ, ਸਗੋਂ ਇਸ ਕਰ ਕੇ ਕੀਤਾ ਹੈ ਕਿ ਉਹ ਪਿਛਲੇ ਸਮੇਂ ਵਿਚ ਭਾਰਤ ਨਾਲ ਬਗਲਗੀਰ ਹੋਣ ਦੀ ਜਿਹੜੀ ਚਾਲ ਚੱਲ ਰਹੇ ਹਨ, ਇਹ ਉਸ ਦੇ ਚੌਖਟੇ ਵਿਚ ਜਾਰੀ ਕਰਨਾ ਜ਼ਰੂਰੀ ਸੀ। ਅਗਲੇ ਸਾਲ ਵਿਚ ਅਫ਼ਗਾਨਿਸਤਾਨ ਅਤੇ ਨਾਲ ਦੀ ਨਾਲ ਪਾਕਿਸਤਾਨ ਵਿਚੋਂ ਉਠਣ ਵੇਲੇ ਗਵਾਂਢ ਵਿਚੋਂ ਕੋਈ ਪੰਡ ਚੁਕਾਉਣ ਵਾਲਾ ਵੀ ਤਾਂ ਚਾਹੀਦਾ ਹੈ।

ਡਾ. ਮਨਮੋਹਨ ਸਿੰਘ ਹੁਰੀਂ ਤਾਂ ਅਜੇ ਤੱਕ ਆਪਣੇ ਘਰ ਦੀ ਰਾਜਨੀਤੀ ਦੇ ਪਰਪੱਕ ਖਿਡਾਰੀ ਵੀ ਨਹੀਂ ਬਣ ਸਕੇ, ਸੰਸਾਰ ਰਾਜਨੀਤੀ ਦੇ ਦਾਅ ਏਨੀ ਛੇਤੀ ਕਦੇ ਨਹੀਂ ਸਿੱਖ ਸਕਦੇ। ਉਂਜ ਵੀ ਰਿਜ਼ਰਵ ਬੈਂਕ ਦੀ ਗਵਰਨਰੀ ਕਰਦੇ ਆਏ ਪ੍ਰਧਾਨ ਮੰਤਰੀ ਦੀ ਸੋਚ-ਧਾਰਾ ਆਪਣੀ ਕਿਸਮ ਦੀ ਹੈ, ਜਿਸ ਦੀ ਝਲਕ ਇਸ ਗੱਲ ਤੋਂ ਮਿਲ ਜਾਂਦੀ ਹੈ ਕਿ ਜਦੋਂ ਸੰਸਾਰ ਰਾਜਨੀਤੀ ਦਾ ਕੋਈ ਵੱਡਾ ਦਾਅ ਖੇਡਣ ਦੀ ਲੋੜ ਸੀ, ਓਦੋਂ ਵੀ ਉਹ ਇਸ ਕੋਸ਼ਿਸ਼ ਵਿਚ ਲੱਗੇ ਰਹੇ ਕਿ ਆਪਣੇ ਪੱਕੇ ਜੋਟੀਦਾਰ ਮੌਂਟੇਕ ਸਿੰਘ ਆਹਲੂਵਾਲੀਏ ਨੂੰ ਇੰਟਰਨੈਸ਼ਨਲ ਮੋਨੀਟਰੀ ਫ਼ੰਡ ਦਾ ਮੁਖੀ ਲਵਾ ਲਿਆ ਜਾਵੇ। ਜੇ ਮੌਂਟੇਕ ਸਿੰਘ ਦੀ ਉਮਰ ਦਾ ਰੱਫੜ ਨਾ ਪੈ ਜਾਂਦਾ ਤਾਂ ਬਣਵਾ ਵੀ ਲੈਣਾ ਸੀ। ਪਹਿਲਾਂ ਗੱਲ ਕੀਤੀ ਹੁੰਦੀ ਤਾਂ ਏਨੀ ਕੁ ਛੋਟ ਸ਼ਾਇਦ ਅਮਰੀਕਾ ਵਾਲੇ ਆਪਣੀ ਭਵਿੱਖ ਦੀ ਲੋੜ ਨੂੰ ਮੁੱਖ ਰੱਖ ਕੇ ਆਪ ਵੀ ਦਿਵਾ ਦੇਂਦੇ ਪਰ ਇਹ ਲੋੜ ਕੁਝ ਲੋਕਾਂ ਦੀ ਹੋਵੇਗੀ, ਸਾਰੇ ਭਾਰਤ ਵਾਸੀਆਂ ਦੀ ਨਹੀਂ। ਦੇਸ਼ ਦੀ ਲੋੜ ਤਾਂ ਇਹ ਹੈ ਕਿ 'ਤਬੇਲੇ ਦੀ ਬਲਾ ਵਛੇਰੇ ਦੇ ਗਲ' ਪੈਣ ਵਾਂਗ ਭਾਰਤ ਦੀ ਧਰਤੀ ਨੂੰ ਬੇਗਾਨੇ ਦੰਗਲ ਦਾ ਅਖਾੜਾ ਬਣਨ ਤੋਂ ਰੋਕਿਆ ਜਾਵੇ, ਭਾਵੇਂ ਕਿਵੇਂ ਵੀ।

# ਚੁਰਾਸੀ ਦੇ ਸਵਾਲ ਤੇ 'ਅੰਤਿਮ ਸੱਚ'

ਜਿਹੜੇ ਫ਼ੌਜੀ 1984 ਵਿਚੋਂ ਭੱਜੇ ਸਨ ਅਤੇ ਬਾਅਦ ਵਿਚ ਮੁੜ-ਬਹਾਲ ਕੀਤੇ ਗਏ, ਉਨ੍ਹਾਂ ਵਿਚੋਂ ਕਿੰਨੇ ਸੇਵਾਮੁਕਤ ਹੋ ਕੇ ਘਰ ਪਰਤੇ ਹਨ? ਉਨ੍ਹਾਂ ਵਿਚੋਂ ਕਿੰਨੇ ਸ੍ਰੀਲੰਕਾ, ਉੱਤਰ-ਪੂਰਬ ਜਾਂ ਕਸ਼ਮੀਰ ਵਿਚ ਮਾਰੇ ਗਏ? ਇਸ ਸਵਾਲ ਪਿੱਛੇ ਰਾਜ-ਤੰਤਰ ਦੀ ਕਰੂਰਤਾ ਲੁਕੀ ਹੋਈ ਹੈ ਜੋ ਮੁੜ-ਬਹਾਲੀ ਦੇ ਨਾਂ ਹੇਠ ਦਿਆਨਤ ਦਾ ਭੇਸ ਧਾਰ ਕੇ ਪੇਸ਼ ਹੁੰਦੀ ਹੈ।

ਰਾਜ-ਤੰਤਰ ਦੀ ਦਲੀਲ ਦਾ ਗੁੱਝਾ ਪੱਖ ਹਮੇਸ਼ਾ ਘਾਤਕ ਹੁੰਦਾ ਹੈ, ਇਸ ਲਈ ਚੋਣਵੇਂ ਤੱਥਾਂ ਜਾਂ ਘਟਨਾਵਾਂ ਨੂੰ ਮੁੱਖ ਰੱਖ ਕੇ ਦਲੀਲ ਉਸਾਰੀ ਜਾਂਦੀ ਹੈ। ਬੁਨਿਆਦਪ੍ਰਸਤ ਸਿਆਸਤ ਰਾਜ-ਤੰਤਰ ਨਾਲ ਜ਼ਾਹਿਰਾ ਤੌਰ ਉਤੇ ਟਕਰਾਉਂਦੀ ਹੋਈ ਵੀ ਇਸੇ ਢੰਗ ਨਾਲ ਦਲੀਲ ਦੀ ਉਸਾਰੀ ਕਰਦੀ ਹੈ। ਗੁੰਝਲਦਾਰ ਰੁਝਾਨ ਨੂੰ ਸਮਝਣ ਲਈ ਪੇਸ਼ ਕੀਤੀ ਗਈ ਸਿੱਧ-ਪੱਧਰੀ ਦਲੀਲ ਸਿਆਸੀ ਟਕਰਾਅ ਨੂੰ ਤਿੱਖਾ ਅਤੇ ਪੀੜਤ ਧਿਰ ਅੰਦਰ ਬੇਦਲੀਲਾ ਮਨੋਵੇਗ ਸਿਰਜਣ ਦਾ ਕੰਮ ਕਰਦੀ ਹੈ। ਪੀੜਤ ਇਸ ਨਾਲ ਮੁੜ ਕੇ ਸਿਆਸੀ ਖਾਜਾ ਬਣਨ ਦੀ ਹਾਲਤ ਵਿਚ ਆ ਜਾਂਦਾ ਹੈ। ਮਨੁੱਖੀ ਭਾਵਨਾ ਅਤੇ ਵਿਰਸੇ ਦੇ ਨਾਮ ਉੱਤੇ ਉਸਾਰੀ ਗਈ ਇਹ ਦਲੀਲ 1984 ਦੇ ਘਟਨਾਕ੍ਰਮ ਨੂੰ ਪਿਛਲੀਆਂ ਪੰਜ ਸਦੀਆਂ ਦੇ ਘਟਨਾਕ੍ਰਮ ਦੀ ਅਟੱਲ ਕੜੀ ਵਜੋਂ ਪੇਸ਼ ਕਰਦੀ ਹੈ। ਇਹ ਸਮੁੱਚੇ ਘਟਨਾਕ੍ਰਮ ਨੂੰ ਨਫ਼ਰਤ ਦੀ ਪੈਦਾਇਸ਼ ਅਤੇ ਇਨ੍ਹਾਂ ਵਿਚੋਂ ਉਪਜੀ ਨਾ-ਇਨਸਾਫ਼ੀ ਤੇ ਪੀੜ ਨੂੰ ਵੀ ਨਫ਼ਰਤ ਨਾਲ ਜੋੜਦੀ ਹੈ। ਇਸ ਦਲੀਲ ਵਿਚੋਂ ਮਨੁੱਖ ਦੀ ਇਕੋ-ਇਕ ਪਛਾਣ, ਧਰਮ ਉਭਰਦੀ ਹੈ ਜੋ ਉਸ ਨੂੰ 'ਨਫ਼ਰਤ ਨੂੰ ਨਫ਼ਰਤ ਨਾਲ' ਜਿੱਝਣ ਦਾ ਪਾਠ ਪੜ੍ਹਾਉਂਦਾ ਹੈ। ਮਨੁੱਖੀ ਇਤਿਹਾਸ ਵਿਚ ਮਜ਼ਹਬੀ ਵੰਡੀਆਂ ਤੋਂ ਉਪਰ ਉੱਠ ਕੇ ਕੀਤੀ ਸੇਵਾ; ਸਾਂਝੀਵਾਲਤਾ, ਸਹਿਯੋਗ, ਸਰਬਤ ਦਾ ਭਲਾ, ਸੱਭਿਆਚਾਰ, ਪਿਆਰ, ਅਤੇ ਪਰਉਪਕਾਰ ਇਸ ਦਲੀਲ ਮੁਤਾਬਕ ਮਹਿਜ਼ 'ਸਾਜ਼ਿਸ਼' ਦਾ ਹਿੱਸਾ ਜਾਪਦੇ ਹਨ। ਸਵਾਲ ਇਹ ਹੈ ਕਿ ਜੇ ਮਨੁੱਖ ਦਾ ਵਿਹਾਰ ਅਤੇ ਸਮੁੱਚਾ ਸਮਾਜਿਕ ਹੁੰਗਾਰਾ ਸਿਰਫ਼ 'ਅੰਦਰੋਂ ਫੁੱਟਦੀ ਨਫ਼ਰਤ' ਨੇ ਹੀ ਤੈਅ ਕਰਨਾ ਹੈ ਤਾਂ ਮੌਜੂਦਾ ਦੌਰ ਵਿਚ ਜਮਹੂਰੀਅਤ, ਇਨਸਾਫ਼, ਸਾਮਜਿਕ ਬਰਾਬਰੀ, ਸੁਹਜ, ਅਹਿਸਾਸ, ਭਾਈਚਾਰੇ, ਦੋਸਤੀ, ਅਤੇ ਮਹਿਜ਼ ਸਮਕਾਲੀ ਹੋਣ ਦੇ ਕੀ ਮਾਇਨੇ ਹਨ?

# ਕੰਮੀਆਂ ਦੇ ਵਿਹੜੇ ਸੂਰਜ ਮਘਣੋਂ ਹਟਣ ਲੱਗਾ!

**ਇਕ ਦਰਦ ਇਹ ਵੀ...**

**ਐਸ. ਅਸ਼ੋਕ ਭੌਰਾ**

ਜਿਨ੍ਹਾਂ ਨੇ ਤਾਜ ਮਹਿਲ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਹੈ, ਉਨ੍ਹਾਂ ਨੂੰ ਕਿਤਾਬਾਂ 'ਚੋਂ ਲੇਖ ਪੜ੍ਹਨ ਦੀ ਜ਼ਰੂਰਤ ਨਹੀਂ ਰਹਿੰਦੀ। ਜਿਹਦੇ ਫੋੜਾ ਨਿਕਲਿਆ ਹੋਵੇ, ਉਹਨੂੰ ਹੀ ਪਤਾ ਹੁੰਦੈ ਕਿ ਦਰਦ ਦੀ ਤਰਜ਼ ਕੀ ਹੁੰਦੀ ਹੈ; ਬਾਕੀ ਤਾਂ ਸਿਰਫ਼ 'ਫਿਕਰ ਨਾ ਕਰੋ, ਹੋ ਜੂ ਠੀਕ' ਹੀ ਕਹਿਣ ਵਾਲੇ ਹੁੰਦੇ ਹਨ। ਸੁਣਦੇ ਤਾਂ ਆਏ ਹਾਂ ਕਿ ਕਰਜ਼ਾ ਲੈ ਤਾਂ ਇਕ ਦਿਨ ਲਿਆ ਜਾਂਦਾ ਹੈ ਪਰ ਮੋੜਨ ਲਈ ਵਰ੍ਹੇ ਲੱਗ ਜਾਂਦੇ ਹਨ। ਬਠਿੰਡੇ ਜ਼ਿਲ੍ਹੇ ਦੇ ਚਾਉਕੇ ਪਿੰਡ ਵਿਚ ਦਰਜਨਾਂ ਦਲਿਤਾਂ ਦੀ ਮੌਤ ਨਾਲ ਇਸ ਗੱਲ ਦਾ ਵੀ ਅਹਿਸਾਸ ਹੋਇਆ ਕਿ ਮਾੜੇ ਦੀ ਜਨਾਨੀ ਹੀ ਸਾਰਿਆਂ ਦੀ ਭਾਬੀ ਨਹੀਂ ਹੁੰਦੀ ਸਗੋਂ ਗਰੀਬ ਲਈ ਕਰਜ਼ਾ ਮੌਤ ਦਾ ਤੋਹਫ਼ਾ ਹੀ ਹੁੰਦਾ ਹੈ। ਜੱਟ ਤੇ ਸੀਰੀ ਦੇ ਰਿਸ਼ਤੇ ਵਿਚ ਕਰਜ਼ੇ ਦੀ ਘੁਸਪੈਠ ਸਲਫ਼ਾਸ ਨਾਲ ਮੂੰਹ ਮਿੱਠਾ ਕਰਵਾ ਰਹੀ ਹੈ। ਇਸ ਪਿੰਡ ਨੂੰ ਮੈਂ ਹਾਲ ਹੀ ਵਿਚ ਅੱਖਾਂ ਨਾਲ ਦੇਖਿਆ ਹੈ ਤੇ ਸਲ੍ਹਾਬ ਮਾਰੇ ਕੱਚੇ-ਪਿੱਲੇ ਕੋਠੜਿਆਂ ਵਿਚ ਧਾਹਾਂ ਮਾਰਦੇ ਦਰਦ ਨੂੰ ਕੰਨਾਂ ਨਾਲ ਸੁਣ ਕੇ ਆਇਆ ਹਾਂ। ਲਗਦਾ ਸੀ ਦਲਿਤਾਂ ਦੀ ਮਸੀਹਾ ਮਾਇਆਵਤੀ ਇਨ੍ਹਾਂ ਗਰੀਬੜਿਆਂ ਦਾ ਹੱਥ ਫੜੇਗੀ ਪਰ ਆਪਣੇ ਅਤੇ ਮਜਬੂਰੀਵਸ ਕਾਂਸੀ ਰਾਮ ਦੇ ਬੁੱਤ ਲਾਉਣ, ਜਨਮ ਦਿਨ 'ਤੇ ਤੋਹਫ਼ੇ 'ਚ ਕਰੋੜਾਂ ਦੇ ਹਾਰ ਪਵਾਉਣ ਤੋਂ 'ਲੋਹ ਔਰਤ' ਨੂੰ ਵਿਹਲ ਹੀ ਨਹੀਂ ਮਿਲਦਾ। ਡੇਰਿਆਂ 'ਚ ਬੈਠੇ ਭਗਵਿਆਂ ਵਾਲੇ ਵਿਦੇਸ਼ਾਂ 'ਚੋਂ ਮੱਥੇ ਟਿਕਾ ਕੇ 'ਕੱਠੇ ਕੀਤੇ ਪੌਂਡਾਂ/ਡਾਲਰਾਂ 'ਚੋਂ ਇਕ ਪੈਨੀ ਵੀ ਇਨ੍ਹਾਂ ਬੇਵਸਾਂ ਦੇ ਹੱਥ 'ਤੇ ਧਰਨਾ ਨਹੀਂ ਚਾਹੁੰਦੇ। ਅਫ਼ਰੀਕਾ ਵਿਚ ਸਹਾਰਾ ਰੇਗਿਸਤਾਨ ਨਾਲ ਲਗਦੇ ਸੈਂਕੜੇ ਪਿੰਡ ਏਡਜ਼ ਕਰਕੇ ਮਰਦਾਂ ਬਿਨਾ ਸੱਖਣੇ ਅੱਖੀਂ ਦੇਖੇ ਸਨ ਪਰ ਇਸ ਪਿੰਡ ਵਿਚ ਮੁੱਛ-ਫੁੱਟ ਗੱਭਰੂ ਪੁੱਤ ਕਰਜ਼ੇ ਨੇ ਨਿਗਲ ਲਏ ਹਨ। ਇਸ ਪਿੰਡ 'ਚ ਪੱਥਰ ਬਣ ਕੇ ਵੜ ਕੇ ਵੇਖੋ, ਜਦੋਂ ਪਰਤੋਗੇ ਤਾਂ ਗਰੀਬਾਂ ਦੀ ਪੀੜ ਦੇ ਸੇਕ ਨਾਲ ਮੋਮ ਵਰਗੇ ਹੋਵੋਗੇ।



*ਕਰਜ਼ੇ ਕਰਕੇ ਆਤਮ-ਹੱਤਿਆ ਕਰਨ ਵਾਲੇ ਜੀਤ ਸਿੰਘ ਤੇ ਜਗਜੀਤ ਸਿੰਘ ਦੇ ਪਰਿਵਾਰ ਦੀਆਂ 3 ਔਰਤਾਂ ਜੀਤ ਸਿੰਘ ਦੀ ਫੋਟੋ ਨਾਲ। ਪਰਿਵਾਰ 'ਚ ਹੁਣ ਕੋਈ ਮਰਦ ਮੈਂਬਰ ਨਹੀਂ ਹੈ।*

ਤਰਸੇਮ ਸਿੰਘ ਨੇ ਅਠਾਰਾਂ ਵਰ੍ਹਿਆਂ ਦੀ ਉਮਰ ਵਿਚ ਸਲਫ਼ਾਸ ਖਾ ਲਿਆ; ਸਿਰਫ਼ ਪੰਜਾਹ-ਸੱਠ ਹਜ਼ਾਰ ਰੁਪਏ ਦੀ ਖਾਤਰ ਜੋ ਵੱਡੀ ਲੜਕੀ ਦੇ ਵਿਆਹ ਲਈ ਪਿੰਡ ਦੇ ਹੀ ਇਕ ਜ਼ਿਮੀਂਦਾਰ ਪਾਸੋਂ ਲਿਆ ਸੀ। ਜ਼ਿਮੀਂਦਾਰ ਨੇ ਗਲ 'ਚ ਐਸਾ 'ਗੂਠਾ ਦਿੱਤਾ ਕਿ ਤਰਸੇਮ ਤਾਂ ਚਲੇ ਗਿਆ ਪਰ ਉਸ ਦਾ ਛੋਟਾ ਭਰਾ ਧਾਹਾਂ ਇਸ ਕਰਕੇ ਮਾਰਦਾ ਹੈ ਕਿ ਕਰਜ਼ੇ ਦੀ ਪੰਡ ਹਲਕੀ ਨਹੀਂ ਹੋਈ। ਸਲਫਾਸ ਉਹ ਵੀ ਕਿਸੇ ਵੇਲੇ ਖਾ ਸਕਦਾ ਹੈ। ਇਕ ਹੋਰ ਘਰ ਦੀ ਗੱਲ ਸੁਣ ਕੇ ਹੈਰਾਨ ਹੋਵੋਗੇ ਕਿ ਜਿੰਨੇ ਕੁ ਪੈਸਿਆਂ 'ਚ ਵੱਡੇ ਲੋਕ ਇਕ ਪਹਿਰ ਦੀ ਰੋਟੀ ਮੁਰਗੇ ਦੀਆਂ ਲੱਤਾਂ ਨਾਲ ਛਕ ਲੈਂਦੇ ਹਨ ਜਾਣੀ ਕਿ ਵੀਹ ਕੁ ਹਜ਼ਾਰ ਦੇ ਕਰਜ਼ੇ ਹੇਠ ਦਬੇ ਪਿੰਡ ਦੇ ਹੀ ਇਕ ਸ਼ਾਹੂਕਾਰ ਜ਼ਿਮੀਂਦਾਰ ਕਰਕੇ ਇਸ ਦਲਿਤ ਪਰਿਵਾਰ ਦੇ ਜੀਤ ਸਿੰਘ ਨੇ ਜ਼ਿੰਦਗੀ ਹੀ ਝੋਕ ਦਿੱਤੀ। ਫਿਰ ਉਸ ਦਾ ਵੱਡਾ ਭਰਾ ਜਗਜੀਤ ਸਿੰਘ ਵੀ ਇਸੇ ਕਰਕੇ ਗਿਆ। ਉਮਰ ਵਿਚ ਤੀਹਾਂ ਦੀ, ਪਰ ਬੁੱਢੀ ਲਗਦੀ ਜੀਤ ਦੀ ਪਤਨੀ ਰਾਣੀ ਦੇ ਔਲਾਦ ਨਹੀਂ। ਜਗਜੀਤ ਦੇ ਇਕ ਬੇਟੀ ਹੈ। ਕਰਜ਼ਾ ਵਧ ਕੇ ਤੀਹ ਹਜ਼ਾਰ ਦੇ ਨੇੜੇ ਚਲਾ ਗਿਆ ਹੈ। ਮਾਂ ਸਾਹ ਦੀ ਰੋਗਣ ਹੈ। ਤਿੰਨ ਵਿਧਵਾਵਾਂ ਤੇ ਇਕ ਬੇਟੀ ਬਦਬੂ ਮਾਰੇ ਘਰ 'ਚ ਬਿਨਾ ਕਿਸੇ ਮਰਦ ਦੇ ਸਹਾਰੇ ਤੋਂ ਰਹਿੰਦੀਆਂ ਹਨ। ਜਿਸ ਤਰ੍ਹਾਂ ਹਾਲੇ ਜ਼ਿਮੀਂਦਾਰ ਤੰਗ ਕਰ ਰਿਹੈ, ਲਗਦੈ ਛੇਤੀ ਹੀ ਚੁੱਲ੍ਹਾ ਸੌਂ ਜਾਵੇਗਾ।

ਇਥੋਂ ਦੀ ਹੀ ਵਿਧਵਾ ਰਣਜੀਤ ਕੌਰ ਆਪਣੇ ਪੁੱਤਰ ਜਰਨੈਲ ਸਿੰਘ ਨਾਲ ਦਿਹਾੜੀਆਂ ਕਰਦੀ ਹੈ। ਉਸ ਦੇ ਪਤੀ ਮਿੱਠੂ ਸਿੰਘ ਨੇ ਆੜ੍ਹਤੀਏ ਦੇ ਧੱਕੇ ਨਾਲ ਬਣਾਏ ਦੋ ਲੱਖ ਕਾਰਨ ਨਿੱਤ ਦੀ ਬੇਪੱਤੀ ਨਾਲੋਂ ਮਰ ਜਾਣਾ ਬਿਹਤਰ ਸਮਝਿਆ।

ਮਜ਼ਦੂਰ ਲਾਲ ਸਿੰਘ ਪੈਲੀ ਠੇਕੇ 'ਤੇ ਲੈ ਕੇ ਗੁਜ਼ਾਰਾ ਕਰਦਾ ਸੀ, ਫਸਲ ਲਗਾਤਾਰ ਮਰਦੀ ਰਹੀ। ਆੜ੍ਹਤੀਏ ਦਾ ਕਰਜ਼ਾ ਕੌੜੀ ਵੇਲੇ ਵਾਂਗ ਵਧਦਾ ਗਿਆ। ਬਾਪੂ ਨੂੰ ਲਾਲੇ ਹੱਥੋਂ ਜ਼ਲੀਲ ਹੁੰਦਾ ਦੇਖ ਕੇ 19 ਵਰ੍ਹਿਆਂ ਦੇ ਪੁੱਤਰ ਜਗਦੇਵ ਨੇ ਜ਼ਹਿਰ ਖਾ ਲਿਆ। ਬਦਨਸੀਬ ਮਾਂ ਨਸੀਬ ਕੌਰ ਦੁਹਾਈਆਂ ਦਿੰਦੀ ਹੈ ਕਿ ਦਿਨ-ਰਾਤ ਮਿੱਟੀ ਨਾਲ ਘੁਲ ਕੇ ਵਿਆਜ਼ ਦੇ ਰਹੇ ਹਾਂ, ਮੂਲ ਉਵੇਂ ਦਾ ਉਵੇਂ ਹੈ। ਹਾਲੇ ਸਵੇਰ ਨੂੰ ਮੂੰਹ ਹੀ ਧੋਤਾ ਹੁੰਦੈ, ਜਦੋਂ ਆੜ੍ਹਤੀਆ ਦਬਕੇ ਮਾਰਨ ਆ ਜਾਂਦਾ ਹੈ। ਵਿਆਹ ਦੇ ਛੇਵੇਂ ਮਹੀਨੇ ਪਿੱਛੋਂ ਦਲਿਤ ਸੁਖਦੇਵ ਸਿੰਘ ਚਲੇ ਗਿਆ ਹੈ। ਮਾਂ ਤੇਜ ਕੌਰ ਦੇ ਦੁੱਖ ਨਹੀਂ ਸੁਣੇ ਜਾਂਦੇ।

ਕੱਚੀਆਂ ਕੰਧਾਂ ਨਾਲ ਲਟਕਦੀਆਂ ਗੋਹੇ ਦੀਆਂ ਪਾਥੀਆਂ ਦੱਸਦੀਆਂ ਹਨ ਕਿ ਗਰੀਬੀ ਦੀ ਤਸਵੀਰ ਆਹ ਹੁੰਦੀ ਹੈ, ਪਰ ਇਸ ਤਸਵੀਰ ਦੇ ਸਾਰੇ ਰੰਗ ਸੰਨ ਦੋ ਹਜ਼ਾਰ ਤੋਂ ਇਸ ਕਰਕੇ ਉਡ ਗਏ ਹਨ ਕਿ ਪਿੰਡ ਦੇ ਹੀ ਧਨੀ ਕਿਸਾਨ ਦੇ 60 ਹਜ਼ਾਰ ਰੁਪਏ ਦੇ ਕਰਜ਼ੇ ਕਰਕੇ ਅਠਾਰਾਂ ਸਾਲਾਂ ਦੇ ਬਲਜੀਤ ਨੇ ਜੀਵਨ ਲੀਲ੍ਹਾ ਦਾ ਭੋਗ ਪਾ ਦਿੱਤਾ। ਫਿਰ ਟੱਬਰ ਦੁਹੱਥੜੀਂ ਪਿੱਟ ਰਿਹਾ ਹੈ ਕਿ ਜ਼ਿਮੀਂਦਾਰ ਕਣਕ ਵਢਾਉਂਦੇ ਹਨ, ਜੇਠ-ਹਾੜ੍ਹ ਦੀਆਂ ਅੱਗ ਨਿਗਲਦੀਆਂ ਧੁੱਪਾਂ ਵਿਚ ਵੱਟਾਂ ਤੋਂ ਘਾਹ ਖੁਤਾਉਂਦੇ ਹਨ ਤੇ ਪੋਹ ਦੀਆਂ ਰਾਤਾਂ ਵਿਚ ਕਣਕਾਂ ਨੂੰ ਪਾਣੀ, ਪਰ ਕਰਜ਼ੇ ਦਾ ਭਾਰ ਪੂਣੀ ਜਿੰਨਾ ਵੀ ਹਲਕਾ ਨਹੀਂ ਹੋ ਰਿਹਾ।



*ਰੇਸ਼ਮ ਸਿੰਘ ਦੀ ਵਿਧਵਾ ਵੀਰਪਾਲ ਕੌਰ ਆਪਣੀ ਬੇਟੀ ਨਾਲ*

ਹਾਲੇ ਚੂੜੇ ਦਾ ਰੰਗ ਹਲਕਾ ਵੀ ਨਹੀਂ ਹੋਇਆ ਸੀ ਜਦੋਂ ਇਕ ਬਦਕਿਸਮਤ ਨਵ-ਵਿਆਹੁਤਾ ਦੇ ਪਤੀ ਜਸਵਿੰਦਰ ਨੇ ਸਤੰਬਰ 2008 ਵਿਚ ਡੇਢ ਲੱਖ ਰੁਪਏ ਦੇ ਕਰਜ਼ੇ ਕਾਰਨ ਮੌਤ ਨੂੰ ਭੱਜ ਕੇ ਜੱਫੀ ਪਾ ਲਈ। ਆਪਣੇ ਜੁਆਨ ਪੁੱਤ ਨਾਲ ਉਸੇ ਜ਼ਿਮੀਂਦਾਰ ਦੇ ਦਿਹਾੜੀ ਕਰਨ ਲਈ ਮਜਬੂਰ ਭਾਨ ਸਿੰਘ ਵਿਲਕਦਾ ਹੈ ਕਿ ਚੜ੍ਹੀ ਜਵਾਨੀ ਖਾ ਲਈ ਪੁੱਤ ਗੁਰਜੀਤ ਦੀ, ਤੇ ਹੁਣ ਇਹ ਸਾਨੂੰ ਵੀ ਛੱਡਣ ਵਾਲਾ ਨਹੀਂ। ਕੂਕਾ ਸਿੰਘ ਨੇ ਕੀਟਨਾਸ਼ਕ ਨਾਲ ਤੇ ਮਜ਼ਦੂਰ ਰੇਸ਼ਮ ਸਿੰਘ ਨੇ ਸਲਫ਼ਾਸ ਨਾਲ ਜਾਨ ਦਿੱਤੀ। ਰਾਮਪੁਰੇ ਤੋਂ ਆਠਾਰਾਂ ਕੁ ਕਿਲੋਮੀਟਰ ਦੂਰ ਕਰਜ਼ੇ ਨਾਲ ਵਿਧਵਾ ਹੋਈਆਂ, ਨਰਕ ਤੋਂ ਵੀ ਬਦਤਰ ਦਰਜਨਾਂ ਔਰਤਾਂ, ਬੁੱਢੇ ਮਾਂ-ਬਾਪ, ਭੈਣ-ਭਰਾ ਏਨੇ ਦੁਖੀ ਹਨ ਕਿ ਸ਼ਾਇਦ ਹੀ ਪਿਛਲੇ ਇਕ ਦਹਾਕੇ ਤੋਂ ਕਿਸੇ ਨੇ ਢਿੱਡ ਭਰ ਕੇ ਰੋਟੀ ਖਾਧੀ ਹੋਵੇ। ਤੁਸੀਂ ਜਾਣਦੇ ਹੋਵੋਗੇ ਕਿ ਬਠਿੰਡੇ ਜ਼ਿਲ੍ਹੇ ਦੀ ਪੁਲਿਸ ਸਭ ਤੋਂ ਵੱਧ ਇਸ ਕਰਕੇ ਤੰਗ ਹੈ ਕਿ ਇੱਥੇ ਬਾਦਲਾਂ ਨੇ ਹਰ ਤੀਜੇ ਦਿਨ ਆਉਣਾ ਹੁੰਦਾ ਹੈ। ਨੰਨ੍ਹੀ ਛਾਂ ਬੀਬੀ ਹਰਸਿਮਰਤ ਕੌਰ ਬਾਦਲ ਇਨ੍ਹਾਂ ਦੇ ਵਿਹੜੇ ਵਿਚ ਨਹੀਂ ਗਈ। ਕੈਂਸਰ ਦਾ ਇਲਾਜ ਕਰਾਉਣ ਲਈ ਜਿੰਨਾ ਪੈਸਾ ਸਰਕਾਰੀ ਖਜ਼ਾਨੇ 'ਚੋਂ ਉਹਦੀ ਸੱਸ ਸੁਰਿੰਦਰ ਕੌਰ ਲਈ ਖਰਚਿਆ ਗਿਆ ਹੈ, ਉਹਦੇ ਸੌਵੇਂ ਹਿੱਸੇ ਨਾਲ ਹੀ ਇਸ ਪਿੰਡ ਦੇ ਸਾਰੇ ਦਲਿਤ ਕਰਜ਼ਾ ਮੁਕਤ ਹੋ ਸਕਦੇ ਹਨ, ਪਰ ਇੱਦਾਂ ਸੋਚੇ ਕੌਣ? ਹਾਲ ਇਹ ਹਨ ਕਿ ਹਾਲੇ ਹੋਰ ਮੌਤਾਂ ਹੋਣ ਦੀਆਂ ਸੰਭਾਵਨਾਵਾਂ ਮੱਧਮ ਨਹੀਂ ਪਈਆਂ।

ਦਲਿਤਾਂ ਦੀ ਰਹਿਬਰ ਮਾਇਆਵਤੀ ਦੇ ਮੇਰਠ ਦੇ ਵਿਧਾਇਕ ਨੇ ਆਪਣੀ ਧੀ ਦੇ ਵਿਆਹ 'ਚ ਪੰਜਾਹ ਮੋਟਰਸਾਈਕਲ, ਸੋਨੇ ਦੀਆਂ ਪੰਦਰਾਂ ਸੌ ਮੁੰਦਰੀਆਂ ਬਰਾਤੀਆਂ ਨੂੰ, ਧੀ ਨੂੰ ਔਡੀ ਕਾਰ, ਪੰਜ ਕਿੱਲਿਆਂ 'ਚ ਪੰਡਾਲ, ਕਰੋੜਾਂ ਦਾ ਖਾਣਾ ਪੇਸ਼ ਕੀਤਾ ਹੈ ਹੁਣੇ-ਹੁਣੇ; ਪਰ ਇਨ੍ਹਾਂ ਵਿਚਾਰੇ ਦਲਿਤਾਂ ਦੀ ਸਾਰ ਕੌਣ ਲਵੇਗਾ? ਉਥੇ ਨਾ ਕਦੇ ਪੰਜਾਬ ਬਸਪਾ ਦਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ, ਨਾ ਕਦੇ ਐਸ.ਐਲ. ਵਿਰਦੀ ਤੇ ਨਾ ਹੀ ਇੰਗਲੈਂਡ, ਕੈਨੇਡਾ ਤੇ ਅਮਰੀਕਾ ਦੀਆਂ ਦਲਿਤ ਵਰਗ ਨਾਲ ਜੁੜੀਆਂ ਸਭਾਵਾਂ ਜਾਂ ਸੁਪਰੀਮ ਕੌਂਸਲ ਪੁੱਜੀਆਂ ਹਨ। ਡੇਰਿਆਂ ਦੇ ਸੰਤ ਹੋਰ ਹੀ ਪਾਸੇ ਰੁੱਝੇ ਹੋਏ ਹਨ। ਐਨਿਆਂ 'ਚੋਂ ਲਗਦਾ ਨਹੀਂ ਇਨ੍ਹਾਂ ਨੂੰ ਨਰਕ 'ਚੋਂ ਬਾਹਰ ਕੱਢਣ ਲਈ ਕੋਈ ਸੂਰਮਾ ਬਾਂਹ ਫੜਨ ਲਈ ਨਿਤਰੇਗਾ।

ਸ਼ਾਇਰ ਸੰਤ ਰਾਮ ਉਦਾਸੀ ਨੇ ਕਿਹਾ ਸੀ, 'ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਵਧੇਰੇ, ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ...' ਪਰ ਉਹਦੀਆਂ ਦੁਆਵਾਂ ਨੂੰ ਹਾਕਮ ਬੂਰ ਕਿਥੇ ਪੈਣ ਦੇਣਗੇ? ਇਸੇ ਲਈ ਚਾਉਕੇ ਦੇ ਦਲਿਤ ਅਤੇ ਕੰਮੀਆਂ ਦੇ ਵਿਹੜੇ 'ਚੋਂ ਇਹ ਸੂਰਜ ਲਗਾਤਾਰ ਮਘਣੋਂ ਹਟਦਾ ਜਾ ਰਿਹਾ ਹੈ। ਹੱਥ ਹੀ ਜੋੜਾਂਗਾ, ਕੋਈ ਧਰਮੀ ਬੰਦਾ ਇਸ ਪਿੰਡ ਗੇੜਾ ਤਾਂ ਮਾਰੇ।

## ਜਸਪ੍ਰੀਤ ਸਿੰਘ ਨੇ ਦੁਆਈ ਪੰਜ ਹੋਰਨਾਂ ਨੂੰ ਰਾਜਸੀ ਸ਼ਰਣ

**ਸੈਕਰਾਮੈਂਟੋ:** ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਪੰਜ ਹੋਰ ਵਿਅਕਤੀਆਂ ਨੂੰ ਰਾਜਸੀ ਸ਼ਰਣ ਦੁਆਈ ਹੈ। ਰਾਜਸੀ ਸ਼ਰਣ ਪ੍ਰਾਪਤ ਕਰਨ ਵਾਲਿਆਂ ਵਿਚੋਂ ਕੁਲਵੰਤ ਕੌਰ ਨੂੰ ਨਿਊ ਯਾਰਕ ਵਿਚ ਰਾਜਸੀ ਸ਼ਰਣ ਮਿਲੀ ਜਦਕਿ ਕਿਰਨਜੋਤ, ਅਰਵੀਨਾ ਅਰਚਨਾ ਸਿੰਘ, ਦਲੀਪ ਸਿੰਘ ਗਿੱਲ ਅਤੇ ਮਨਜੀਤ ਕੌਰ ਗਿੱਲ ਨੂੰ ਸਾਨਫਰਾਂਸਿਸਕੋ ਵਿਚ ਮਿਲੀ।

ਇਨ੍ਹਾਂ ਤੋਂ ਇਲਾਵਾ ਜਸਪ੍ਰੀਤ ਸਿੰਘ ਨੇ ਦੋ ਹੋਰ ਵਿਅਕਤੀਆਂ ਸ਼ਾਹਬਾਜ ਸਿੰਘ ਢਿੱਲੋਂ ਅਤੇ ਰਜਨੀ ਰਾਣੀ ਨੂੰ ਗਰੀਨ ਕਾਰਡ ਦਿਵਾਇਆ ਹੈ। ਸ਼ਾਹਬਾਜ ਸਿੰਘ ਢਿੱਲੋਂ ਨੂੰ ਗਰੀਨ ਕਾਰਡ ਸੈਕਰਾਮੈਂਟੋ ਵਿਚ ਅਤੇ ਰਜਨੀ ਰਾਣੀ ਨੂੰ ਸੈਨ ਹੋਜ਼ੇ ਵਿਚ ਮਿਲਿਆ।


**Global Multi Services**

**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

**ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ**

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

**ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ**

*ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ*



**High Five Plaza #207**
**16925 S. Harlan Rd.**
**Lathrop CA 95330**
Exactly on I-5 and Louise Exit
Opposite Dennys Restaurant

DMV Lic No. 62822
Insurance Lic No. 0G73739

*ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:*

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*


**ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ**
**ਫੋਨ 209-982-9996**
*ਫੈਕਸ:209-982-9997*

# ਅਮਰੀਕਾ ਨੇ ਪਾਕਿ ਨੂੰ ਲੋੜੀਂਦੇ ਦਹਿਸ਼ਤਗਰਦਾਂ ਦੀ ਸੂਚੀ ਸੌਂਪੀ

**ਵਾਸ਼ਿੰਗਟਨ:** ਓਸਾਮਾ ਬਿਨ ਲਾਦਿਨ ਨੂੰ ਮਾਰਨ ਤੋਂ ਬਾਅਦ ਅਮਰੀਕਾ ਨੇ ਹੁਣ ਪੰਜ ਹੋਰ ਅਹਿਮ ਦਹਿਸ਼ਤਪਸੰਦਾਂ 'ਤੇ ਅੱਖ ਟਿਕਾ ਲਈ ਹੈ ਤੇ ਇਨ੍ਹਾਂ ਬਾਰੇ ਇਹ ਪਾਕਿਸਤਾਨ ਤੋਂ ਫੌਰੀ ਖੁਫ਼ੀਆ ਜਾਣਕਾਰੀ ਚਾਹੁੰਦਾ ਹੈ। ਇਨ੍ਹਾਂ ਵਿਚ ਅਲਕਾਇਦਾ ਦਾ ਉਪ ਮੁਖੀ ਆਇਮਨ ਅਲ ਜਵਾਹਰੀ, ਮੁੱਲਾ ਉਮਰ ਤੇ ਇਲਿਆਸ ਕਸ਼ਮੀਰੀ ਸ਼ਾਮਲ ਹਨ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਪਾਕਿਸਤਾਨ ਨਾਲ ਮਿਲ ਕੇ ਵੀ ਅਪਰੇਸ਼ਨ ਕਰਨ ਲਈ ਤਿਆਰ ਹਨ।

ਮਿਲੀਆਂ ਰਿਪੋਰਟਾਂ ਅਨੁਸਾਰ ਪਿਛਲੇ ਦੋ ਹਫ਼ਤਿਆਂ ਦੌਰਾਨ ਪਾਕਿਸਤਾਨੀ ਤੇ ਅਮਰੀਕੀ ਅਧਿਕਾਰੀਆਂ ਦੀਆਂ ਦੋ ਮੀਟਿੰਗਾਂ ਵਿਚ ਇਸ ਸੂਚੀ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਸੂਚੀ ਵਿਚ ਹੱਕਾਨੀ ਨੈੱਟਵਰਕ ਦਾ ਮੁੱਖ ਕਮਾਂਡਰ ਸਿਰਾਜੂਦੀਨ ਹੱਕਾਨੀ ਤੇ ਅਲਕਾਇਦਾ ਦੇ ਲਿਬੀਆਈ ਅਪਰੇਸ਼ਨ ਦੇ ਮੁਖੀ ਅਤੀਆ ਅਬਦੁਲ ਰਹਿਮਾਨ ਦੇ ਨਾਂ ਵੀ ਸ਼ਾਮਲ ਹਨ। ਰਿਪੋਰਟ ਅਨੁਸਾਰ ਅਮਰੀਕਾ ਇਸ ਸੂਚੀ ਨੂੰ ਪਾਕਿਸਤਾਨ ਲਈ ਅਜ਼ਮਾਇਸ਼ ਵਜੋਂ ਲੈ ਰਿਹਾ ਹੈ ਕਿ ਕੀ ਉਹ ਆਪਣੀ ਧਰਤੀ 'ਤੇ ਲੰਮੇ ਸਮੇਂ ਤੋਂ ਅੱਡੇ ਜਮਾਈ ਬੈਠੇ ਦਹਿਸ਼ਤਪਸੰਦਾਂ ਨਾਲ ਲੜਨ ਪ੍ਰਤੀ ਗੰਭੀਰ ਹੈ। ਅਮਰੀਕੀ ਸੂਤਰਾਂ ਨੇ ਪਾਕਿਸਤਾਨੀ ਅਖ਼ਬਾਰ 'ਡਾਅਨ' ਕੋਲ ਵੀ ਇਸ ਸੂਚੀ ਦੀ ਪੁਸ਼ਟੀ ਕੀਤੀ ਹੈ ਤੇ ਕਿਹਾ ਕਿ ਪਾਕਿਸਤਾਨ ਵਿਚਲੇ ਦਹਿਸ਼ਤਪਸੰਦਾਂ ਖ਼ਿਲਾਫ਼ ਅਮਰੀਕਾ ਇਕਤਰਫ਼ਾ ਕਾਰਵਾਈ ਬਾਰੇ ਆਪਣੀ ਪੁਜ਼ੀਸ਼ਨ ਸ਼ਰਤਾਂ ਸਹਿਤ ਨਰਮ ਕਰ ਰਿਹਾ ਹੈ। ਅਮਰੀਕਾ ਨੇ ਪਾਕਿਸਤਾਨੀ ਨੂੰ ਸਪੱਸ਼ਟ ਲਫ਼ਜ਼ਾਂ ਵਿਚ ਸੰਦੇਸ਼ ਦਿੱਤਾ ਹੈ ਕਿ ਜਾਂ ਤਾਂ ਇਨ੍ਹਾਂੑਦਹਿਸ਼ਤਪਸੰਦਾਂ ਬਾਰੇ ਸਹਿਯੋਗ ਕਰੋ ਨਹੀਂ ਤਾਂ ਅਮਰੀਕਾ ਇਨ੍ਹਾਂ ਨਾਲ ਆਪ ਨਜਿੱਠੇਗਾ।



ਅਲ ਜਵਾਹਰੀ


ਮੁੱਲਾ ਉਮਰ


ਇਲਿਆਸ ਕਸ਼ਮੀਰੀ

ਇਲਿਆਸ ਕਸ਼ਮੀਰੀ ਹਾਲੀਆ ਸਾਲਾਂ ਦੌਰਾਨ ਸਭ ਤੋਂ ਖ਼ਤਰਨਾਕ ਦਹਿਸ਼ਤਪਸੰਦ ਬਣ ਕੇ ਉੱਭਰਿਆ ਹੈ। ਉਹ ਇਕ ਅਜਿਹਾ ਦਹਿਸ਼ਤਪਸੰਦ ਹੈ ਜਿਸ ਦੇ ਕੌਮਾਂਤਰੀ ਨਿਸ਼ਾਨੇ ਹਨ ਤੇ ਨਾਲ ਹੀ ਅਰਬ ਤੇ ਦੱਖਣੀ ਏਸ਼ੀਆ ਵਿਚ ਸੰਪਰਕ ਹਨ। ਹਾਲਾਂਕਿ ਪਾਕਿਸਤਾਨੀ ਫ਼ੌਜ ਅਧਿਕਾਰਤ ਤੌਰ 'ਤੇ ਇਸ ਤੋਂ ਇਨਕਾਰ ਕਰਦੀ ਹੈ ਪਰ ਇਸ ਦੇ ਫ਼ੌਜੀ ਅਫ਼ਸਰ ਇਹ ਗੱਲ ਮੰਨਦੇ ਹਨ ਕਿ ਕਸ਼ਮੀਰੀ ਨੇ ਫ਼ੌਜੀ ਸਿਖਲਾਈ ਹਾਸਲ ਕੀਤੀ ਹੋਈ ਹੈ। ਉਹ ਕਾਫੀ ਸਮਾਂ ਪਹਿਲਾਂ ਹੀ ਪਾਕਿਸਤਾਨ ਖ਼ਿਲਾਫ਼ ਖੜ੍ਹਾ ਹੋ ਗਿਆ ਸੀ ਤੇ ਪਾਕਿਸਤਾਨੀ ਅਫ਼ਸਰ ਮੰਨਦੇ ਹਨ ਕਿ ਉਸ ਨੇ 2003 ਵਿਚ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਦੇ ਕਤਲ ਦੀ ਕੋਸ਼ਿਸ਼ ਕੀਤੀ ਸੀ। ਸਿਰਾਜ ਹੱਕਾਨੀ ਤਾਲਿਬਾਨ ਦੇ ਸਭ ਤੋਂ ਖੂੰਖਾਰ ਧੜੇ ਹੱਕਾਨੀ ਨੈੱਟਵਰਕ ਦਾ ਅਪਰੇਸ਼ਨਲ ਕਮਾਂਡਰ ਹੈ ਤੇ ਇਸ ਜਥੇਬੰਦੀ ਦਾ ਪਾਕਿਸਤਾਨ ਦੇ ਕਬਾਇਲੀ ਵਜ਼ੀਰਿਸਤਾਨ ਇਲਾਕੇ ਵਿਚ ਆਧਾਰ ਹੈ। ਇਲਿਆਸ ਕਸ਼ਮੀਰੀ ਅਲਕਾਇਦਾ ਦਾ ਸੀਨੀਅਰ ਮੈਂਬਰ ਹੈ ਤੇ ਉਸ ਨੂੰ ਕਿਸੇ ਵੇਲੇ ਅਗਲਾ ਓਸਾਮਾ ਬਿਨ ਲਾਦਿਨ ਕਰਾਰ ਦਿੱਤਾ ਜਾਂਦਾ ਸੀ। ਅਫ਼ਗਾਨ ਅਤੇ ਅਮਰੀਕੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਦਾ ਹੱਕਾਨੀ ਨੈੱਟਵਰਕ ਉਪਰ ਚੋਖਾ ਅਸਰ ਰਸੂਖ਼ ਹੈ ਤੇ ਉਹ ਇਸ ਨਾਲ ਸਿਆਸੀ ਸੁਲ੍ਹਾ ਕਰਵਾ ਸਕਦੇ ਹਨ।

## ਭਾਰਤ ਵੱਲੋ ਸੌਂਪੀ ਸੂਚੀ ਦੀ ਵੀ ਹਮਾਇਤ



**ਵਾਸ਼ਿੰਗਟਨ:** ਭਾਰਤ ਵੱਲੋਂ 50 ਸਭ ਤੋਂ ਵੱਧ ਲੋੜੀਂਦੇ ਭਗੌੜਿਆਂ ਦੀ ਸੂਚੀ ਪਾਕਿਸਤਾਨ ਨੂੰ ਸੌਂਪਣ ਦੀ ਓਬਾਮਾ ਪ੍ਰਸ਼ਾਸਨ ਨੇ ਇਹ ਕਹਿ ਕੇ ਹਮਾਇਤ ਕੀਤੀ ਹੈ ਕਿ ਇਹ ਦੋ ਗੁਆਂਢੀ ਮੁਲਕਾਂ ਵਿਚਾਲੇ ਚੱਲ ਰਹੇ ਸੰਵਾਦ ਦਾ ਹਿੱਸਾ ਹੈ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਪਾਕਿਸਤਾਨ, ਭਾਰਤ ਦੇ ਸਰੋਕਾਰਾਂ ਵੱਲ ਜ਼ਰੂਰ ਧਿਆਨ ਦੇਵੇ।

ਦੱਖਣੀ ਤੇ ਮੱਧ ਏਸ਼ੀਆ ਦੇ ਮਾਮਲਿਆਂ ਬਾਰੇ ਅਮਰੀਕਾ ਦੇ ਉਪ ਵਿਦੇਸ਼ ਮੰਤਰੀ ਰਾਬਰਟ ਬਲੇਕ ਨੇ ਕਿਹਾ ਕਿ ਇਹ ਸੂਚੀ ਸੌਂਪੀ ਜਾਣੀ ਦੋਵੇਂ ਮੁਲਕਾਂ ਦੇ ਗ੍ਰਹਿ ਸਕੱਤਰਾਂ ਵਿਚਾਲੇ ਚੱਲ ਰਹੀ ਗੱਲਬਾਤ ਦੇ ਹਿੱਸੇ ਵਜੋਂ ਹੈ ਜੋ ਪਾਕਿਸਤਾਨ ਆਪਣੀ ਧਰਤੀ 'ਤੇ ਵਿਚਰਦੇ ਅਤਿਵਾਦੀਆਂ ਨੂੰ ਭਾਰਤ ਵਿਰੁੱਧ ਕਾਰਵਾਈ ਕਰਨ ਤੋਂ ਰੋਕਣ ਲਈ ਵਰਤ ਸਕਦਾ ਹੈ। ਸਪਸ਼ਟ ਹੈ ਕਿ ਅਮਰੀਕਾ ਇਸ ਦੀ ਹਮਾਇਤ ਕਰਦਾ ਹੈ ਹਾਲਾਂਕਿ ਵਾਸ਼ਿੰਗਟਨ ਨੇ ਇਸ ਸੂਚੀ ਲਈ ਆਪਣੇ ਵੱਲੋਂ ਕੋਈ ਕੰਮ ਨਹੀਂ ਕੀਤਾ। ਉਨ੍ਹਾਂ ਨੇ ਭਾਰਤ ਦੇ ਪਾਕਿਸਤਾਨ ਨਾਲ ਮੁੜ ਸੰਵਾਦ ਸ਼ੁਰੂ ਕਰਨ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਨਵੀਂ ਦਿੱਲੀ ਦਾ ਇਸ ਸਾਲ ਦੇ ਸ਼ੁਰੂ 'ਚ ਲਿਆ ਗਿਆ ਅਹਿਮ ਫੈਸਲਾ ਸੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਭਾਰਤ ਦੇ ਬਹੁਤੇ ਸਰੋਕਾਰਾਂ ਨੂੰ ਨਜਿੱਠਿਆ ਨਹੀਂ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਤੋਂ ਹੀ ਭਾਰਤ ਵੱਲੋਂ ਦੋ ਵੱਡੀਆਂ ਮੰਗਾਂ ਰੱਖੀਆਂ ਗਈਆਂ ਸਨ ਕਿ ਇਕ ਤਾਂ ਮੁੰਬਈ ਹਮਲਿਆਂ ਦੀ ਸਾਜ਼ਿਸ਼ ਰਚਣ ਵਾਲਿਆਂ ਨੂੰ ਨਿਆਂ ਦੀ ਗ੍ਰਿਫਤ 'ਚ ਲਿਆ ਕੇ ਸਜ਼ਾਵਾਂ ਦਿੱਤੀਆਂ ਜਾਣ ਤੇ ਦੂਜੀ ਮੰਗ ਪਾਕਿਸਤਾਨ ਪ੍ਰਤੱਖ ਤੌਰ 'ਤੇ ਭਾਰਤ 'ਚ ਸੀਮਾ ਪਾਰੋਂ ਅਤਿਵਾਦੀਆਂ ਵੱਲੋਂ ਕੀਤੀ ਜਾਂਦੀ ਘੁਸਪੈਠ ਰੋਕੇ।ਉਨ੍ਹਾਂ ਕਿਹਾ ਕਿ ਉਹ ਮੰਨਦੇ ਹਨ ਕਿ ਪਾਕਿਸਤਾਨ ਨੇ ਇਸ ਦਿਸ਼ਾ 'ਚ ਕਾਫੀ ਯਤਨ ਕੀਤੇ ਹਨ ਪਰ ਪਹਿਲੀ ਥਾਵੇਂ ਇਹ ਗੱਲ ਭਾਰਤ ਹੀ ਦੱਸ ਸਕਦਾ ਹੈ ਕਿ ਉਹ ਆਸ ਮੁਤਾਬਕ ਕੰਮ ਹੋਇਆ ਮੰਨਦਾ ਹੈ ਜਾਂ ਨਹੀਂ ਪਰ ਨਾਲ ਹੀ ਨਵੀਂ ਦਿੱਲੀ ਇਹ ਵੀ ਸਮਝਦੀ ਹੈ ਕਿ ਅਮਰੀਕਾ ਵਾਂਗ ਇਸ ਦਾ ਵੀ ਸਥਿਰ ਤੇ ਸ਼ਾਂਤ ਪਾਕਿਸਤਾਨ ਵਿਚ ਰਣਨੀਤਕ ਹਿੱਤ ਹੈ।

# ਬਰਤਾਨਵੀ ਮਹਾਰਾਣੀ ਨੂੰ ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਲਈ ਮੁਆਫ਼ੀ ਮੰਗਣ ਦੀ ਅਪੀਲ

ਲੰਡਨ: ਭਾਰਤੀ ਮੂਲ ਦੇ ਲੇਬਰ ਪਾਰਟੀ ਦੇ ਸੰਸਦ ਮੈਂਬਰ ਨੇ ਬਰਤਾਨਵੀ ਮਹਾਰਾਣੀ ਨੂੰ ਭਾਰਤ ਵਿਚ ਇਸ ਮੁਲਕ ਦੇ ਸ਼ਾਸਨ ਦੌਰਾਨ ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਵਿਚ ਤੇ ਹੋਰ ਥਾਂ ਹੋਏ ਕਤਲੇਆਮਾਂ ਲਈ ਰਸਮੀ ਤੌਰ 'ਤੇ ਮੁਆਫੀ ਮੰਗਣ ਲਈ ਕਿਹਾ ਹੈ।

ਲੰਡਨ ਵਿਚ ਈਲਿੰਗ ਸਾਊਥਾਲ ਤੋਂ ਸੰਸਦ ਮੈਂਬਰ ਵਰਿੰਦਰ ਸ਼ਰਮਾ ਨੇ ਆਨਲਾਈਨ ਅਖਬਾਰ ਏਸ਼ੀਅਨ ਲਾਈਟ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਬੜੀ ਸ਼ਿੱਦਤ ਨਾਲ ਇਹ ਮਹਿਸੂਸ ਕਰਦੇ ਹਨ ਕਿ ਜਦੋਂ ਹੁਣ ਸਦੀ 21ਵੀਂ ਸਦੀ ਵਿਚ ਪੁੱਜ ਚੁੱਕੇ ਹਾਂ ਤਾਂ ਮਹਾਰਾਣੀ ਨੂੰ ਬਰਤਾਨਵੀ ਸ਼ਾਸਨ ਕਾਲ ਦੌਰਾਨ ਭਾਰਤੀਆਂ 'ਤੇ ਢਾਹੇ ਗਏ ਜ਼ੁਲਮੋ-ਸਿਤਮ ਖਾਸਕਰ ਜ਼ਲ੍ਹਿਆਂਵਾਲੇ ਬਾਗ ਵਿਚ ਕੀਤੇ ਗਏ ਕਤਲੇਆਮ ਲਈ ਮੁਆਫੀ ਮੰਗ ਲੈਣੀ ਚਾਹੀਦੀ ਹੈ।

ਸ੍ਰੀ ਸ਼ਰਮਾ ਨੇ ਰਾਣੀ ਏਲਿਜ਼ਾਬੇਥ-2 ਦੀ ਆਇਰਲੈਂਡ ਦੇ ਗਾਰਡਨ ਆਫ ਰਿਮੈਂਬਰੈਂਸ ਫੇਰੀ ਦੌਰਾਨ ਬਰਤਾਨਵੀ ਰਾਜ ਤੋਂ ਆਜ਼ਾਦੀ ਦੇ ਸੰਘਰਸ਼ ਵਿਚ ਮਾਰੇ ਗਏ ਦੇਸ਼ ਭਗਤਾਂ ਦੀ ਯਾਦਗਾਰ ਅੱਗੇ ਸਿਜਦਾ ਕਰਨ ਤੋਂ ਮਗਰੋਂ ਇਹ ਬਿਆਨ ਦਿੱਤਾ ਹੈ। 13 ਅਪਰੈਲ 1919 ਨੂੰ ਬਰਤਾਨਵੀ ਅਧਿਕਾਰੀ ਆਰ. ਡਾਇਰ ਨੇ ਅੰਮ੍ਰਿਤਸਰ ਵਿਚ ਜਲ੍ਹਿਆਂਵਾਲਾਬਾਗ ਵਿਖੇ ਵਿਸਾਖੀ 'ਤੇ ਅਮਨਪੂਰਵਕ ਢੰਗ ਨਾਲ ਇਕੱਠੇ ਹੋਏ ਨਿਹੱਥੇ ਲੋਕਾਂ 'ਤੇ ਗੋਲੀ ਚਲਾਉਣ ਦੇ ਹੁਕਮ ਦਿੱਤੇ ਸਨ। ਨਿੱਕੇ ਜਿਹੇ ਇਕੋ ਦਰਵਾਜ਼ੇ ਵਾਲੇ ਕੰਧਵਾਲੇ ਇਸ ਬਾਗ ਵਿਚ 1600 ਤੋਂ ਵੱਧ ਗੋਲੀਆਂ ਚਲਾਈਆਂ ਗਈਆਂ ਸਨ ਤੇ ਸਰਕਾਰੀ ਅੰਕੜਿਆਂ ਅਨੁਸਾਰ ਉਥੇ 379 ਲੋਕ ਮਾਰੇ ਗਏ ਸਨ ਜਦਕਿ ਅਸਲ ਵਿਚ ਉਥੇ 1000 ਤੋਂ ਵੱਧ ਵਿਅਕਤੀ ਮਾਰੇ ਗਏ ਸਨ। ਉਦੋਂ ਬਹੁਤ ਸਾਰੇ ਲੋਕਾਂ ਨੇ ਜਾਨ ਬਚਾਉਣ ਲਈ ਬਾਗ ਵਿਚ ਬਣੇ ਖੂਹ ਵਿਚ ਛਾਲਾਂ ਮਾਰ ਦਿੱਤੀਆਂ ਸਨ।

ਸ੍ਰੀ ਸ਼ਰਮਾ ਨੇ ਕਿਹਾ ਕਿ ਮਹਾਰਾਣੀ ਦੀ 1997 ਦੀ ਜਲ੍ਹਿਆਂਵਾਲਾਬਾਗ ਦੀ ਫੇਰੀ ਨੂੰ ਆਧਾਰ ਬਣਾ ਕੇ ਉਹ ਇਸ ਕਤਲੇਆਮ ਲਈ ਰਾਣੀ ਜਾਂ ਸਰਕਾਰ ਤੋਂ ਮੁਆਫੀ ਲਈ ਮੰਗ ਕਰਨਗੇ।ਪਰ ਰਿਪੋਰਟ ਹੈ ਕਿ ਲੇਬਰ ਪਾਰਟੀ ਦੀ ਸਰਕਾਰ ਵੱਲੋਂ 2005 ਵਿਚ ਵਿਦੇਸ਼ ਮੰਤਰੀ ਜੈਕ ਸਟਰਾਅ ਨੇ ਜਲ੍ਹਿਆਂਵਾਲਾਬਾਗ ਦੀ ਆਪਣੀ ਫੇਰੀ ਵੇਲੇ ਖੁੱਲ੍ਹੀ ਤੇ ਬਿਨਾਂ ਸ਼ਰਤ ਮੁਆਫੀ ਮੰਗ ਲਈ ਸੀ। ਲਿਬਰਲ ਡੈਮੋਕਰੈਟ ਸੰਸਦ ਮੈਂਬਰ ਲਾਰਡ ਨਵਨੀਤ ਢੋਲਕੀਆ ਨੇ ਕਿਹਾ ਕਿ ਉਹ ਮੁਆਫੀ ਦੇ ਖਿਲਾਫ ਹੈ। ਉਸ ਨੇ ਕਿਹਾ ਕਿ ਬਰਤਾਨਵੀ ਰਾਜ ਦੌਰਾਨ ਭਾਰਤੀਆਂ 'ਤੇ ਅੰਤਾਂ ਦੇ ਜ਼ੁਲਮ ਹੋਏ ਪਰ ਅੰਤ ਨੂੰ ਅਹਿੰਸਾ ਦੀ ਜਿੱਤ ਹੋਈ ਸੀ।

## ਪਾਕਿ ਨੇ ਸੂਚੀ ਬਾਰੇ ਭਾਰਤ ਕੋਲੋਂ ਸਪਸ਼ਟੀਕਰਨ ਮੰਗਿਆ

**ਇਸਲਾਮਾਬਾਦ:** ਪਾਕਿਸਤਾਨ ਨੇ ਭਾਰਤ ਵੱਲੋਂ ਸੌਂਪੀ ਗਈ 50 ਲੋੜੀਂਦੇ ਅਤਿਵਾਦੀਆਂ ਤੇ ਅਪਰਾਧੀਆਂ ਦੀ ਸੂਚੀ ਵਿਚਲੀਆਂ ਤਰੁੱਟੀਆਂ ਬਾਰੇ ਪਾਕਿਸਤਾਨ ਨੇ ਨਵੀਂ ਦਿੱਲੀ ਤੋਂ ਸਪਸ਼ਟੀਕਰਨ ਮੰਗਿਆ ਹੈ। ਪਾਕਿ ਵਿਦੇਸ਼ ਵਿਭਾਗ ਦੀ ਤਰਜਮਾਨ ਤਹਿਮੀਨਾ ਜੰਜੂਆ ਨੇ ਦਾਅਵਾ ਕੀਤਾ ਹੈ ਕਿ ਭਾਰਤ ਵੱਲੋਂ ਦਿੱਤੀ ਕਿਸੇ ਵੀ ਸੂਚੀ ਨੂੰ ਪਾਕਿਸਤਾਨ ਬਹੁਤ ਗੰਭੀਰਤਾ ਨਾਲ ਲਵੇਗਾ।

ਉਨ੍ਹਾਂ ਕਿਹਾ ਕਿ ਅਜਿਹੇ ਕਿਸੇ ਵੀ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈਣ ਲਈ ਸੂਚੀ ਦੀ ਸਹੀ ਹਾਲਤ ਬਾਰੇ ਸਪਸ਼ਟੀਕਰਨ ਲੈਣ ਲਈ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਬੇਨਤੀ ਭੇਜੀ ਗਈ ਹੈ। ਭਾਰਤ ਨੂੰ ਉਦੋਂ ਬੜੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ ਜਦੋਂ ਲੋੜੀਂਦੇ ਅਤਿਵਾਦੀਆਂ ਤੇ ਅਪਰਾਧੀਆਂ ਦੀ ਪਾਕਿਸਤਾਨ ਨੂੰ ਸੌਂਪੀ 50 ਜਣਿਆਂ ਦੀ ਸੂਚੀ ਵਿਚਲੇ ਤਿੰਨ ਅਤਿਵਾਦੀ ਭਾਰਤ 'ਚੋਂ ਹੀ ਮਿਲ ਗਏ ਸਨ। ਇਸ ਸਾਲ ਦੇ ਸ਼ੁਰੂ 'ਚ ਪਾਕਿਸਤਾਨ ਨੂੰ ਸੌਂਪੀ ਗਈ ਇਸ ਸੂਚੀ 'ਚ ਪਾਕਿਸਤਾਨ ਦੇ ਉਨ੍ਹਾਂ ਪੰਜ ਫੌਜੀ ਅਧਿਕਾਰੀਆ ਦੇ ਨਾਂ ਵੀ ਸ਼ਾਮਲ ਹਨ ਜੋ 2008 ਦੇ ਮੁੰਬਈ ਹਮਲਿਆਂ ਵਿਚ ਸ਼ਾਮਲ ਸਨ।

## ਬਠਿੰਡਾ 'ਚ ਅਗਲੇ ਵਰ੍ਹੇ ਤੋਂ ਹਵਾਈ ਉਡਾਣ ਸ਼ੁਰੂ

**ਬਠਿੰਡਾ:** ਬਠਿੰਡਾ 'ਚ ਅਗਲੇ ਮਾਲੀ ਵਰ੍ਹੇ ਤੋਂ ਹਵਾਈ ਉਡਾਣ ਸ਼ੁਰੂ ਹੋਏਗੀ। ਮੁੱਢਲੇ ਪੜਾਅ 'ਤੇ ਬਠਿੰਡਾ ਤੋਂ ਦਿੱਲੀ ਹਵਾਈ ਉਡਾਣ ਸ਼ੁਰੂ ਹੋਵੇਗੀ ਤੇ ਦੂਜੇ ਪੜਾਅ ਵਿਚ ਚੰਡੀਗੜ੍ਹ ਲਈ ਉਡਾਣ ਸ਼ੁਰੂ ਹੋਵੇਗੀ। ਇਨ੍ਹਾਂ ਉਡਾਣਾਂ ਤੋਂ ਸਫਲਤਾ ਮਿਲੀ ਤਾਂ ਤੀਜੇ ਪੜਾਅ ਵਿਚ ਅੰਮ੍ਰਿਤਸਰ ਲਈ ਵੀ ਉਡਾਣ ਸ਼ੁਰੂ ਕੀਤੀ ਜਾਵੇਗੀ। ਬਠਿੰਡਾ ਵਿਚ ਹਵਾਈ ਅੱਡਾ ਬਣਾਉਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਜੋ 31 ਮਾਰਚ 2012 ਤੱਕ ਮੁਕੰਮਲ ਹੋਣਾ ਹੈ।

ਏਅਰਪੋਰਟ ਅਥਾਰਟੀ ਨੇ ਹੁਣ ਪੰਜਾਬ ਸਰਕਾਰ ਤੋਂ ਇਸ ਹਵਾਈ ਅੱਡੇ ਲਈ 40 ਏਕੜ ਜ਼ਮੀਨ ਹੋਰ ਮੰਗੀ ਹੈ ਜਦੋਂਕਿ ਪੰਜਾਬ ਵੱਲੋਂ ਪਹਿਲਾਂ 37 ਏਕੜ ਜ਼ਮੀਨ ਦਿੱਤੀ ਗਈ ਹੈ। ਅਥਾਰਟੀ ਨੇ ਹੁਣ ਕੁੱਲ 77 ਏਕੜ ਜ਼ਮੀਨ ਦੀ ਲੋੜ ਰੱਖੀ ਹੈ। ਹਵਾਈ ਅੱਡੇ ਦੀ ਉਸਾਰੀ ਲਈ 30 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਇਹ ਹਵਾਈ ਅੱਡਾ ਭਿਸੀਆਣਾ 'ਚ ਏਅਰਫੋਰਸ ਦੇ ਹਵਾਈ ਅੱਡੇ ਦੇ ਨਾਲ ਬਣ ਰਿਹਾ ਹੈ। ਸਿਵਲ ਏਅਰਪੋਰਟ ਵੱਲੋਂ ਹਵਾਈ ਪੱਟੀ ਏਅਰਫੋਰਸ ਦੀ ਵਰਤੀ ਜਾਣੀ ਹੈ।

ਏਅਰਪੋਰਟ ਅਥਾਰਟੀ ਵੱਲੋਂ ਪ੍ਰਾਜੈਕਟ ਦੇ ਤਿਆਰ ਖਾਕੇ ਮੁਤਾਬਕ ਬਠਿੰਡਾ ਤੋਂ ਦਿੱਲੀ ਹਵਾਈ ਰੂਟ ਨੂੰ ਪਹਿਲੇ ਨੰਬਰ 'ਤੇ ਰੱਖਿਆ ਗਿਆ ਹੈ। ਅਥਾਰਟੀ ਵੱਲੋਂ ਅਨੁਮਾਨ ਲਾਇਆ ਗਿਆ ਹੈ ਕਿ ਬਠਿੰਡਾ ਤੋਂ ਦਿੱਲੀ ਲਈ ਸਭ ਤੋਂ ਜ਼ਿਆਦਾ ਯਾਤਰੀ ਮਿਲ ਸਕਦੇ ਹਨ। ਅਥਾਰਟੀ ਨੂੰ ਮੁੱਢਲੇ ਪੜਾਅ 'ਤੇ ਰੋਜ਼ਾਨਾ 75 ਯਾਤਰੀ ਮਿਲਣ ਦੀ ਸੰਭਾਵਨਾ ਹੈ। ਫਿਲਹਾਲ ਏਅਰਲਾਈਨਜ਼ ਵੱਲੋਂ ਇਸ ਸਮੇਂ ਤੱਕ ਕੋਈ ਦਿਲਚਸਪੀ ਨਹੀਂ ਦਿਖਾਈ ਗਈ। ਹਵਾਈ ਅੱਡੇ ਦੀ ਉਸਾਰੀ ਮੁਕੰਮਲ ਹੋਣ ਮਗਰੋਂ ਇਹ ਕੰਮ ਸ਼ੁਰੂ ਹੋਣਾ ਹੈ। ਸਿਵਲ ਏਅਰਪੋਰਟ ਵਿਚ ਜੋ ਟੈਕਸੀ-ਵੇਅ ਬਣਨਾ ਹੈ, ਉਸ ਦੇ ਰਸਤੇ ਵਿਚ ਏਅਰਫੋਰਸ ਅਥਾਰਟੀ ਵੱਲੋਂ ਅੜਿੱਕਾ ਪਾ ਦਿੱਤਾ ਗਿਆ ਹੈ। ਡਿਪਟੀ ਕਮਿਸ਼ਨਰ ਡਾ. ਐਸ.ਕੇ. ਰਾਜੂ ਦਾ ਕਹਿਣਾ ਸੀ ਕਿ ਏਅਰਪੋਰਟ ਅਥਾਰਟੀ ਵੱਲੋਂ ਜ਼ੁਬਾਨੀ ਤੌਰ 'ਤੇ 40 ਏਕੜ ਜ਼ਮੀਨ ਦੀ ਹੋਰ ਮੰਗ ਰੱਖੀ ਹੈ। ਗੌਰਤਲਬ ਹੈ ਕਿ ਬਠਿੰਡਾ ਵਿਚ ਤੇਲ ਸੋਧਕ ਕਾਰਖਾਨਾ ਤੇ ਹੋਰ ਵੱਡੇ ਪ੍ਰਾਜੈਕਟਾਂ ਨੂੰ ਦੇਖਦੇ ਹੋਏ ਹਵਾਈ ਅੱਡਾ ਬਣਾਉਣ ਦੀ ਯੋਜਨਾ ਬਣਾਈ ਗਈ ਹੈ। ਪੰਜਾਬ ਸਰਕਾਰ ਵੱਲੋਂ ਬਠਿੰਡਾ ਸਿਵਲ ਏਅਰਪੋਰਟ ਦੀ ਜ਼ਮੀਨ ਦਾ ਕਬਜ਼ਾ ਏਅਰਪੋਰਟ ਅਥਾਰਟੀ ਆਫ ਇੰਡੀਆ ਨੂੰ ਮਾਰਚ 2009 ਵਿਚ ਦੇ ਦਿੱਤਾ ਗਿਆ ਸੀ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# Council of Khalistan

# Dr. Aulakh, 139 Others Removed From Indian Blacklist Will Have No Effect on Effort to Liberate Khalistan Beware of Secret Agenda

WASHINGTON, D.C., May 25, 2011 – The Indian government has removed Dr. Gurmit Singh Aulakh, President of the Council of Khalistan, and 139 other Sikhs from their blacklist, which prevents their entry into India. The Council of Khalistan is the government pro tempore of Khalistan, the Sikh homeland, which declared its independence from India on October 7, 1987. The Council of Khalistan was formed at that time to lead the struggle to liberate Khalistan. It is committed to the liberation of Khalistan by peaceful, nonviolent, democratic means.

"This will not make any difference to the movement to free Khalistan," Dr. Aulakh said. "I will be happy to go to Punjab to hoist the flag of a sovereign, independent Khalistan. Only in a free Khalistan will the Sikh Nation prosper and get justice," he said. "But there should not be such a list. How is it that a democracy maintains a list barring peaceful activists from the country?" he said.

Among those also removed from the list were Dr. Paramjit Singh Ajrawat, a doctor and pro-Khalsitan activist from Maryland, and U.S.-based Sikh activist Sardar Ganga Singh Dhillon. Although Mr. Dhillon talks about Khalistan to American audiences and sometimes wears a saffron turban in public, he and Dr. Sohan Singh told the magazine Fateh Nama, printed in Amritsar, that they have never asked for Khalistan. The book Chakravyuh: Web of Indian Secularism includes correspondence from Indian intelligence saying that Dhillon and others, including Didar Singh Bains and Dr. Jagjit Singh Chohan, had pledged to help suppress the Sikh freedom movement in North America after the 1984 attack on the Golden Temple.

Dr. Aulakh warned that there might be a hidden agenda in the government's action. "They could be sending a signal that there is no Khalistan struggle anymore, to discourage Sikhs from supporting the cause," he warned. Dr. Aulakh noted that the Indian government started the militancy themselves to terrorize the population and give the cause of Sikh freedom a bad name. Police would pose as militants, demand food and money, and rape Sikh women, then the next day the police would come back, charge the residents with "harboring militants", and beat them.

A report issued by the Movement Against State Repression (MASR) shows that India admitted that it held 52,268 political prisoners under the repressive "Terrorist and Disruptive Activities Act" (TADA) even though it expired in 1995. Many have been in illegal custody since 1984. There has been no list published of those who were acquitted under TADA and those who are still rotting in Indian jails. According to Amnesty International, there are tens of thousands of other minorities being held as political prisoners. MASR report quotes the Punjab Civil Magistracy as writing "if we add up the figures of the last few years the number of innocent persons killed would run into lakhs [hundreds of thousands.]" According to Sardar Mann, the Indian government has murdered over a million Sikhs since 1982. This aligns with a threat made by the former Speaker of the Lok Sabha, Balram Jakhar, who said, "If we have to kill a million Sikhs to preserve our territorial integrity, so be it." India has also killed more than 300,000 Christians in Nagaland, over 100,000 Muslims in Kashmir, tens of thousands of other Christians and Muslims throughout the country, and tens of thousands of Tamils, Assamese, Manipuris, and others. The Indian Supreme Court called the Indian government's murders of Sikhs "worse than a genocide."

"Khalistan's freedom is nearer than ever," said Dr. Aulakh. "India is destined to fall apart soon." Last year, the U.S. Central Intelligence Agency (CIA) predicted that India will break up by 2015. India is a multinational state thrown together by the British colonialists for their administrative convenience. The breakup of India is inevitable. On February 27 in Jalandhar, former Member of Parliament Sardar Atinder Pal Singh, President of the Shiromani Akali Dal (Khalistani), was arrested along with four other members of his party while putting up banners supporting Khalistan. He was putting up the banners in preparation for a press conference about Khalistan. Sardar Atinder Pal Singh was elected to Parliament in 1986 as an independent from Patiala. In 2009, Sardar Daljit Singh Bittu, President of the Akali Dal (Panch Pardhani), was arrested for displaying pictures of Sant Jarnail Singh Bhindranwale and speaking out in support of an independent Khalistan. Two leading Sikh activists were arrested for peacefully protesting the construction of a statue to honor Beant Singh, the late Chief Minister who presided over the murder of tens of thousands of Sikhs. A few years ago, 35 Sikh activists were arrested for making speeches and raising the flag of Khalistan. Sedition charges were filed against 19 Sikh activists, including Dal Khalsa President Harcharanjit Singh Dhami. Yet Dal Khalsa and other organizations had events to mark Khalistan Resolution Day on April 29, the anniversary of the 1986 resolution supporting an independent Khalistan.

"As Professor Darshan Singh, a former Jathedar of the Akal Takht, said, 'If a Sikh is not a Khalistani, he is not a Sikh'," Dr. Aulakh noted. "Two other Jathedars, Bhai Ranjit Singh and Joginder Singh Vedanti, have taken the same position. The Sikh Nation should listen to these Jathedars," he said. "It is time to liberate Khalistan."

**Issued by**

**Parmjit Singh Sekhon (Dakha)**
**Advisor - Council of Khalistan**
**President - Dal Khalsa Alliance**
**President - International Sikh Sabhiachar Society**

**Ph:510-774-5909**
**1700 Shattuck Ave, # 303**
**Berkeley, CA 94709**
**dakhaps@aol.com**

# ਦਸਮ ਗ੍ਰੰਥ ਤੇ ਗੁਰਮਤਿ ਸਿਧਾਂਤਕ ਪ੍ਰਤੀਕੂਲਤਾ

## ਨਸ਼ਿਆਂ ਦਾ ਗੁਣਗਾਨ, ਕੇਸਾਂ ਦੀ ਬੇਅਦਬੀ ਅਤੇ ਇਸਤਰੀ ਦੀ ਮੁਖ਼ਾਲਫਤ

**ਡਾ. ਗੁਰਨਾਮ ਕੌਰ**


ਡਾ. ਗੁਰਨਾਮ ਕੌਰ

ਕੇਸਾਂ ਦਾ ਸਿੱਖ ਰਹਿਣੀ ਵਿਚ ਬਹੁਤ ਹੀ ਮਹੱਤਵਪੂਰਨ ਸਥਾਨ ਹੈ ਅਤੇ ਇਨ੍ਹਾਂ ਨੂੰ ਗੁਰੂ ਦੀ ਬਖ਼ਸ਼ਿਸ਼ ਅਤੇ ਗੁਰੂ ਦੀ ਮੁਹਰ ਮੰਨਿਆ ਜਾਂਦਾ ਹੈ। ਕੇਸ ਗੁਰੂ ਦੇ ਬਖਸ਼ੇ ਪੰਜ ਕਕਾਰਾਂ-ਕੇਸ, ਕੰਘਾ, ਕ੍ਰਿਪਾਨ, ਕੜਾ ਅਤੇ ਕਛਿਹਰਾ ਵਿਚੋਂ ਇੱਕ ਹਨ। ਇਸ ਲਈ ਕੇਸਾਂ ਨੂੰ ਸਾਬਤ-ਸੂਰਤ ਰੱਖਣਾ ਅਤੇ ਇਨ੍ਹਾਂ ਦੀ ਸੰਭਾਲ ਕਰਨੀ ਸਿੱਖ ਲਈ ਜ਼ਰੂਰੀ ਕਰਾਰ ਦਿੱਤੀ ਗਈ ਹੋਈ ਹੈ। ਕੋਈ ਵੀ ਸਿੱਖ ਜੇ ਕੇਸਾਂ ਦੀ ਬੇਅਦਬੀ ਕਰਦਾ ਹੈ ਤਾਂ ਉਸ ਨੂੰ 'ਪਤਿਤ' ਮੰਨਿਆ ਜਾਂਦਾ ਹੈ। ਦੂਜੇ ਪਾਸੇ 'ਅਰਿਹੰਤ ਦੇਵ ਅਵਤਾਰ ਕਥਨੰ' ਵਿਚ ਦੱਸਿਆ ਗਿਆ ਹੈ ਕਿ ਦਾਨਵਾਂ ਨੂੰ ਖਤਮ ਕਰਨ ਲਈ ਵਿਸ਼ਨੂੰ ਨੇ ਅਰਿਹੰਤ ਦਾ ਅਵਤਾਰ ਧਾਰਿਆ ਅਤੇ ਸਰੇਵੜਿਆਂ ਦਾ ਨਵਾਂ ਧਰਮ ਸ਼ੁਰੂ ਕਰਨ ਲਈ ਦੈਂਤਾਂ ਨੂੰ ਮੋਚਨੇ ਦਿੱਤੇ ਤਾਂ ਕਿ ਉਹ ਆਪਣੇ ਵਾਲ ਉਤਾਰ ਕੇ ਬਿਨਾ ਵਾਲਾਂ ਦੇ ਹੋ ਜਾਣ ਕਿਉਂਕਿ 'ਸ਼ਿਖਾਹੀਣ' (ਬੋਦੀ ਤੋਂ ਰਹਿਤ) ਯੱਗ ਨਹੀਂ ਕਰ ਸਕਦਾ ਅਤੇ ਇਸ ਤਰ੍ਹਾਂ ਅਸੁਰ ਭਾਵ ਦੈਂਤ ਯੱਗ ਨਹੀਂ ਕਰ ਸਕਣਗੇ ਅਤੇ ਵਧਣ-ਫੁੱਲਣਗੇ ਨਹੀਂ:

ਬਿਸਨ ਦੇਵ ਆਗਿਆ ਜਬ ਪਾਈ।
ਕਾਲਪੁਰਖ ਕੀ ਕਰੀ ਬਡਾਈ।
ਭੂਅ ਅਰਹੰਤ ਦੇਵ ਬਨਿ ਆਯੋ।
ਆਨਿ ਅਉਰ ਹੀ ਪੰਥ ਚਲਾਯੋ।੯।
ਜਬ ਅਸੁਰਨ ਕੋ ਭਯੋ ਗੁਰੁ ਆਈ।
ਬਹੁਤਿ ਭਾਂਤਿ ਨਿਜ ਮਤਹਿ ਚਲਾਈ।
ਸ੍ਰਾਵਗਮਤ ਉਪਰਾਜਨ ਕੀਆ।
ਸੰਤ ਸੁਬਹਨ ਕੋ ਸੁਖ ਦੀਆ।੯।
ਸਭਹੂੰ ਹਾਥਿ ਮੋਚਨਾ ਦੀਏ।
ਸਿਖਾ-ਹੀਨ ਦਾਨਵ ਬਹੁ ਕੀਏ।
ਸਿਖਾ ਹੀਣ ਕੋਈ ਮੰਤ੍ਰ ਨ ਫੁਰੈ।
ਜੋ ਕੋਈ ਜਪੈ ਉਲਟ ਤਿਹ ਪਰੈ।੧੦।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਹਰ ਇਨਸਾਨ ਨੂੰ ਆਪਣੇ ਅੰਦਰ ਚੰਗੇ ਗੁਣ ਪੈਦਾ ਕਰਕੇ ਪਰਮਾਤਮਾ ਦਾ ਬੰਦਾ ਬਣਨ ਦੀ ਪ੍ਰੇਰਨਾ ਕੀਤੀ ਗਈ ਹੈ, ਭਾਵੇਂ ਉਹ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੋਵੇ। ਇਸ ਲਈ ਬਾਣੀ ਹਰ ਕਿਸਮ ਦੇ ਧਾਰਮਿਕ ਬੰਦੇ ਨੂੰ ਸੰਬੋਧਿਤ ਹੈ। ਮਾਰੂ ਸੋਲਹੇ ਬਾਣੀ ਵਿਚ ਗੁਰੂ ਅਰਜਨ ਦੇਵ ਆਪਣੇ-ਆਪ ਨੂੰ ਖ਼ੁਦਾ ਦਾ ਬੰਦਾ ਅਖਵਾਉਣ ਵਾਲੇ ਭਾਵ ਮੁਸਲਮਾਨ ਨੂੰ ਸੰਬੋਧਨ ਕਰਦਿਆਂ ਫੁਰਮਾਉਂਦੇ ਹਨ ਕਿ ਖ਼ੁਦਾ ਦੇ ਬੰਦੇ! ਆਪਣੇ ਸਰੀਰ ਨੂੰ, ਜਿਸ ਰਾਹੀਂ ਚੰਗੇ-ਮੰਦੇ ਕਰਮ ਕੀਤੇ ਜਾਂਦੇ ਹਨ ਆਪਣੀ ਵਫ਼ਾਦਾਰ ਇਸਤਰੀ ਬਣਾ ਅਤੇ ਇਸ ਰਾਹੀਂ ਵਿਕਾਰਾਂ ਦੇ ਰੰਗ-ਤਮਾਸ਼ੇ ਮਾਣਨ ਦੀ ਥਾਂ, ਰੱਬੀ-ਮਿਲਾਪ ਦੇ ਰੰਗ-ਤਮਾਸ਼ੇ ਮਾਣਿਆ ਕਰ। ਵਿਕਾਰਾਂ ਦੀ ਮੈਲ ਨਾਲ ਲਿਬੜ ਰਹੇ ਮਨ ਨੂੰ ਪਾਕ ਕਰਨ ਦਾ ਜਤਨ ਕਰ ਅਤੇ ਇਹੀ ਰੱਬ ਨਾਲ ਮੇਲ ਵਾਲੀ ਸ਼ਰਹ ਦੀ ਕਿਤਾਬ ਹੈ। ਆਪਣੀ ਸ਼ਕਲ ਨੂੰ ਜਿਉਂ ਦਾ ਤਿਉਂ ਰੱਖ ਕਿਉਂਕਿ ਇਹ ਇੱਜ਼ਤ-ਆਦਰ ਪ੍ਰਾਪਤ ਕਰਨ ਦਾ ਵਸੀਲਾ ਬਣ ਜਾਂਦੀ ਹੈ (ਇਥੇ ਸੁੰਨਤ ਤੇ ਲਬਾਂ ਕਟਾਉਣ ਆਦਿ ਤੋਂ ਹੋੜਿਆ ਹੈ)। ਭਾਵੇਂ ਇਹ ਇਥੇ ਇੱਕ ਵਿਸ਼ੇਸ਼ ਵਿਅਕਤੀ-ਵਰਗ ਨੂੰ ਸੰਬੋਧਿਤ ਹੈ ਪਰ ਸੁਨੇਹਾ ਸਰਬ ਮਨੁੱਖਤਾ ਲਈ ਹੈ:

ਕਾਇਆ ਕਿਰਦਾਰ ਅਉਰਤ ਯਕੀਨਾ॥
ਰੰਗ ਤਮਾਸੇ ਮਾਣਿ ਹਕੀਨਾ॥
ਨਾਪਾਕ ਪਾਕੁ ਕਰਿ ਹਦੂਰਿ ਹਦੀਸਾ
ਸਾਬਤ ਸੂਰਤਿ ਦਸਤਾਰ ਸਿਰਾ॥੧੨॥

ਇਸ ਤੋਂ ਇਹੀ ਸਥਾਪਤ ਹੁੰਦਾ ਹੈ ਕਿ ਸਿੱਖ ਧਰਮ ਚਿੰਤਨ ਵਿਚ ਸਾਬਤ-ਸੂਰਤ ਹੋਣ ਭਾਵ ਕੇਸਾਂ ਦਾ ਸਤਿਕਾਰ ਸਿਧਾਂਤ-ਰੂਪ ਵਿਚ ਕਾਇਮ ਹੈ। ਉਪਰ 'ਅਰਿਹੰਤ ਅਵਤਾਰ' ਵਿਚੋਂ ਦਿੱਤੀਆਂ ਪੰਕਤੀਆਂ ਵਿਚ ਵਿਸ਼ਨੂੰ ਵੱਲੋਂ ਮੋਚਨੇ ਵੰਡੇ ਜਾਣ ਵਰਗੀ ਕਥਾ ਗੁਰੂ ਗੋਬਿੰਦ ਸਿੰਘ ਕਿਉਂ ਦੁਹਰਾਉਣਗੇ? ਇਸ ਨੂੰ ਗੁਰੂ ਸਾਹਿਬ ਦੀ ਲਿਖਤ ਕਹਿਣਾ ਜਿਨ੍ਹਾਂ ਨੇ ਆਪ ਖ਼ਾਲਸਾ ਸਾਜ ਕੇ ਕੇਸਾਂ ਦੀ ਬਖ਼ਸ਼ਿਸ਼ ਕੀਤੀ, ਤਰਕ-ਸੰਗਤ ਨਹੀਂ ਹੈ। ਇਸ ਵਿਚ ਹੋਰ ਇੱਕ ਲੁਕਵੀਂ ਭਾਵਨਾ ਪ੍ਰਗਟ ਕੀਤੀ ਗਈ ਹੈ ਕਿ ਕੇਸਾਂ ਭਾਵ ਸ਼ਿਖਾ (ਬੋਦੀ) ਬਿਨਾ ਯੱਗ ਨਹੀਂ ਹੋ ਸਕਦਾ ਅਤੇ ਯੱਗ ਦੇ ਮੰਤ੍ਰ ਨਹੀਂ ਫੁਰ ਸਕਦੇ ਅਤੇ ਮੰਤ੍ਰਾਂ ਦਾ ਸਬੰਧ ਸਿੱਧੀਆਂ ਦੀ ਪ੍ਰਾਪਤੀ ਨਾਲ ਹੈ। ਇਹ ਗੁਰਮਤਿ ਦੇ ਖਿਲਾਫ ਹੈ। ਗੁਰਮਤਿ ਵਿਚ ਕਿਸੇ ਕਿਸਮ ਦੇ ਮੰਤ੍ਰਨ ਦੀ ਸਿਫਾਰਸ਼ ਨਹੀਂ ਕੀਤੀ ਗਈ ਸਿਵਾਇ 'ਸਤਿਨਾਮ ਮੰਤ੍ਰ ਦ੍ਰਿੜਾਇਆ' ਦੇ।

'ਬਚਿਤ੍ਰ ਨਾਟਕ' ਬਾਰੇ ਤਾਜ਼ੁਬ ਵਾਲੀ ਗੱਲ ਇਹ ਹੈ ਕਿ ਇਸ ਨੂੰ ਦਸਮ ਪਾਤਿਸ਼ਾਹ ਦੇ ਪੂਰਬਲੇ ਜਨਮ ਦੀ ਕਥਾ ਜਾਂ ਇਤਿਹਾਸ ਕਿਹਾ ਜਾਂਦਾ ਹੈ (ਜੋ ਕਿ ਸਿੱਖ ਗੁਰੂ ਸਾਹਿਬਾਨ ਦੀ ਪਰੰਪਰਾ ਨਹੀਂ ਸੀ, ਸਿਰਫ ਸ਼ਰਧਾਲੂਆਂ ਵੱਲੋਂ ਸਾਖੀਆਂ ਲਿਖਣ ਦੀ ਪਰੰਪਰਾ ਹੀ ਪ੍ਰਾਪਤ ਹੈ) ਪਰ ਜੇ ਗੁਰੂ ਸਾਹਿਬ ਨੇ ਆਪਣੇ ਜਨਮ ਦੀ ਕਥਾ ਹੀ ਲਿਖਣੀ ਹੁੰਦੀ ਤਾਂ ਫਿਰ ਉਹ ਵਰਤਮਾਨ ਸਿੱਖ ਇਤਿਹਾਸ ਲਿਖਦੇ ਜਿਸ ਦੀ ਸਿੱਖ ਧਰਮ ਲਈ ਵੱਧ ਜ਼ਰੂਰਤ ਹੋ ਸਕਦੀ ਹੈ?

ਦੂਸਰਾ ਪ੍ਰਸ਼ਨ ਜੋ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ ਕਿ ਕੇਸ ਗੁਰੂ ਦੀ ਬਖ਼ਸ਼ਿਸ਼ ਹਨ। ਅਰਦਾਸ ਵਿਚ ਹਰ ਰੋਜ਼, ਹਰ ਸਮੇਂ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ, 'ਜਿਨ੍ਹਾਂ ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਹੀ' ਭਾਵ ਜਿਹੜੇ ਧਰਮ ਲਈ ਪੂਰਨ ਸਮਰਪਿਤ ਸੀ ਅਤੇ ਆਖ਼ਰੀ ਸਾਹਾਂ ਤੱਕ ਗੁਰੂ ਦੀ ਮੁਹਰ ਕੇਸਾਂ ਨੂੰ ਕਾਇਮ ਰੱਖਿਆ, ਆਖਰੀ ਦਮ ਤੱਕ ਗੁਰੂ ਨੂੰ ਸਮਰਪਿਤ ਰਹੇ, ਗੁਰੂ ਦੀ ਨਿਸ਼ਾਨੀ ਕਾਇਮ ਰੱਖੀ। ਫਿਰ, 'ਬਚਿਤ੍ਰ ਨਾਟਕ' ਵਿਚ ਗੁਰੂ ਆਪਣੀ ਮੁਹਰ, ਆਪਣੀ ਨਿਸ਼ਾਨੀ ਕੇਸਾਂ ਲਈ ਇਸ ਕਿਸਮ ਦੀ ਭੱਦੀ ਸ਼ਬਦਾਵਲੀ ਕਿਵੇਂ ਵਰਤ ਸਕਦੇ ਹਨ? ਲਿਖਿਆ ਹੈ ਕਿ ਜਿਹੜੇ ਸਿੱਖ ਗੁਰੂ ਤੋਂ ਬੇਮੁੱਖ ਹੋ ਗਏ, ਉਨ੍ਹਾਂ ਦੇ ਸਿਰਾਂ ਵਿਚ ਔਰੰਗਜ਼ੇਬ ਦੇ ਥਾਪੇ ਹੋਏ ਅਹਿਲਕਾਰਾਂ ਨੇ 'ਮੂਤ੍ਰ' ਪਾ ਕੇ ਸਿਰ ਮੁੰਨ ਦਿੱਤੇ। ਸਿਰ ਮੁੰਨ ਮੁੰਨ ਕੇ ਉਨ੍ਹਾਂ ਨੂੰ ਸ਼ਹਿਰ ਵਿਚ ਫਿਰਾਇਆ। ਮਿਰਜ਼ਾਬੇਗ (ਔਰੰਗਜ਼ੇਬ ਦੇ ਪੁੱਤਰ) ਨੇ ਗੁਰੂ ਤੋਂ ਬੇਮੁੱਖ ਹੋਇਆਂ ਨਾਲ ਇਸ ਕਿਸਮ ਦਾ ਉਪਰ ਦੱਸਿਆ ਸਲੂਕ ਕੀਤਾ ਅਤੇ ਉਨ੍ਹਾਂ ਦੇ ਘਰ ਢਾਹ ਦਿੱਤੇ:

ਮਿਰਜਾ ਬੇਗ ਹੁਤੋ ਤਿਹ ਨਾਮੰ।
ਜਿਨਿ ਢਾਹੇ ਬੇਮੁਖ ਕੇ ਧਾਮੰ।...
ਜੇ ਤਜਿ ਭਜੇ ਹੁਤੇ ਗੁਰ ਆਨਾ।
ਤਿਨ ਪੁਨਿ ਗੁਰੂ ਅਹਿਦੀਅਹਿ ਜਾਨਾ।
ਮੂਤ੍ਰ ਡਾਰ ਤਿਨਿ ਸੀਸ ਮੁੰਡਾਏ।
ਪਾਹੁਰਿ ਜਾਨਿ ਗ੍ਰਿਹਹਿ ਲੈ ਆਏ।੧੯।
ਜੇ ਜੇ ਭਾਜਿ ਹੁਤੇ ਬਿਨੁ ਆਇਸੁ।
ਕਹੋ ਅਹਦੀਅਹਿ ਕਿਨੈ ਬਤਾਇਸੁ।
ਮੂੰਡ ਮੂੰਡਿ ਕਰਿ ਸਹਰਿ ਫਿਰਾਏ।
ਕਾਰਭੇਟ ਜਨੁ ਲੈਨ ਸਿਧਾਏ।

ਇਸ ਲਿਖਤ ਵਿਚ ਹੋਰ ਵੀ ਗੁਰਮਤਿ ਸਿਧਾਂਤਾਂ ਦੇ ਵਿਪਰੀਤ ਨੁਕਤੇ ਹਨ ਪਰ ਇਥੇ ਅਸੀਂ ਇਨ੍ਹਾਂ ਕੁੱਝ ਪੰਕਤੀਆਂ ਦੀ ਹੀ ਗੱਲ ਕਰ ਲੈਂਦੇ ਹਾਂ। ਸਿਰ ਮੁੰਨਣ ਤੋਂ ਇਲਾਵਾ ਜਿਹੜਾ ਦੂਸਰਾ ਨੁਕਤਾ ਧਿਆਨ ਮੰਗਦਾ ਹੈ, ਉਹ ਹੈ ਔਰੰਗਜ਼ੇਬ ਦੇ ਪੁੱਤਰ ਮਿਰਜ਼ਾ ਬੇਗ, ਜਿਸ ਨੂੰ ਔਰੰਗਜ਼ੇਬ ਵੱਲੋਂ ਖਾਸ ਤੌਰ 'ਤੇ ਪੰਜਾਬ ਵੱਲ ਭੇਜਿਆ ਲਿਖਿਆ ਗਿਆ ਹੈ, ਵੱਲੋਂ ਗੁਰੂ ਤੋਂ ਬੇਮੁੱਖ ਹੋਏ ਸਿੱਖਾਂ ਦੇ ਸਿਰ ਵਿਚ ਮੂਤ੍ਰ ਪਾ ਕੇ ਕੇਸ ਕਤਲ ਕਰਨਾ ਮੰਨਣਯੋਗ ਨਹੀਂ ਲਗਦਾ। ਸੋਚਣ ਵਾਲੀ ਗੱਲ ਹੈ ਕਿ ਜਹਾਂਗੀਰ ਦੇ ਸਮੇਂ ਤੋਂ ਲੈ ਕੇ ਮੁਗ਼ਲ ਬਾਦਸ਼ਾਹਾਂ ਦਾ ਗੁਰੂ ਘਰ ਨਾਲ ਵਿਰੋਧ ਰਿਹਾ ਹੈ ਜੋ ਔਰੰਗਜ਼ੇਬ ਦੇ ਰਾਜਕਾਲ ਵਿਚ ਸਿਖਰ 'ਤੇ ਪਹੁੰਚ ਗਿਆ ਸੀ। ਫਿਰ ਗੁਰੂ ਤੋਂ ਬੇਮੁੱਖ ਹੋਇਆਂ ਨੂੰ ਔਰੰਗਜ਼ੇਬ ਦਾ ਪੁੱਤਰ ਕਿਉਂ ਸਜ਼ਾ ਦੇਵੇਗਾ? ਬਚਿਤ੍ਰ ਨਾਟਕ ਵਿਚ ਦੂਸਰੀ ਗੱਲ ਇਹ ਕਹੀ ਗਈ ਹੈ ਕਿ ਜਿਹੜਾ ਗੁਰੂ ਤੋਂ ਬੇਮੁੱਖ ਹੁੰਦਾ ਹੈ ਉਹ ਕੁੱਤੇ ਦੀ ਮੌਤ ਮਰਦਾ ਹੈ। ਸਿੱਖ ਧਰਮ ਚਿੰਤਨ ਵਿਚ, ਖਾਸ ਕਰਕੇ ਗੁਰੂ ਘਰ ਵਿਚ ਸਰਾਪ ਦੇਣ ਦੀ ਪਰੰਪਰਾ ਨਹੀਂ ਹੈ। ਇਹ ਭਾਰਤੀ ਰਿਸ਼ੀ-ਪਰੰਪਰਾ ਹੈ ਉਹ ਵੀ ਪੁਰਾਣਾਂ ਮੁਤਾਬਿਕ ਜਿਥੇ ਦੁਰਭਾਸ਼ਾ ਰਿਸ਼ੀ ਵਰਗਿਆਂ ਨੂੰ ਸਿਰਫ ਸਰਾਪ ਦਿੰਦੇ ਹੀ ਦੱਸਿਆ ਗਿਆ ਹੈ। ਤੀਸਰੀ ਗੱਲ ਇਹ ਕਹੀ ਹੈ ਕਿ ਜਿਹੜੇ ਗੁਰੂ ਤੋਂ ਬੇਮੁੱਖ ਹੋ ਕੇ ਚਲੇ ਜਾਂਦੇ ਹਨ, ਵਾਪਸ ਆਉਣ ਤਾਂ ਗੁਰੂ ਮੂੜ ਕੇ ਮੂੰਹ ਨਹੀਂ ਲਾਉਂਦੇ। ਪਰ ਗੁਰੂ ਤਾਂ ਬਖਸ਼ਣਹਾਰ ਹੈ। ਚਾਲੀ ਮੁਕਤਿਆਂ ਦੇ ਪ੍ਰਸੰਗ ਤੋਂ ਸਾਰਾ ਸਿੱਖ ਜਗਤ ਭਲੀਭਾਂਤ ਜਾਣੂ ਹੈ ਕਿ ਭਾਈ ਮਹਾਂ ਸਿੰਘ ਦੀ ਅਗਵਾਈ ਵਿਚ ਚਾਲੀ ਸਿੰਘ ਗੁਰੂ ਨੂੰ ਬੇਦਾਵਾ ਲਿਖ ਕੇ ਘਰਾਂ ਨੂੰ ਪਰਤ ਗਏ ਸਨ ਪਰ ਮਾਈ ਭਾਗੋ ਦੀ ਅਗਵਾਈ ਵਿਚ ਵਾਪਸ ਪਰਤ ਆਏ ਅਤੇ ਖਿਦਰਾਣੇ ਦੀ ਢਾਬ (ਮੁਕਤਸਰ) ਵਿਖੇ ਮੁਗ਼ਲ ਫੌਜਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ। ਜ਼ਖ਼ਮੀ ਪਏ ਭਾਈ ਮਹਾਂ ਸਿੰਘ ਨੂੰ ਗੁਰੂ ਮਹਾਰਾਜ ਜਦੋਂ ਉਸ ਦੀ ਆਖਰੀ ਖਾਹਿਸ਼ ਪੁੱਛਦੇ ਹਨ ਤਾਂ ਉਹ ਬੇਦਾਵਾ ਪਾੜ ਦੇਣ ਲਈ ਬੇਨਤੀ ਕਰਦਾ ਹੈ ਅਤੇ ਗੁਰੂ ਉਸ ਦੀ ਬੇਨਤੀ ਨੂੰ ਪ੍ਰਵਾਨ ਕਰ ਲੈਂਦੇ ਹਨ। ਪਰ ਇਥੇ ਬਚਿਤ੍ਰ ਨਾਟਕ ਵਿਚ ਲਿਖਿਆ ਹੈ:

ਜੇ ਅਪਨੇ ਗੁਰ ਤੇ ਮੁਖ ਫਿਰ ਹੈ।
ਈਹਾਂ ਉਹਾਂ ਤਿਨ ਕੇ ਗ੍ਰਿਹਿ ਗਿਰਿ ਹੈ।
ਇਹਾ ਉਹਾਸ ਨ ਸੁਰਪੁਰਿ ਬਾਸਾ।
ਸਭ ਬਾਤਨ ਤੇ ਰਹੈ ਨਿਰਾਸਾ।੫।
ਪੁਤ੍ਰ ਪਉਤ੍ਰ ਤਿਨ ਕੇ ਨਹੀਂ ਫਰੈ।
ਦੁਖ ਦੈ ਮਾਤ ਪਿਤਾ ਕੋ ਮਰੈ।

### ਗੁਰਮਤਿ ਚਿੰਤਨ

ਗੁਰ-ਦੋਖੀ ਸਗ ਕੀ ਮ੍ਰਿਤੁ ਪਾਵੈ।
ਨਰਕ ਕੁੰਡ ਡਾਰੇ ਪਛੁਤਾਵੈ।੮।
ਜਬ ਹੁਇ ਹੈ ਤਿਨ ਦਰਬ ਬਿਨਾਸਾ।
ਤਬ ਪਰਿ ਹੈ ਨਿਜਿ ਗੁਰ ਕੀ ਆਸਾ।
ਸਭ ਤੇ ਗੁਰਦਰਸਨ ਕੋ ਐ ਹੈਂ।
ਤਬ ਤਿਨ ਕੋ ਗੁਰੁ ਮੁਖਿ ਨ ਲਗੈ ਹੈ।੧੨।

ਗੁਰੂ ਤਾਂ ਦਿਆਲੂ ਅਤੇ ਕ੍ਰਿਪਾਲੂ ਹੈ। ਉਹ ਤਾਂ ਪਾਪੀਆਂ ਨੂੰ ਵੀ ਤਾਰਨ ਵਾਲਾ ਹੈ, ਫਿਰ ਵਾਪਸ ਆਏ ਲੋੜਵੰਦ ਸਿੱਖ ਨੂੰ ਕਿਉਂ ਦੁਰਕਾਰੇਗਾ? ਇਨ੍ਹਾਂ ਲਿਖਤਾਂ ਵਿਚ, ਜਿਨ੍ਹਾਂ ਦੀ ਸਿਫਾਰਸ਼ ਸਿੱਖ ਧਰਮ ਚਿੰਤਨ ਦੇ ਵਿਦਵਾਨ ਡਾ. ਜੋਧ ਸਿੰਘ ਨੇ ਕੀਤੀ ਹੈ, ਇਹ ਛੋਟੇ ਛੋਟੇ ਨੁਕਤੇ ਸਿਧਾਂਤਕ ਛਾਣਬੀਣ ਦੀ ਮੰਗ ਕਰਦੇ ਹਨ।

ਇਸੇ ਤਰ੍ਹਾਂ 'ਕ੍ਰਿਸ਼ਨ ਅਵਤਾਰ' ਵਿਚ ਕਿਹਾ ਗਿਆ ਹੈ ਕਿ ਜਦੋਂ ਰੁਕਮੀ ਬੋਲ ਰਿਹਾ ਸੀ ਤਾਂ ਸ੍ਰੀ ਕ੍ਰਿਸ਼ਨ ਨੇ ਉਸ ਨੂੰ ਆਪਣੇ ਤੀਰ ਨਾਲ ਬੇਹੋਸ਼ ਕਰ ਦਿੱਤਾ ਅਤੇ ਵਾਲਾਂ ਤੋਂ ਪਕੜਿਆ, ਉਸ ਦਾ ਸਿਰ ਮੁੰਨ ਦਿੱਤਾ ਅਤੇ ਮਨਚਾਹੇ ਢੰਗ ਨਾਲ ਉਸ ਦੀ ਖਿੱਲੀ ਉਡਾਈ। (੨੦੦੨)। ਇਸੇ ਤਰ੍ਹਾਂ ਦੱਸਿਆ ਹੈ ਕਿ ਸਤਰਜੀਤ ਦੀ ਪੱਗ ਉਤਾਰ ਲਈ ਗਈ, ਉਸ ਦੀਆਂ ਲੱਤਾਂ-ਬਾਹਾਂ ਨੂੜ ਕੇ ਉਸ ਨੂੰ ਖੂਹ ਵਿਚ ਸੁੱਟ ਦਿੱਤਾ।(੨੦੫੯)।

ਦਵਾਪਰ ਯੁੱਗ ਭਾਵ ਕ੍ਰਿਸ਼ਨ ਦੇ ਸਮੇਂ ਵਿਚ ਕੋਈ ਸਿੰਘ ਨਹੀਂ ਸਨ। ਸਿੰਘ ਗੁਰੂ ਗੋਬਿੰਦ ਸਿੰਘ ਨੇ ਸਜਾਏ। ਪ੍ਰੰਤੂ ਕ੍ਰਿਸ਼ਨ ਦੇ ਜੁੱਧਾਂ ਦੇ ਵਰਣਨ ਵਿਚ ਵਾਰ ਵਾਰ ਕਿਹਾ ਗਿਆ ਹੈ ਕਿ ਕ੍ਰਿਸ਼ਨ ਨੇ ਸਾਹਿਬ ਸਿੰਘ ਨੂੰ ਉਸ ਦਾ ਸਿਰ ਵੱਢ ਕੇ ਮਾਰਿਆ ਅਤੇ ਸਦਾ ਸਿੰਘ ਨੂੰ ਮਾਰ ਕੇ ਜ਼ਮੀਨ ਉਤੇ ਸੁੱਟ ਦਿੱਤਾ। ਸੁੰਦਰ ਸਿੰਘ ਦੋਫਾੜ ਕਰ ਦਿੱਤਾ ਅਤੇ ਫਿਰ ਲੜਦਿਆਂ ਸਜਨ ਸਿੰਘ ਨੂੰ ਮਾਰ ਦਿੱਤਾ। ਉਸ ਨੇ ਸਬਲ ਸਿੰਘ ਦੇ ਵਾਲ ਪਕੜ ਲਏ ਅਤੇ ਉਸ ਨੂੰ ਪੂਰੇ ਜ਼ੋਰ ਨਾਲ ਜ਼ਮੀਨ 'ਤੇ ਪਟਕਾ ਮਾਰਿਆ।(੧੨੨੯)। ਅਜਬ ਸਿੰਘ, ਅਦਰ ਸਿੰਘ ਸਾਰੇ ਕ੍ਰਿਸ਼ਨ ਹੱਥੋਂ ਮਾਰੇ ਗਏ। ਫਿਰ ਅਗਰ ਸਿੰਘ ਨੇ ਕ੍ਰਿਸ਼ਨ ਦਾ ਸਾਹਮਣਾ ਕਰਦੇ ਹੋਏ ਕਿਹਾ ਕਿ ਤੂੰ ਇਨ੍ਹਾਂ ਸਾਰਿਆਂ ਨੂੰ ਧੋਖੇ ਨਾਲ ਮਾਰਿਆ ਹੈ।(੧੨੨੯, ੧੨੦੧, ੧੨੦੫, ੧੨੦੬)।

ਇਸ ਤਰ੍ਹਾਂ ਇਹ ਗੱਲ ਆਮ ਸਮਝ ਤੋਂ ਬਾਹਰ ਹੈ ਕਿ ਅਜਿਹੀਆਂ ਕਥਾ-ਕਹਾਣੀਆਂ ਨੂੰ ਗੁਰੂ ਦੇ ਨਾਮ ਨਾਲ ਕਿਵੇਂ ਅਤੇ ਕਿਉਂ ਜੋੜਿਆ ਜਾਵੇ? ਇਨ੍ਹਾਂ ਦਾ ਆਧਾਰ ਕੀ ਹੈ? ਗੁਰੂ ਦੇ ਦੱਸੇ ਸਿਧਾਂਤਾਂ ਦੇ ਵਿਰੁਧ ਇਹ ਲਿਖਤਾਂ ਗੁਰੂ ਦੇ ਸਿੱਖ ਨੂੰ ਕਿਸ ਕਿਸਮ ਦਾ ਅਨੁਸ਼ਾਸਨ ਅਤੇ ਬਹਾਦਰੀ ਸਿਖਾਉਂਦੀਆਂ ਹਨ?

ਇਸ ਮੋਟੇ ਜਿਹੇ ਅਧਿਐਨ ਤੋਂ ਬਾਅਦ ਹੁਣ 'ਚਰਿਤ੍ਰੋਪਖਿਆਨ' ਤੇ ਇੱਕ ਨਜ਼ਰ ਮਾਰੀਏ। ਇਸ ਰਚਨਾ ਦੇ ਹੱਕ ਵਿਚ ਬੋਲਣ ਵਾਲੇ ਬਹੁਤ ਸਾਰੇ ਵਿਦਵਾਨਾਂ ਦਾ ਕਹਿਣਾ ਹੈ ਕਿ ਖ਼ਾਲਸੇ ਦੇ ਚਰਿਤ੍ਰ ਨੂੰ ਮਜ਼ਬੂਤ ਕਰਨ ਲਈ ਇਹ ਰਚਨਾ ਕੀਤੀ ਗਈ। ਪਰ ਇਸ ਰਚਨਾ 'ਤੇ ਪੇਤਲੀ ਜਿਹੀ ਨਜ਼ਰ ਮਾਰਿਆਂ ਹੀ ਇਹ ਗੱਲ ਸਹਿਜੇ ਹੀ ਸਮਝ ਲੱਗ ਜਾਂਦੀ ਹੈ ਕਿ ਇਹ ਰਚਨਾ ਨਾ ਸਿਰਫ ਬਹੁਤ ਨੀਵੇਂ ਪੱਧਰ ਦੀ ਹੀ ਹੈ ਜਿਸ ਵਿਚ ਵਰਤੀ ਗਈ ਭਾਸ਼ਾ ਵੀ ਬਹੁਤ ਮਾੜੀ ਹੈ, ਸਗੋਂ ਇਸ ਰਚਨਾ ਵਿਚ ਬਹੁਤ ਸਾਰੇ ਨੁਕਤੇ ਅਜਿਹੇ ਹਨ ਜੋ ਸਿੱਖ ਸਿਧਾਂਤਾਂ ਦੇ ਖਿਲਾਫ ਹਨ।

ਸਭ ਤੋਂ ਪਹਿਲੀ ਅਤੇ ਬੇਹੱਦ ਮਹੱਤਵਪੂਰਨ ਗੱਲ ਇਹ ਹੈ ਕਿ ਗੁਰੂ ਸਾਹਿਬਾਨ ਨੇ ਸਿੱਖ ਨੂੰ ਸੰਗਤੀ ਮਾਡਲ ਦਿੱਤਾ ਹੈ। ਉਸ ਨੇ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਦੀ ਜਾਚ ਗੁਰਮੁਖਾਂ ਦੀ ਸੰਗਤ ਵਿਚੋਂ ਸਿੱਖਣੀ ਹੈ। ਹੋਰ ਕੋਈ ਵੀ ਐਸਾ ਅਦੇਸ਼ ਜਾਂ ਮੰਤ੍ਰ ਨਹੀਂ ਹੈ ਜੋ ਇਕੱਲਿਆਂ ਜਾਂ ਗੁਪਤ ਰੂਪ ਵਿਚ ਹਾਸਲ ਕਰਨਾ ਹੈ (ਜਿਵੇਂ ਅਜੋਕੇ ਸਮੇਂ ਦੇ ਸੰਤ ਬਾਬੇ ਕਰਦੇ ਹਨ)। 'ਚਰਿਤ੍ਰੋਪਖਿਆਨ' ਵਾਹਦ ਐਸੀ ਰਚਨਾ ਹੈ ਜਿਸ ਦਾ ਉਚਾਰਨ ਸੰਗਤ ਵਿਚ ਤਾਂ ਕੀ, ਆਪਣੇ ਇਕੱਲੇ ਪਰਿਵਾਰ ਵਿਚ ਆਪਣੇ ਬੱਚਿਆਂ, ਖਾਸ ਕਰਕੇ ਧੀਆਂ- ਭੈਣਾਂ ਵਿਚ ਬੈਠ ਕੇ ਨਹੀਂ ਕੀਤਾ ਜਾ ਸਕਦਾ। ਮੈਂ ਦਸਮ ਗ੍ਰੰਥ ਦੇ ਹੱਕ ਵਿਚ ਬੋਲਣ ਵਾਲੇ ਕਹਿੰਦੇ-ਕਹਾਉਂਦੇ ਵਿਦਵਾਨਾਂ ਨੂੰ ਇਹ ਕਹਿੰਦੇ ਸੁਣਿਆ ਹੈ, "ਜਿਹੜਾ ਸਾਰੇ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਰਚਨਾ ਨਹੀਂ ਮੰਨਦਾ, ਉਹ ਗੁਰੂ ਦਾ ਸਿੱਖ ਹੀ ਨਹੀਂ ਹੈ", ਜਿਵੇਂ ਗੁਰੂ ਦਾ ਸਿੱਖ ਹੋਣ ਦਾ ਠੇਕਾ ਸਿਰਫ ਉਸੇ ਵਿਦਵਾਨ ਕੋਲ ਹੀ ਹੋਵੇ। ਅਜਿਹੇ ਵਿਦਵਾਨਾਂ ਨੂੰ ਇਹ ਪੁੱਛਿਆ ਜਾਣਾ ਵਾਜਬ ਹੈ ਕਿ ਕੀ ਉਹ ਆਪਣੀ ਮਾਂ, ਭੈਣ ਜਾਂ ਧੀ ਦੀ ਸੰਗਤਿ ਵਿਚ ਇਸ ਰਚਨਾ ਦਾ ਸੰਪੂਰਨ ਉਚਾਰਣ ਕਰਨ ਲਈ ਤਿਆਰ ਹਨ? ਕੀ ਉਹ ਗੁਰੂ ਦੀ ਭਰੀ ਸੰਗਤਿ ਵਿਚ ਅਜਿਹੀ ਰਚਨਾ ਦਾ ਉਚਾਰਨ ਕਰਨ ਦਾ ਹੌਸਲਾ ਕਰਨਗੇ?

ਇਸ ਰਚਨਾ ਦਾ ਪਹਿਲਾ ਨੁਕਤਾ ਇਹ ਹੈ ਕਿ ਇਸ ਦਾ ਪਹਿਲਾ ਪਾਠ ਦੇਵੀ-ਪੂਜਾ ਨੂੰ ਸਮਰਪਿਤ ਹੈ। ਉਸ ਨੂੰ ਸੰਸਾਰ ਨੂੰ ਬਣਾਉਣ ਵਾਲੀ ਕਿਹਾ ਹੈ, ਜਿਸ ਨੇ ਵੇਦ ਰਚੇ, ਰਾਮ ਦਾ ਅਵਤਾਰ ਧਾਰਿਆ ਜਿਸ ਨੇ ਰਾਵਣ ਦਾ ਵਧ ਕੀਤਾ ਜੋ ਕਿ ਬਦੀ ਦਾ ਚਿੰਨ੍ਹ ਹੈ। ਬੇਨਤੀ ਕੀਤੀ ਹੈ, "ਮਾਤਾ! ਮੇਰੇ 'ਤੇ ਕਿਰਪਾ ਕਰ। ਮੈਨੂੰ ਉਹ ਪ੍ਰਾਪਤੀ ਹੋਵੇ ਜੋ ਮੇਰੇ ਦਿਲ ਅਤੇ ਮਨ-ਮਸਤਕ ਵਿਚ ਹੈ।" ਇਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਉਹ ਗੁਰੂ ਜਿਨ੍ਹਾਂ ਨੇ ਆਪਣੀ ਫ਼ਤਿਹ ਨੂੰ ਵੀ ਵਾਹਿਗੁਰੂ ਦੀ ਫਤਿਹ ਮੰਨਿਆ ਹੈ "ਵਾਹਿਗੁਰੂ ਜੀ ਕੀ ਫ਼ਤਿਹ" ਅਤੇ ਆਪਣੇ ਖ਼ਾਲਸੇ ਨੂੰ ਵੀ ਵਾਹਿਗੁਰੂ ਦਾ ਖ਼ਾਲਸਾ ਮੰਨਿਆ ਹੈ "ਵਾਹਿਗੁਰੂ ਜੀ ਕਾ ਖ਼ਾਲਸਾ", ਦੇਵੀ ਕੋਲੋਂ ਵਰ ਮੰਗਣਗੇ? ਇਥੇ ਕਵੀ ਨੇ 'ਭਗਉਤੀ' ਵਿਚ ਉਹ ਸਾਰੇ ਗੁਣ ਚਿਤਵੇ ਹਨ ਜੋ ਗੁਣ ਪਰਮਾਤਮਾ ਦੇ ਮੰਨੇ ਜਾਂਦੇ ਹਨ। ਦੂਸਰਾ ਨੁਕਤਾ ਇਹ ਹੈ ਕਿ ਇਥੇ ਦੇਵੀ ਨੂੰ ਵਸਤ੍ਰਹੀਣ ਭਾਵ ਕਪੜਿਆਂ ਤੋਂ ਬਿਨਾ, ਨੰਗੀ ਵਰਣਨ ਕੀਤਾ ਗਿਆ ਹੈ ਜਿਸ ਤੋਂ ਇਹੀ ਭਾਵਨਾ ਉਪਜਦੀ ਹੈ ਕਿ ਇਸ ਦੀ ਰਚਨਾ ਕਿਸੇ ਦਿਗੰਬਰ ਤਾਂਤ੍ਰਿਕ ਨੇ ਕੀਤੀ ਹੈ। ਕੀ ਗੁਰੂ ਮਹਾਰਾਜ ਦੇਵੀ ਅੱਗੇ ਅਰਦਾਸ ਕਰਨਗੇ ਕਿ ਉਹ ਮਲੇਛਾਂ ਦਾ ਨਾਸ ਨਿਹਕਲੰਕੀ ਅਵਤਾਰ ਧਾਰ ਕੇ ਕਰੇ ਜਦ ਕਿ ਸਿੱਖ ਧਰਮ ਚਿੰਤਨ ਵਿਚ ਅਵਤਾਰਵਾਦ ਦਾ ਸਪਸ਼ਟ ਖੰਡਨ ਕੀਤਾ ਗਿਆ ਹੈ? ਕੀ ਗੁਰੂ ਆਪਣੇ ਆਪ ਨੂੰ ਦੇਵੀ ਦਾ ਸੇਵਕ ਕਹਿਣਗੇ?(੫-੬) ਇਥੇ ਵੀ ਕਵੀ ਨੇ ਆਪਣਾ ਨਾਮ ਸਪਸ਼ਟ ਲਿਖਿਆ ਹੈ:

ਰਾਮ ਭਵੈ ਅਤਿ ਹੀ ਰਸ ਸੋ ਜਗ ਨਾਇਕ
ਸੌ ਰਨ ਠਾਟ ਠਟੀਲੇ।
ਤੇ ਝਟ ਦੈ ਪਟਕੇ ਚਿਤ ਪੈ ਰਵ ਕੌਰ ਪਰੇ
ਰਣ ਸਿੰਘ ਰਜੀਲੇ।੨੨।

ਦੇਵੀ ਦੀ ਤਸਵੀਰ ਚਿਤਰਨ ਵੇਲੇ ਵੀ ਕਵੀ ਨੇ ਬਹੁਤ ਸਾਰੀਆਂ ਸਵੈ-ਵਿਰੋਧੀ ਗੱਲਾਂ ਕਹੀਆਂ ਹਨ ਜਿਵੇਂ ਇੱਕ ਥਾਂ ਕਵੀ ਨੇ ਕਿਹਾ ਹੈ ਕਿ ਉਸ ਦੀਆਂ ਅੱਖਾਂ ਭਿਆਨਕ, ਲਾਲ ਅਤੇ ਚਮਕਦੀਆਂ ਹਨ, "ਲੋਚਨ ਲਾਲ ਕਰਾਲ ਦਿਪਾਏ"(੧੭)। ਦੂਸਰੀ ਥਾਂ ਲਿਖਿਆ ਹੈ ਕਿ ਉਸ ਦੇ ਨੈਣ ਕੰਵਲ ਫੁੱਲ ਵਰਗੇ ਭਾਵ ਬਹੁਤ ਸੁੰਦਰ ਹਨ, 'ਰਾਜਿਵ ਲੋਚਨ' (੨੩)। ਸਿੱਖ ਧਰਮ ਹਰ ਤਰ੍ਹਾਂ ਦੇ ਨਸ਼ਿਆਂ ਦੇ ਖਿਲਾਫ ਹੈ। ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਨਹੀਂ, ਸਿੱਖ ਰਹਿਤ ਮਰਿਯਾਦਾ ਵਿਚ ਵੀ ਕਿਸੇ ਵੀ ਤਰ੍ਹਾਂ ਦੇ ਨਸ਼ੇ ਦੀ ਮਨਾਹੀ ਹੈ। ਫਿਰ ਗੁਰੂ ਆਪਣੇ ਅਧਿਆਤਮਕ ਇਸ਼ਟ-ਦੇਵ ਨੂੰ ਸ਼ਰਾਬੀ ਕਿਵੇਂ ਚਿਤਵ ਸਕਦੇ ਹਨ ਜਿਵੇਂ ਦੇਵੀ ਨੂੰ ਚਿਤਵਿਆ ਗਿਆ ਹੈ?(੩੦)। ਚੰਡਿਕਾ ਨੂੰ ਉਹ ਸਭ ਕੁੱਝ ਕਰਦੀ (੪੨-੪੩) ਦਿਖਾਇਆ ਹੈ ਜੋ ਸਿਰਫ ਪਰਮਾਤਮਾ ਦਾ ਅਧਿਕਾਰ ਖੇਤਰ ਹੈ।

*(ਅਗਲੇ ਲੇਖ ਵਿਚ ਤ੍ਰਿਆ ਚਿਤ੍ਰਾਂ ਦੀ ਚਰਚਾ ਕਰਾਂਗੇ।)*

## ਸਿਆਣਿਆਂ ਦਾ ਕਿਹਾ

(1) ਦੌਲਤ ਵਿਚ ਰਮਿਆ ਰੰਗ, ਰੂਪ ਅਤੇ ਨਸ਼ਾ ਹੀ ਅਨੋਖਾ ਹੈ। ਦੌਲਤ ਵਿਚ ਛੁਪਿਆ ਹੋਇਆ ਸਰੂਰ ਤੇ ਨਸ਼ਾ ਵੀ ਚੋਖਾ ਹੈ ਪਰ ਅਸਲ ਵਿਚ ਦੌਲਤ ਦਾ ਰੰਗ ਤੇ ਰੂਪ, ਸਰੂਰ ਅਤੇ ਨਸ਼ਾ ਕੇਵਲ ਧੋਖਾ ਹੀ ਧੋਖਾ ਹੈ।

(2) ਔਰਤ ਤੰਦਰੁਸਤ ਹੈ ਜਾਂ ਬੀਮਾਰ, ਉਸ ਨੂੰ ਖਾਂਸੀ ਹੈ ਜਾਂ ਬੁਖ਼ਾਰ, ਮਨ ਵਿਚ ਰੋਸਾ ਹੈ ਜਾਂ ਪਿਆਰ, ਚੰਗੀ ਮੰਦੀ ਹਾਲਤ ਵਿਚ ਮਰਦ ਦੇ ਖਾਣਾ ਖਾਣ ਉਪਰੰਤ ਹੀ ਖਾਣ ਲਈ ਲਾਚਾਰ ਹੈ। ਐਸੇ ਰਿਵਾਜ਼ ਨੂੰ ਲਾਅਨਤ ਹਜ਼ਾਰ ਹੈ।

(3) ਹਰ ਚਮਕਣ ਵਾਲੀ ਵਸਤੂ ਸੋਨਾ ਨਹੀਂ ਹੁੰਦੀ। ਝੂਠ ਦੇ ਪੈਰ ਨਹੀਂ ਹੁੰਦੇ। ਈਮਾਨਦਾਰੀ ਸਭ ਨਾਲੋਂ ਚੰਗੀ ਨੀਤੀ ਹੈ। ਆਲਸ ਸਭ ਰੋਗਾਂ ਦੀ ਜੜ ਹੈ। ਅਮੀਰੀ ਮਿੱਤਰ ਬਣਾਉਂਦੀ ਹੈ ਅਤੇ ਗਰੀਬੀ ਉਨ੍ਹਾਂ ਦੀ ਪਰਖ ਕਰਾਉਂਦੀ ਹੈ।

(4) ਲੋੜ ਤੋਂ ਬਿਨਾ ਆਉਣਾ ਜਾਣਾ ਇਜ਼ਤ ਘਟਾਉਂਦਾ ਹੈ।

(5) ਸਮਾਜ ਨੂੰ ਸਹੀ ਸੇਧ ਦੇਣ ਲਈ ਮਨੋਰੰਜਨ ਦਾ ਸਿਹਤਮੰਦ ਹੋਣਾ ਜ਼ਰੂਰੀ ਹੈ।

(6) ਗੁਰੂ ਨਾਨਕ ਸਾਹਿਬ ਨੇ ਭਾਰਤੀਆਂ ਨੂੰ ਵਹਿਮਾਂ-ਭਰਮਾਂ, ਉਚ-ਨੀਚ ਦੇ ਭੁਲੇਖਿਆਂ, ਕਰਮ ਕਾਂਡਾਂ, ਜਾਤਾਂ ਅਤੇ ਵਰਨਾਂ ਦੇ ਬੰਧਨਾਂ ਤੋਂ ਮੁਕਤ ਕਰਾਇਆ ਅਤੇ ਗੁਰੂ ਗੋਬਿੰਦ ਸਿੰਘ ਨੇ ਗੁਲਾਮ ਭਾਰਤੀਆਂ ਨੂੰ ਜ਼ਾਲਿਮ ਹਕੂਮਤ ਦੇ ਖਿਲਾਫ ਸੀਨਾ ਤਾਣ ਕੇ ਖੜ੍ਹਨ ਅਤੇ ਡੱਟ ਕੇ ਜੰਗ ਲੜਨ ਦਾ ਢੰਗ ਸਿਖਲਾਇਆ।

(7) ਅੰਮ੍ਰਿਤ ਰੂਪੀ ਗੁਰਬਾਣੀ ਸੰਸਾਰ ਦੇ ਪ੍ਰਾਣੀਆਂ ਦੇ ਸਮੂਹ ਰੋਗਾਂ ਲਈ ਇਕਸੀਰ ਹੈ ਅਤੇ ਪੀੜਤ ਮਨ ਦੇ ਹਰੇਕ ਰੋਗ, ਹਉਮੈ, ਵੈਰ, ਵਿਰੋਧ, ਈਰਖਾ, ਦਵੈਤ, ਉਚ, ਨੀਚ, ਭਰਮ, ਜਾਤ-ਪਾਤ, ਵਰਨ, ਵਿਸ਼ੇ ਵਿਕਾਰ, ਭਰਮਣ ਤੇ ਭਟਕਣ ਦਾ ਨਾਮੋ ਨਿਸ਼ਾਨ ਮਿਟਾਉਣਾ ਹੀ ਇਸ ਦੀ ਤਾਸੀਰ ਹੈ।

(8) ਬਹਾਦਰ ਪੰਜਾਬੀ ਬਹਾਦਰੀ ਨਾਲ ਹਰ ਦੁਖ-ਤਕਲੀਫ ਨਾਲ ਲੜੇਗਾ ਅਤੇ ਫਤਿਹ ਹਾਸਲ ਕਰੇਗਾ।

(9) ਭੱਠ ਪਿਆ ਸੋਨਾ ਜੋ ਕੰਨਾਂ ਨੂੰ ਖਾਵੇ, ਭੱਠ ਪਿਆ ਕੰਮ ਜੋ ਕੌਮ ਨੂੰ ਮਾਰ ਮੁਕਾਵੇ।

(10) ਅਸੀਂ ਦਸ਼ਮੇਸ਼ ਪਿਤਾ ਦੇ ਅੰਮ੍ਰਿਤਧਾਰੀ ਸਿਪਾਹੀ ਆਪਣੇ ਮਹਾਨ ਪਿਤਾ ਦੇ ਫਰਮਾਨ ਤੇ ਅਮਲ ਕਰਦੇ ਆਏ ਹਾਂ ਅਤੇ ਹੁਣ ਵੀ ਮੁਕੰਮਲ ਆਜ਼ਾਦੀ ਦੀ ਰੱਬੀ ਦਾਤ ਦੀ ਰਾਖੀ ਤੇ ਸਿੱਖ ਕੌਮ ਦੀ ਬਿਹਤਰੀ ਲਈ ਪ੍ਰਾਣ ਨਿਛਾਵਰ ਕਰਕੇ ਹਰ ਹੀਲੇ ਰੱਖਿਆ ਕਰਾਂਗੇ।

(11) ਜਲਿਆਂਵਾਲੇ ਬਾਗ, ਜੂਨ 84 ਅਤੇ ਨਵੰਬਰ 84 ਦੇ ਇਤਿਹਾਸਕ ਖ਼ੂਨੀ ਸਾਕੇ ਦਾ ਸਦਮਾ ਕੇਵਲ ਸਿੱਖਾਂ ਦਾ ਪਰਬਤ ਜਿਹਾ ਵਿਸ਼ਾਲ ਜਿਗਰਾ ਹੀ ਝੱਲ ਸਕਦਾ ਹੈ, ਇਸ ਬੇਪਨਾਹ ਕਤਲੇਆਮ ਦਾ ਮਾਰੂ ਤੂਫਾਨ ਆਪਣੇ ਫੌਲਾਦੀ ਸੀਨਿਆਂ ਦੀ ਢਾਲ 'ਤੇ ਠੱਲ ਸਕਦਾ ਹੈ।

(12) ਚੋਰ, ਚੋਰੀਆਂ ਤਾਂ ਛੱਡ ਦਿੰਦਾ ਹੈ ਪਰ ਸੀਨਾ ਜ਼ੋਰੀਆਂ ਨਹੀਂ ਛੱਡਦਾ।

(13) ਕਈ ਵਾਰ ਗੱਲ ਅੱਖੀਆਂ ਤੋਂ ਸ਼ੁਰੂ ਹੁੰਦੀ ਹੈ ਅਤੇ ਦਿਲ ਰਾਹੀਂ ਪ੍ਰਵਾਨ ਚੜ੍ਹਦੀ ਹੈ, ਪਰ ਕਈ ਵਾਰ ਗੱਲ ਦਿਲ ਤੋਂ ਸ਼ੁਰੂ ਹੁੰਦੀ ਹੈ ਅਤੇ ਅੱਖੀਆਂ ਰਾਹੀਂ ਪ੍ਰਵਾਨ ਚੜ੍ਹਦੀ ਹੈ।

(14) ਜਿਸਮਾਨੀ ਸੁੰਦਰਤਾ ਤਾਂ ਢਲਦੀ ਸ਼ਾਮ ਹੈ, ਕੂੜੇ ਦਾ ਢੇਰ ਹੈ ਪਰ ਰੂਹਾਨੀ ਸੁੰਦਰਤਾ ਤਾਂ ਅਮਿਟ ਤੇ ਅਮੁਕ ਸੱਜਰ ਸਵੇਰ ਹੈ।

(15) ਸਿੱਖੀ ਅਥਵਾ ਗੁਰਮਤਿ ਦੀ ਇਲਾਹੀ ਦਾਤ ਇੱਕ ਐਸੀ ਸ਼ਰਧਾ, ਵਿਸ਼ਵਾਸ, ਭਗਤੀ ਅਤੇ ਸ਼ਕਤੀ ਦੀ ਠੋਸ ਦੀਵਾਰ ਹੈ ਜਿਸ ਨਾਲ ਮਨਮਤਿ ਦੀ ਹਰ ਲਹਿਰ ਟਕਰਾ ਕੇ ਨਾਕਾਮ ਹੋ ਜਾਂਦੀ ਹੈ ਤੇ ਠਿਠਰ ਕੇ ਜਾਮ ਹੋ ਜਾਂਦੀ ਹੈ।

(16) ਜਦ ਕੁਦਰਤ ਮਿਹਰਬਾਨ ਤਾਂ ਹਰ ਮੁਸ਼ਕਲ ਆਸਾਨ।

(17) ਇਕ ਪਾਸੇ ਤਾਂ ਜਾਮ ਦਾ ਨਸ਼ਾ ਹੈ ਤੇ ਦੂਸਰੇ ਪਾਸੇ ਨਾਮ ਦਾ ਨਸ਼ਾ ਹੈ। ਦੋਵਾਂ 'ਚੋਂ ਇੱਕ ਨਸ਼ੇ ਦਾ ਤਿਆਗ ਕਰਨਾ ਹੀ ਪਵੇਗਾ। ਕੇਵਲ ਇੱਕ ਨਾਲ ਹੀ ਨਿੰਹੁ ਲਾਉਣਾ ਪਵੇਗਾ ਤੇ ਅੰਤਲੇ ਦਮਾਂ ਤਕ ਨਿਭਾਉਣਾ ਪਵੇਗਾ।

(18) ਗੁਰੂ ਦਾ ਸਿੱਖ ਕੀਤਾ ਪ੍ਰਣ ਕਦੀ ਨਹੀਂ ਤੋੜ ਸਕਦਾ, ਗੁਰੂ ਦੇ ਫਰਮਾਨ ਵੱਲੋਂ ਕਦੀ ਮੁੱਖ ਮੋੜ ਨਹੀਂ ਸਕਦਾ। ਅੱਜ ਹਰ ਸਿੱਖ ਗੁਰੂ ਜੀ ਦੇ ਸਨਮੁਖ ਖਲੋ ਕੇ, ਰਾਜ ਕਰੇਗਾ ਖ਼ਾਲਸਾ, ਦਾ ਦੋਹਰਾ ਪੜ੍ਹ ਕੇ ਸਿੱਖ ਰਾਜ ਦੀ ਪ੍ਰਾਪਤੀ ਲਈ ਪ੍ਰਣ ਕਰਦਾ ਹੈ ਪਰ ਕਿੰਨੇ ਪੂਰੇ ਸਿੱਖ ਹਨ ਜੋ ਇਹ ਦੋਹਰਾ ਪੜ੍ਹ ਕੇ ਉਸ 'ਤੇ ਪਹਿਰਾ ਦਿੰਦੇ ਹਨ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN # 978-0-9781624-9-8

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਸੱਪ ਤੇ ਨਿਉਲੇ ਦਾ ਵੈਰ ਮੁੱਕ ਕਿਉਂ ਨਹੀਂ ਰਿਹਾ?

*ਮਨੁੱਖ ਵੱਧ ਪੜ੍ਹਿਆ-ਲਿਖਿਆ ਹੋਣ ਦਾ ਦਾਅਵਾ ਤਾਂ ਕਰ ਰਿਹਾ ਹੈ ਪਰ ਇਸ ਗੱਲ ਤੋਂ ਵੀ ਸਿਰ ਨਹੀਂ ਫੇਰਿਆ ਜਾ ਸਕਦਾ ਕਿ ਜਦੋਂ ਦਾ ਉਹ ਗਿਆਨਵਾਨ ਹੋਇਆ ਹੈ, ਦੁਖੀ ਵੀ ਰੱਜ ਕੇ ਹੈ। ਅੰਦਰੋਂ ਫਿਕਰ ਤੇ ਤਣਾਓ ਵੱਢ-ਵੱਢ ਖਾ ਰਿਹਾ ਹੈ। ਇਸੇ ਲਈ ਬਾਹਰੋਂ ਬੁੱਲ੍ਹੀਆਂ 'ਚੋਂ ਹਾਸਾ ਬਨਾਉਟੀ ਡਿੱਗ ਰਿਹਾ ਹੈ। ਵਰਤਮਾਨ ਯੁੱਗ ਵਿਚ ਕਿਸੇ ਕੋਲ ਧਨ-ਦੌਲਤ ਸਮੇਤ ਬਹੁਤ ਕੁਝ ਹੋ ਸਕਦਾ ਹੈ ਪਰ ਚੈਨ ਅਤੇ ਸੁੱਖ ਤੋਂ ਹਰ ਕਿਸੇ ਦੀ ਝੋਲੀ ਖਾਲੀ ਹੈ। ਅਸਲ ਵਿਚ ਦੁਨੀਆਂ ਦੇ ਸਾਂਝੇ ਰੰਗ-ਮੰਚ 'ਤੇ ਅਜਿਹਾ ਅਖਾੜਾ ਬੱਝਾ ਹੋਇਆ ਹੈ ਕਿ ਕਮਜ਼ੋਰ ਭਲਵਾਨ ਨਕਲੀ ਤਾਕਤ ਦੇ ਦਿਖਾਵੇ 'ਚ ਲੱਗੇ ਹੋਏ ਹਨ। ਸੂਰਜ ਚੜ੍ਹਨ ਨਾਲ ਹਨੇਰਾ ਤਾਂ ਮੁੱਕ ਜਾਂਦਾ ਹੈ ਪਰ ਹੇਰਾ-ਫੇਰੀਆਂ, ਚਲਾਕੀਆਂ, ਪੈਸੇ ਦੀ ਹਫੜਾ-ਦਫੜੀ ਮੱਚ ਉਠਦੀ ਹੈ। ਸੱਚ ਇਹ ਵੀ ਹੈ ਕਿ ਇਸ ਵਰਤਾਰੇ ਵਿਚ ਪੈਸੇ ਨੇ ਇਮਾਨਦਾਰੀ, ਸਾਊਪੁਣਾ, ਸੰਗ-ਸ਼ਰਮ ਤੇ ਸ਼ਰਾਫ਼ਤ ਬਹੁਤ ਦੇਰ ਪਹਿਲਾਂ ਖੋਹ ਲਈ ਸੀ। ਦੁਨੀਆਂ ਦਾ ਕੋਈ ਵੀ ਅਕਲਮੰਦ ਇਹ ਦਾਅਵਾ ਜਾਂ ਉਦਾਹਰਣ ਨਹੀਂ ਪੇਸ਼ ਕਰ ਸਕਦਾ ਕਿ ਕਿਸੇ ਵੀ ਮਾੜੇ ਕੰਮ ਦਾ ਚੰਗਾ ਨਤੀਜਾ ਨਿਕਲਿਆ ਹੋਵੇ। ਹਾਂ, ਇਹ ਜ਼ਰੂਰ ਮੰਨ ਸਕਦੇ ਹਾਂ ਕਿ ਚੰਗੇ ਕੰਮਾਂ ਦੇ ਚੰਗੇ ਨਤੀਜੇ ਆਉਣ ਵਿਚ ਦੇਰੀ ਹੋ ਸਕਦੀ ਹੈ। ਲਗਦਾ ਨਹੀਂ ਕਿ ਮਿੱਤਰ ਘਟਦੇ ਜਾ ਰਹੇ ਹਨ, ਦੁਸ਼ਮਣ ਵਧਦੇ ਜਾ ਰਹੇ ਹਨ? ਫਿਰ ਘਾਟ ਕਿਥੇ ਹੈ? ਸਮਝ ਕਿਸੇ ਨੂੰ ਨਹੀਂ ਆ ਰਹੀ। ਕਈ ਵਿਆਹ ਹੀਰ ਤੇ ਰਾਂਝੇ ਨਾਲੋਂ ਵੀ ਕਿਤੇ ਵੱਧ ਪਿਆਰ ਦੇ ਪਸਾਰੇ ਹੇਠ ਹੋਏ ਸਨ ਪਰ ਸਮੇਂ ਦੀ ਚਾਲ ਠੀਕ ਨਾ ਹੋਣ ਕਾਰਨ ਮਾਂ-ਬਾਪ ਬਣਨ ਤੋਂ ਪਹਿਲਾਂ ਹੀ ਦੋਵੇਂ ਪ੍ਰੇਮੀ ਇਕ-ਦੂਜੇ ਨੂੰ ਅਦਾਲਤਾਂ ਵਿਚ ਘੜੀਸਦੇ ਦੇਖੇ ਗਏ। ਜੇ ਸਮਾਜਿਕ ਪ੍ਰਬੰਧ ਵਿਚ ਕੁਝ ਘਟਿਆ ਨਹੀਂ ਤਾਂ ਉਹ ਸਿਰਫ਼ ਚੁਗਲਖੋਰਾਂ ਦੀ ਗਿਣਤੀ ਨਹੀਂ ਘਟੀ। ਇਨ੍ਹਾਂ ਕਰਕੇ ਹੀ ਕਈ ਵਸਦੇ ਘਰਾਂ ਵਿਚ ਉਜਾੜੇ ਪੈਣ ਦੇ ਅੰਕੜੇ ਵੱਧ ਹਨ। ਫਿਕਰਾਂ ਨਾਲ ਚਿੰਬੜਿਆ ਮਨੁੱਖ ਲਾਲਚ, ਲੋਭ ਹੇਠ ਦੁਸ਼ਮਣੀਆਂ ਨਾਲ ਵੀ ਹਰ ਵੇਲੇ ਗਲਵੱਕੜੀ ਹੋਵੇ, ਇਹ ਤਾਂ ਮੰਨ ਸਕਦੇ ਹਾਂ ਪਰ ਇਕਾਗਰ-ਚਿੱਤ ਹੋ ਕੇ ਸੋਚੋ ਤਾਂ ਸਹੀ, ਇਨ੍ਹਾਂ ਬੇਜ਼ੁਬਾਨ ਜਾਨਵਰਾਂ ਨੇ 'ਪੱਕੇ ਦੁਸ਼ਮਣ' ਬਣ ਕੇ ਕਿਹੜੀ ਭੋਇੰ ਵੰਡਾਉਣੀ ਹੈ...?*

ਜਿਹੜਾ ਬੰਦਾ ਅੱਜ ਕਹੇ, 'ਹੇ ਵਾਹਿਗੁਰੂ ਉਹਦਾ ਬੇੜਾ ਬਹਿ ਜਾਏ, ਪੁੱਤਰ ਮਰ ਜਾਏ, ਗੱਡੀ ਦਾ ਐਕਸੀਡੈਂਟ ਹੋ ਜਾਏ, ਔਤ ਜਹਾਨੋਂ ਜਾਵੇ, ਇਹਦੀ ਧੀ ਨਿੱਕਲ ਜਾਏ' ਫਿਰ ਉਹ ਕੱਲ੍ਹ ਨੂੰ ਘਰੇ ਅਖੰਡ ਪਾਠ ਕਰਵਾ ਕੇ ਉਸ ਵਹਿਗੁਰੂ ਅੱਗੇ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਤੇ ਆਪਣੀ ਚੜ੍ਹਦੀ ਕਲਾ ਲਈ ਮੰਗਾਂ ਦਾ ਢੇਰ ਲਾ ਦੇਵੇ ਤਾਂ ਪੂਰੀਆਂ ਹੋਣਗੀਆਂ? ਹਰ ਸਿਆਣੇ ਬੰਦੇ ਦਾ ਉਤਰ ਨਾਂਹ ਵਿਚ ਹੀ ਹੋਵੇਗਾ ਪਰ ਮਨੁੱਖ ਏਦਾਂ ਕਰਨ ਤੋਂ ਰੁਕ ਨਹੀਂ ਰਿਹਾ। ਇਸੇ ਕਰਕੇ ਇਕ-ਦੂਜੇ ਦਾ ਸਿਰ ਪਾੜਨ ਦੀ ਕਾਹਲ ਪਈ ਹੋਈ ਹੈ। ਬਹੁਤੀਆਂ ਦੁਸ਼ਮਣੀਆਂ ਖਾਹ-ਮਖਾਹ ਦੀਆਂ ਹਨ ਜਾਂ 'ਆ ਬੈਲ ਮੁਝੇ ਮਾਰ' ਵਾਂਗ।

ਜਾਨਵਰਾਂ 'ਚ ਲੜਨ ਦੀ ਭਾਵਨਾ ਤਾਂ ਹੈ ਪਰ ਦੁਸ਼ਮਣੀਆਂ ਦੀ ਨਹੀਂ। ਘੀਂ-ਘੀਂ ਕਰਕੇ ਦੂਜੇ ਕੁੱਤੇ ਨੂੰ ਵੱਢ ਖਾਣ ਵਾਲਾ ਕੁੱਤਾ ਕੁਝ ਪਲਾਂ ਬਾਅਦ ਦੋਸਤ ਵੀ ਬਣ ਜਾਂਦਾ ਹੈ। ਕੁੱਤੀ ਦੇ ਬਹਾਰ ਦੇ ਦਿਨਾਂ 'ਚ ਲਤ-ਲਤ ਮਰਨ ਵਾਲੇ ਕੁੱਤੇ ਆਥਣੇ ਇਕੋ ਥਾਂ 'ਕੱਠਿਆਂ ਸੁੱਤੇ ਦੇਖੇ ਜਾ ਸਕਦੇ ਹਨ ਪਰ ਸੱਪ ਅਤੇ ਨਿਉਲੇ ਦਾ ਵੈਰ ਮੁੱਕ ਨਹੀਂ ਰਿਹਾ। ਇਸ ਵੈਰ ਨੂੰ ਯੁੱਗ ਬੀਤ ਗਏ ਹਨ। ਇਹ ਦੁਸ਼ਮਣੀ ਭਾਰਤ ਵਿਚ ਹੀ ਨਹੀਂ, ਯੂਰਪ ਤੇ ਅਮਰੀਕਾ, ਕੈਨੇਡਾ ਤੇ ਅਰਬ ਦੇਸ਼ਾਂ 'ਚ ਵੀ ਉਨੀ ਹੀ ਗੂੜ੍ਹੀ ਹੈ। ਭਗਵਾਨ ਸ਼ਿਵ ਦੇ ਗਲੇ ਵਿਚ ਫਨ ਫੈਲਾ ਕੇ ਦਿਸਣ ਵਾਲਾ ਫਨੀਅਰ ਵੀ ਨਿਉਲੇ ਨੂੰ ਦੇਖ ਕੇ ਕੰਬਣ ਲੱਗ ਪੈਂਦਾ ਹੈ। ਉਹਨੂੰ ਪਤਾ ਹੁੰਦੈ ਕਿ ਹੁਣ ਬਚਣ ਦੇ ਲੱਲੂ ਨਹੀਂ। ਉਧਰ ਸੱਪ ਨੂੰ ਦੇਖ ਕੇ ਲੂੰਡੀਆਂ ਅਤੇ ਬਾਘੀਆਂ ਪਾਉਣ ਵਾਲਾ ਨਿਉਲਾ 'ਬੱਚੂ ਜਾਏਂਗਾ ਕਿੱਥੇ' ਵਾਲੀ ਘਤੀ ਤੋਂ ਪਿਛਾਂਹ ਨਹੀਂ ਹਟ ਰਿਹਾ।

ਦੇਖਿਆ ਹੋਣਾ ਕਿ ਸੱਪ ਤੇ ਨਿਉਲੇ ਦੀ ਲੜਾਈ ਕਰਵਾ ਕੇ ਢਿੱਡ ਭਰਨ ਵਾਲੇ ਮਦਾਰੀ ਦੇ ਹੱਥ 'ਚ, ਗਲ 'ਚ ਘੁੰਗਰੂ ਪੁਆਈ ਬੈਠਾ ਨਿਉਲਾ ਸੱਪ ਨੂੰ ਦੇਖ ਕੇ ਕਹਿ ਰਿਹਾ ਹੁੰਦੈ ਕਿ 'ਛੱਡ ਤਾਂ ਸਹੀ ਕੇਰਾਂ, ਇਹਦੀ ਬਦਮਾਸ਼ੀ ਮੈਂ ਦੇਖਦਾਂ।' ਮਦਾਰੀ ਭਾਵੇਂ ਸੱਪ ਨੂੰ ਨਿਉਲੇ ਹੱਥੋਂ ਮਰਨ ਇਸ ਕਰਕੇ ਨਹੀਂ ਦਿੰਦਾ ਕਿ ਫਿਰ ਆਏ ਦਿਨ ਨਵੇਂ ਸੱਪ ਕਿਥੋਂ ਲਿਆਵੇਗਾ, ਪਰ ਅਣਖ 'ਚ ਤੀਘੜਦਾ ਨਿਉਲਾ ਮਦਾਰੀ ਤੋਂ ਕਾਬੂ ਬੜਾ ਔਖਾ ਆਉਂਦਾ ਹੈ।

ਇਹ ਇਤਿਹਾਸਕ ਸੱਚਾਈ ਹੈ ਕਿ ਜਿਸ ਥਾਂ 'ਤੇ ਨਿਉਲਾ ਰਹਿੰਦਾ ਹੋਵੇ, ਉਥੇ ਸੱਪ ਨਹੀਂ ਰਹਿੰਦਾ; ਤੇ ਜੇ ਨਿਉਲਾ ਘਰਾਂ 'ਚ ਰੱਖਣ ਦੀ ਰਵਾਇਤ ਹੁੰਦੀ ਤਾਂ ਇਸ ਨੂੰ ਸੱਪਾਂ ਦੇ ਡੰਗਾਂ ਦੇ ਸਤਾਏ ਹਰਿਆਣੇ ਦੇ ਸੰਤ ਰਾਮ ਸੈਣੀ ਨੇ ਘਰੇ ਬੰਨ੍ਹਣਾ ਸੀ। ਇਹ ਗੱਲ ਤਾਂ ਇਤਿਹਾਸ ਬਣ ਸਕਦੀ ਹੈ ਕਿ ਅਮਰੀਕਾ ਦੀ ਅਲ-ਕਾਇਦਾ ਨਾਲ ਦੁਸ਼ਮਣੀ ਮੁੱਕ ਸਕਦੀ ਹੈ, ਕਸ਼ਮੀਰ ਮਸਲੇ ਦਾ ਹੱਲ ਹੋਣ ਨਾਲ ਭਾਰਤ ਪਾਕਿਸਤਾਨ ਮਿੱਤਰ ਬਣ ਸਕਦੇ ਨੇ, ਫਲਸਤੀਨ ਤੇ ਇਜ਼ਰਾਇਲ 'ਕੱਠੇ ਹੋ ਸਕਦੇ ਨੇ, ਪਰ ਸੱਪ ਤੇ ਨਿਉਲੇ ਦੀ ਜੱਫੀ ਨਹੀਂ ਪੈ ਸਕਦੀ, ਤੇ ਇਨ੍ਹਾਂ ਦੀ ਦੁਸ਼ਮਣੀ ਸ਼ਾਇਦ ਯੂ.ਐਨ.ਓ. ਦੀ ਦਖ਼ਲਅੰਦਾਜ਼ੀ ਨਾਲ ਵੀ ਮੁੱਕੇ ਨਾ। ਉਂਜ, ਇਹ ਦੁਸ਼ਮਣੀ ਹੈ ਕੀ? ਇਨ੍ਹਾਂ ਦਾ ਕਿਹੜਾ ਹੱਦਾਂ-ਸਰਹੱਦਾਂ ਜਾਂ ਕੁਰਸੀ ਦਾ ਝਗੜੈ? ਕਿਹੜਾ ਮਕਬੂਜ਼ਾ ਕਸ਼ਮੀਰ ਛਡਾਉਣੈ। ਇਸ ਸੱਚਾਈ ਦੀ ਤਹਿ ਤੱਕ ਜਾਣ ਤੋਂ ਪਹਿਲਾਂ ਦੋਹਾਂ ਦੀ ਲੜਾਈ ਦੇ ਮਹਾਂਭਾਰਤ ਦਾ ਟ੍ਰੇਲਰ ਚਲਾਉਂਦੇ ਆਂ...

ਜੇ ਮਦਾਰੀ ਦੀ ਰੋਜ਼ੀ-ਰੋਟੀ ਚਲਾਉਣ ਵਾਲੀ ਗੱਲ ਨੂੰ ਛੱਡ ਲਈਏ ਤਾਂ ਜੰਗਲਾਂ 'ਚ ਕੋਬਰਾ ਵਰਗੇ ਸੱਪਾਂ ਨਾਲ ਨਿਉਲੇ ਨੂੰ ਫਸਿਆ ਦੇਖਿਆ ਜਾ ਸਕਦਾ ਹੈ। ਵੱਡੇ-ਵੱਡੇ ਜਾਨਵਰਾਂ ਨੂੰ ਸਾਬਤ-ਸਬੂਤ ਨਿਗਲ ਲੈਣ ਵਾਲੇ ਐਨਾਕੋਂਡਾ ਵਰਗੇ ਦਿਓ ਸੱਪ ਨਾਲ ਵੀ ਨਿਉਲੇ ਨੂੰ ਲੜਦਿਆਂ ਦੇਖਿਆ ਜਾ ਸਕਦਾ ਹੈ। ਦੂਜੇ ਪਾਸੇ, ਇਹ ਵੀ ਇਤਿਹਾਸਕ ਸੱਚਾਈ ਹੀ ਹੈ ਕਿ ਇਸ ਲੜਾਈ ਵਿਚ ਹਮੇਸ਼ਾ ਸੱਪ ਹੀ ਮਰਦਾ ਆਇਆ ਹੈ। ਨਿਉਲਾ ਜ਼ਖ਼ਮੀ ਤਾਂ ਹੋਇਆ ਹੋ ਸਕਦੈ ਪਰ ਸੱਪ ਉਹਦੇ ਪ੍ਰਾਣ ਨਹੀਂ ਲੈ ਸਕਿਆ।

ਦੋਹਾਂ ਜਾਨਵਰਾਂ ਵਿਚ ਇਕ ਸਮਾਨਤਾ ਇਹ ਹੈ ਕਿ ਦੋਹਾਂ ਦੇ ਦੰਦ ਅੰਦਰ ਵੱਲ ਮੁੜੇ ਹੋਏ ਹੁੰਦੇ ਹਨ, ਨਿਉਲੇ ਦੀ ਜੀਭ ਭਾਵੇਂ ਮੋਟੀ ਹੋਵੇ ਪਰ ਲੰਬੀ ਸੱਪ ਵਰਗੀ ਹੀ ਹੁੰਦੀ ਹੈ। ਦੋਹਾਂ ਦੀ ਲੜਾਈ ਦਾ ਅਖਾੜਾ ਕੁਸ਼ਤੀ ਦੇ ਮੈਦਾਨ ਜਾਂ ਛਿੰਝ ਵਰਗਾ ਹੀ ਹੁੰਦਾ ਹੈ। ਜਿਵੇਂ ਘੁਲਣ ਤੇ ਲੜਨ ਵੇਲੇ ਬੰਦਾ



ਪੱਟਾਂ 'ਤੇ ਥਾਪੀ ਮਾਰਦੈ, ਨਿਉਲਾ ਜੀਭ ਧਰਤੀ 'ਤੇ ਪਹਿਲਾਂ ਇਸ ਕਰਕੇ ਫੇਰਦੈ ਕਿ 'ਹੇ ਧਰਤੀ ਮਾਤਾ, ਲੱਗਾਂ ਦੁਸ਼ਮਣੀ ਦਾ ਬਦਲਾ ਲੈਣ' ਤੇ 'ਦੂਜਾ ਭੱਜ ਕੇ ਨਾ ਜਾਈਂ ਹੁਣ ਵੱਡਿਆ ਬਦਮਾਸ਼ਾ।' ਜ਼ਹਿਰ ਦਾ ਹੰਕਾਰਿਆ ਸੱਪ ਫਨ ਫੈਲਾ ਕੇ ਅੰਦਰੋਂ ਡਰਿਆ ਨੱਕ ਦੀ ਸੇਧ ਨੂੰ ਆਉਂਦੈ, ਤੇ ਦੱਬੇ ਪੈਰੀਂ ਅੱਗੇ ਵਧਦਾ ਨਿਉਲਾ ਪੂਰੇ ਆਤਮ-ਵਿਸ਼ਵਾਸ ਵਿਚ ਇਸ ਕਰਕੇ ਹੁੰਦੈ ਕਿ 'ਅਸੀਂ ਲੜਾਈ ਸਿਰਫ਼ ਜਿੱਤਣ ਲਈ ਲੜਦੇ ਹਾਂ' ਤੇ ਜਿਵੇਂ ਭਲਵਾਨ ਇਕ-ਦੂਜੇ ਦੀ ਗਿੱਚੀ ਨੂੰ ਹੱਥ ਪਾਉਂਦੇ ਨੇ, ਇਨ-ਬਿਨ ਨਿਉਲਾ ਸੱਪ ਦੀ ਸਿਰੀ ਨੂੰ ਫੜਨ ਦਾ ਯਤਨ ਕਰਦੈ, ਕਿਉਂਕਿ ਉਸ ਨੂੰ ਪਤੈ ਕਿ ਇਹ ਪੂਛ ਤੋਂ ਫੜ ਕੇ ਕਾਬੂ ਆਉਣ ਵਾਲੀ ਨਸਲ ਨਹੀਂ। ਤੀਹ ਸੈਕਿੰਡ ਤੋਂ ਤਿੰਨ ਮਿੰਟ ਵਿਚ ਇਸ ਲੜਾਈ ਦੀ ਜਿੱਤ ਦਾ ਸਿਹਰਾ ਨਿਉਲਾ ਆਪਣੇ ਸਿਰ ਬੰਨ੍ਹ ਕੇ, ਸਿਰੀ ਚਿੱਥ ਕੇ ਪੂਛ ਤੋਂ ਧੂਈ ਲਈ ਆਉਂਦੇ ਸੱਪ ਨੂੰ ਬੂਹ ਕਰਕੇ ਪਰਾਂ ਸੁੱਟਦੈ ਕਿ 'ਨਾ ਆਇਆ ਕਰ ਸਾਡੀਆਂ ਨਜ਼ਰਾਂ ਸਾਹਮਣੇ।'

ਜਦੋਂ ਲੜਾਈ ਦੌਰਾਨ ਨਿਉਲੇ ਨੇ ਸੱਪ ਦੀ ਧੌਣ ਆਪਣੇ ਜੁਬਾੜੇ 'ਚ ਘੁੱਟੀ ਹੁੰਦੀ ਹੈ ਤਾਂ ਸੱਪ ਆਪਣੀ ਰਵਾਇਤੀ ਤਾਕਤ ਨਾਗ ਵਲ਼ ਪਾ ਕੇ ਉਹਨੂੰ ਘੁੱਟਣ ਦੀ ਕੋਸ਼ਿਸ਼ ਕਰਦੈ ਪਰ ਦਰਖਤ ਨਾਲ ਵਲ ਪਾਉਣ ਦੀ ਖੇਡ ਖੇਡਣ ਵਾਲੇ ਸੱਪ ਦੀ ਵਾਹ-ਪੇਸ਼ ਇਸ ਕਰਕੇ ਨਹੀਂ ਚਲਦੀ ਕਿ ਨਿਉਲੇ ਦੀ ਮਖਮਲੀ ਤੇ ਮੁਲਾਇਮ ਜੱਤ ਤੋਂ ਸੱਪ ਤਿਲਕਦਾ ਚਲਾ ਜਾਂਦੈ। ਜੀਵ ਵਿਗਿਆਨ 'ਚ ਹਾਲੇ ਤੀਕਰ ਅਜਿਹਾ ਕੋਈ ਹਵਾਲਾ ਨਹੀਂ ਮਿਲਦਾ ਕਿ ਸੱਪ ਦੀ ਜ਼ਹਿਰ ਦਾ ਅਸਰ ਨਿਉਲੇ 'ਤੇ ਕਿਉਂ ਨਹੀਂ ਹੁੰਦਾ ਪਰ ਜੇ ਲੜਾਈ ਨੂੰ ਕਦੇ ਨੇੜਿਓਂ ਜਾਂ ਗਹੁ ਨਾਲ ਦੇਖਿਆ ਹੈ ਤਾਂ ਪਤਾ ਲਗਦਾ ਹੈ ਕਿ ਨਿਉਲਾ ਧੌਣ ਦੁਆਲੇ ਸੱਪ ਦਾ ਡੰਗ ਵੱਜਣ ਹੀ ਨਹੀਂ ਦਿੰਦਾ, ਤੇ ਉਹਦੇ ਬਾਕੀ ਸਰੀਰ 'ਤੇ ਕੰਢੀ ਵੱਢਣਾ ਇਸ ਕਰਕੇ ਸੰਭਵ ਨਹੀਂ ਹੁੰਦਾ ਕਿ ਤਿਲਕਣੀ ਜੱਤ ਹੇਠ ਲੁਕੀ ਚਮੜੀ ਤੱਕ ਸੱਪ ਦੇ ਦੰਦ ਪਹੁੰਚਦੇ ਹੀ ਨਹੀਂ। ਦੰਦਾਂ ਅਤੇ ਜ਼ਹਿਰ 'ਤੇ ਮਾਣ ਕਰਨ ਵਾਲੇ ਸੱਪ ਨੂੰ ਉਹ ਆਪਣੇ ਜਬਾੜੇ 'ਚ ਘੁੱਟ ਕੇ ਏਨੀ ਬੁਰੀ ਤਰ੍ਹਾਂ ਮਧੋਲ ਦਿੰਦਾ ਹੈ ਕਿ ਜਿਉਣ ਜੋਗਾ ਛੱਡਦਾ ਹੀ ਨਹੀਂ। ਹਾਲੇ ਤੀਕਰ ਕਿਸੇ ਵੀ ਨਿਉਲੇ ਨੇ ਸੱਪ ਨੂੰ ਜ਼ਖ਼ਮੀ ਕਰਕੇ ਨਹੀਂ ਛੱਡਿਆ, ਕਿਉਂਕਿ ਉਹਨੂੰ ਪਤੈ ਕਿ ਜ਼ਖ਼ਮੀ ਹੋਇਆ ਸੱਪ ਕਿਸੇ ਹਮਾਤੜ 'ਤੇ ਗੁੱਸਾ ਕੱਢ ਸਕਦੈ। ਇਸ ਲੜਾਈ ਦਾ ਅੰਤ ਸੱਪ ਦੀ ਮੌਤ ਨਾਲ ਹੀ ਹੋਣਾ ਹੁੰਦੈ।

ਹਾਂ, ਇਸ ਗੱਲ ਨੂੰ ਜ਼ਰੂਰ ਮੰਨਿਆ ਜਾਂਦੈ ਕਿ ਨਿਉਲਾ ਆਵਾਗੌਣ ਜਾਂ ਅਵਾਰਾ ਜਿਹੇ ਗਰੀਬ, ਮਾੜੇ-ਧੀੜੇ, ਤਰਸਯੋਗ ਸੱਪਾਂ 'ਤੇ ਹਮਲਾ ਨਹੀਂ ਕਰਦਾ। ਉਹ ਬਦਮਾਸ਼ ਕਹਾਉਣ ਵਾਲੇ ਸੱਪਾਂ ਨਾਲ ਹੀ ਦੋ ਨਹੀਂ, ਚਾਰ ਹੱਥ ਕਰਦੈ। ਆਪਣੇ ਕਬੀਲੇ ਦੀਆਂ ਰਵਾਇਤਾਂ ਕਰਕੇ ਕਿਸੇ ਵੀ ਨਿਉਲੇ ਨੇ ਸੱਪਾਂ ਦੇ ਬੱਚਿਆਂ 'ਤੇ ਵਾਰ ਨਹੀਂ ਕੀਤਾ।

ਜੀਵ ਵਿਗਿਆਨ ਦੀ ਕਿਸੇ ਵੀ ਹਵਾਲਾ ਪੁਸਤਕ ਵਿਚ ਇਸ ਗੱਲ ਦਾ ਜ਼ਿਕਰ ਨਹੀਂ ਕਿ ਅਸਲ ਵਿਚ ਇਨ੍ਹਾਂ ਦੋਹਾਂ ਦੀ ਦੁਸ਼ਮਣੀ ਦਾ ਰਾਜ਼ ਕੀ ਹੈ? 'ਡਿਸਕਵਰੀ ਚੈਨਲ' 'ਤੇ ਇਨ੍ਹਾਂ ਦੀ ਲੜਾਈ ਨੂੰ ਬੜੀ ਵਾਰ ਦੇਖਿਆ ਹੋਵੇਗਾ, ਪਰ ਕੈਮਰਾ ਮੋਢੇ 'ਤੇ ਚੁੱਕੀ ਜੰਗਲਾਂ 'ਚ ਦੌੜਦੇ ਕੈਮਰਾਮੈਨ ਇਸ ਕਹਾਣੀ ਨੂੰ ਕੈਮਰੇ 'ਚ ਬੰਦ ਨਹੀਂ ਕਰ ਸਕੇ ਕਿ ਇਹ ਖ਼ੂਨੋ-ਖ਼ੂਨ ਕਿਉਂ ਹੁੰਦੇ ਆ ਰਹੇ ਨੇ?

ਇਸ ਗੱਲ ਤੋਂ ਮੈਂ ਵੀ ਹੱਥ ਹੀ ਜੋੜਾਂਗਾ ਕਿ ਲੜਾਈ ਜਾਂ ਦੁਸ਼ਮਣੀ ਦੇ ਜਿਨ੍ਹਾਂ ਕਾਰਨਾਂ ਦਾ ਜ਼ਿਕਰ ਕਰਨ ਲੱਗਾ ਹਾਂ, ਹਵਾਲੇ ਜਾਂ ਸਬੂਤ ਮੇਰੇ ਕੋਲ ਵੀ ਨਹੀਂ ਪਰ ਯੂਨਾਨੀ ਲੋਕ ਕਥਾ 'ਤੇ ਆਧਾਰਤ ਜਿੰਨਿਆਂ ਕੁ ਕਾਰਨਾਂ ਦਾ ਸਿੱਟਾ ਮੈਂ ਕੱਢਿਆ ਹੈ, ਤੁਹਾਡੇ ਨਾਲ ਸਾਂਝੇ ਕਰਨ ਲੱਗਾ ਹਾਂ।

ਰਵਾਇਤੀ ਕਹਾਣੀਆਂ ਵਾਂਗ ਨਹੀਂ ਕਿ ਇਕ ਵਾਰੀ ਦੀ ਗੱਲ ਹੈ, ਸਗੋਂ ਯੁੱਗਾਂ ਪੁਰਾਣੀ ਗੱਲ ਹੈ ਕਿ ਜੰਗਲ ਦੇ ਇਕੋ ਥਾਂ 'ਤੇ ਵੱਡੀ ਗਿਣਤੀ ਵਿਚ ਸੱਪ ਤੇ ਨਿਉਲੇ ਇਕੱਠੇ ਰਹਿੰਦੇ ਸਨ। ਵੱਡੇ ਟੱਬਰਾਂ ਵਾਲੇ ਜਾਨਵਰਾਂ ਦੇ ਸਰਦਾਰਾਂ ਦਾ ਪਿਆਰ 'ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ' ਵਰਗਾ ਸੀ। ਇਕ ਦਿਨ ਬਜ਼ੁਰਗ ਸੱਪ ਤੇ ਬਜ਼ੁਰਗ ਨਿਉਲਾ 'ਕੱਠੇ ਬੈਠੇ ਸਨ ਕਿ ਨਿਉਲਾ ਆਖਣ ਲੱਗਾ, 'ਤੈਨੂੰ ਲੋਕ ਰੱਜ ਕੇ ਪਿਆਰ ਕਰਨ, ਜੇ ਤੇਰੇ ਗਲੇ 'ਚ ਜ਼ਹਿਰ ਦੀ ਗੁਥਲੀ ਨਾ ਹੋਵੇ। ਰੱਬ ਅੱਗੇ ਹੱਥ ਜੋੜਨ ਚੱਲਦੇ ਆਂ ਕਿ ਇਹ ਜ਼ਹਿਰ ਖ਼ਤਮ ਹੀ ਕਰ ਦੇਵੇ।'

'ਓਏ, ਤੂੰ ਮਿੱਤਰ ਹੋ ਕੇ ਸੱਪਾਂ ਦੀ ਅਣਖ ਨੂੰ ਖ਼ਤਮ ਕਰਨਾ ਚਾਹੁੰਨੈਂ। ਫਿਰ ਸਾਡੇ ਤੋਂ ਡਰੂ ਕਿਹੜਾ।'

'ਸੱਪ ਅਣਿਆਈ ਮੌਤੇ ਇਸ ਜ਼ਹਿਰ ਕਾਰਨ ਮਰਦੇ ਰਹਿਣਗੇ।'

'ਆਪਣੀ ਮੱਤ ਕੋਲ ਰੱਖ, ਚਲਦਾ ਬਣ।'

ਸੱਪ ਨੇ ਜਦੋਂ ਫਨ ਫੈਲਾਇਆ ਤਾਂ ਨਿਉਲੇ ਨੇ ਖਿਸਕਣਾ ਹੀ ਬਿਹਤਰ ਸਮਝਿਆ। ਮਨ 'ਚ ਸੋਚਦਾ ਆਇਆ, 'ਚੱਲ ਭਰਾ ਤੋਂ ਸਵੇਰੇ ਖਿਮਾ ਮੰਗ ਲਵਾਂਗਾ।'

ਪਰ ਮਾਮੂਲੀ ਜਿਹੀ ਗੱਲ ਤੋਂ ਗੁੱਸੇ 'ਚ ਆਏ ਸੱਪ ਨੇ ਆਪਣੇ ਜ਼ਹਿਰੀਲੇ ਸੱਪਾਂ ਨੂੰ ਬੁਲਾਇਆ ਕਿ ਨਿਉਲੇ ਸਾਡੇ ਨਾਲ ਖਾਰ ਖਾਣ ਲੱਗੇ ਹਨ। ਰਾਤੋ-ਰਾਤ ਇਨ੍ਹਾਂ ਦੇ ਬੱਚੇ ਮਾਰ ਕੇ ਆਓ। ਤੇ ਵੱਡੀ ਗਿਣਤੀ 'ਚ ਮਸੂਮ ਨਿਉਲਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਥੋੜ੍ਹੀ ਗਿਣਤੀ 'ਚ ਰਹਿ ਗਏ ਬਜ਼ੁਰਗ ਨਿਉਲਿਆਂ ਨੇ ਉਸ ਥਾਂ ਨੂੰ ਛੱਡਣਾ ਤਾਂ ਬਿਹਤਰ ਸਮਝਿਆ ਪਰ ਨਾਲ ਹੀ ਕਿਹਾ, 'ਕੋਈ ਗੱਲ ਨਹੀਂ ਪਰ ਜਿੱਥੇ ਅਸੀਂ ਰਹਾਂਗੇ, ਉਥੇ ਤੁਹਾਡਾ ਪ੍ਰਛਾਵਾਂ ਵੀ ਨਹੀਂ ਆਵੇਗਾ।

...ਤੇ ਫਿਰ ਅਗਲੀਆਂ ਪੀੜ੍ਹੀਆਂ ਨੂੰ ਮਾਸੂਮ ਨਿਉਲਿਆਂ ਦੇ ਕਾਤਲ ਸੱਪਾਂ ਬਾਰੇ ਦੱਸ ਕੇ ਬਦਲਾ ਲੈਣ ਲਈ ਤਿਆਰ ਕੀਤਾ।

ਪਹਿਲਾਂ ਤਾਂ ਕੁਰੂਕਸ਼ੇਤਰ ਵਾਂਗ ਉਥੇ ਹੀ ਯੁੱਧ ਹੋਇਆ ਜਿਥੇ ਇਕੱਠੇ ਰਹਿੰਦੇ ਸਨ, ਤੇ ਵੱਡੀ ਗਿਣਤੀ 'ਚ ਸੱਪ ਮਾਰੇ ਗਏ, ਜਾਂ ਉਹ ਥਾਂ ਛੱਡ ਕੇ ਚਲੇ ਗਏ ਪਰ ਦੁਸ਼ਮਣੀ 'ਚ ਹਮਲਿਆਂ ਦਾ ਸਿਲਸਿਲਾ ਜਾਰੀ ਰਿਹਾ। ਸਮਾਂ ਪਾ ਕੇ ਸਿਆਣੇ ਨਿਉਲਿਆਂ ਤੇ ਸੱਪਾਂ ਨੇ ਜੰਗਬੰਦੀ ਦੀ ਗੱਲ ਤੋਰੀ। ਵਿਚੋਲਿਆਂ ਰਾਹੀਂ ਸਿੱਟਾ ਵੀ ਚੰਗਾ ਨਿਕਲ ਆਇਆ। ਸਮਝੌਤਾ ਸਿਰੇ ਚੜ੍ਹ ਗਿਆ। ਫਿਰ ਤੋਂ 'ਕੱਠੇ ਰਹਿਣ ਦੀ ਸਹਿਮਤੀ ਇਸ ਗੱਲ 'ਤੇ ਹੋਈ ਕਿ ਨਾਗ ਸੱਪ ਪਿੱਠ 'ਤੇ ਨਿਉਲਿਆਂ ਦਾ ਮੁਖੀ ਬਿਠਾ ਕੇ ਸਮੁੰਦਰ ਦੇ ਦੂਜੇ ਕਿਨਾਰੇ ਨੂੰ ਛੂਹ ਕੇ ਮੁੜੇਗਾ।

ਨਾਗ ਨੇ ਕਿਹਾ, 'ਗੱਲ ਕਿਹੜੀ ਐ? ਬਿਠਾਓ ਨਿਉਲੇ ਨੂੰ ਪਿੱਠ 'ਤੇ।'

ਬਾਬੇ ਆਦਮ ਵਾਂਗ ਸਰਦਾਰ ਨਿਉਲਾ ਛਾਲ ਮਾਰ ਕੇ ਬਹਿ ਗਿਆ ਪਿੱਠ 'ਤੇ।

ਤੇ ਹੋ ਗਿਆ ਸਫ਼ਰ ਸ਼ੁਰੂ। ਸੈਂਕੜੇ ਨਿਉਲੇ ਤੇ ਸੱਪ ਸਮੁੰਦਰ ਕਿਨਾਰੇ ਬੈਠੇ ਦੋਸਤੀ ਦੇ ਨਵੇਂ ਸਫ਼ਰ ਦਾ ਅਨੰਦ ਮਾਣ ਰਹੇ ਸਨ। ਬਦਕਿਸਮਤੀ ਕਿ ਸਮੁੰਦਰ ਦੇ ਅੱਧ ਵਿਚਕਾਰ ਜਦੋਂ ਦੋਵੇਂ ਗਏ ਤਾਂ ਤੂਫ਼ਾਨ ਆ ਗਿਆ। ਨਿਉਲਾ ਪਾਣੀ ਦੀਆਂ ਛੱਲਾਂ 'ਚ ਪ੍ਰਾਣ ਤਿਆਗ ਗਿਆ।

ਬਾਹਰ ਬੈਠਿਆਂ 'ਚੋਂ ਕਿਸੇ ਨੂੰ ਇਲਮ ਨਹੀਂ ਸੀ। ਜਦੋਂ ਸੱਪ ਇਕੱਲਾ ਵਾਪਿਸ ਪਰਤਿਆ ਤਾਂ ਨਿਉਲੇ ਅੱਗ ਦੇ ਭਾਂਬੜਾਂ ਵਾਂਗ ਮੱਚ ਉਠੇ ਕਿ ਸੱਪਾਂ ਨੇ ਸ਼ੈਤਾਨੀ ਨਾਲ ਸਾਡਾ ਵਾਰਿਸ ਡੋਬ ਕੇ ਮਾਰਿਆ ਹੈ।

ਸਮੁੰਦਰ 'ਚੋਂ ਨਿਕਲਦੇ ਸਾਰ ਸੱਪ ਬਥੇਰਾ ਕਹੇ, 'ਭੁਜੰਗ ਪ੍ਰਯਾਨ' ਯਾਨਿ ਮਿੱਤਰ ਗਿਆ, ਪਰ ਉਹ ਗਿਆ ਕਿਵੇਂ, ਇਹ ਦੱਸਣ ਤੋਂ ਪਹਿਲਾਂ ਹੀ ਨਿਉਲੇ ਸੱਪਾਂ 'ਤੇ ਟੁੱਟ ਪਏ, ਸਾਰੇ ਸੱਪ ਥਾਏਂ ਪਾਰ ਬੁਲਾ ਦਿੱਤੇ। ਆਪਣੇ ਪੁਰਖਿਆਂ ਦਾ ਬਦਲਾ ਲੈਣ ਦੀ ਗੱਲ ਨਿਉਲੇ ਦੇ ਖ਼ੂਨ 'ਚ ਹੈ। ਇਸੇ ਲਈ ਸੱਪ ਨੂੰ ਉਹ ਦੇਖਣਾ ਨਹੀਂ, ਮਾਰ ਦੇਣਾ ਚਾਹੁੰਦਾ ਹੈ। ਉਹਦੇ ਖ਼ੂਨ 'ਚ ਦੁਸ਼ਮਣੀ ਦਾ ਅੰਗਿਆਰ ਹੈ।

## ਬਿਨ ਪੈਸੇ ਜਾਂਦੀ ਹੈ 'ਜੈ ਹਿੰਦ' ਬੋਲ ਜੁਗਨੀਏ ਨੀ...

### ਧੁੱਪੇ ਬੈਠੀਆਂ ਯਾਦਾਂ

ਮਹਾਨ ਲੋਕਾਂ ਦੀਆਂ ਤਸਵੀਰਾਂ ਜਾਂ ਮੂਰਤੀਆਂ ਦੇ ਮੱਥੇ 'ਤੇ ਕਦੇ ਤਿਊੜੀ ਨਹੀਂ ਪਈ ਹੋਈ ਦੇਖੀ, ਤੇ ਜਿਸ ਮਨੁੱਖ ਦੀ ਪਿੱਠ-ਭੂਮੀ 'ਤੇ ਯਾਦਾਂ ਦੀ ਟੋਕਰੀ ਨਹੀਂ, ਉਹਦੇ ਕੋਲ ਡਗਾ ਤਾਂ ਹੋ ਸਕਦੈ ਪਰ ਮਾਰਨ ਲਈ ਢੋਲ ਨਹੀਂ ਹੋ ਸਕਦਾ। ਇਸੇ ਲਈ ਯਾਦਾਂ ਦਾ ਤਾਲ ਜ਼ਿੰਦਗੀ 'ਚ ਰੰਗ ਭਰਨ ਲਈ ਕੁਝ ਸਿਰਜਣਾ ਜ਼ਰੂਰ ਚਾਹੀਦੈ। ਨਿਰਮਲ ਸਿੱਧੂ ਵੱਡਾ ਗਾਇਕ ਅਖਵਾਉਂਦਾ ਹੋਵੇ, ਸੰਗੀਤਕਾਰ ਬਣ ਗਿਆ ਹੋਵੇ, ਉਹਦੇ ਚੇਲੇ ਬੜੇ ਹੋਣ ਪਰ ਮੈਂ ਨਹੀਂ ਅਨੇਕਾਂ ਲੋਕ ਉਹਨੂੰ ਉਹਦੇ ਇਕ ਗੀਤ: ਨਿਰਮਲ ਸਿੱਧੂ ਐ, ਇਹਦਾ ਗੀਤ ਸੁਣੋ। ਜਲੰਧਰ ਦੂਰਦਰਸ਼ਨ ਨੇ ਗੁਰਦਾਸ ਮਾਨ, ਹੰਸ ਸਮੇਤ ਬੜੇ ਗਵੱਈਏ ਪੈਦਾ ਕੀਤੇ ਨੇ। ਗੱਲ ਹਰਜੀਤ ਦੇ ਫੁੱਟਬਾਲ ਚੌਕ ਨੇੜਲੇ ਘਰ ਦੀ ਹੈ। ਖ਼ੈਰ! ਗੀਤ 'ਰੌਣਕ ਮੇਲਾ' 'ਚ ਹਰਜੀਤ ਨੇ ਚਲਾ ਦਿੱਤਾ। ਗੀਤ ਵੀ ਚੱਲ ਗਿਆ, ਤੇ ਨਿਰਮਲ ਸਿੱਧੂ ਵੀ ਚੱਲ ਗਿਆ।

ਇਹ ਫੋਟੋ ਬੈਲਜੀਅਮ ਦੇ ਹਾਸਲਟ ਸ਼ਹਿਰ ਦੀ ਹੈ, ਉਦੋਂ ਮੇਰੇ ਚਿੱਟਾ ਕੋਈ ਨਹੀਂ ਆਇਆ ਸੀ। ਸੁਨੀਤਾ ਭੱਟੀ ਨਾਲ ਦੋ-ਗਾਣੇ ਗਾਉਂਦੇ ਸਿੱਧੂ ਨੂੰ ਦੇਖ ਕੇ 'ਦਿਲ ਦਾ ਖਿਡੌਣਾ' ਵਾਲਾ ਗੀਤ ਚੇਤੇ ਆ ਗਿਆ। ਮੈਨੂੰ



(ਖੱਬੇ) ਨਿਰਮਲ ਸਿੱਧੂ ਲੇਖਕ ਅਸ਼ੋਕ ਭੌਰਾ ਤੇ ਇਕ ਹੋਰ ਸਾਥੀ ਨਾਲ

ਰੰਗ ਮਹਿੰਦੀ ਦਾ ਵੀ ਲਾਲ<br>
ਰੰਗ ਲਹੂ ਦਾ ਵੀ ਲਾਲ।<br>
ਕੀ ਹੋ ਗਿਆ ਜੇ ਕੈਦੋਂ ਹੋਰੀਂ<br>
ਖੇਡ ਗਏ ਨੇ ਚਾਲ।<br>
ਲਹੂ ਮਹਿੰਦੀ 'ਚ ਲਗਾ ਕੇ ਲਾ ਲਈਂ ਤਲੀਆਂ<br>
ਨੀ ਤੂੰ ਹੱਸ ਕੇ ਸੈਦੇ ਦੀ ਡੋਲੀ ਬਹਿ ਜਾ।<br>
ਕਦੇ-ਕਦੇ ਖੇਡ ਲਿਆ ਕਰੀਂ<br>
ਮੇਰੇ ਦਿਲ ਦਾ ਖਿਡੌਣਾ ਨਾਲ ਲੈ ਜਾ...

ਨਾਲ ਹਮੇਸ਼ਾ ਸਾਡੇ ਚੇਤੇ 'ਚ ਰਹਿੰਦੈ। ਇਹ ਗੀਤ ਫਰੀਦਕੋਟ 'ਚ ਰਿਕਸ਼ਾ ਚਲਾਉਣ ਵਾਲੇ ਮਸਤਾਨੇ ਦਾ ਲਿਖਿਆ ਹੋਇਐ। ਨੱਬੇ-ਕੰਨਵੇਂ ਦੇ ਗੇੜ 'ਚ ਸਿੱਧੂ ਮੇਰੇ ਕੋਲ ਆਉਂਦਾ, ਪਿੰਡ ਕਈ-ਕਈ ਦਿਨ ਰਹਿੰਦਾ। ਇਸ ਗੀਤ ਨੂੰ ਮੈਂ ਕਈ-ਕਈ ਵਾਰ ਸੁਣਦਾ। ਇਕ ਦਿਨ ਮੈਂ ਜਲੰਧਰ ਦੂਰਦਰਸ਼ਨ 'ਤੇ 'ਕੱਚ ਦੀਆਂ ਮੁੰਦਰਾਂ' ਵਾਲੇ ਹਰਜੀਤ ਨੂੰ ਕਿਹਾ, 'ਆਹ ਮੇਰੇ ਨਾਲ ਲੱਗਾ, ਉਹ ਮਰਸਡੀਜ਼ ਦਾ ਪੁਰਜਾ ਅੰਬੈਸਡਰ ਦੇ ਪਤਾ ਨੀ ਕਿਉਂ ਚੜ੍ਹਾਉਣ ਲੱਗ ਪਿਐ? ਗੱਲ 1994 ਦੀ ਐ। ਕਹਿਣ 'ਤੇ ਜਲੰਧਰ ਆ ਕੇ ਰਹਿਣ ਲੱਗ ਪਿਆ। ਫਿਰ ਉਹ ਸ਼ੌਕੀ ਮੇਲੇ 'ਤੇ ਆਇਆ। ਟਾਇਮ ਬੜਾ ਲੇਟ ਮਿਲਿਆ, ਪਰ ਉਹਨੇ ਗਾਇਆ ਜ਼ਰੂਰ, ਭਾਵੇਂ ਖਾਲੀ ਕੁਰਸੀਆਂ ਨੂੰ ਹੀ ਸੁਣਾਇਆ। ਫਿਰ ਉਹ ਮੂੰਹ ਘੁਮਾ ਕੇ ਮਿਲਣ ਲੱਗ ਪਿਆ। ਮੈਂ ਸੰਗੀਤ ਸ਼ਾਸਤਰੀ ਨਹੀਂ, ਪਰ ਨਿਰਮਲ ਸਿੱਧੂ ਜਿਸ ਤਰ੍ਹਾਂ ਦਾ ਗਾਇਕ ਹੈ, ਉਹ ਦਿਨ ਉਹਦੇ ਦੇਖਣੇ ਹਾਲੇ ਬਾਕੀ ਹਨ। ਇਸੇ ਕਰਕੇ, ਸ਼ਾਇਦ ਅੱਜ-ਕੱਲ੍ਹ ਉਹ ਵੱਖ-ਵੱਖ ਨਗਾਂ ਵਾਲੀਆਂ ਮੁੰਦਰੀਆਂ ਬੜੀਆਂ ਪਾਉਂਦੈ। ਹੁਣ ਉਹਦੇ ਕਿੰਨੇ ਕੁ ਪ੍ਰੋਗਰਾਮ ਨੇ, ਪਤਾ ਨਹੀਂ?, ਪਰ ਬੈਲਜੀਅਮ 'ਚ 'ਬਾਬੀ' ਫਿਲਮ ਜਿੰਨੀ ਭੀੜ ਖਿੱਚ ਗਿਆ ਸੀ। ਟਰੈਕਟਰ ਖਰੀਦ ਕੇ ਜੱਟ ਮਕੈਨਿਕ ਆਪੇ ਬਣ ਜਾਂਦਾ ਹੈ।

-ਐਸ. ਅਸ਼ੋਕ ਭੌਰਾ

ਵਿਚਾਰ-ਚਰਚਾ

# ਸਾਕਾ ਨੀਲਾ ਤਾਰਾ ਦੀ ਜ਼ਿੰਮੇਵਾਰੀ ਕਿੰਜ ਟਿੱਕੀਏ?

## ਇਸ ਮਹਾਂ ਦੁਖਾਂਤ ਤੋਂ ਕਿਹੜੇ ਸਬਕ ਲਏ ਜਾਣ

**ਅਭੈ ਸਿੰਘ**

ਸ. ਅਜਮੇਰ ਸਿੰਘ ਦੀ ਤੀਸਰੀ ਕਿਤਾਬ ਪੜ੍ਹਨ ਤੋਂ ਇਨਕਾਰ ਦੀ ਮੇਰੀ ਦਲੀਲ ਇਹ ਸੀ ਕਿ 1984 ਦਾ ਨੀਲਾ ਤਾਰਾ ਤੇ ਦਿੱਲੀ ਦੀ ਕਤਲੋਗਾਰਤ ਨੂੰ ਪਹਿਲਾਂ ਹੀ ਨਾ ਮੰਨਣਯੋਗ, ਨਾ ਭੁੱਲਣਯੋਗ ਤੇ ਨਾ ਹੀ ਬਖ਼ਸ਼ਣਯੋਗ ਸਮਝ ਰਿਹਾ ਹਾਂ ਤਾਂ ਇਸ ਬਾਰੇ ਮੈਨੂੰ ਹੋਰ ਦਲੀਲਾਂ ਜਾਨਣ ਦੀ ਲੋੜ ਨਹੀਂ, ਹਾਲਾਂਕਿ ਮੇਰੇ ਦੋਸਤ ਇਸ ਨੂੰ ਪੜ੍ਹਨ ਲਈ ਜ਼ੋਰ ਦਿੰਦੇ ਆਏ ਸਨ। ਅਖ਼ੀਰ ਇਕ ਲੰਮੀ ਰੇਲ ਯਾਤਰਾ ਦੇ ਮੌਕੇ ਮੈਂ ਇਹ ਕਿਤਾਬ ਖ਼ਰੀਦ ਵੀ ਲਈ ਤੇ ਸਾਰੀ ਪੜ੍ਹੀ ਵੀ। ਹੁਣ ਮੈਂ ਸਮਝਦਾ ਹਾਂ ਕਿ ਪੜ੍ਹ ਕੇ ਚੰਗਾ ਕੀਤਾ ਹੈ। ਇਸ ਵਿਚ ਪਹਿਲੀਆਂ ਕਿਤਾਬਾਂ ਨਾਲੋਂ ਖ਼ਾਸ ਵੱਖਰਾ ਤਾਂ ਨਹੀਂ ਪਰ ਕੁਝ ਜ਼ਿਆਦਾ ਸਪਸ਼ਟ ਲਿਖਿਆ ਹੈ।


ਇਸ ਕਿਤਾਬ ਦੀ ਭੂਮਿਕਾ ਵਿਚ ਜ਼ਿਆਦਾ ਜ਼ੋਰ ਇਸ ਗੱਲ 'ਤੇ ਦਿੱਤਾ ਹੈ ਕਿ 1984 ਦਾ ਕਹਿਰ ਭੁੱਲਣਯੋਗ ਨਹੀਂ। ਉਹ ਠੀਕ ਲਿਖਦੇ ਹਨ। ਇਤਿਹਾਸ ਦਾ ਕੋਈ ਵੀ ਪੰਨਾ ਭੁੱਲਣਯੋਗ ਨਹੀਂ ਹੁੰਦਾ। ਸਵਾਲ ਸਿਰਫ਼ ਇਹ ਹੈ ਕਿ ਇਨ੍ਹਾਂ ਨੂੰ ਯਾਦ ਕਰਨ ਦਾ ਸਹੀ ਤਰੀਕਾ ਕੀ ਹੈ? ਇਸ ਬਾਰੇ ਲੇਖਕ ਵੱਲੋਂ ਚੁਣੀ ਐਲੀ ਵੀਜ਼ਲ ਦੀ ਟੂਕ ਬਿਲਕੁਲ ਢੁਕਵੀਂ ਹੈ ਕਿ "ਅਤੀਤ ਨੂੰ ਰੋਣ ਵਾਸਤੇ ਨਹੀਂ ਚਿਤਾਰਿਆ ਜਾਂਦਾ, ਸਗੋਂ ਚਿੰਤਨ ਲਈ ਚਿਤਾਰਿਆ ਜਾਂਦਾ ਹੈ ਤਾਂ ਜੋ ਇਹ ਮੁੜ ਨਾ ਦੁਹਰਾਇਆ ਜਾਵੇ।" ਆਖਰੀ ਪੈਰੇ ਵਿਚ ਉਹ ਲਿਖਦੇ ਹਨ, "ਹਥਲਾ ਕਾਰਜ ਸਿੱਖ ਕੌਮ ਨੂੰ ਅਜਿਹੀ ਮੰਦਹੋਣੀ ਤੋਂ ਬਚਾਉਣ ਦਾ ਇਕ ਨਿਮਾਣਾ ਜਿਹਾ ਉਪਰਾਲਾ ਹੈ।" ਅਸਲ ਵਿਚ ਅਜਿਹੀਆਂ ਮੰਦਹੋਣੀਆਂ ਤੋਂ ਕਿਸੇ ਇਕ ਵਰਗ, ਮਜ਼ਹਬ ਜਾਂ ਕੌਮ ਨੂੰ ਵੱਖਰੇ ਤੌਰ 'ਤੇ ਨਹੀਂ ਬਚਾਇਆ ਜਾ ਸਕਦਾ। ਖੇਤਾਂ ਨੂੰ ਸਵਾਹ ਕਰਦੀ ਆ ਰਹੀ ਅੱਗ ਦੀ ਹਨੇਰੀ ਵਿਚੋਂ ਕੇਵਲ ਇਕ ਖੇਤ ਨਹੀਂ ਬਚਾਇਆ ਜਾ ਸਕਦਾ। ਸਾਡਾ ਉਪਰਾਲਾ ਸਾਰੀ ਮਨੁਖਤਾ ਨੂੰ ਬਚਾਉਣ ਦਾ ਹੋਣਾ ਚਾਹੀਦਾ ਹੈ ਜਿਸ ਵਿਚ ਹਰ ਕੌਮ ਤੇ ਫ਼ਿਰਕਾ ਆ ਜਾਂਦਾ ਹੈ।

ਇਸੇ ਤਰ੍ਹਾਂ ਦੀ ਨਾਜ਼ੀ ਕਹਿਰ ਵੇਲੇ ਦੀ ਇਕ ਟੂਕ ਮਸ਼ਹੂਰ ਹੈ। ਕੋਈ ਬੰਦੇ ਕਹਿ ਰਹੇ ਸਨ ਕਿ ਜਦੋਂ ਉਹ ਯਹੂਦੀਆਂ ਨੂੰ ਮਾਰ ਰਹੇ ਸਨ ਤਾਂ ਅਸੀਂ ਚੁੱਪ ਸਾਂ, ਜਦੋਂ ਉਹ ਕਮਿਊਨਿਸਟਾਂ ਨੂੰ ਮਾਰ ਰਹੇ ਸਨ, ਅਸੀਂ ਓਦੋਂ ਵੀ ਚੁੱਪ ਰਹੇ। ਫਿਰ ਜਦੋਂ ਉਹ ਸਾਨੂੰ ਮਾਰਨ ਲੱਗੇ ਤਾਂ ਸਾਡਾ ਰੌਲਾ ਕੋਈ ਨਹੀਂ ਸੁਣਦਾ ਸੀ। ਚੁਰਾਸੀ ਵਾਲਾ ਕਹਿਰ ਚੁਰਾਸੀ ਦੀ ਜਨਵਰੀ ਤੋਂ ਸ਼ੁਰੂ ਹੋ ਕੇ ਦਸੰਬਰ ਵਿਚ ਖ਼ਤਮ ਨਹੀਂ ਹੋ ਗਿਆ ਸੀ। ਇਹ ਕਹਿਰ ਪਹਿਲਾਂ ਵੀ ਹੋਏ ਤੇ ਬਾਅਦ ਵਿਚ ਵੀ ਜਾਰੀ ਹਨ, ਬੇਸ਼ੱਕ ਹਰ ਘਟਨਾ ਬਿਲਕੁਲ ਇਕੋ ਤਰ੍ਹਾਂ ਦੀ ਨਹੀਂ ਹੁੰਦੀ। ਨਵੰਬਰ ਚੁਰਾਸੀ ਦੀ ਭਿਆਨਕਤਾ ਬਾਰੇ ਮੇਰਾ ਕਹਿਣਾ ਹੈ ਕਿ ਅਜਿਹੇ ਹਿੰਸਕ ਕਹਿਰ ਦੀ ਤਲਵਾਰ ਅੱਜ ਵੀ ਕੱਚੇ ਧਾਗੇ ਨਾਲ ਸਾਰੀ ਮਨੁਖਤਾ ਦੇ ਸਿਰ ਉਪਰ ਲਟਕ ਰਹੀ ਹੈ, ਪਤਾ ਨਹੀਂ ਕਿਥੇ ਤੇ ਕਿਸ ਉਪਰ ਡਿੱਗ ਪਵੇ? ਖੁਦ ਸ. ਅਜਮੇਰ ਸਿੰਘ ਲਿਖਦੇ ਹਨ, "ਇਸ ਸਾਰੀ ਸਦੀ ਦੌਰਾਨ ਰਾਜ ਤੇ ਰਾਸ਼ਟਰ ਦੀ ਸੁਰੱਖਿਆ ਦੇ ਨਾਂ ਹੇਠ ਦੁਨੀਆਂ ਅੰਦਰ ਅਲੱਗ ਅਲੱਗ ਥਾਂਵਾਂ 'ਤੇ ਉਨੀ ਸੌ ਚੁਰਾਸੀ ਦੇ ਅਨੇਕਾਂ ਸੰਸਕਰਨ ਵੇਖਣ ਨੂੰ ਮਿਲੇ ਹਨ।"

ਸਾਡੇ ਮੁਲਕ ਦੇ 1984 ਬਾਰੇ ਸ. ਅਜਮੇਰ ਸਿੰਘ ਨੇ ਐਲੀ ਵੀਜ਼ਲ ਦਾ ਹਵਾਲਾ ਤਾਂ ਦੇ ਦਿੱਤਾ ਕਿ ਅਤੀਤ ਨੂੰ ਚਿੰਤਨ ਲਈ ਚਿਤਰਿਆ ਜਾਂਦਾ ਹੈ ਤਾਂ ਜੋ ਇਹ ਮੁੜ ਤੋਂ ਨਾ ਦੁਹਰਾਇਆ ਜਾਵੇ ਪਰ ਆਪਣੀ ਸਾਰੀ ਕਿਤਾਬ ਵਿਚ ਚੁਰਾਸੀ ਦੇ ਚਿੰਤਨ ਵਾਸਤੇ ਨਾ ਤਾਂ ਘਟਨਾਵਾਂ ਦੇ ਸਹੀ ਤਰ੍ਹਾਂ ਕਾਰਨ ਦੱਸੇ ਤੇ ਨਾ ਹੀ ਮੁੜ ਦੁਹਰਾਏ ਜਾਣ ਤੋਂ ਰੋਕਣ ਦੇ ਸੁਝਾਅ ਤਜਵੀਜ਼ ਕੀਤੇ ਹਨ। ਬਲਕਿ ਇਥੋਂ ਤੱਕ ਲੱਗਦਾ ਹੈ ਕਿ ਘਟਨਾਵਾਂ ਦੇ ਕਾਰਨ ਦੱਸਣ ਦੀ ਬਜਾਏ ਉਨ੍ਹਾਂ ਦਾ ਜ਼ਿਆਦਾ ਜੋਰ ਉਨ੍ਹਾਂ ਨੂੰ ਲੁਕਾਉਣ ਵਿਚ ਲੱਗ ਗਿਆ ਹੈ।

ਜੇ ਨੀਲਾ ਤਾਰਾ ਸਾਕੇ ਦਾ ਕਾਰਨ ਅਸਾਂ ਇਤਨਾ ਆਸਾਨ ਜਿਹਾ ਹੀ ਦੱਸਣਾ ਹੋਵੇ ਕਿ ਹਿੰਦੂ ਹਾਕਮਾਂ ਦੀ ਹਿੰਦੂ ਮਾਨਸਿਕਤਾ ਸਿੱਖਾਂ ਦੀ ਵਿਲੱਖਣ ਹਸਤੀ ਤੇ ਵੱਖਰੀ ਕੌਮ ਦੇ ਅਹਿਸਾਸ ਨੂੰ ਕੁਚਲਣਾ ਚਾਹੁੰਦੀ ਸੀ, ਤਾਂ ਸਵਾਲ ਪੈਦਾ ਹੁੰਦਾ ਹੈ 1947 ਤੋਂ ਲੈ ਕੇ 1984 ਤੱਕ ਉਨ੍ਹਾਂ ਅਜਿਹਾ ਕਿਉਂ ਨਹੀਂ ਕੀਤਾ ਤੇ ਫਿਰ 1984 ਤੋਂ ਬਾਅਦ ਅਕਾਲ ਤਖ਼ਤ ਦੀ ਰੱਖਿਆ ਵਾਸਤੇ ਕਿਹੜਾ ਹਥਿਆਰਬੰਦ ਦਸਤਾ ਬੈਠਾ ਹੈ ਜਿਸ ਤੋਂ ਹਿੰਦੂ ਹਾਕਮ ਡਰਦੇ ਹਮਲਾ ਨਹੀਂ ਕਰ ਰਹੇ? ਅੱਵਲ ਤਾਂ ਜਰਵਾਣਿਆਂ ਨੂੰ ਬਹਾਨਿਆਂ ਦੀ ਲੋੜ ਨਹੀਂ ਹੁੰਦੀ ਪਰ ਜੇ ਕਿਹਾ ਜਾਵੇ ਕਿ ਹਿੰਦੂ ਹਾਕਮ ਸਿਰਫ਼ ਮਕਬੂਲ ਬਹਾਨੇ ਦੀ ਉਡੀਕ ਵਿਚ ਸਨ ਤਾਂ ਜ਼ਰੂਰ ਪਤਾ ਕਰਨਾ ਚਾਹੀਦਾ ਹੈ ਕਿ 1984 ਵਿਚ ਉਨ੍ਹਾਂ ਨੂੰ ਬਹਾਨਿਆਂ ਦੀ ਸੇਵਾ ਕਿਸ ਨੇ ਬਖ਼ਸ਼ੀ?

ਚਾਰ ਸੌ ਸਫ਼ੇ ਦੀ ਇਸ ਕਿਤਾਬ ਵਿਚ ਕਰੀਬ ਸੌ ਜਗ੍ਹਾ ਇਹ ਜ਼ਿਕਰ ਹੈ ਕਿ ਭਾਰਤ ਸਰਕਾਰ ਆਜ਼ਾਦੀ ਤੋਂ ਬਾਅਦ ਲਗਾਤਾਰ ਮੁਲਕ ਦੇ ਸਾਰੇ ਧਰਮਾਂ ਤੇ ਜਾਤਾਂ ਵਾਲੇ ਲੋਕਾਂ ਨੂੰ ਇਕ ਭਾਰਤੀ ਕੌਮ ਦੇ ਤਸੱਵਰ ਵਿਚ ਲਿਆਉਣ ਵਾਸਤੇ ਉਪਰਾਲੇ ਕਰਦੀ ਆ ਰਹੀ ਸੀ। ਇਕ ਜਗ੍ਹਾ ਇਹ ਵੀ ਲਿਖਿਆ ਹੈ, "1947 ਵਿਚ ਭਾਰਤੀ ਰਾਜ ਦਾ ਅੰਗ ਬਣਨ ਨੂੰ ਤਰਜੀਹ ਦੇਣ ਵਾਲੇ ਧਾਰਮਿਕ ਤੇ ਸਭਿਆਚਾਰਕ ਵਰਗਾਂ ਉਤੇ ਭਾਰਤੀ ਰਾਜ ਨੇ ਇਹ ਅਣਐਲਾਨੀ ਸ਼ਰਤ ਮੜ੍ਹ ਦਿੱਤੀ ਸੀ ਕਿ ਭਾਰਤ ਅੰਦਰ ਰਹਿਣ ਲਈ ਉਨ੍ਹਾਂ ਨੂੰ 'ਇਕੋ ਸਾਂਝੀ ਭਾਰਤੀ ਕੌਮ' ਦੀ ਧਾਰਨਾ ਨੂੰ ਸਿਧਾਂਤ ਤੇ ਅਮਲ ਦੀ ਪੱਧਰ 'ਤੇ ਪੂਰੀ ਸ਼ਰਧਾ ਤੇ ਅਧੀਨਗੀ ਨਾਲ ਪ੍ਰਵਾਨ ਕਰਕੇ ਚੱਲਣਾ ਪੈਣਾ ਹੈ। ਇਸ ਬਾਰੇ ਕਿਸੇ ਵੀ ਕਿੰਤੂ-ਪਰੰਤੂ ਦੀ ਇਜਾਜ਼ਤ ਨਹੀਂ ਹੋਵੇਗੀ।" ਇਸ ਕਥਨ ਵਿਚ ਜ਼ਰਾ ਵੀ ਸੱਚਾਈ ਨਹੀਂ। ਨਾ ਹੀ ਕਿਸੇ ਵਰਗ ਨੇ ਭਾਰਤੀ ਰਾਜ ਦਾ ਹਿੱਸਾ ਬਣਨ ਦੀ ਦਰਖ਼ਾਸਤ ਦਿੱਤੀ ਤੇ ਨਾ ਹੀ ਕਿਸੇ ਨੇ ਸ਼ਰਤ ਲਾਈ।



ਨੀਲਾ ਤਾਰਾ ਦੁਖਾਂਤ ਦੀ ਅਹਿਮ ਕੜੀ ਦਰਬਾਰ ਸਾਹਿਬ ਅੰਦਰ ਹਥਿਆਰਾਂ ਦਾ ਇਕੱਠਾ ਕਰਨਾ ਹੈ। ਇਸ ਬਾਰੇ ਸ. ਅਜਮੇਰ ਸਿੰਘ ਦੇ ਲਫ਼ਜ਼ ਡਰਾਵਣੀ ਹੈਰਾਨੀ ਪੈਦਾ ਕਰਦੇ ਹਨ। ਉਹ ਲਿਖਦੇ ਹਨ, "ਦਰਬਾਰ ਸਾਹਿਬ ਭਵਨ ਸਮੂਹ ਨੂੰ ਹਥਿਆਰਬੰਦ ਸਰਗਰਮੀਆਂ ਦਾ ਕੇਂਦਰ ਬਣਾਉਣਾ ਅਤੇ ਉਥੇ ਹਥਿਆਰ ਤੇ ਅਸਲਾ ਆਦਿ ਜਮਾ ਕਰਨਾ ਭਾਰਤੀ ਹਾਕਮਾਂ ਦੇ ਦ੍ਰਿਸ਼ਟੀਕੋਣ ਤੋਂ ਵੇਖਿਆਂ ਭਲੇ ਹੀ ਸੰਗੀਨ ਜੁਰਮ ਸੀ ਪਰ ਸਿੱਖ ਦ੍ਰਿਸ਼ਟੀਕੋਣ ਤੋਂ ਵੇਖਿਆਂ ਇਹ ਕਿਸੇ ਵੀ ਲਿਹਾਜ਼ ਨਾਲ ਸਿੱਖ ਸਿਧਾਂਤਾਂ ਤੇ ਰਵਾਇਤਾਂ ਦਾ, ਅਤੇ ਦਰਬਾਰ ਸਾਹਿਬ ਦੀ ਮਾਣ ਮਰਿਆਦਾ ਦਾ ਉਲੰਘਣ ਨਹੀਂ।" ਇਹ ਸ਼ਬਦਾਵਲੀ ਬਹੁਤ ਭਿਅੰਕਰ ਹੈ। ਅੱਗੇ ਜਾ ਕੇ ਸਫ਼ਾ 214 'ਤੇ ਲਿਖਿਆ ਹੈ, "ਜਿਥੋਂ ਤੱਕ ਦਰਬਾਰ ਸਾਹਿਬ ਕੰਪਲੈਕਸ ਅੰਦਰ ਹਥਿਆਰ ਲਿਜਾਣ ਦੀ ਗੱਲ ਹੈ, ਇਸ ਬਾਰੇ ਬੀਬੀ ਰਾਜਿੰਦਰ ਕੌਰ ਦੀ ਦਲੀਲ ਇਹ ਸੀ ਕਿ 'ਸ੍ਰੀ ਅਕਾਲ ਤਖ਼ਤ ਦੇ ਬਾਨੀ ਗੁਰੂ ਹਰਗੋਬਿੰਦ ਸਾਹਿਬ ਦੇ ਹੁਕਮਨਾਮੇ ਮੌਜੂਦ ਹਨ ਜਿਨ੍ਹਾਂ ਵਿਚ ਲਿਖਿਆ ਹੋਇਆ ਹੈ ਕਿ ਮੇਰੇ ਸਨਮੁੱਖ ਹਰ ਸਿੱਖ ਤਿਆਰ ਬਰ ਤਿਆਰ ਸ਼ਸਤਰ ਸਜਾ ਕੇ ਆਵੇ। ਸਿੱਖੀ ਸਿਧਾਂਤ ਅਨੁਸਾਰ ਬਸਤਰਾਂ ਵਾਂਗ ਸ਼ਸਤਰ ਸਿੰਘਾਂ ਦਾ ਇਕ ਸ਼ਿੰਗਾਰ ਹੀ ਹਨ।" ਇਸ ਪੈਰੇ ਦੀ ਅਖ਼ੀਰਲੀ ਸਤਰ ਦੇ ਲਫ਼ਜ਼ ਹਨ, "ਇਸ ਕਰਕੇ ਦਰਬਾਰ ਸਾਹਿਬ ਅੰਦਰ ਅਸਲਾ ਨਾ ਆਉਣ ਦੀ ਗੱਲ ਸਿੱਖਾਂ ਨੂੰ ਇਕ ਵਾਧੂ ਜਿਹੀ ਸ਼ਰਤ ਮੰਨਣ ਬਰਾਬਰ ਲੱਗਦੀ ਹੈ।"

ਕੁੱਲ ਮਿਲਾ ਕੇ ਐਹੋ ਜਿਹੀਆਂ ਗੱਲਾਂ ਲਿਖਣ ਦਾ ਸ. ਅਜਮੇਰ ਸਿੰਘ ਦਾ ਕੀ ਮਤਲਬ ਹੋਵੇਗਾ? ਕੀ ਉਹ ਚਾਹੁੰਦੇ ਹਨ ਕਿ ਇਨ੍ਹਾਂ ਇਤਿਹਾਸਕ ਪਰੰਪਰਾਵਾਂ ਦੇ ਮੱਦੇਨਜ਼ਰ ਇਸ ਮੁਲਕ ਵਿਚ ਹੋਰਨਾਂ ਵਾਸਤੇ ਤਾਂ ਹਥਿਆਰਾਂ ਦੇ ਲਾਇਸੰਸਾਂ ਦੀ ਜ਼ਰੂਰਤ ਹੋਵੇ ਪਰ ਸਿੱਖਾਂ ਨੂੰ ਛੋਟ ਚਾਹੀਦੀ ਹੈ? ਇਸੇ ਹਵਾਲੇ ਨਾਲ ਉਹ ਤਾਂ ਦਰਬਾਰ ਸਾਹਿਬ ਨੂੰ 'ਹਥਿਆਰਬੰਦ ਸਰਗਰਮੀਆਂ ਦਾ ਕੇਂਦਰ' ਬਣਾਉਣਾ ਵੀ ਦਰੁਸਤ ਮੰਨਦੇ ਹਨ। ਮੈਂ ਵਾਰ ਵਾਰ ਕਿਆਸ ਕਰਦਾ ਹਾਂ ਕਿ 'ਹਥਿਆਰਬੰਦ ਸਰਗਰਮੀਆਂ' ਕੀ ਹੁੰਦੀਆਂ ਹੋਣਗੀਆਂ ਤੇ ਇਸ ਦਾ ਕੇਂਦਰ ਕੀ ਹੋਵੇਗਾ? ਹੋਰਨਾਂ ਪਾਠਕਾਂ ਦਾ ਪਤਾ ਨਹੀਂ, ਮੈਂ ਤਾਂ ਜਿੰਨੀ ਵਾਰ ਪੜ੍ਹਦਾ ਤੇ ਕਿਆਸ ਕਰਦਾ ਹਾਂ, ਮੇਰੇ ਸਰੀਰ ਵਿਚ ਇਕ ਕਾਂਬਾ ਜਿਹਾ ਛਿੜਦਾ ਹੈ ਕਿਉਂਕਿ ਹਥਿਆਰਾਂ ਦੀ ਵਰਤੋਂ ਬੰਦੇ ਮਾਰਨ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਦੀ ਨਹੀਂ ਹੋ ਸਕਦੀ!

ਅਜਿਹੀਆਂ ਸਤਰਾਂ ਪੜ੍ਹ ਕੇ ਮੈਨੂੰ ਭੁਲੇਖਾ ਲੱਗਦਾ ਹੈ ਕਿ ਸ. ਅਜਮੇਰ ਸਿੰਘ ਨੇ ਇਹ ਕਿਤਾਬ ਆਪਰੇਸ਼ਨ ਨੀਲਾ ਤਾਰਾ ਨੂੰ ਗੈਰ ਵਾਜਿਬ ਠਹਿਰਾਉਣ ਵਾਸਤੇ ਲਿਖੀ ਹੈ ਕਿ ਵਾਜਬ ਠਹਿਰਾਉਣ ਵਾਸਤੇ। ਸਪੱਸ਼ਟ ਹੈ ਕਿ ਦੁਨੀਆਂ ਦੀ ਕੋਈ ਵੀ ਸਰਕਾਰ ਆਪਣੇ ਹੀ ਮੁਲਕ ਵਿਚ ਕਿਧਰੇ 'ਹਥਿਆਰਬੰਦ ਸਰਗਰਮੀਆਂ ਦਾ ਕੇਂਦਰ' ਬਰਦਾਸ਼ਤ ਨਹੀਂ ਕਰ ਸਕਦੀ। ਜੇ ਕਿਧਰੇ ਕਿਸੇ ਕੀਤਾ ਹੋਵੇ ਤਾਂ ਜਾਨਣਾ ਚਾਹਾਂਗਾ। ਇਸ ਵਿਚ 'ਹਿੰਦੂ ਮਾਨਸਿਕਤਾ' ਦਾ ਕੋਈ ਰੋਲ ਨਹੀਂ।

ਦਰਬਾਰ ਸਾਹਿਬ ਵਿਚ ਹਥਿਆਰਬੰਦ ਸਰਗਰਮੀਆਂ ਦਾ ਕੇਂਦਰ ਚਲਾਉਣ ਨੂੰ ਹੱਕੀ ਠਹਿਰਾਉਣ ਵਾਸਤੇ ਸ. ਅਜਮੇਰ ਸਿੰਘ ਲਿਖਦੇ ਹਨ, "ਸਿੱਖਾਂ ਲਈ ਗੁਰਦੁਆਰਾ ਅਜਿਹਾ ਮੁਤਬਰਕ ਤੇ ਖੁਦਮੁਖ਼ਤਿਆਰ ਖੇਤਰ ਹੈ ਜਿਸ ਦੀ ਚਾਰਦੀਵਾਰੀ ਅੰਦਰ ਦੁਨਿਆਵੀ ਸੱਤਾ ਦਾ ਕਾਨੂੰਨ ਲਾਗੂ ਨਹੀਂ ਹੁੰਦਾ। ਦੁਨਿਆਵੀ ਸੱਤਾ ਦੇ ਗਲਬੇ ਤੇ ਰੋਹਬਦਾਬੇ ਤੋਂ ਨਿਰਲੇਪ ਇਹ ਸਿੱਖਾਂ ਦੀ ਮਿੰਨੀ ਰੂਪ ਵਿਚ ਸੁਤੰਤਰ ਰਿਆਸਤ ਹੈ।" ਇਸ ਤੋਂ ਇਲਾਵਾ ਹਰਬੀਰ ਸਿੰਘ ਭੰਵਰ ਦੇ ਹਵਾਲੇ ਨਾਲ ਲਿਖਿਆ ਹੈ, "ਅੰਮ੍ਰਿਤਸਰ ਵਿਚ ਜਦੋਂ ਵੀ ਕੋਈ ਅੰਗਰੇਜ਼ ਡਿਪਟੀ ਕਮਿਸ਼ਨਰ ਦੀ ਨਿਯੁਕਤੀ ਹੁੰਦੀ ਸੀ ਤਾਂ ਉਸ ਨੂੰ ਇਹ ਕਿਹਾ ਜਾਂਦਾ ਸੀ ਕਿ ਉਹ ਸ੍ਰੀ ਦਰਬਾਰ ਸਾਹਿਬ ਨੂੰ ਆਪਣਾ ਇਲਾਕਾ ਨਾ ਸਮਝੇ।"

ਹੋ ਸਕਦਾ ਹੈ ਕਿ ਏਦਾਂ ਹੀ ਹੁੰਦਾ ਹੋਵੇਗਾ। ਜਦੋਂ ਕਿਸੇ ਅੰਗਰੇਜ਼ ਡਿਪਟੀ ਕਮਿਸ਼ਨਰ ਨੂੰ ਇਹ ਦੱਸਿਆ ਜਾਂਦਾ ਹੋਵੇਗਾ ਤਾਂ ਜ਼ਰੂਰ ਮੁਸਕਰਾ ਕੇ ਚੁੱਪ ਰਹਿੰਦਾ ਹੋਵੇਗਾ। ਉਹ ਇਸ ਦੇ ਅੰਦਰ ਚਲਦੀਆਂ ਧਾਰਮਿਕ ਤੇ ਸਮਾਜਕ ਸਰਗਰਮੀਆਂ ਨੂੰ ਆਪਣੀ ਦਿਲਚਸਪੀ ਤੋਂ ਬਾਹਰ ਰੱਖਦਾ ਹੋਵੇਗਾ। ਇਥੇ ਚਲਦੀਆਂ ਕੁਝ ਅੰਗਰੇਜ਼ ਵਿਰੋਧੀ ਚਰਚਾਵਾਂ ਨੂੰ ਵੀ ਉਹ ਨਜ਼ਰਅੰਦਾਜ਼ ਕਰਦਾ ਰਹਿੰਦਾ ਹੋਵੇਗਾ ਲੇਕਿਨ ਜੇ ਕਿਤੇ ਇਥੇ ਹਿੰਸਕ ਘਟਨਾਵਾਂ ਵਾਪਰਦੀਆਂ ਜਾਂ ਹੁਣ ਵਾਲਾ 'ਹਥਿਆਰਬੰਦ ਸਰਗਰਮੀਆਂ ਦਾ ਕੇਂਦਰ' ਖੁੱਲਦਾ ਤਾਂ ਉਹ ਜ਼ਰੂਰ ਦੱਸ ਦਿੰਦਾ ਕਿ ਇਹ ਕਿਸ ਦਾ ਇਲਾਕਾ ਹੈ? ਸ਼ੁਕਰ ਹੈ ਕਿ ਅੰਗਰੇਜ਼ੀ ਰਾਜ ਵੇਲੇ ਦਰਬਾਰ ਸਾਹਿਬ ਅੰਦਰ ਕੋਈ ਹਿੰਸਕ ਸਰਗਰਮੀ ਨਹੀਂ ਹੋਈ।

ਸ. ਅਜਮੇਰ ਸਿੰਘ ਦਾ ਕਹਿਣਾ ਹੈ ਕਿ ਨੀਲਾ ਤਾਰਾ ਵਾਸਤੇ ਦਰਬਾਰ ਸਾਹਿਬ ਅੰਦਰ ਹਥਿਆਰਬੰਦ ਸਰਗਰਮੀਆਂ ਦੇ ਕੇਂਦਰ ਦਾ ਸਿਰਫ਼ ਬਹਾਨਾ ਬਣਾਇਆ ਗਿਆ, ਇਸ ਦੇ ਅਸਲ ਮਕਸਦ ਹੋਰ ਸਨ। ਉਹ ਬਿਲਕੁਲ ਗ਼ਲਤ ਹਨ। ਅਸਲ ਕਾਰਨ ਇਹੀ ਸੀ ਬਾਕੀ ਸਭ ਗੱਲਾਂ ਜਿਵੇਂ ਕਿ ਦਰਬਾਰ ਸਾਹਿਬ ਦੀ ਪਵਿਤਰਤਾ ਬਹਾਲ ਕਰਨਾ ਤੇ ਵਿਦੇਸ਼ੀ ਖ਼ਤਰੇ ਦੀ ਰੋਕਥਾਮ ਆਦਿ ਫ਼ਜ਼ੂਲ ਦੇ ਬਹਾਨੇ ਸਨ। ਕੋਈ ਵੀ ਸਰਕਾਰ ਅਗਰ ਆਪਣੀਆਂ ਸਰਹੱਦਾਂ ਅੰਦਰ ਕਿਸੇ ਜਗ੍ਹਾ 'ਹਥਿਆਰਬੰਦ ਸਰਗਰਮੀਆਂ ਦੇ ਕੇਂਦਰ' ਨੂੰ ਨਜ਼ਰਅੰਦਾਜ਼ ਕਰਦੀ ਹੈ ਤਾਂ ਉਹ ਸਰਕਾਰ ਅਖਵਾਉਣ ਦੀ ਹੱਕਦਾਰ ਨਹੀਂ। ਆਖ਼ਰ ਕੀ ਹੁੰਦਾ ਹੈ-ਹਥਿਆਰਬੰਦ ਸਰਗਰਮੀਆਂ ਦਾ ਕੇਂਦਰ? ਇਸ ਦੇ ਅਰਥ ਸ਼ਹਿਰੀਆਂ ਦੇ ਕਤਲਾਂ ਤੋਂ ਬਿਨਾ ਹੋਰ ਕੁਝ ਨਹੀਂ ਨਿਕਲਦੇ, ਜੇ ਨਿਕਲਦੇ ਹੋਣ ਤਾਂ ਮੈਂ ਸਮਝਣ ਨੂੰ ਤਿਆਰ ਹਾਂ।

ਇਸ ਦੇ ਬਾਵਜੂਦ ਮੈਂ ਕਹਿੰਦਾ ਹਾਂ ਕਿ ਦਰਬਾਰ ਸਾਹਿਬ ਉਪਰ ਫੌਜੀ ਕਾਰਵਾਈ ਬੇਲੋੜੀ, ਬੇਸਮਝੀ ਤੇ ਬੇਈਮਾਨੀ ਭਰੀ ਸੀ। ਮੈਂ ਸੁਰੱਖਿਆ ਕਾਰਵਾਈਆਂ ਦਾ ਮਾਹਿਰ ਨਹੀਂ ਪਰ ਮੇਰਾ ਦਿਲ ਨਹੀਂ ਮੰਨਦਾ ਕਿ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚੋਂ ਹਥਿਆਰਬੰਦ ਸਰਗਰਮੀਆਂ ਦਾ ਕੇਂਦਰ ਬੰਦ ਕਰਨ ਵਾਸਤੇ ਇਤਨੀ ਵੱਡੀ ਤਬਾਹੀ ਦੀ ਜ਼ਰੂਰਤ ਸੀ ਜੋ ਕੀਤੀ ਗਈ। ਮੈਂ ਇਸ ਦੀ ਤੁਲਨਾ ਅਗਵਾ ਹੋਏ ਜਹਾਜ਼ ਨਾਲ ਕਰਦਾ ਹਾਂ। ਉਸ ਵਿਚ ਅਗਵਾਕਾਰੀਆਂ ਦਾ ਮਿਸ਼ਨ ਫੇਲ੍ਹ ਕਰਨ ਤੇ ਉਨ੍ਹਾਂ ਨੂੰ ਪਕੜਨ ਜਾਂ ਮਾਰਨ ਦਾ ਟੀਚਾ ਰੱਖਿਆ ਜਾਂਦਾ ਹੈ ਪਰ ਹੋਰ ਵੀ ਕਈ ਨਾਜ਼ੁਕ ਪਹਿਲੂ ਹੁੰਦੇ ਹਨ। ਜੇ ਇਨ੍ਹਾਂ ਪਹਿਲੂਆਂ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕੇ ਤਾਂ ਜਹਾਜ਼ ਨੂੰ ਗੋਲਾ ਮਾਰ ਕੇ ਸੁੱਟਿਆ ਜਾ ਸਕਦਾ ਹੈ। ਇਸ ਨਾਲ ਸਾਰੇ ਅਗਵਾਕਾਰੀ ਮਾਰੇ ਜਾਣਗੇ, ਇਹ ਗੱਲ ਵੱਖਰੀ ਕਿ ਯਾਤਰੀ ਵੀ ਮਾਰੇ ਜਾਣਗੇ ਤੇ ਜਹਾਜ਼ ਵੀ ਤਬਾਹ ਹੋ ਜਾਵੇਗਾ। ਨੀਲਾ ਤਾਰਾ ਬਿਲਕੁਲ ਇਹੋ ਜਿਹੀ ਕਾਰਵਾਈ ਸੀ। ਇਸ ਦੇ ਨਾਜ਼ੁਕ ਪਹਿਲੂ ਸੋਚੇ ਹੀ ਨਹੀਂ ਗਏ ਸਨ।

ਮੈਂ ਇਸ ਬਾਰੇ ਬਹੁਤ ਸਾਰਾ ਲਿਟਰੇਚਰ ਪੜ੍ਹਿਆ ਹੈ ਪਰ ਮੈਨੂੰ ਅਜੇ ਤੱਕ ਨਹੀਂ ਸਮਝ ਆਈ ਕਿ ਆਖ਼ਰ ਇਸ ਕਾਰਵਾਈ ਵਾਸਤੇ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਹੀ ਕਿਉਂ ਚੁਣਿਆ ਗਿਆ ਜਦੋਂ ਵੱਡੀ ਗਿਣਤੀ ਵਿਚ ਸ਼ਰਧਾਲੂ ਪਹੁੰਚਦੇ ਹਨ। ਫਿਰ ਅੰਦਰ ਫਸੇ ਆਮ ਯਾਤਰੀ ਤੇ ਸਿਵਲੀਅਨ ਲੋਕਾਂ, ਸਮੇਤ ਪ੍ਰਬੰਧਕ ਕਮੇਟੀ ਦੇ ਕਾਰਕੁੰਨਾਂ ਨੂੰ ਸੁਰੱਖਿਅਤ ਬਾਹਰ ਲਿਆਉਣ ਦਾ ਕੰਮ ਸਭ ਤੋਂ ਪਹਿਲਾਂ ਕਿਉਂ ਨਹੀਂ ਕੀਤਾ ਗਿਆ? ਇਹ ਅਖ਼ੀਰ ਵਿਚ ਕਿਉਂ ਕੀਤਾ ਗਿਆ?

ਮੇਰਾ ਦਾਅਵਾ ਹੈ ਕਿ ਫੌਜੀ ਤਕਨੀਕ ਦੇ ਪੱਖੋਂ ਨੀਲਾ ਤਾਰਾ ਬੁਰੀ ਤਰ੍ਹਾਂ ਫੇਲ੍ਹ ਸੀ। ਅਜਿਹਾ ਐਕਸ਼ਨ ਤਾਂ ਹੀ ਕਾਮਯਾਬ ਗਿਣਿਆ ਜਾ ਸਕਦਾ ਸੀ ਜੇ ਸਭ ਤੋਂ ਪਹਿਲਾਂ ਕਿਸੇ ਵੀ ਯਾਤਰੂ ਜਾਂ ਆਮ ਨਾਗਰਿਕ ਨੂੰ ਆਂਚ ਤੱਕ ਨਾ ਆਉਂਦੀ, ਕੋਈ ਫੌਜੀ ਵੀ ਨਾ ਮਰਦਾ, ਦਰਬਾਰ ਸਾਹਿਬ ਦੀ ਕਿਸੇ ਇਮਾਰਤ ਨੂੰ ਨੁਕਸਾਨ ਨਾ ਪਹੁੰਚਦਾ ਤੇ ਹਥਿਆਰਬੰਦ ਸਰਗਰਮੀ ਦਾ ਕੇਂਦਰ ਚਲਾਉਣ ਵਾਲੇ ਸਾਰੇ ਬੰਦਿਆਂ ਨੂੰ ਤਟਫਟ ਕਾਰਵਾਈ ਵਿਚ ਜ਼ਿੰਦਾ ਪਕੜ ਕੇ ਬਾਹਰ ਲਿਆਂਦਾ ਜਾਂਦਾ। ਸੰਸਾਰ ਦੀ ਓਦੋਂ ਚੌਥੀ ਵੱਡੀ ਫੌਜੀ ਸ਼ਕਤੀ ਦੇ ਆਪਣੇ ਹੀ ਮੁਲਕ ਵਿਚ ਤਿੰਨ ਦਿਨ ਫਸੇ ਰਹਿਣ ਨੂੰ ਕਈ ਲੋਕ ਤਾਂ ਅੰਦਰਲੇ ਹਥਿਆਰਬੰਦ ਬੰਦਿਆਂ ਦੀ ਬਹਾਦਰੀ ਦੱਸਦੇ ਹਨ ਪਰ ਮੈਂ ਇਸ ਨੂੰ ਫੌਜ ਦੀ ਨਾਅਹਿਲੀਅਤ ਤੇ ਨਿਕੰਮਾਪਣ ਸਮਝਦਾ ਹਾਂ। ਅੰਦਰੋਂ ਹਥਿਆਰਬੰਦ ਮੁਕਾਬਲੇ ਦੀ ਸੀਮਾ ਦਾ ਸਹੀ ਅਨੁਮਾਨ ਨਾ ਹੋਣਾ ਵੀ ਫੌਜੀ ਅਫ਼ਸਰਾਂ ਦੀ ਗੁਨਾਹਕਾਰ ਨਾਅਹਿਲੀਅਤ ਹੈ। ਕੋਈ ਹੋਰ ਮੁਲਕ ਹੁੰਦਾ ਤਾਂ ਇਨ੍ਹਾਂ ਫੌਜੀ ਅਫਸਰਾਂ ਨੂੰ ਤਰੱਕੀਆਂ ਦੀ ਥਾਂ ਸਜ਼ਾਵਾਂ ਮਿਲਦੀਆਂ।

ਮੁਲਕ ਦੇ ਕਾਨੂੰਨ ਤਹਿਤ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੀ ਚੁਣੀ ਹੋਈ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਪੁਰਦ ਹੈ। ਦਰਬਾਰ ਸਾਹਿਬ ਅੰਦਰ ਚੱਲਦੇ ਹਥਿਆਰਬੰਦ ਸਰਗਰਮੀਆਂ ਦੇ ਕੇਂਦਰ ਨੂੰ ਬੰਦ ਕਰਨ ਵਾਸਤੇ ਇਸ ਕਮੇਟੀ ਨੂੰ ਬਾਕਾਇਦਾ ਨੋਟਿਸ ਨਹੀਂ ਦਿੱਤਾ ਗਿਆ। ਤਲਾਸ਼ੀ ਦਾ ਵਰੰਟ ਪ੍ਰਾਪਤ ਨਹੀਂ ਕੀਤਾ ਤੇ ਕੋਈ ਐਫ ਆਈ ਆਰ ਵੀ ਦਰਜ ਨਹੀਂ ਕੀਤੀ। ਪੰਜਾਬ ਪੁਲਿਸ, ਸਿਵਿਲ ਪ੍ਰਸ਼ਾਸਨ ਤੇ ਪੰਜਾਬ ਦੇ ਰਾਜਨੇਤਾਵਾਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ। ਲੇਕਿਨ ਦੂਸਰੀ ਤਰਫ਼ ਸ਼੍ਰੋਮਣੀ ਕਮੇਟੀ ਅਤੇ ਦਰਬਾਰ ਸਾਹਿਬ ਦੇ ਸਤਿਕਾਰ ਦੇ ਮੁੱਦਈ ਹੋਣ ਦਾ ਦਾਅਵਾ ਕਰਦੇ ਸਿਆਸੀ ਨੇਤਾਵਾਂ ਦੀ ਗੁਨਾਹ ਭਰੀ ਲਾਪਰਵਾਹੀ ਤੇ ਕਮਜ਼ੋਰੀ '84 ਦੀ ਤਬਾਹੀ ਦਾ ਬਰਾਬਰ ਦਾ ਵੱਡਾ ਕਾਰਨ ਬਣੀ। ਤਿੰਨਾਂ ਸੂਬਿਆਂ ਦੇ ਸਿੱਖਾਂ ਨੇ ਵੋਟਾਂ ਪਾ ਕੇ ਗੁਰਦੁਆਰਿਆਂ ਦੀ ਜ਼ਿੰਮੇਵਾਰੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸਪੁਰਦ ਕੀਤੀ ਸੀ। ਜੇ ਸ. ਅਜਮੇਰ ਸਿੰਘ ਦੀ ਲਿਖਤ ਮੁਤਾਬਕ ਦਰਬਾਰ ਸਾਹਿਬ ਸਿੱਖਾਂ ਦੀ ਆਜ਼ਾਦ ਰਿਆਸਤ ਸੀ ਤਾਂ ਉਸ ਦਾ ਸਦਰ-ਏ-ਰਿਆਸਤ ਜਥੇਦਾਰ ਟੌਹੜਾ ਹੀ ਹੋ ਸਕਦਾ ਸੀ ਕਿਉਂਕਿ ਸਿੱਖਾਂ ਨੇ ਉਸੇ ਨੂੰ ਚੁਣਿਆ ਸੀ। ਉਥੇ ਕੋਈ ਕੰਮ ਉਸ ਦੇ ਹੁਕਮ ਬਿਨਾ ਨਹੀਂ ਹੋ ਸਕਦਾ ਸੀ। ਹੁਣ ਰਿਪੋਰਟਾਂ ਵਿਚ ਪੜ੍ਹ ਰਹੇ ਹਾਂ ਕਿ ਨੀਲਾ ਤਾਰਾ ਤੋਂ ਪਹਿਲਾਂ ਜਥੇਦਾਰ ਟੌਹੜਾ ਨੇ ਦਰਬਾਰ ਸਾਹਿਬ ਵਿਚ ਹਥਿਆਰਬੰਦ ਸਰਗਰਮੀਆਂ ਦਾ ਕੇਂਦਰ ਚਲਾਉਣ ਵਾਲਿਆਂ ਨੂੰ ਬਾਹਰ ਚਲੇ ਜਾਣ ਵਾਸਤੇ ਮਨਾਉਣ ਦੀ ਕੋਸ਼ਿਸ਼ ਕੀਤੀ। ਦਰਅਸਲ ਉਸ ਦੀ ਪਦਵੀ ਦਾ ਕੰਮ ਮਨਾਉਣ ਦੀ ਕੋਸ਼ਿਸ਼ ਕਰਨਾ ਨਹੀਂ, ਹੁਕਮ ਦੇਣਾ ਸੀ।

ਪੰਜਾਬ ਦੇ ਜਿਹੜੇ ਸਿਆਸਤਦਾਨਾਂ ਨੂੰ ਫੌਜੀ ਐਕਸ਼ਨ ਦੀ ਭਿਣਕ ਸੀ ਉਨ੍ਹਾਂ ਵਿਚੋਂ ਕੋਈ ਇਕ ਵੀ ਜੇ ਆਪਣੀ ਆਈ 'ਤੇ ਆ ਜਾਂਦਾ ਕਿ ਇਸ ਨੂੰ ਹਰ ਕੀਮਤ 'ਤੇ ਰੋਕਣਾ ਹੈ ਤਾਂ ਰੋਕ ਸਕਦਾ ਸੀ। ਇਨ੍ਹਾਂ ਵਿਚੋਂ ਹੁਣ ਸਿਰਫ਼ ਪ੍ਰਕਾਸ਼ ਸਿੰਘ ਬਾਦਲ ਜਿਊਂਦਾ ਹੈ ਪਰ ਇਹ 'ਵੇਖੀ ਜਾਊ' ਸੋਚ ਕੇ ਕਿਧਰੇ ਦੂਰ ਬੈਠਾ ਰਿਹਾ। ਸਾਕਾ ਨੀਲਾ ਤਾਰਾ ਤੋਂ ਬਾਅਦ ਸ. ਬਾਦਲ ਦਾ ਬਿਆਨ ਸੀ ਕਿ ਜੇ ਸਰਕਾਰ ਸਾਨੂੰ ਕਹਿੰਦੀ ਤਾਂ ਅਸੀਂ ਗੁਰਦੁਆਰਾ ਲਹਿਰ ਵਰਗਾ ਮੋਰਚਾ ਲਗਾ ਕੇ ਦਰਬਾਰ ਸਾਹਿਬ ਵਿਚੋਂ ਹਥਿਆਰਬੰਦ ਸਰਗਰਮੀਆਂ ਚਲਾਉਣ ਵਾਲਿਆਂ ਨੂੰ ਬਾਹਰ ਕੱਢਦੇ। ਸਵਾਲ ਇਹ ਹੈ ਕਿ ਸਰਕਾਰ ਕਿਉਂ ਕਹਿੰਦੀ? ਕੀ ਅੱਗੇ ਸਭ ਮੋਰਚੇ ਸਰਕਾਰਾਂ ਦੇ ਕਹਿਣ 'ਤੇ ਲਗਦੇ ਰਹੇ? ਜੇ ਪਤਾ ਸੀ ਕਿ ਅੰਦਰ ਗ਼ਲਤ ਕੰਮ ਹੋ ਰਿਹਾ ਹੈ ਤਾਂ ਕਿਉਂ ਮੋਰਚਾ ਨਹੀਂ ਲਾਇਆ?

ਇਨ੍ਹਾਂ ਸਭ ਗੱਲਾਂ ਦੇ ਬਾਵਜੂਦ ਨੀਲਾ ਤਾਰਾ ਤਬਾਹੀ ਦੀ ਸਭ ਤੋਂ ਮੁੱਖ ਜ਼ਿੰਮੇਵਾਰੀ ਇੰਦਰਾ ਗਾਂਧੀ ਦੀ ਸੀ। ਦੇਸ਼ ਦੇ ਲੋਕਾਂ ਨੇ ਉਸ ਨੂੰ ਆਪਣੀ ਰਹਿਨੁਮਾ ਚੁਣਿਆ ਸੀ। ਠੀਕ ਹੈ ਕਿਧਰੇ ਵੀ ਚਲਦੇ ਹਥਿਆਰਬੰਦ ਸਰਗਰਮੀਆਂ ਦੇ ਕੇਂਦਰ ਨੂੰ ਬੰਦ ਕਰਨਾ ਉਸ ਦੀ ਜ਼ਿੰਮੇਵਾਰੀ ਸੀ ਪਰ ਧਾਰਮਿਕ ਮਹੱਤਵ ਵਾਲੀਆਂ ਇਤਿਹਾਸਕ ਇਮਾਰਤਾਂ ਦੀ ਰਾਖੀ ਕਰਨਾ, ਆਮ ਸ਼ਹਿਰੀਆਂ ਦੀ ਜਾਨ ਮਾਲ ਦੀ ਰਾਖੀ ਕਰਨਾ ਤੇ ਹਰ ਧਰਮ ਦੇ ਲੋਕਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਬਣਾ ਕੇ ਰੱਖਣਾ ਵੀ ਉਸੇ ਦੀ ਜ਼ਿੰਮੇਵਾਰੀ ਸੀ। ਲੋਕਾਂ ਦੀਆਂ ਵੋਟਾਂ ਨਾਲ ਚੁਣੇ ਲੀਡਰਾਂ ਵਿਚ ਆਈਆਂ ਤਾਨਾਸ਼ਾਹੀ ਰੁਚੀਆਂ ਨੇ ਇਸ ਦੁਨੀਆਂ ਵਿਚ ਪਹਿਲਾਂ ਵੀ ਬਹੁਤ ਨੁਕਸਾਨ ਕੀਤੇ ਸਨ। ਇਸ ਮੁਲਕ ਵਿਚ ਇਸ ਤਰ੍ਹਾਂ ਦੀ ਪਹਿਲੀ ਫੌਜੀ ਕਾਰਵਾਈ ਵੇਲੇ ਨਾ ਰਾਸ਼ਟਰਪਤੀ, ਨਾ ਕੈਬਨਿਟ ਤੇ ਨਾ ਹੀ ਕਾਂਗਰਸ ਵਰਕਿੰਗ ਕਮੇਟੀ ਦੀ ਸਲਾਹ ਲਈ ਗਈ। ਸਾਫ਼ ਲਫ਼ਜ਼ਾਂ ਵਿਚ ਇੰਦਰਾ ਗਾਂਧੀ ਦਾ ਇਹ ਕਦਮ ਦੇਸ਼-ਧਰੋਹ ਸੀ।

ਮੈਂ ਸ. ਹਰਬੀਰ ਸਿੰਘ ਦੀ 'ਡਾਇਰੀ ਦੇ ਪੰਨੇ' ਅਤੇ ਅਜਿਹੀਆਂ ਕੁਝ ਹੋਰ ਕਿਤਾਬਾਂ ਵਿਚ ਨਿਹੱਥੇ ਲੋਕਾਂ ਉਪਰ ਵਰਸਾਏ ਗਏ ਤਸੀਹੇ ਤੇ ਮੌਤਾਂ ਦੇ ਮੀਂਹ ਬਾਰੇ ਪੜ੍ਹਿਆ ਤਾਂ ਇਹ ਸੀ ਸਭ ਕੁਝ 'ਨਾ ਮੰਨਣਯੋਗ' ਪਰ ਜੇ ਵਾਪਰਿਆ ਹੈ ਤਾਂ ਮੰਨਣਾ ਵੀ ਪਵੇਗਾ। ਪਹਿਲੀ ਨਜ਼ਰੇ ਮੈਨੂੰ ਇਸ ਵਿਚ ਬਹੁਤ ਕੁਝ ਝੂਠ ਜਾਂ ਅਤਿਕਥਨੀ ਲਗਦਾ ਸੀ। ਫਿਰ ਜਦੋਂ ਕਈ ਕਿੱਸੇ ਯਾਦ ਆਏ ਕਿ ਬੰਦੇ ਅੰਦਰ ਦਰਿੰਦਗੀ ਦੀ ਕੋਈ ਸੀਮਾ ਨਹੀਂ ਤਾਂ ਦੁਖੀ ਦਿਲ ਨੂੰ ਮੰਨਣਾ ਪਿਆ। ਉਨ੍ਹਾਂ ਘਟਨਾਵਾਂ ਨੂੰ ਜਦੋਂ ਵੀ ਪੜ੍ਹਦਾ ਹਾਂ ਕਿ ਕਿਵੇਂ ਲੋਕਾਂ ਨੂੰ ਦੋ-ਦੋ ਦਿਨ ਗਰਮੀ ਵਿਚ ਭੁੱਖੇ-ਤਿਹਾਏ ਰੱਖ ਕੇ ਮਾਰਿਆ ਗਿਆ ਤੇ ਨਿਹੱਥੇ ਲੋਕ ਗੋਲੀਆਂ ਨਾਲ ਵੀ ਭੁੰਨੇ ਗਏ ਤਾਂ ਮਨ ਵਿਚ ਸਵਾਲ ਪੈਦਾ ਹੁੰਦੇ ਹਨ ਕਿ ਬੰਦੇ ਅੰਦਰ ਅਜਿਹਾ ਵਹਿਸ਼ੀਪੁਣਾ ਕਿਵੇਂ ਪੈਦਾ ਹੁੰਦਾ ਹੈ? ਫਿਰ ਫੌਜੀਆਂ ਨੂੰ ਆਮ ਤੌਰ 'ਤੇ ਪੁਲਿਸ ਨਾਲੋਂ ਵੱਖਰੇ, ਬਾਜ਼ਾਬਤਾ ਤੇ ਸਬਰ ਵਾਲੇ ਗਿਣਿਆ ਜਾਂਦਾ ਹੈ ਪਰ ਅੰਮ੍ਰਿਤਸਰ ਵਿਚ ਇਨ੍ਹਾਂ ਦਾ ਸਬਰ ਬਿਲਕੁਲ ਗਾਇਬ ਸੀ। ਆਪਣੇ ਸੀਨੀਅਰ ਅਫ਼ਸਰਾਂ ਦੀ ਪਰਲੇ ਦਰਜੇ ਦੀ ਨਾਅਹਿਲੀਅਤ ਦੀ ਵਜ੍ਹਾ ਨਾਲ ਪਹਿਲੇ ਹੱਲੇ ਵੱਡੀ ਗਿਣਤੀ ਵਿਚ ਮਾਰੇ ਗਏ ਫੌਜੀਆਂ ਦਾ ਗੁੱਸਾ ਇਨ੍ਹਾਂ ਨੇ ਆਮ ਸ਼ਹਿਰੀਆਂ ਤੇ ਸ਼ਰਧਾਲੂਆਂ ਉਪਰ ਕੱਢਿਆ।

ਲਗਦਾ ਹੈ ਕਿ ਇੰਦਰਾ ਗਾਂਧੀ ਨੇ ਇਕ ਵਾਰ ਫਿਰ ਦੇਸ਼ਵਾਸੀਆਂ ਸਾਹਮਣੇ ਗਾਜ਼ੀ ਬਣਨ ਦੀ ਕੋਸ਼ਿਸ਼ ਕੀਤੀ ਸੀ ਕਿ ਉਹ ਹਥਿਆਰਬੰਦ ਸਰਗਰਮੀਆਂ ਦੇ ਕੇਂਦਰ ਬੰਦ ਕਰਨ ਵਾਸਤੇ ਧਰਮ ਅਸਥਾਨ ਅੰਦਰ ਫੌਜ ਭੇਜਣ ਤੋਂ ਵੀ ਨਹੀਂ ਡਰਦੀ ਪਰ ਫੌਜੀ ਅਫ਼ਸਰਾਂ ਦੀ ਨਾਅਹਿਲੀਅਤ ਨਾਲ ਪਾਸਾ ਪੁੱਠਾ ਪੈ ਗਿਆ। ਸ. ਅਜਮੇਰ ਸਿੰਘ ਸਹੀ ਲਿਖਦੇ ਹਨ ਕਿ ਕਿਸੇ ਨਹੀਂ ਸੋਚਿਆ ਸੀ ਕਿ ਲੜਾਈ ਇਤਨੀ ਲੰਮੀ ਖਿੱਚੀ ਜਾਵੇਗੀ, ਇਤਨਾ ਜਾਨੀ ਨੁਕਸਾਨ ਹੋਵੇਗਾ ਤੇ ਪਵਿਤਰ ਇਮਾਰਤਾਂ ਬਰਬਾਦ ਹੋਣਗੀਆਂ। ਇਹ ਸੋਚਣਾ ਕਾਰਵਾਈ ਕਰਨ ਵਾਲਿਆਂ ਦਾ ਪਹਿਲਾ ਫਰਜ਼ ਸੀ। ਹੋ ਸਕਦਾ ਹੈ ਕਿ ਫੌਜੀ ਅਫ਼ਸਰਾਂ ਨੂੰ ਤਾਂ ਇਸ ਹਾਰ ਦਾ ਕੋਈ ਫਰਕ ਨਹੀਂ ਪਿਆ ਹੋਵੇਗਾ, ਉਨ੍ਹਾਂ ਦੀਆਂ ਤਨਖਾਹਾਂ ਤੇ ਪੈਨਸ਼ਨਾਂ ਬਰਕਰਾਰ ਸਨ। ਹੋ ਸਕਦਾ ਹੈ ਕਿ ਉਹ ਇਸ ਨੂੰ ਹਾਰ ਨਹੀਂ ਜਿੱਤ ਸਮਝਦੇ ਹੋਣਗੇ ਕਿ ਉਨ੍ਹਾਂ ਨੇ ਤੋਪ ਦਾ ਗੋਲਾ ਮਾਰ ਕੇ ਜਹਾਜ਼ ਡੂੰਡ ਦਿੱਤਾ ਹੈ ਤੇ ਸਾਰੇ ਹਾਈਜੈਕਰ ਮਾਰ ਮੁਕਾਏ ਹਨ।

ਲੇਕਿਨ ਸੱਤਾ ਦੇ ਰਾਜਨੀਤਕ ਹਾਕਮਾਂ ਦੀ ਘਬਰਾਹਟ ਕੁਦਰਤੀ ਸੀ। ਇਸ ਦਾ ਅਹਿਮ ਪ੍ਰਗਟਾਵਾ ਛੇਤੀ ਛੇਤੀ ਦਰਬਾਰ ਸਹਿਬ ਦੇ ਨੁਕਸਾਨ ਦੀ ਮੁਰੰਮਤ ਵਾਸਤੇ ਤਰਲੋ-ਮੱਛੀ ਹੋਣਾ ਸੀ। ਇੰਦਰਾ ਗਾਂਧੀ ਦੀ ਆਪਣੀ ਬੇਚੈਨੀ ਵੀ ਬਹੁਤ ਵਧ ਗਈ ਸੀ। ਧਾਰਮਿਕ ਇਮਾਰਤਾਂ ਦੇ ਨੁਕਸਾਨ ਦੇ ਬਹੁਤ ਤਿੱਖੇ ਪ੍ਰਤੀਕਰਮ ਸਨ। ਸ. ਅਜਮੇਰ ਸਿੰਘ ਇਥੇ ਵੀ ਠੀਕ ਲਿਖਦੇ ਹਨ ਕਿ ਅਰੁਨ ਨਹਿਰੂ ਵਰਗੇ ਲੀਡਰਾਂ ਇੰਦਰਾ ਗਾਂਧੀ ਨੂੰ ਕਹਿ ਦਿੱਤਾ ਸੀ ਕਿ ਅਗਲੀਆਂ ਚੋਣਾਂ ਦੇ ਨਤੀਜੇ ਠੀਕ ਨਹੀਂ ਨਿਕਲਣ ਲੱਗੇ। ਇਸ ਆਪਰੇਸ਼ਨ ਦਾ ਪ੍ਰਭਾਵ ਵੀ ਜੋ ਸੋਚਿਆ ਸੀ, ਉਸ ਤੋਂ ਉਲਟ ਪੈ ਰਿਹਾ ਸੀ। ਇਕ ਜ਼ਲਾਲਤ ਭਰੀ ਸਜ਼ਾ ਇੰਦਰਾ ਗਾਂਧੀ ਦਾ ਇੰਤਜ਼ਾਰ ਕਰ ਰਹੀ ਸੀ ਜਿਸ ਤੋਂ ਉਸ ਨੂੰ ਉਸ ਦੀ ਮੌਤ ਨੇ ਬਚਾ ਲਿਆ।

ਸਾਕਾ ਨੀਲਾ ਤਾਰਾ ਦੇ ਫੌਰੀ ਪ੍ਰਤੀਕਰਮ ਦੋ ਤਰ੍ਹਾਂ ਦੇ ਹੋਏ। ਜੋ ਲੋਕ ਪੰਜਾਬ ਵਿਚ ਨਿਰਦੋਸ਼ ਲੋਕਾਂ ਦੇ ਕਤਲਾਂ ਤੋਂ ਦੁਖੀ ਸਨ, ਖਾਸ ਕਰਕੇ ਬੱਸਾਂ ਵਿਚੋਂ ਉਤਾਰ ਕੇ ਮੁਸਾਫ਼ਰਾਂ ਦੇ ਕਤਲਾਂ ਤੋਂ, ਉਨ੍ਹਾਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੇ ਉਨ੍ਹਾਂ ਦੇ ਸਾਥੀਆਂ ਦੇ ਮਾਰੇ ਜਾਣ ਪ੍ਰਤੀ ਰਾਹਤ ਦਾ ਅਹਿਸਾਸ ਸੀ। ਕੁਝ ਜਗ੍ਹਾ ਇਹ ਅਹਿਸਾਸ ਰਾਹਤ ਤੋਂ ਵਧ ਕੇ ਖੁਸ਼ੀ ਦਾ ਸੀ ਤੇ ਅੰਮ੍ਰਿਤਸਰ ਵਿਚ ਕੁਝ ਲੋਕਾਂ ਲੱਡੂ ਵੀ ਵੰਡੇ। ਮੌਤ ਉਪਰ ਖੁਸ਼ੀ ਦਾ ਪ੍ਰਗਟਾਵਾ ਇਨਸਾਨਾਂ ਵਿਚ ਦਰਿੰਦਗੀ ਦੇ ਅਕਸ ਦਾ ਪ੍ਰਭਾਵ ਹੈ। ਇਹ ਸੋਗਮਈ ਹਕੀਕਤ ਹੈ।

ਮੈਂ ਅਜਮੇਰ ਸਿੰਘ ਦੀ ਇਸ ਗੱਲ ਨਾਲ ਸਹਿਮਤ ਨਹੀਂ ਕਿ ਹਰ ਹਿੰਦੂ ਬਾਗੋ-ਬਾਗ ਹੋਇਆ ਸੀ ਤੇ ਹਰ ਸਿੱਖ ਅੱਖ ਨਮ ਹੋਈ ਸੀ। ਮੈਂ ਹਿੰਦੂ ਅੱਖਾਂ ਵੀ ਨਮ ਹੋਈਆਂ ਖੁਦ ਵੇਖੀਆਂ ਸਨ। ਸ. ਅਜਮੇਰ ਸਿੰਘ ਦਾ ਇਹ ਕਹਿਣਾ ਵੀ ਗ਼ਲਤ ਹੈ ਕਿ ਸਿੱਖ ਗੁਰਦੁਆਰਿਆਂ ਦਾ ਸਰੂਪ ਕੇਵਲ ਪ੍ਰਾਲੋਕਿਕ ਨਹੀਂ, ਇਹ ਸਿੱਖ ਸਰਗਰਮੀਆਂ ਦੇ ਕੇਂਦਰ ਹਨ। ਜਿਨ੍ਹਾਂ ਲੋਕਾਂ ਦੀਆਂ ਅੱਖਾਂ ਨਮ ਹੋਈਆਂ, ਉਨ੍ਹਾਂ ਵਾਸਤੇ ਦਰਬਾਰ ਸਾਹਿਬ ਪ੍ਰਾਲੋਕਿਕ ਹੀ ਸੀ, ਭਾਵ ਕਿ ਪਾਠ, ਬੰਦਗੀ ਦਾ ਅਸਥਾਨ ਤੇ ਰੱਬ ਦਾ ਘਰ। ਉਹ ਇਥੇ ਮੰਨਤਾਂ ਮੰਗਦੇ ਤੇ ਵਿਸ਼ਵਾਸ ਕਰਦੇ ਹਨ ਕਿ ਉਹ ਪੂਰੀਆਂ ਹੁੰਦੀਆਂ ਹਨ। ਇਹ ਲੋਕ ਦਰਬਾਰ ਸਾਹਿਬ ਦੀਆਂ ਸਰਦਲਾਂ ਨੂੰ ਮੱਥਾ ਟੇਕਦੇ, ਹੱਥਾਂ ਨਾਲ ਪੂੰਝਦੇ ਅਤੇ ਇਸ ਦੀਆਂ ਤਸਵੀਰਾਂ ਅੱਗੇ ਵੀ ਹੱਥ ਜੋੜਦੇ ਹਨ। ਇਨ੍ਹਾਂ ਲੋਕਾਂ ਦਾ ਅਸਲ ਗੁੱਸਾ ਉਨ੍ਹਾਂ ਦੇ ਆਸਥਾ ਦੇ ਸਥਾਨਾਂ ਨੂੰ ਟੈਂਕਾਂ ਨਾਲ ਤੋੜਨ ਦੇ ਵਿਰੁਧ ਸੀ। ਗੁੱਸੇ ਦੀ ਇੰਤਹਾ ਵਰ੍ਹਦੀਆਂ ਗੋਲੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਲੋਕਾਂ ਦਾ ਅੰਮ੍ਰਿਤਸਰ ਨੂੰ ਕੂਚ ਕਰਨਾ ਸੀ। ਇਸੇ ਤਰ੍ਹਾਂ ਫੌਜੀਆਂ ਵੱਲੋਂ ਬੈਰਕਾਂ ਛੱਡਣਾ ਸੌਖਾ ਕੰਮ ਨਹੀਂ ਸੀ। ਇਨ੍ਹਾਂ ਨੂੰ ਧਰਮੀ ਫੌਜੀ ਕਿਹਾ ਗਿਆ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਨ੍ਹਾਂ ਨਾਲੋਂ ਕਿਤੇ ਵੱਧ ਗਿਣਤੀ ਦੇ ਹੋਰ ਫੌਜੀ ਜਿਨ੍ਹਾਂ ਨੇ ਬੈਰਕਾਂ ਨਹੀਂ ਛੱਡੀਆਂ, ਉਹ ਅਧਰਮੀ ਸਨ ਜਾਂ ਉਨ੍ਹਾਂ ਵਿਚ ਗੁੱਸਾ ਨਹੀਂ ਸੀ। ਹਾਂ, ਉਨ੍ਹਾਂ ਦੀ ਸਿਆਣਪ ਦੀ ਤਾਰੀਫ਼ ਕਰਨੀ ਚਾਹੀਦੀ ਹੈ ਜੋ ਗੁੱਸੇ ਵਿਚ ਆਪਣਾ ਆਪ ਨਹੀਂ ਖੋਂਦੇ।

ਹਿੰਦੂ ਮਾਨਸਿਕਤਾ ਤੇ ਹਿੰਦੂ ਬਾਗੋ-ਬਾਗ ਹੋਏ ਦੀ ਜੋ ਚਰਚਾ ਅਜਮੇਰ ਸਿੰਘ ਕਰ ਰਹੇ ਹਨ, ਉਸ ਬਾਰੇ ਮੈਂ ਇਕ ਗੱਲ ਦਾਅਵੇ ਨਾਲ ਕਹਿੰਦਾ ਹਾਂ ਕਿ ਹਰ ਉਹ ਹਿੰਦੂ ਜੋ ਨਾਸਤਿਕ ਨਹੀਂ ਤੇ ਸਿੱਖਾਂ ਬਾਰੇ ਜਿਸ ਤਰ੍ਹਾਂ ਦੇ ਵੀ ਤੁਅੱਸਬ ਰੱਖਦਾ ਹੋਵੇ, ਹਰਿਮੰਦਰ ਸਾਹਿਬ ਨੂੰ ਰੱਬ ਦਾ ਘਰ ਜ਼ਰੂਰ ਸਮਝਦਾ ਹੈ। ਜਿਨ੍ਹਾਂ ਨੂੰ ਰਾਹਤ ਜਾਂ ਖੁਸ਼ੀ ਦਾ ਅਹਿਸਾਸ ਸੀ ਉਹ ਸਿਰਫ਼ ਸੰਤ ਭਿੰਡਰਾਂਵਾਲਿਆਂ ਦੇ ਮਾਰੇ ਜਾਣ ਦਾ ਸੀ, ਅਕਾਲ ਤਖ਼ਤ ਦੇ ਤੋੜੇ ਜਾਣ ਦਾ ਨਹੀਂ। ਜਿਨ੍ਹਾਂ ਨੂੰ ਗ਼ਮ ਜਾਂ ਗੁੱਸਾ ਸੀ, ਉਹ ਟੈਂਕਾਂ ਨਾਲ ਅਕਾਲ ਤਖ਼ਤ ਦੇ ਤੋੜੇ ਜਾਣ ਦਾ ਸੀ। ਮੈਂ ਇਕ ਸਿੱਖ ਵੀਰ ਨੂੰ ਗੁੱਸੇ ਵਿਚ ਬੋਲਦਿਆਂ ਸੁਣਿਆ, "ਉਹ ਭਿੰਡਰਾਂਵਾਲੇ ਦੇ ਟੋਟੇ-ਟੋਟੇ ਕਰ ਦਿੰਦੇ ਤਾਂ ਕੋਈ ਗੱਲ ਨਹੀਂ ਸੀ, ਅਕਾਲ ਤਖ਼ਤ ਸਾਹਿਬ ਦੀ ਇਕ ਚਿੱਪਰ ਨਹੀਂ ਲੱਥਣੀ ਚਾਹੀਦੀ ਸੀ।" ਇਹ ਉਹ ਮਾਨਸਿਕਤਾ ਹੈ ਜੋ ਨਾ ਸਾਡੀ ਸਰਕਾਰ ਸਮਝ ਸਕੀ ਤੇ ਨਾ ਸ. ਅਜਮੇਰ ਸਿੰਘ।

ਇਸ ਦੁਖਾਂਤ ਤੋਂ ਬਾਅਦ ਹੋਏ ਦੋ ਮਾਮਲਿਆਂ ਨੇ ਹੀ ਸਾਬਤ ਕਰ ਦਿੱਤਾ ਹੈ ਕਿ ਆਪਰੇਸ਼ਨ ਨੀਲਾ ਤਾਰਾ ਗਲਤ ਸੀ। ਅੰਮ੍ਰਿਤਸਰ ਵਿਚ ਹੀ ਆਪਰੇਸ਼ਨ ਬਲੈਕ ਥੰਡਰ ਹੋਇਆ ਸੀ ਜਿਸ ਵਿਚ ਅਕਾਲ ਤਖ਼ਤ ਨਹੀਂ ਹਰਿਮੰਦਰ ਸਾਹਿਬ ਦੇ ਅੰਦਰੋਂ ਹਥਿਆਰਬੰਦ ਲੋਕਾਂ ਨੂੰ ਬਾਹਰ ਕੱਢ ਕੇ ਗ੍ਰਿਫਤਾਰ ਕੀਤਾ ਗਿਆ ਸੀ ਤੇ ਕਿਸੇ ਇਮਾਰਤ ਦੀ ਚਿੱਪਰ ਤੱਕ ਨਹੀਂ ਲੱਥੀ ਸੀ, ਕੋਈ ਬਹੁਤੀਆਂ ਜਾਨਾਂ ਨਹੀਂ ਸਨ ਗਈਆਂ। ਇਸ ਵਿਚ ਦੋ ਹਫ਼ਤੇ ਤੱਕ ਸ਼ਰਧਾਲੂ ਅੰਦਰ ਨਹੀਂ ਸਨ ਜਾ ਸਕੇ, ਰੋਜ਼ਮੱਰਾ ਦੀ ਸੇਵਾ ਬੰਦ ਰਹੀ। ਲੋਕਾਂ ਵਿਚ ਦੁੱਖ ਸੀ, ਅਵਾਜ਼ਾਰੀ ਵੀ ਸੀ ਪਰ ਗੁੱਸਾ ਕਾਬੂ ਵਿਚ ਸੀ। ਉਹ ਸੁਰੱਖਿਆ ਦਲਾਂ ਦੀ ਮਜਬੂਰੀ ਸਮਝ ਰਹੇ ਸਨ। ਜਦੋਂ ਹਥਿਆਰਬੰਦ ਲੋਕ ਬਾਹਰ ਨਿਕਲ ਆਏ ਤਾਂ 'ਸਭ ਨੇ' ਰਾਹਤ ਮਹਿਸੂਸ ਕੀਤੀ ਸੀ। ਹਾਂ, ਸਭ ਨੇ, ਹਿੰਦੂ ਸਿੱਖ ਸਭਨਾਂ ਨੇ। ਫਿਰ ਜਿਤਨੀ ਦੇਰ ਸੁਰੱਖਿਆ ਦਲਾਂ ਨਾਲ ਅੰਦਰ ਜਾ ਕੇ ਸੇਵਾਦਾਰ ਹਥਿਆਰਬੰਦ ਖਾੜਕੂਆਂ ਦਾ ਟੱਟੀ ਪਿਸ਼ਾਬ ਸੁੱਟ ਕੇ ਹਰਿਮੰਦਰ ਸਾਹਬ ਦੀ ਸਫ਼ਾਈ ਕਰਦੇ ਰਹੇ ਸ਼ਰਧਾਲੂਆਂ ਦੀ ਭੀੜ ਬਾਹਰ ਆਰਾਮ ਨਾਲ ਇੰਤਜ਼ਾਰ ਕਰਦੀ ਰਹੀ।

ਸ੍ਰੀਨਗਰ ਵਿਖੇ ਹਜ਼ਰਤ ਬਲ ਦਰਗਾਹ ਅੰਦਰ ਵਾਪਰੀ ਘਟਨਾ ਵੀ ਇਸੇ ਤਰ੍ਹਾਂ ਦੀ ਸੀ। ਜਦੋਂ ਹਥਿਆਰਬੰਦ ਲੋਕਾਂ ਨੇ ਦਰਗਾਹ ਅੰਦਰ ਦਾਖਲ ਹੋ ਕੇ ਕਬਜ਼ਾ ਕਰ ਲਿਆ ਤਾਂ ਸੁਰੱਖਿਆ ਦਸਤਿਆਂ ਨੇ ਸਬਰ ਨਾਲ ਕੰਮ ਲੈਂਦਿਆਂ ਇਸ ਨੂੰ ਘੇਰੀ ਰੱਖਿਆ। ਅੰਦਰ ਖਾਣਾ ਵੀ ਭੇਜਿਆ ਜਾਂਦਾ ਰਿਹਾ। ਸਰਕਾਰ ਨੇ ਬੰਦੂਕਧਾਰੀਆਂ ਨਾਲ ਸੌਦੇਬਾਜ਼ੀ ਵੀ ਕੀਤੀ ਤੇ ਦਰਗਾਹ ਨੂੰ ਆਜ਼ਾਦ ਕਰਵਾਇਆ। ਸ਼ਰਧਾਲੂਆਂ ਨੇ ਰਾਹਤ ਦਾ ਅਹਿਸਾਸ ਵੀ ਕੀਤਾ ਤੇ ਸ਼ੁਕਰਾਨੇ ਦਾ ਵੀ। ਜੇ ਇਹ ਦੋਵੇਂ ਤਾਰੀਕਾਕਾਰ ਨੀਲਾ ਤਾਰਾ ਦੀ ਗਲਤੀ ਦਾ ਅਣਐਲਾਨਿਆ ਅਹਿਸਾਸ ਹੈ ਤਾਂ ਮੈਂ ਸਵਾਗਤ ਕਰਾਂਗਾ।

ਸ. ਅਜਮੇਰ ਸਿੰਘ ਕਈ ਅਜੀਬੋ-ਗਰੀਬ ਗੱਲਾਂ ਲਿਖਦੇ ਹਨ, ਜਿਵੇਂ, "ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਰ-ਪਾਰ ਦੀ ਲੜਾਈ ਲੜ ਰਿਹਾ ਸੀ ਜਿਸ ਦਾ ਮਨੋਰਥ ਹਿੰਦੂ ਹਾਕਮਾਂ ਦੇ ਦਾਬੇ ਹੇਠ ਸੱਤਾ ਵਿਚ ਨਿਮਾਣੀ ਤੇ ਨਿਤਾਣੀ ਹਿੱਸੇਦਾਰੀ ਤੋਂ ਅੱਗੇ ਵਧ ਕੇ ਸਿੱਖਾਂ ਦੇ ਆਪਣੇ ਘਰ ਪੰਜਾਬ ਵਿਚ ਉਨ੍ਹਾਂ ਦੀ ਮੁਕੰਮਲ ਸਰਦਾਰੀ ਸਥਾਪਤ ਕਰਨਾ ਸੀ।" ਸਭ ਤੋਂ ਪਹਿਲਾਂ ਤਾਂ ਜਰਨੈਲ ਸਿੰਘ ਭਿੰਡਰਾਂਵਾਲੇ ਵੱਲੋਂ ਕਿਸੇ ਜਗ੍ਹਾ ਕੋਈ ਵੀ ਲੜਾਈ ਲੜੇ ਜਾਣ ਜਾਂ ਸੰਘਰਸ਼ ਕਰਨ ਦੀ ਕੋਈ ਖ਼ਬਰ ਨਹੀਂ, ਨਾ ਹੀ ਕੋਈ ਇਹ ਜਾਣਕਾਰੀ ਹੈ ਕਿ ਸਿੱਖਾਂ ਨੇ ਕਦੋਂ ਉਨ੍ਹਾਂ ਨੂੰ ਆਪਣੇ ਵਾਸਤੇ ਆਰ-ਪਾਰ ਦੀ ਲੜਾਈ ਲੜਨ ਵਾਸਤੇ ਚੁਣਿਆ ਸੀ। ਫਿਰ ਪੰਜਾਬ ਵਿਚ ਸਿੱਖਾਂ ਦੀ ਮੁਕੰਮਲ ਸਰਦਾਰੀ ਪਹਿਲਾਂ ਵੀ ਸੀ ਤੇ ਹੁਣ ਵੀ ਹੈ। ਪੰਜਾਬ ਵਿਚ ਕੋਈ ਵੀ ਸਰਕਾਰ ਸਿੱਖਾਂ ਦੀ ਮਰਜ਼ੀ ਤੋਂ ਬਿਨਾ ਨਹੀਂ ਬਣ ਸਕਦੀ। ਜੇ ਪੰਜਾਬ ਦੇ ਸਿੱਖ ਪ੍ਰਕਾਸ਼ ਸਿੰਘ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਦੇ ਗਰੁਪਾਂ ਤੋਂ ਬਿਨਾ ਕਿਸੇ ਤੀਸਰੇ ਨੂੰ ਲਾਗੇ ਵੀ ਲੱਗਣ ਨਹੀਂ ਦੇ ਰਹੇ, ਭਾਵ ਕਿ ਹੋਰ ਕਿਸੇ ਨੂੰ ਇਕ ਵੀ ਸੀਟ ਨਹੀਂ ਦਿੰਦੇ, ਤਾਂ ਇਸ ਵਿਚ ਨਾ ਮੈਂ ਕੁਝ ਕਰ ਸਕਦਾ ਹਾਂ ਤੇ ਨਾ ਅਜਮੇਰ ਸਿੰਘ। ਇਹ ਪੰਜਾਬ ਦੇ ਸਿੱਖਾਂ ਦੀ ਮਰਜ਼ੀ ਦਾ ਸਵਾਲ ਹੈ। ਉਹ ਹਾਕਮ ਹਨ, ਉਨ੍ਹਾਂ ਦੇ ਹੁਕਮ ਦੀ ਤਾਮੀਲ ਹੋਵੇਗੀ।

ਇਕ ਜਗ੍ਹਾ ਲਿਖਿਆ ਹੈ, "ਉਹ ਨੈਤਿਕ ਕਿਰਦਾਰ ਦੇ ਲਿਹਾਜ਼ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਆਪਣੇ ਜਿਹਾ ਜਾਂ ਆਮ ਦੁਨਿਆਵੀ ਵਿਅਕਤੀਆਂ ਵਰਗਾ ਹੀ ਚਿਤਵ ਕੇ ਚੱਲਦੇ ਸਨ।" ਹੋਰ ਕੀ ਸਮਝਦੇ ਸਨ ਵੱਖਰੀ ਗੱਲ ਹੈ ਪਰ ਆਪਾਂ ਨੂੰ ਤਾਂ ਸਮਝਣਾ ਚਾਹੀਦਾ ਹੈ ਕਿ ਹਰ ਵਿਅਕਤੀ ਚਾਹੇ ਉਹ ਕਿੰਨਾ ਵੱਡਾ ਸੰਤ ਹੋਵੇ, ਮਹਾਤਮਾ ਹੋਵੇ, ਲੀਡਰ ਹੋਵੇ ਜਾ ਪਦਵੀ ਵਾਲਾ ਬੰਦਾ, ਉਹ ਨਾਲੋਂ ਨਾਲੋਂ ਆਮ ਦੁਨਿਆਵੀ ਵਿਅਕਤੀ ਵੀ ਹੁੰਦਾ ਹੈ, ਮੁਲਕ ਦਾ ਨਾਗਰਿਕ ਹੁੰਦਾ ਹੈ ਅਤੇ ਹਰ ਬੰਦੇ ਨੂੰ ਆਪਣੇ ਆਪ ਨੂੰ ਖੁਦ ਵੀ ਅਜਿਹਾ ਸਮਝਣਾ ਚਾਹੀਦਾ ਹੈ। ਨੈਤਿਕ ਕਿਰਦਾਰ ਮੁਤਾਬਕ ਹਲੀਮੀ ਤੇ ਨਿਮਰਤਾ ਬੰਦੇ ਦਾ ਪਹਿਲਾ ਗੁਣ ਹੁੰਦਾ ਹੈ। ਸੰਤਾਂ ਵਿਚ ਕੁਝ ਜ਼ਿਆਦਾ ਹੁੰਦਾ ਹੋਵੇਗਾ। ਆਪਣੀ ਗ੍ਰਿਫਤਾਰੀ ਵਾਸਤੇ ਸ਼ਰਤਾਂ ਲਗਾਉਣੀਆਂ, ਸਿਪਾਹੀਆਂ ਦੇ ਸਰੂਪ ਦੀਆਂ ਸ਼ਰਤਾਂ ਲਗਾਉਣੀਆਂ ਤੇ ਫਿਰ ਗ੍ਰਿਫਤਾਰੀ ਦੇ ਵਕਤ ਵੱਡੇ ਇਕੱਠ ਕਰਨੇ, ਇਹ ਕੋਈ ਸਿਫ਼ਤ ਵਾਲੀਆਂ ਗੱਲਾਂ ਨਹੀਂ।

> ***ਜੇ ਨੀਲਾ ਤਾਰਾ ਸਾਕੇ ਦਾ ਕਾਰਨ ਅਸਾਂ ਇਤਨਾ ਆਸਾਨ ਜਿਹਾ ਹੀ ਦੱਸਣਾ ਹੋਵੇ ਕਿ ਹਿੰਦੂ ਹਾਕਮਾਂ ਦੀ ਹਿੰਦੂ ਮਾਨਸਿਕਤਾ ਸਿੱਖਾਂ ਦੀ ਵਿਲੱਖਣ ਹਸਤੀ ਤੇ ਵੱਖਰੀ ਕੌਮ ਦੇ ਅਹਿਸਾਸ ਨੂੰ ਕੁਚਲਣਾ ਚਾਹੁੰਦੀ ਸੀ, ਤਾਂ ਸਵਾਲ ਪੈਦਾ ਹੁੰਦਾ ਹੈ 1947 ਤੋਂ ਲੈ ਕੇ 1984 ਤੱਕ ਉਨ੍ਹਾਂ ਅਜਿਹਾ ਕਿਉਂ ਨਹੀਂ ਕੀਤਾ ਤੇ ਫਿਰ 1984 ਤੋਂ ਬਾਅਦ ਅਕਾਲ ਤਖ਼ਤ ਦੀ ਰੱਖਿਆ ਵਾਸਤੇ ਕਿਹੜਾ ਹਥਿਆਰਬੰਦ ਦਸਤਾ ਬੈਠਾ ਹੈ ਜਿਸ ਤੋਂ ਹਿੰਦੂ ਹਾਕਮ ਡਰਦੇ ਹਮਲਾ ਨਹੀਂ ਕਰ ਰਹੇ? ਅੱਵਲ ਤਾਂ ਜਰਵਾਣਿਆਂ ਨੂੰ ਬਹਾਨਿਆਂ ਦੀ ਲੋੜ ਨਹੀਂ ਹੁੰਦੀ ਪਰ ਜੇ ਕਿਹਾ ਜਾਵੇ ਕਿ ਹਿੰਦੂ ਹਾਕਮ ਸਿਰਫ਼ ਮਕਬੂਲ ਬਹਾਨੇ ਦੀ ਉਡੀਕ ਵਿਚ ਸਨ ਤਾਂ ਜ਼ਰੂਰ ਪਤਾ ਕਰਨਾ ਚਾਹੀਦਾ ਹੈ ਕਿ 1984 ਵਿਚ ਉਨ੍ਹਾਂ ਨੂੰ ਬਹਾਨਿਆਂ ਦੀ ਸੇਵਾ ਕਿਸ ਨੇ ਬਖ਼ਸ਼ੀ?***

ਇਸੇ ਕਿਤਾਬ ਵਿਚ ਅਖੰਡ ਕੀਰਤਨੀ ਜਥੇ ਦੇ ਭਾਈ ਫੌਜਾ ਸਿੰਘ ਜੋ ਨਿਰੰਕਾਰੀ ਕਾਂਡ ਵਿਚ ਮਾਰੇ ਗਏ ਸਨ, ਦੀ ਵਿਧਵਾ ਬੀਬੀ ਅਮਰਜੀਤ ਕੌਰ ਦੇ ਬੋਲ ਲਿਖੇ ਹਨ, "ਜੇ ਮੈਂ ਭਿੰਡਰਾਂਵਾਲੇ ਦੀ ਜਗ੍ਹਾ ਹੁੰਦੀ ਤਾਂ ਸਪੱਸ਼ਟ ਕਹਿੰਦੀ ਕਿ ਮੇਰੇ ਗੁਰੂ 'ਤੇ ਗੋਲੀ ਨਾ ਚਲਾਇਓ, ਮੈਨੂੰ ਭਾਵੇਂ ਟੁਕੜੇ-ਟੁਕੜੇ ਕਰ ਦਿਓ। ਗੁਰੂ ਨੂੰ ਢਾਲ ਵਾਂਗ ਵਰਤਣਾ ਯੋਗ ਨਹੀਂ ਸੀ।" ਸ. ਅਜਮੇਰ ਸਿੰਘ ਮੁਤਾਬਕ 'ਮੌਕੇ 'ਤੇ ਮੌਜੂਦ ਕਿਸੇ ਵੀ ਵਿਅਕਤੀ ਨੇ ਬੀਬੀ ਦੇ ਇਨ੍ਹਾਂ ਨਿੰਦਿਆ ਭਾਵੀ ਵਚਨਾਂ ਦਾ ਹੁੰਗਾਰਾ ਨਹੀਂ ਸੀ ਭਰਿਆ।' ਠੀਕ ਹੈ ਓਦੋਂ ਹੁੰਗਾਰਾ ਨਹੀਂ ਭਰਿਆ ਹੋਵੇਗਾ ਪਰ ਹੁਣ ਜਦੋਂ ਆਪਾਂ ਅਤੀਤ ਨੂੰ ਇਸ ਉਦੇਸ਼ ਨਾਲ ਵਿਚਾਰ ਰਹੇ ਹਾਂ ਕਿ ਉਹ ਦੁਹਰਾਇਆ ਨਾ ਜਾਏ ਤਾਂ ਜ਼ਰੂਰ ਧਿਆਨ ਦੇਵਾਂਗੇ ਕਿ ਬੀਬੀ ਦੀ ਗੱਲ ਵਿਚ ਬਹੁਤ ਵਜ਼ਨ ਸੀ।

ਇਹ ਜ਼ਿਕਰ ਕਈ ਵਾਰ ਦੁਹਰਾਇਆ ਗਿਆ ਹੈ ਕਿ ਸਰਕਾਰ ਤੇ ਫੌਜੀ ਅਫ਼ਸਰਾਂ ਨੂੰ ਇਹ ਤਵੱਕੋ ਨਹੀਂ ਸੀ ਕਿ ਦਰਬਾਰ ਸਾਹਿਬ ਦੇ ਅੰਦਰੋਂ ਇਤਨਾ ਤਿੱਖਾ ਹਥਿਆਰਬੰਦ ਮੁਕਾਬਲਾ ਹੋਵੇਗਾ। ਇਸੇ ਗੱਲ ਦਾ ਸਹੀ ਅਨੁਮਾਨ ਲਗਾਉਣਾ ਫੌਜੀ ਅਫ਼ਸਰਾਂ ਦਾ ਪਹਿਲਾ ਫਰਜ਼ ਸੀ ਜੋ ਉਨ੍ਹਾਂ ਨਹੀਂ ਨਿਭਾਇਆ। ਹੋ ਸਕਦਾ ਹੈ ਉਨ੍ਹਾਂ ਦਾ ਅੰਦਾਜ਼ਾ ਹੋਵੇ ਕਿ ਹਥਿਆਰਬੰਦ ਸਰਗਰਮੀਆਂ ਦੇ ਕੇਂਦਰ ਵਾਲੇ ਸ਼ਰਧਾਵਾਨ ਸਿੱਖ ਹਨ ਤੇ ਉਹ ਕਿਸੇ ਵੀ ਕੀਮਤ 'ਤੇ ਅਕਾਲ ਤਖ਼ਤ ਜਾਂ ਕਿਸੇ ਹੋਰ ਪਵਿੱਤਰ ਇਮਾਰਤ ਦੇ ਪਿੱਛੇ ਮੋਰਚੇ ਨਹੀਂ ਲਗਾਉਣਗੇ। ਸਭ ਜਾਣਦੇ ਹਨ ਕਿ ਗੋਲਾਬਾਰੀ ਦੀ ਲੜਾਈ ਵਿਚ ਤੁਹਾਡਾ ਵਿਰੋਧੀ ਮੋਰਚਾ ਤੋੜ ਕੇ ਹੀ ਤੁਹਾਡੇ ਤੱਕ ਪਹੁੰਚ ਸਕਦਾ ਹੈ।

ਓਧਰ ਇਹ ਵੀ ਹੋ ਸਕਦਾ ਹੈ ਕਿ ਹਥਿਆਰਬੰਦ ਸਰਗਰਮੀਆਂ ਦੇ ਕੇਂਦਰ ਵਾਲਿਆਂ ਨੂੰ ਵੀ ਯਕੀਨ ਹੋਵੇ ਕਿ ਲੋਕਾਂ ਦੇ ਪ੍ਰਤੀਕਰਮ ਦੇ ਡਰੋਂ ਫੌਜ, ਸਿਰਫ਼ ਧਮਕੀਆਂ ਦੇਵੇਗੀ, ਦਰਬਾਰ ਸਾਹਿਬ ਅੰਦਰ ਦਾਖਲ ਨਹੀਂ ਹੋਵੇਗੀ ਤੇ ਜੇ ਦਾਖਲ ਹੋ ਗਈ ਤਾਂ ਕਿਸੇ ਵੀ ਕੀਮਤ 'ਤੇ ਅਕਾਲ ਤਖ਼ਤ ਜਾਂ ਕਿਸੇ ਧਾਰਮਿਕ ਇਮਾਰਤ ਉਪਰ ਗੋਲੀ ਨਹੀਂ ਚਲਾਏਗੀ। ਅਤੇ ਚਲਾਉਣੀ ਵੀ ਨਹੀਂ ਚਾਹੀਦੀ ਸੀ। ਜਿਓਂ ਹੀ ਫੌਜ ਨੇ ਵੇਖਿਆ ਸੀ ਕਿ ਹਥਿਆਰਾਂ ਵਾਲੇ ਲੋਕ ਅਕਾਲ ਤਖ਼ਤ ਵਿਚ ਜਾ ਵੜੇ ਹਨ ਤਾਂ ਉਸ ਘੜੀ ਆਪਰੇਸ਼ਨ ਵਾਪਸ ਲੈ ਲੈਣਾ ਚਾਹੀਦਾ ਸੀ ਤੇ ਕੋਈ ਹੋਰ ਪੈਂਤੜਾ ਸੋਚਣਾ ਚਾਹੀਦਾ ਸੀ। ਅਜੇ ਤੱਕ ਇਹ ਨਹੀਂ ਪਤਾ ਕਿ ਹਥਿਆਰਬੰਦ ਸਰਗਰਮੀਆਂ ਦਾ ਕੇਂਦਰ ਖ਼ਤਮ ਕਰਨ ਵਾਸਤੇ ਅਕਾਲ ਤਖ਼ਤ ਦੇ ਟੁੱਟ ਜਾਣ ਦੀ ਵੀ ਪ੍ਰਵਾਹ ਨਾ ਕਰਨ ਦਾ ਫੈਸਲਾ ਫੌਜੀ ਅਫ਼ਸਰਾਂ ਦਾ ਆਪਣਾ ਸੀ ਕਿ ਕੇਂਦਰੀ ਲੀਡਰਸ਼ਿਪ ਯਾਨਿ ਕਿ ਇੰਦਰਾ ਗਾਂਧੀ ਦਾ। ਦੋਹਾਂ ਹਾਲਤਾਂ ਵਿਚ ਇਹ ਬਹੁਤ ਗ਼ਲਤ ਤੇ ਮੰਦਭਾਗਾ ਫੈਸਲਾ ਸੀ। ਵੱਡੇ ਧਾਰਮਿਕ ਮਹੱਤਵ ਵਾਲੀਆਂ ਇਤਿਹਾਸਕ ਇਮਾਰਤਾਂ ਦੀ ਹਿਫ਼ਾਜ਼ਤ ਕਰਨਾ ਹਰ ਸਰਕਾਰ ਦਾ ਮੁੱਖ ਫਰਜ਼ ਹੁੰਦਾ ਹੈ। ਕੁਝ ਮਜਬੂਰੀਆਂ ਅਜਿਹੀਆਂ ਵੀ ਹੁੰਦੀਆਂ ਹਨ ਜੋ ਹਥਿਆਰਾਂ ਦੀ ਤਾਕਤ ਨੂੰ ਬੰਨ੍ਹ ਕੇ ਰੱਖ ਦਿੰਦੀਆਂ ਹਨ।

ਇਸ ਸਬੰਧ ਵਿਚ ਮੈਂ ਫਿਲਮਾਂ ਦੇ ਪ੍ਰਚਲਤ ਫਾਰਮੂਲਾ ਸੀਨ ਦੀ ਉਦਾਹਰਣ ਦਿਆਂਗਾ। ਕਈ ਵਾਰ ਵਿਖਾਇਆ ਜਾਂਦਾ ਹੈ ਕਿ ਹੀਰੋ ਜਦੋਂ ਹੀ ਖਲਨਾਇਕ ਨੂੰ ਲੜਾਈ ਵਿਚ ਕਾਬੂ ਕਰ ਲੈਂਦਾ ਹੈ ਤਾਂ ਖਲਨਾਇਕ ਦੇ ਹੱਥ ਵਿਚ ਪਿਸਤੌਲ ਆ ਜਾਂਦਾ ਹੈ ਤੇ ਅਚਾਨਕ ਹੀਰੋ ਦੀ ਮਹਿਬੂਬਾ ਜਾਂ ਉਸ ਦੀ ਮਾਂ ਤੇ ਜਾਂ ਇਕ ਬੱਚਾ ਵੀ ਲਾਗੇ ਹੀ ਮਿਲ ਜਾਂਦਾ ਹੈ। ਫਿਰ ਖਲਨਾਇਕ ਬੱਚੇ ਦੀ ਪੁੜਪੁੜੀ 'ਤੇ ਪਿਸਤੌਲ ਰੱਖ ਕੇ ਆਪ ਉਸ ਦੇ ਪਿੱਛੇ ਖੜ੍ਹਾ ਹੋ ਜਾਂਦਾ ਹੈ। ਮਜਬੂਰਨ ਹੀਰੋ ਦੇ ਦਲ ਨੂੰ ਹਥਿਆਰ ਸੁੱਟਣੇ ਪੈਂਦੇ ਹਨ ਕਿਉਂਕਿ ਉਹ ਬੱਚੇ ਸਮੇਤ ਖਲਨਾਇਕ ਨੂੰ ਨਹੀਂ ਮਾਰ ਸਕਦੇ। ਬਿਲਕੁਲ ਇਹੀ ਮਜਬੂਰੀ ਫੌਜ ਨੂੰ ਸਮਝਣੀ ਚਾਹੀਦੀ ਸੀ ਕਿ ਜਦੋਂ ਹਥਿਆਰਬੰਦ ਸਰਗਰਮੀਆਂ ਦੇ ਕੇਂਦਰ ਵਾਲਿਆਂ ਨੇ ਅਕਾਲ ਤਖ਼ਤ ਦੀ ਪੁੜਪੁੜੀ 'ਤੇ ਪਿਸਤੌਲ ਰੱਖ ਦਿੱਤਾ ਸੀ ਤੇ ਆਪ ਉਸ ਦੇ ਪਿੱਛੇ ਜਾ ਖਲੋਤੇ ਸਨ ਤਾਂ ਫੌਜੀ ਅਜਿਹੀ ਗੋਲਾਬਾਰੀ ਨਹੀਂ ਕਰ ਸਕਦੇ ਸਨ ਜਿਸ ਨਾਲ ਅਕਾਲ ਤਖ਼ਤ ਨੂੰ ਨੁਕਸਾਨ ਪਹੁੰਚੇ।

ਆਖ਼ਰ ਵਿਚ ਮੈਂ ਸ. ਅਜਮੇਰ ਸਿੰਘ ਦੀ ਇਕ ਸਤਰ ਦਾ ਹਵਾਲਾ ਦੇਣਾ ਚਾਹੁੰਦਾ ਹਾਂ ਜੋ ਉਨ੍ਹਾਂ ਨੇ ਇਕ ਸਿਰਲੇਖ ਦੇ ਹੇਠਾਂ ਉਭਾਰ ਕੇ ਲਿਖੀ। ਉਹ ਲਿਖਦੇ ਹਨ, "ਭਾਰਤ ਦੇ ਹਿੰਦੂ ਹਾਕਮ ਸਿੱਖਾਂ ਨੂੰ ਸਾਫ਼ ਸੰਦੇਸ਼ ਦੇਣਾ ਚਾਹੁੰਦੇ ਸਨ ਕਿ ਦਰਬਾਰ ਸਾਹਿਬ ਅੰਦਰ ਸਿੱਖਾਂ ਦਾ ਨਹੀਂ, ਭਾਰਤੀ ਰਾਜ ਦਾ ਕਾਨੂੰਨ ਲਾਗੂ ਹੋਵੇਗਾ।" ਹਕੀਕਤ ਇਹ ਹੈ ਕਿ ਚਾਹੇ ਦਰਬਾਰ ਸਾਹਿਬ ਹੋਵੇ, ਕੋਈ ਹੋਰ ਧਾਰਮਿਕ ਸਥਾਨ, ਵਿਦਿਅਕ ਅਦਾਰਾ ਜਾਂ ਕਾਰਖਾਨਾ ਆਦਿ, ਸਭ ਤੋਂ ਪਹਿਲਾਂ ਉਥੇ ਉਨ੍ਹਾਂ ਦਾ ਹੀ ਕਾਨੂੰਨ ਚੱਲੇਗਾ ਜੋ ਉਥੋਂ ਦੇ ਪ੍ਰਬੰਧਕ ਹਨ ਲੇਕਿਨ ਕੋਈ ਵੀ ਅਜਿਹਾ ਕਾਨੂੰਨ ਨਹੀਂ ਚੱਲ ਸਕਦਾ ਜੋ ਮੁਲਕ ਦੇ ਕਾਨੂੰਨਾਂ ਦੇ ਵਿਰੁਧ ਜਾਂਦਾ ਹੋਵੇ। ਨੰਗੇ ਪੈਰ ਤੇ ਸਿਰ ਢੱਕ ਕੇ ਜਾਣਾ ਜਾਂ ਅੰਦਰ ਕਿਸ ਤਰ੍ਹਾਂ ਦੀਆਂ ਰਸਮਾਂ ਹੋਣਗੀਆਂ ਆਦਿ ਦੇ ਸਾਰੇ ਕਾਨੂੰਨ ਧਾਰਮਿਕ ਅਦਾਰਿਆਂ ਦੇ ਪ੍ਰਬੰਧਕਾਂ ਨੇ ਬਣਾਉਣੇ ਹਨ। ਜੇ ਸਰਕਾਰੀ ਦਖਲ ਨਹੀਂ ਹੁੰਦਾ ਤਾਂ ਸਿਰਫ਼ ਇਸ ਵਿਸ਼ਵਾਸ ਨਾਲ ਕਿ ਉਥੇ ਕੋਈ ਗੈਰਕਾਨੂੰਨੀ ਕੰਮ ਨਹੀਂ ਹੁੰਦਾ ਹੋਵੇਗਾ। ਕਿਸੇ ਵੀ ਮੁਲਕ ਦੀ ਕੋਈ ਵੀ ਜਗ੍ਹਾ ਉਸ ਦੇ ਕਾਨੂੰਨ ਤੋਂ ਬਾਹਰ ਨਹੀਂ ਹੋ ਸਕਦੀ।

ਫਿਰ ਜੂਨ '84 ਦੇ ਵਕਤ ਦਰਬਾਰ ਅੰਮ੍ਰਿਤਸਰ ਵਿਚ ਨਾ ਸਿੱਖਾਂ ਦਾ ਕਾਨੂੰਨ ਚੱਲ ਰਿਹਾ ਸੀ ਤੇ ਨਾ ਭਾਰਤੀ ਰਾਜ ਦਾ। ਸਿੱਖਾਂ ਦੇ ਕਾਨੂੰਨ ਦਾ ਮਤਲਬ ਹੈ, ਸਿੱਖਾਂ ਦੁਆਰਾ ਵੋਟਾਂ ਨਾਲ ਚੁਣੀ ਹੋਈ ਸ਼੍ਰੋਮਣੀ ਕਮੇਟੀ ਦਾ। ਲੇਕਿਨ ਸਿੱਖਾਂ ਦੇ ਚੁਣੇ ਹੋਏ ਪ੍ਰਧਾਨ ਵੱਲੋਂ ਹਥਿਆਰਬੰਦ ਸਰਗਰਮੀਆਂ ਦਾ ਕੇਂਦਰ ਚਲਾਉਣ ਵਾਲਿਆਂ ਨੂੰ ਉਥੋਂ ਚਲੇ ਜਾਣ ਦੀ ਬੇਨਤੀ ਕਰਨੀ ਪਈ ਜੋ ਠੁਕਰਾ ਦਿੱਤੀ ਗਈ। ਦੋ ਹਥਿਆਰਬੰਦ ਧਾੜਾਂ ਨੇ ਆਪਣੀਆਂ ਬੇਸਮਝ ਜ਼ਿਦਬਾਜ਼ੀਆਂ ਚਲਾ ਕੇ ਦਰਬਾਰ ਸਾਹਿਬ ਨੂੰ ਛਲਣੀ ਕਰ ਦਿੱਤਾ। ਜੇ ਉਥੇ ਸਿੱਖਾਂ ਦੀ ਚਲਦੀ ਹੁੰਦੀ ਤਾਂ ਉਹ ਜ਼ਰੂਰ ਕਹਿੰਦੇ ਕਿ ਤੁਸੀਂ ਇਨ੍ਹਾਂ ਮੌਤ ਦੇ ਪਟਾਕਿਆਂ ਦੀ ਖੇਡ ਕਿਧਰੇ ਹੋਰ ਜਾ ਕੇ ਖੇਡੋ। ਇਨ੍ਹਾਂ ਦੋਹਾਂ ਦਾ ਕਾਰਾ ਸੱਚਮੁੱਚ ਬਖ਼ਸ਼ਣਯੋਗ ਨਹੀਂ।

ਨਵੰਬਰ '84 ਦੇ ਦੁਖਾਂਤ ਦੀ ਗੱਲ ਅਗਲੇ ਲੇਖ ਵਿਚ ਕਰਾਂਗਾ। ਅੱਜ ਵਾਲੇ ਮੁੱਦੇ ਨੂੰ ਸ. ਅਜਮੇਰ ਸਿੰਘ ਵੱਲੋਂ ਕਿਤਾਬ ਦੇ ਸ਼ੁਰੂ ਵਿਚ ਦਿੱਤੀ ਟੂਕ ਦੇ ਹਵਾਲੇ ਨਾਲ ਬੰਦ ਕਰਦਾ ਹਾਂ ਕਿ ਆਓ ਇਸ ਅਤੀਤ ਨੂੰ ਇਸ ਤਰ੍ਹਾਂ ਚਿਤਾਰੀਏ ਕਿ ਇਹ ਫਿਰ ਨਾ ਦੁਹਰਾਇਆ ਜਾਵੇ, ਨਾ ਅੰਮ੍ਰਿਤਸਰ, ਨਾ ਇਸਲਾਮਾਬਾਦ ਤੇ ਨਾ ਹੀ ਦੁਨੀਆਂ ਵਿਚ ਕਿਧਰੇ ਹੋਰ।

# ਅਜਮੇਰ ਸਿੰਘ ਦੀਆਂ ਪੁਸਤਕਾਂ ਅਤੇ ਵਿਚਾਰ ਚਰਚਾ

ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬ ਟਾਈਮਜ਼ ਵਿਚ ਅਜਮੇਰ ਸਿੰਘ ਦੀਆਂ ਪੁਸਤਕਾਂ 'ਤੇ ਲੇਖ ਛਪ ਰਹੇ ਹਨ। ਲਗਦਾ ਹੈ ਆਪ ਜੀ ਇਸ ਬਹਿਸ ਨੂੰ ਨਿਰਮੂਲ ਹੀ ਲਮਕਾ ਰਹੇ ਹੋ ਕਿਉਂਕਿ ਅਜਮੇਰ ਸਿੰਘ ਦੀਆਂ ਪੁਸਤਕਾਂ ਵਿਚ ਨਾ ਕੋਈ ਮੌਲਿਕਤਾ ਹੈ, ਨਾ ਵਿਧੀ ਤੇ ਨਾ ਸਮਾਜਿਕ ਸੋਧ।

ਕਈ ਵਿਦਵਾਨਾਂ ਨੇ ਅਜਮੇਰ ਸਿੰਘ ਦੀਆਂ ਪੁਸਤਕਾਂ ਨੂੰ ਖੋਜ ਭਰਪੂਰ ਦਸਿਆ ਹੈ ਪਰ ਇਹ ਉਨ੍ਹਾਂ ਦੀ ਗ਼ਲਤਫਹਿਮੀ ਹੈ। ਮੂਲ ਰੂਪ ਵਿਚ ਉਹ ਜਜ਼ਬਾਤੀ ਲਿਖਾਰੀ ਹੈ ਤੇ ਉਸ ਦੀ ਖੋਜ ਕੇਵਲ ਮਤਲਬ ਦੀ ਝੱਖਬਾਜ਼ੀ ਹੈ। ਉਸ ਦੀ ਸੋਚ ਦਾ ਸਭ ਤੋਂ ਵੱਡਾ ਅਵਿਗਿਆਨਕ ਪੱਖ ਇਹ ਹੈ ਕਿ ਉਹ ਇਤਿਹਾਸਕ ਘਟਨਾਵਾਂ ਨੂੰ ਥਾਲੀ ਵਿਚ ਖਿਲਰੇ ਬੇਰ ਸਮਝਦਾ ਹੈ ਜਿਨ੍ਹਾਂ ਚੋਂ ਪੱਕੇ ਪੱਕੇ ਚੁਣ ਕੇ ਖਾਂਦਾ ਹੈ ਤੇ ਕੱਚੇ ਕੱਚੇ ਛੱਡ ਦਿੰਦਾ ਹੈ। ਪਰ ਯਥਾਰਥ ਵਿਚ ਇਹ ਘਟਨਾਵਾਂ ਖਿਲਰੇ ਬੇਰਾਂ ਵਾਂਗ ਨਹੀਂ ਸਗੋਂ ਕਾਰਨਾਂ-ਸਿੱਟਿਆਂ ਦੇ ਧਾਗੇ ਵਿਚ ਫੁਲਾਂ ਤੇ ਕੰਡਿਆਂ ਦਾ ਲੜੀਬੱਧ ਪਰੋਇਆ ਉਹ ਹਾਰ ਹੁੰਦੀਆਂ ਹਨ ਜਿਸ ਨੂੰ ਸਮੁੱਚਾ ਹੀ ਪਹਿਨਣਾ ਪੈਂਦਾ ਹੈ। ਇਸ ਵਿਚ ਹਰ ਘਟਨਾ ਅੱਗੜ-ਪਿੱਛੜ ਦੂਜੀਆਂ ਨਾਲ ਜੁੜੀ ਹੁੰਦੀ ਹੈ ਤੇ ਹਰ ਘਟਨਾ ਨਿਰਪੱਖ ਵਿਸ਼ਲੇਸ਼ਣ ਦੀ ਪਾਤਰ ਹੁੰਦੀ ਹੈ। ਘਟਨਾਵਾਂ ਦੀ ਚੋਣ ਵਿਚ ਖੋਜਕਾਰ ਆਪਣੀ ਮਰਜ਼ੀ ਨਹੀਂ ਵਰਤ ਸਕਦਾ।

ਅਜਮੇਰ ਸਿੰਘ ਨੇ ਹੁਣ ਤੀਕ ਦੀਆਂ ਖਾਲਿਸਤਾਨੀ ਪ੍ਰਕਾਸ਼ਨਾਵਾਂ ਵਿਚੋਂ ਯਥਾਰਥ-ਰਹਿਤ ਭਾਵੁਕ ਦਲੀਲਾਂ ਇਕੱਤਰ ਕਰ ਕੇ ਪੁਰਾਣਾ ਹਿੰਸਕ ਪਾਣੀ ਹੀ ਨਵੀਆਂ ਬੋਤਲਾਂ ਵਿਚ ਪਾਇਆ ਹੈ। ਉਸ ਦਾ ਕੰਮ ਦੂਜਿਆਂ ਦੇ ਘਰ ਅੱਗ ਲਾ ਕੇ ਆਪ ਤਮਾਸ਼ਾ ਵੇਖਣਾ ਲਗਦਾ ਹੈ। ਪਹਿਲਾਂ ਨਕਸਲੀਆਂ ਦੀ ਧੂਣੀ ਸੇਕਦਾ ਰਿਹਾ, ਹੁਣ ਖਾਲਿਸਤਾਨੀ ਅੰਗਿਆਰੀਆਂ ਨੂੰ ਮਘਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਕੱਲ ਨੂੰ ਸ਼ਾਇਦ ਤ੍ਰਿਸ਼ੂਲ ਪਕੜ ਸ਼ਿਵਜੀ ਦਾ ਧੂਣਾ ਜਾ ਤਪਾਵੇ। ਉਹ ਲਾਂਬੂ ਲਾਉਂਦਾ ਹੈ ਤੇ ਜਵਾਬਦੇਹੀ ਸਮੇਂ ਅਗਲੇ ਖ਼ੇਮੇ ਵਿਚ ਜਾ ਵੜਦਾ ਹੈ। ਇਨ੍ਹਾਂ ਪੁਸਤਕਾਂ ਵਿਚ ਉਸ ਨੇ ਹਜ਼ਾਰਾਂ ਨਿਰਦੋਸ਼ਾਂ ਦੇ ਪਿਛਲੇ ਜਾਨੀ ਨੁਕਸਾਨ ਦਾ ਹਿਸਾਬ ਕਿਤਾਬ ਦਿਤੇ ਬਿਨਾਂ ਨਰ ਸੰਘਾਰ ਦੀ ਨਵੀਂ ਹਲਾਈ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਮੀਦ ਹੈ ਕਿ ਨਵੀਂ ਪੀੜ੍ਹੀ ਉਸ ਦੇ ਮਨਸੂਬਿਆਂ ਤੋਂ ਖ਼ਬਰਦਾਰ ਰਹੇਗੀ। ਉਸ ਦੇ ਕਈ ਨੇੜਲੇ ਦੋਸਤਾਂ ਦੇ ਕਹਿਣ ਮੁਤਾਬਿਕ ਉਸ ਦਾ ਇਕੋ ਇਕ ਮਨੋਰਥ ਪੰਜਾਬ ਦੀ ਜਵਾਨੀ ਤੇ ਕਿਸਾਨੀ ਦਾ ਜਜ਼ਬਾਤੀ ਅਪਹਰਣ ਕਰਕੇ ਰਾਇਲਟੀਨੁਮਾ ਮੋਟੀ ਫਿਰੌਤੀ ਵਸੂਲ ਕਰਦੇ ਰਹਿਣਾ ਹੈ। ਇਸ ਲਈ ਵਿਦਵਾਨ ਪਾਠਕਾਂ ਵਲੋਂ ਇਨ੍ਹਾਂ ਪੁਸਤਕਾਂ ਨੂੰ ਅਣਗੌਲਿਆ ਕਰ ਦੇਣਾ ਹੀ ਇਨ੍ਹਾਂ ਪ੍ਰਤੀ ਢੁਕਵਾਂ ਰਵੱਈਆ ਹੋਣਾ ਸੀ। ਪਰ ਇਸ ਬਹਿਸ ਦਾ ਇਕ ਲਾਭਦਾਇਕ ਸਿੱਟਾ ਇਹ ਹੋਇਆ ਹੈ ਕਿ ਕਰਮ ਬਰਸਟ, ਡਾ. ਬਲਕਾਰ ਸਿੰਘ, ਹਰਪਾਲ ਸਿੰਘ ਪੰਨੂ ਤੇ ਅਭੈ ਸਿੰਘ ਜਿਹੇ ਕਈ ਸੁਲਝੇ ਹੋਏ ਵਿਦਵਾਨਾਂ ਦੇ ਪ੍ਰਤੀਕਰਮ ਪੜ੍ਹ ਕੇ ਅਨੰਦ ਵੀ ਪ੍ਰਾਪਤ ਹੋਇਆ ਤੇ ਗਿਆਨ ਵੀ।

-ਡਾ. ਗੋਬਿੰਦਰ ਸਿੰਘ ਸਮਰਾਓ
ਸਾਬਕਾ ਪ੍ਰੋਫੈਸਰ, ਪੁਲੀਟੀਕਲ ਸਾਇੰਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

*ਇਸ ਲੇਖ ਵਿਚਲੇ ਵਿਚਾਰ ਲੇਖਕ ਦੇ ਆਪਣੇ ਹਨ। ਅਦਾਰਾ ਪੰਜਾਬ ਟਾਈਮਜ਼ ਇਨ੍ਹਾਂ ਦੇ ਸਹੀ ਹੋਣ ਦੀ ਜ਼ਿੰਮੇਵਾਰੀ ਨਹੀਂ ਲੈਂਦਾ ਅਤੇ ਨਾ ਹੀ ਇਸ ਦਾ ਉਨ੍ਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਹੈ। ਪਾਠਕ ਖੁਦ ਨਿਰਖ-ਪਰਖ ਕਰਨ।*
*-ਸੰਪਾਦਕ*

# ਜਿਤੁ ਜੰਮਹਿ ਰਾਜਾਨ

## ਸਫਰ ਜ਼ਿੰਦਗੀ ਦਾ

**ਡਾ. ਗੋਬਿੰਦਰ ਸਿੰਘ ਸਮਰਾਓ***

ਨਵੰਬਰ 2010 ਵਿਚ ਜਦੋਂ ਹੋਮੀਓਪੈਥਿਕ ਗ੍ਰੰਥ ਆਰਗੈਨਨ ਦੀ 200ਵੀਂ ਵਰ੍ਹੇਗੰਢ ਸਬੰਧੀ ਪੰਜਾਬ ਟਾਈਮਜ਼ 'ਚ ਮੇਰਾ ਲੇਖ "ਹੱਥ ਦੀ ਸਫਾਈ" ਛਪਿਆ ਤਾਂ ਮੈਨੂੰ ਸਾਰੇ ਉਤਰੀ ਅਮਰੀਕਾ 'ਚੋਂ ਬਹੁਤ ਸਾਰੇ ਸ਼ਲਾਘਾਮਈ ਅਤੇ ਦਰਿਆਫ਼ਤੀ ਸੁਨੇਹੇ ਆਏ। ਇਨ੍ਹਾਂ ਵਿਚੋਂ ਕਈ ਈ-ਮੇਲਾਂ ਵਿਚ ਬੀਬੀਆਂ ਨੇ ਪੁਛਿਆ ਸੀ ਕਿ ਕੀ ਹੋਮੀਓਪੈਥੀ ਵਿਚ ਬਾਂਝਪਣ ਦੀ ਵੀ ਕੋਈ ਦਵਾਈ ਹੈ। ਮੈਂ ਦੱਸਿਆ ਕਿ ਇਸ ਸਿਸਟਮ ਵਿਚ ਕਿਸੇ ਬਿਮਾਰੀ ਦੀ ਕੋਈ ਦਵਾਈ ਨਹੀਂ ਹੁੰਦੀ, ਕੇਵਲ ਬਿਮਾਰਾਂ ਦਾ ਇਲਾਜ਼ ਹੁੰਦਾ ਹੈ। ਕਈ ਬੀਬੀਆਂ ਨੇ ਫਿਰ ਪੁੱਛਿਆ ਕਿ ਉਨ੍ਹਾਂ ਨੂੰ ਇਸ ਘੁੰਡੀ ਦੀ ਸਮਝ ਨਹੀਂ ਪਈ ਕਿ ਬਿਮਾਰੀ ਦਾ ਇਲਾਜ਼ ਕੀਤੇ ਬਿਨਾ ਬਿਮਾਰ ਕਿਵੇਂ ਠੀਕ ਹੋ ਸਕਦਾ ਹੈ?

ਮੈਨੂੰ ਲੱਗਿਆ ਕਿ ਮੇਰਾ ਜਵਾਬ ਤਾਂ ਸਹੀ ਸੀ ਪਰ ਬੀਬੀਆਂ ਸ਼ਾਇਦ ਇਸ ਨੂੰ ਐਲੋਪੈਥੀ ਦ੍ਰਿਸ਼ਟੀਕੋਣ ਤੋਂ ਵੇਖ ਰਹੀਆਂ ਸਨ। ਹੋਮੀਓਪੈਥੀ ਦੇ ਨਵੀਨ ਤੇ ਵਿਸ਼ਾਲ ਜਗਤ ਨਾਲ ਜਾਣ-ਪਛਾਣ ਬਿਨਾ ਇਸ ਨੂੰ ਸਮਝਣਾ ਥੋੜ੍ਹਾ ਮੁਸ਼ਕਿਲ ਸੀ। ਦਰਅਸਲ ਇਸ ਵਿਡੰਬਨਾ ਪਿੱਛੇ ਹੋਮੀਓਪੈਥੀ ਦਾ ਉਹ ਭੇਦ ਛੁਪਿਆ ਹੋਇਆ ਹੈ ਜਿਸ ਨਾਲ ਇਸ ਪ੍ਰਣਾਲੀ ਦੀ ਇਕ ਨਿਵੇਕਲੀ ਜਾਦੂਮਈ ਪਛਾਣ ਹੈ। ਇਹ ਉਹ ਰਾਜ਼ ਹੈ ਜਿਸ ਦੀ ਸਮਝ ਬਿਨਾ ਲੱਖਾਂ ਬਿਮਾਰ ਗੁੰਝਲਦਾਰ ਸਿਹਤ ਸਮੱਸਿਆਵਾਂ ਨਾਲ ਵਿਲਕ ਰਹੇ ਹਨ ਅਤੇ ਹਜਾਰਾਂ ਹੋਮੀਓਪੈਥ ਅਸਫ਼ਲਤਾ ਦੀਆਂ ਘੁੰਮਣਘੇਰੀਆਂ ਵਿਚ ਪਏ ਹੋਏ ਹਨ। ਇਹ ਨੁਕਤਾ ਮੈਂ ਹੇਠ ਲਿਖੀ ਇਕ ਸੱਚੀ ਘਟਨਾ ਰਾਹੀਂ ਸਪਸ਼ਟ ਕਰ ਰਿਹਾ ਹਾਂ ਜਿਸ ਵਿਚ ਪਾਤਰਾਂ ਦੇ ਕੇਵਲ ਨਾਂ, ਪਤੇ ਤੇ ਹਵਾਲੇ ਹੀ ਬਦਲੇ ਹੋਏ ਹਨ।

ਸੰਨ 2007-08 ਦਾ ਬਹੁਤਾ ਸਮਾਂ ਮੈਂ ਪਟਿਆਲੇ ਰਿਹਾ। 28 ਜਨਵਰੀ 2007 ਨੂੰ ਬਾਦ ਦੁਪਹਿਰ ਸੌਂ ਕੇ ਉਠਿਆ ਤਾਂ ਸੁਰਜੀਤ ਸਿੰਘ ਦਾ ਫੋਨ ਆਇਆ। ਕਹਿਣ ਲੱਗਾ, "ਪ੍ਰੋਫੈਸਰ ਸਾਹਿਬ ਮਰੀਜ਼ ਦਿਖਾਉਣਾ ਹੈ। ਤਬੀਅਤ ਜਿਆਦਾ ਢਿੱਲੀ ਹੋਣ ਕਾਰਨ ਲੈ ਕੇ ਨਹੀਂ ਆ ਸਕਦਾ। ਹੈ ਤਾਂ ਖੇਚਲ ਹੀ, ਜੇ ਇਥੇ ਆ ਕੇ ਦੇਖ ਜਾਓ? ਮੈਂ ਤੁਹਾਨੂੰ ਲੈ ਆਵਾਂਗਾ ਤੇ ਛੱਡ ਵੀ ਜਾਵਾਂਗਾ।" ਮੈਂ ਉਤਰ ਦਿਤਾ, "ਸੁਰਜੀਤ ਐਸੀ ਕੋਈ ਗੱਲ ਨਹੀਂ। ਮੈਂ ਪੰਜ ਵਜੇ ਨਾਲ ਆਪ ਹੀ ਆ ਕੇ ਤੇਰਾ ਮਰੀਜ਼ ਦੇਖ ਜਾਵਾਂਗਾ।" ਉਸ ਨੇ ਧੰਨਵਾਦ ਕਰ ਕੇ ਫੋਨ ਰੱਖ ਦਿਤਾ।

ਸੁਰਜੀਤ ਸਿੰਘ ਮੇਰਾ ਪੁਰਾਣਾ ਮਰੀਜ਼ ਸੀ। ਉਹ ਅਰਬਨ ਅਸਟੇਟ ਲਾਗਲੇ ਇਕ ਪਿੰਡ ਰਹਿੰਦਾ ਸੀ ਤੇ ਤਿੰਨ ਵਾਰ ਪਿੰਡ ਦਾ ਸਰਪੰਚ ਰਹਿ ਚੁੱਕਾ ਸੀ। ਦੋ ਸਾਲ ਪਹਿਲਾਂ ਬੱਲਡ ਪ੍ਰੈਸ਼ਰ ਦੇ ਇਲਾਜ਼ ਲਈ ਮੇਰੇ ਕੋਲ ਇਕ ਦੋਸਤ ਦੀ ਮਾਰਫ਼ਤ ਆਇਆ ਸੀ ਤੇ ਆਪਣੇ ਇਲਾਜ਼ ਤੋਂ ਬਾਦ ਆਪਣੀ ਘਰ ਵਾਲੀ ਕੁਲਵੰਤ ਨੂੰ ਵੀ ਦਵਾਈ ਦਵਾਉਣ ਲਈ ਲਿਆਉਂਦਾ ਰਹਿੰਦਾ ਸੀ। ਪਿੰਡ ਤੋਂ ਬਾਹਰ ਉਸ ਨੇ ਨਵੀਂ ਕੋਠੀ ਪਾਈ ਹੋਈ ਸੀ ਤੇ ਮੈਨੂੰ ਵੀ ਲੰਘਦੇ ਵੜਦੇ ਵੇਖਣ ਦਾ ਕਈ ਵਾਰ ਸੱਦਾ ਦੇ ਚੁੱਕਾ ਸੀ। ਉਸ ਸ਼ਾਮ ਮੈਂ ਤੇ ਮੇਰੀ ਪਤਨੀ ਨੇ ਪਹਿਲਾਂ ਹੀ ਆਪਣੇ ਪਿੰਡ ਜਾਣ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ। ਇਕ ਕੰਮ ਦੋ ਕਾਜ ਦੇ ਮਨਸ਼ੇ ਨਾਲ ਅਸੀਂ ਰਸਤੇ ਵਿਚ ਜਾਂਦੇ ਜਾਂਦੇ ਉਸ ਦਾ ਕੰਮ ਨਿਬੇੜਨ ਦੀ ਵੀ ਸਲਾਹ ਬਣਾ ਲਈ।

ਹਰੀਆਂ ਕਣਕਾਂ ਦੇ ਖੇਤਾਂ ਨਾਲ ਘਿਰਿਆ ਸੰਗਮਰਮਰ ਨਾਲ ਜੜਿਆ ਕੋਠੀ-ਨੁਮਾ ਨਵਾਂ ਘਰ ਸੀ ਉਸ ਦਾ। ਸਾਹਮਣੇ ਖੁੱਲ੍ਹੇ ਲਾਅਨ ਵਿਚ ਹਰੇ ਘਾਹ ਤੇ ਗੁਲਾਬ ਦੇ ਬੂਟੇ ਸੁੰਦਰ ਰੰਗ ਬੰਨ ਰਹੇ ਸਨ। ਗੇਟ ਉਤੇ ਬੰਨੇ ਕੁੱਤਾ ਭੌਂਕਣ ਦੀ ਆਵਾਜ਼ ਸੁਣ ਕੇ ਸੁਰਜੀਤ ਬਾਹਰ ਆਇਆ ਤੇ ਆਓ-ਭਗਤ ਕਰਕੇ ਸਾਨੂੰ ਅੰਦਰ ਲੈ ਗਿਆ। ਡਰਾਇੰਗ ਰੂਮ ਵਿਚ ਕਈ ਜਣੇ ਖ਼ਾਮੋਸ਼ੀ ਨਾਲ ਬੈਠੇ ਹੋਏ ਸਨ ਜਿਨ੍ਹਾਂ ਵਿਚ ਔਰਤਾਂ ਵਧੀਕ ਸਨ। ਇੱਕਤ੍ਰਿਤ ਵਿਅਕਤੀਆਂ ਦੀ ਦਿੱਖ ਤੋਂ ਲਗ ਰਿਹਾ ਸੀ ਕਿ ਉਹ ਉਸ ਦੇ ਪਿੰਡ 'ਚੋਂ ਹੀ ਬਿਮਾਰ ਦੀ ਖ਼ਬਰ-ਸਾਰ ਲੈਣ ਆਏ ਹੋਏ ਸਨ। ਸੁਰਜੀਤ ਉਨ੍ਹਾਂ ਕੋਲੋਂ ਦੀ ਲੰਘਾ ਕੇ ਸਾਨੂੰ ਇਕ ਅੰਦਰਲੇ ਕਮਰੇ ਵਿਚ ਲੈ ਗਿਆ ਜੋ ਰੰਗ ਰੋਗਨ ਦੀ ਹਲਕੀ ਜਿਹੀ ਵਾਸ਼ਨਾ ਕਾਰਨ ਨਵਾਂ ਨਵਾਂ ਲੱਗ ਰਿਹਾ ਸੀ। ਬੈਠਣ ਦਾ ਇਸ਼ਾਰਾ ਕਰਕੇ ਕਹਿਣ ਲੱਗਾ, "ਤੁਸੀਂ ਬੈਠੋ ਮੈਂ ਕੁਲਵੰਤ ਨੂੰ ਭੇਜਦਾ ਹਾਂ।" ਉਸ ਦੇ ਜਾਣ ਤੋਂ ਬਾਦ ਮੈਂ ਆਪਣੀ ਪਤਨੀ ਨੂੰ ਕਿਹਾ, "ਮੈਨੂੰ ਤਾਂ ਇਸ ਦੇ ਮਰੀਜ਼ ਦੀ ਹਾਲਤ ਕਾਫੀ ਢਿੱਲੀ ਲਗਦੀ ਹੈ।" ਉਸ ਕਿਹਾ, "ਬੈਠੇ ਲੋਕਾਂ ਨੂੰ ਦੇਖ ਕੇ ਤਾਂ ਇੱਦਾਂ ਈ ਲਗਦਾ ਐ।"

ਸਾਡੇ ਗੱਲਾਂ ਕਰਦਿਆਂ ਸੁਰਜੀਤ ਦੀ ਘਰ ਵਾਲੀ ਆ ਗਈ। ਸਤਿ ਸ੍ਰੀ ਅਕਾਲ ਬੁਲਾ ਕੇ ਆਪਣੀ ਧੀ ਨੂੰ ਦੁੱਧ ਗਰਮ ਕਰ ਕੇ ਲਿਆਉਣ ਲਈ ਕਹਿਣ ਲੱਗੀ। ਮੈਂ ਉਸ ਨੂੰ ਰੋਕਦਿਆਂ ਪੁੱਛਿਆ ਕਿ ਮਰੀਜ਼ ਕੌਣ ਹੈ? ਥੋੜਾ ਚੁੱਪ ਰਹਿਣ ਤੋਂ ਬਾਦ ਬੋਲੀ, "ਗੁਰਜੰਟ ਦੀ ਵਹੁਟੀ ਹਰਦੀਪ ਐ ਜੀ।"

"ਕੀ ਹੋਇਆ?" ਮੈਂ ਉਤਸੁਕਤਾ ਨਾਲ ਜਾਣਨਾ ਚਾਹਿਆ।"

"ਪ੍ਰੋਫੈਸਰ ਸਾਹਿਬ, ਕੀ ਦਸੀਏ? ਵੇਲ ਨੂੰ ਫਲ ਪੈਂਦਾ ਹੈ ਪਰ ਪੂਰ ਨਹੀਂ ਚੜ੍ਹਦਾ। ਬੱਸ ਪੰਜਵਾਂ ਮਹੀਨਾ ਨਹੀਂ ਟੱਪਦਾ। ਛੇਆਂ ਸਾਲਾਂ ਵਿਚ ਚੌਥੀ ਵਾਰ ਢਿੱਲੀ ਹੋ ਚੁੱਕੀ ਐ। ਸਿਹਤ ਚੰਗੀ ਭਲੀ ਹੈ। ਇਲਾਜ਼ ਵਿਚ ਕੋਈ ਕਸਰ ਨਹੀਂ ਛੱਡੀ। ਪਹਿਲਾਂ ਰਾਜਿੰਦਰਾ ਹਸਪਤਾਲ ਦਿਖਾਉਂਦੇ ਰਹੇ। ਇਸ ਵਾਰ ਪੀ ਜੀ ਆਈ ਦਾਖ਼ਲ ਕਰਾਇਆ। ਉਥੇ ਡਾਕਟਰਾਂ ਨੇ ਸਭ ਟੈਸਟ ਕਰ ਕੇ ਤਿੰਨ ਮਹੀਨੇ ਮੰਜੇ 'ਤੇ ਲੰਮੀ ਪਾ ਕੇ ਰਖਿਆ। ਪਰ ਸਮਾਂ ਆਉਣ 'ਤੇ ਫਿਰ ਓਹੀ ਭਾਣਾ ਵਰਤ ਗਿਆ। ਇਕੋ ਇਕ ਲੜਕਾ ਹੈ ਸਾਡਾ। ਸਭ ਆਸਾਂ ਮੁਰਾਦਾਂ ਇਨ੍ਹਾਂ ਤੋਂ ਹੀ ਹਨ। ਪਤਾ ਨਹੀਂ ਕੁਦਰਤ ਦੀ ਕੀ ਕਰੋਪੀ ਹੈ। ਉਲਾਦ ਦਾ ਮੂੰਹ ਵੇਖਣ ਨੂੰ ਤਰਸ ਰਹੇ ਹਾਂ," ਉਸ ਨੇ ਉਦਾਸ ਲਹਿਜ਼ੇ ਵਿਚ ਸਾਰਾ ਕੁਝ ਇਕੋ ਸਾਹੇ ਸਮਝਾ ਦਿਤਾ।

ਮੈਂ ਕਿਹਾ, "ਹਰਦੀਪ ਨੂੰ ਬੁਲਾਓ।"

ਕਹਿਣ ਲੱਗੀ, "ਜੀ, ਉਹ ਉਠ ਨਹੀਂ ਸਕਦੀ। ਅੱਜ ਦੁਪਹਿਰੇ ਹੀ ਪੀ ਜੀ ਆਈ 'ਚੋਂ ਛੁੱਟੀ ਕਰਵਾ ਕੇ ਲਿਆਏ ਆਂ। ਜਦੋਂ ਦੀ ਆਈ ਐ ਓਦੋਂ ਤੋਂ ਈ ਰੋਈ ਜਾ ਰਹੀ ਐ। ਦਵਾਈਆਂ ਨੇ ਅੱਡ ਉਸ ਦੀ ਮੱਤ ਮਾਰੀ ਹੋਈ ਐ। ਹੁਣ ਸੌਂ ਨਾ ਗਈ ਹੋਵੇ। ਠਹਿਰੋ, ਮੈਂ ਵੇਖਦੀ ਆਂ।" ਇੰਨਾ ਕਹਿ ਕੇ ਉਹ ਅੰਦਰ ਚਲੀ ਗਈ।

ਉਸ ਦੇ ਜਾਣ ਪਿਛੋਂ ਹਮਦਰਦੀ ਜਾਹਰ ਕਰਦਿਆਂ ਮੈਂ ਆਪਣੀ ਪਤਨੀ ਨੂੰ ਕਿਹਾ, "ਦੇਖ, ਵਿਚਾਰੀ ਦੀ ਮਮਤਾ ਕਿਵੇਂ ਤੜਫ ਰਹੀ ਹੈ!" ਉਹ ਮੈਨੂੰ ਉਲਟਾ ਬੋਲੀ, "ਰਹਿਣ ਦਿਓ ਜੀ, ਤੁਸੀਂ ਨੀ ਜਾਣਦੇ। ਵਹੁਟੀ ਦੇ ਟੈਸਟ ਕਰਵਾਉਂਦੀ ਰਹੀ ਹੋਣੀ ਐ। ਪਹਿਲਾਂ ਕੁੜੀਆਂ ਕਢਵਾਉਂਦੀ ਰਹੀ, ਹੁਣ ਨੁਕਸ ਪੈ ਗਿਆ ਤਾਂ ਰੋਂਦੀ ਐ। ਇਹ ਬੱਚੇ ਨੂੰ ਨਹੀਂ ਮੁੰਡੇ ਨੂੰ ਰੋਂਦੀ ਐ।" ਮੈਂ ਆਪਣੀ ਪਤਨੀ ਦੇ ਵਿਚਾਰਾਂ ਨਾਲ ਬਦੋਬਦੀ ਸਹਿਮਤ ਜਿਹਾ ਹੋ ਕੇ ਬੋਲਿਆ, "ਹੋ ਸਕਦਾ ਹੈ ਤੇਰੀ ਗੱਲ ਠੀਕ ਹੀ ਹੋਵੇ।" ਉਹ ਦਲੀਲ ਨਾਲ ਬੋਲੀ, "ਠੀਕ ਹੀ ਹੋਵੇ ਨਹੀਂ, ਠੀਕ ਹੀ ਹੈ। ਸਭ ਇਵੇਂ ਕਰਦੀਆਂ ਨੇ। ਤੁਸੀਂ ਆਪਣੇ ਪਿੰਡ ਘਰ ਵਿਚ ਹੀ ਦੇਖ ਲਓ। ਪੰਜ ਵਿਆਹੀਆਂ ਵਰੀਆਂ ਕੁੜੀਆਂ ਹਨ। ਸਭ ਦੇ ਦੋ-ਦੋ ਮੁੰਡੇ ਹਨ। ਕੁੜੀ ਇਕ ਦੇ ਵੀ ਨਹੀਂ। ਕਿਥੇ ਗਈਆਂ ਕੁੜੀਆਂ? ਆਹ ਦੀਵਾਲੀ ਨੂੰ ਪ੍ਰੀਤ ਭੈਣ ਜੀ ਦੋ ਮਹੀਨੇ ਹਸਪਤਾਲ ਵਿਚ ਦਾਖਲ ਰਹੀ। ਪਿਛੋਂ ਆ ਕੇ ਤੁਹਾਡੀ ਦਵਾਈ ਨਾਲ ਠੀਕ ਹੋਈ। ਕੀ ਤੁਸੀਂ ਸਮਝਦੇ ਹੋ ਕਿ ਉਹ ਕਿਸੇ ਬਿਮਾਰੀ ਕਾਰਨ ਹਸਪਤਾਲ ਵਿਚ ਸੀ? ਉਸ ਦਾ ਅਬਾਰਸ਼ਨ ਦਾ ਕੇਸ ਖਰਾਬ ਹੋ ਗਿਆ ਸੀ। ਨਾਲੇ ਅੰਮ੍ਰਿਤ ਛਕ ਕੇ ਗਾਤਰਾ ਪਾਇਆ ਹੋਇਆ ਹੈ ਨਾਲੇ ਤਿੰਨ ਕੁੜੀਆਂ ਕਢਵਾ ਚੁੱਕੀ ਐ। ਤੁਸੀਂ ਬਾਹਰ ਨਿਕਲ ਕੇ ਨਹੀਂ ਦੇਖਦੇ ਜੀ ਕੀ ਨਿਘਾਰ ਆਇਆ ਹੋਇਆ ਐ। ਆਪਣੇ ਪਿੰਡ ਵਿਚ ਪਿਛਲੇ ਦੋ ਸਾਲਾਂ ਵਿਚ ਤਿੰਨ ਮੁੱਲ ਦੀਆਂ ਬੰਗਲਾ-ਦੇਸਣਾਂ ਆ ਗਈਆਂ ਨੇ!"

ਆਪਣੀ ਪਤਨੀ ਦੀ ਦਲੀਲ ਸੁਣਦਿਆਂ ਮੈਂ ਹੈਰਾਨ ਹੋ ਰਿਹਾ ਸਾਂ ਕਿ ਸਾਡੇ ਸਮਾਜ ਵਿਚ ਇਹ ਕਿੱਦਾਂ ਦਾ ਖ਼ਾਮੋਸ਼ ਕਤਲੇਆਮ ਚਲ ਰਿਹਾ ਹੈ ਜਿਸ ਵਿਚ ਮਾਂ-ਪਿਓ, ਡਾਕਟਰ-ਨਰਸ, ਪੁਲਿਸ-ਕਚਹਿਰੀ, ਤਖਤ-ਸਮਾਜ ਤੇ ਸਰਕਾਰ-ਦਰਬਾਰ ਸਭ ਦੀ ਸਾਂਝੀ ਮਿਲੀਭੁਗਤ ਹੈ। ਦਿੱਲੀ ਦੇ ਦੰਗੇ ਉਕਸਾਉਣ ਵਾਲਿਆਂ ਲਈ ਤਾਂ ਸਾਰਾ ਪੰਥ ਫਾਂਸੀ ਦੀ ਸਜ਼ਾ ਲਈ ਤਰਲੋ-ਮੱਛੀ ਹੋ ਰਿਹਾ ਹੈ ਪਰ ਨਿਰਦੋਸ਼ ਧੀਆਂ ਦੇ ਘਰੋ ਘਰੀ ਕੁੱਖ-ਕਾਤਲਾਂ ਬਾਰੇ ਸਭ ਨੇ ਇਕ ਚੁੱਪ ਧਾਰ ਰੱਖੀ ਹੈ। ਕੀ ਪੰਜਾਬ ਦੀ ਜਨਨੀ ਹੁਣ ਕੇਵਲ "ਰਾਜਾਨ" ਨੂੰ ਹੀ ਜਨਮ ਦਿਆ ਕਰੇਗੀ ਤੇ "ਰਾਣੀਆਂ" ਦਾ ਜਨਮ ਕੇਵਲ ਬੰਗਲਾ ਦੇਸ਼ ਵਿਚ ਹੀ ਹੋਇਆ ਕਰੇਗਾ?"

ਮੈਂ ਸੋਚ ਹੀ ਰਿਹਾ ਸਾਂ ਕਿ ਸੁਰਜੀਤ ਦੀ ਧੀ ਰਾਣੀ ਦੁੱਧ ਦੇ ਗਿਲਾਸ ਲੈ ਕੇ ਆ ਗਈ। ਦੁੱਧ ਪੀ ਕੇ ਅਸੀਂ ਕੁਲਵੰਤ ਨਾਲ ਹਰਦੀਪ ਦੇ ਕਮਰੇ ਵਿਚ ਚਲੇ ਗਏ। ਮਰੀਜ਼ ਦੇ ਕਮਰੇ ਵਿਚ ਨਾਂਮਾਤਰ ਹੀ ਚਾਨਣ ਸੀ। ਜ਼ੀਰੋ ਵਾਟ ਦੇ ਲਾਟੂ ਦੀ ਮੱਧਮ ਰੋਸ਼ਨੀ ਵਿਚ ਉਹ ਰਜ਼ਾਈ ਲਪੇਟੀ ਚੁਪ ਚਾਪ ਪਈ ਸੀ। ਉਸ ਦੀ ਸੱਸ ਨੇ ਉਸ ਨੂੰ ਸਾਡੇ ਆਉਣ ਦੀ ਖ਼ਬਰ ਦਿਤੀ ਤਾਂ ਉਸ ਨੇ ਰਜ਼ਾਈ 'ਚੋਂ ਮੂੰਹ ਨੰਗਾ ਕਰ ਕੇ ਸਾਨੂੰ ਸਤਿ ਸ੍ਰੀ ਅਕਾਲ ਬੁਲਾਈ। ਸਤਾਈ-ਅਠਾਈ ਸਾਲ ਦੀ ਸੁੰਦਰ ਜਵਾਨ ਲੜਕੀ ਸੀ ਉਹ ਜਿਸ ਦੇ ਚਿਹਰੇ 'ਤੇ ਗਹਿਰੀ ਚਿੰਤਾ ਤੇ ਉਦਾਸੀ ਸੀ। ਉਸ ਦੀ ਸੱਸ ਨੇ ਉਸ ਨੂੰ ਬੈਠੀ ਹੋਣ ਲਈ ਕਿਹਾ ਜਿਸ ਦੇ ਜਵਾਬ ਵਿਚ ਉਹ ਝਿੜਕ ਕੇ ਬੋਲੀ, "ਮੰਮਾ ਮੈਂ ਬਹਾਨੇ ਲਾਏ ਹੋਏ ਨੇ?" ਇਹ ਸੁਣ ਕੇ ਕੁਲਵੰਤ ਕਮਰੇ 'ਚੋਂ ਬਾਹਰ ਚਲੀ ਗਈ।

ਗੱਲ ਸ਼ੁਰੂ ਕਰਦਿਆਂ ਮੈਂ ਉਸ ਨੂੰ ਕਿਹਾ ਕਿ ਉਸ ਦੀ ਤਕਲੀਫ਼ ਬਾਰੇ ਕੁਝ ਕੁ ਤਾਂ ਮੈਂ ਉਸ ਦੀ ਸੱਸ ਕੋਲੋ ਸੁਣ ਆਇਆ ਹਾਂ। ਬਾਕੀ ਉਹ ਆਪ ਵਿਸਥਾਰ ਨਾਲ ਦੱਸੇ। "ਬੱਸ ਜੀ ਉਹੀ ਕੁੱਛ ਹੈ।" ਉਸ ਨੇ ਗੱਲ ਦਬਾਉਂਦੇ ਹੋਏ ਕਿਹਾ। ਮੈਂ ਹਾਲੇ ਕੁਝ ਹੋਰ ਪੁੱਛਣ ਹੀ ਲੱਗਾ ਸਾਂ ਕਿ ਉਸ ਦਾ ਗਲਾ ਭਰ ਆਇਆ। ਮੇਰੇ ਕੁਝ ਕਹਿਣ ਤੋਂ ਪਹਿਲਾਂ ਉਸ ਨੇ ਮੂੰਹ ਫਿਰ ਰਜਾਈ ਨਾਲ ਢੱਕ ਲਿਆ ਤੇ ਸਿਸਕਣ ਲਗੀ। "ਤੇਰਾ ਕੀ ਦੁਖਦਾ ਹੈ, ਹਰਦੀਪ?" ਮੈਂ ਉਸ ਨੂੰ ਸੁਣਾ ਕੇ ਕਿਹਾ।

"ਅੰਕਲ ਜੀ ਮੈਂ ਮੁੜ ਉਥੇ ਨਹੀਂ ਜਾਣਾ ਚਾਹੁੰਦੀ। ਮੈਂ ਬਹੁਤ ਹਾਰ ਗਈ ਹਾਂ।" ਉਸ ਨੇ ਰੋ ਕੇ ਕਿਹਾ। ਮੈਂ ਸਮਝ ਗਿਆ ਕਿ ਲੜਕੀ ਨੂੰ ਵਾਰ ਵਾਰ ਕੁੱਖ ਖਾਲੀ ਹੋਣ ਦਾ ਡੂੰਘਾ ਗ਼ਮ ਹੈ ਤੇ ਇਹ ਦੁਬਾਰਾ ਹਸਪਤਾਲ ਵਿਚ ਦੁਰਦਸ਼ਾ ਨਹੀਂ ਕਰਵਾਉਣਾ ਚਾਹੁੰਦੀ।

ਹਨੇਰੀ ਕੋਠੜੀ ਵਿਚ ਵੜ ਕੇ ਚੁਪ ਚਾਪ ਡੁਸਕਣ ਵਾਲੀਆਂ ਗ਼ਮਗੀਨ ਤੇ ਟੋਕਾ ਟਾਕੀ ਤੋਂ ਖਿਝਣ ਵਾਲੀਆਂ ਭਾਵੁਕ ਕੁੜੀਆਂ ਨੂੰ ਹੋਮੀਓਪੈਥੀ ਵਿਚ ਇਗਨੇਸੀਆ ਅਮਾਰਾ ਨਾਲ ਤੰਦਰੁਸਤ ਕਰਦੇ ਹਨ। ਇਸ ਲਈ ਇਸ ਦਵਾਈ ਦੀ ਇਕ ਖ਼ੁਰਾਕ ਮੈਂ ਉਸ ਦੇ ਮੂੰਹ ਵਿਚ ਝਾੜ ਦਿਤੀ। ਇੰਨੇ ਵਿਚ ਉਸ ਦੀ ਸੱਸ ਟੈਸਟ-ਰਿਪੋਰਟਾਂ ਦਾ ਥੱਬਾ ਤੇ ਦਵਾਈਆਂ ਦਾ ਲਿਫਾਫਾ ਲੈ ਕੇ ਆ ਗਈ। ਕਹਿਣ ਲੱਗੀ, "ਇਨ੍ਹਾਂ ਨੂੰ ਦੇਖਣ ਦੀ ਲੋੜ ਹੈ ਤਾਂ ਦੇਖ ਲਵੋ।" ਮੈਂ ਕਿਹਾ, "ਇਹ ਮੇਰੇ ਕੰਮ ਦੀਆਂ ਨਹੀਂ। ਬੇਸ਼ਕ ਰੱਖ ਆਓ।"

ਸੱਸ ਦੇ ਜਾਣ 'ਤੇ ਹਰਦੀਪ ਬੋਲੀ, "ਅੰਕਲ ਜੀ, ਕੀ ਮੇਰਾ ਇਲਾਜ਼ ਹੋ ਸਕਦਾ ਹੈ?"

"ਕਿਉਂ ਨਹੀਂ, ਤੂੰ ਕਿਹੜਾ ਰੱਬ ਦੇ ਮਾਂਹ ਮਾਰੇ ਨੇ?" ਮੈਂ ਉਸ ਨੂੰ ਆਪਣੇ ਸੁਭਾਵਿਕ ਮਿਜ਼ਾਜ ਵਿਚ ਕਿਹਾ।"

"ਤੁਸੀਂ ਕਰ ਦਿਓਗੇ ਠੀਕ ਮੈਨੂੰ?" ਉਸ ਦੇ ਸਵਾਲ ਵਿਚ ਫ਼ਰਿਆਦ ਛਿਪੀ ਸੀ।

ਢਾਰਸ ਦਿੰਦਿਆਂ ਮੈਂ ਕਿਹਾ, "ਜਰੂਰ ਕਰ ਦਿਆਂਗਾ, ਜੇ ਕਹੇਂਗੀ ਮੈਨੂੰ ਤਾਂ।"

ਮੇਰੀ ਗੱਲ ਸੁਣ ਕੇ ਉਸ ਦੀਆਂ ਅੱਖਾਂ ਵਿਚ ਚਮਕ ਆ ਗਈ ਤੇ ਚਿਹਰੇ ਦੇ ਭਾਵ ਬਦਲ ਗਏ। ਬੈਠੀ ਹੋ ਕੇ ਕਹਿਣ ਲੱਗੀ, "ਪੀ ਜੀ ਆਈ ਵਾਲਿਆਂ ਨੇ ਐਂਟੀ-ਬਾਇਓਟਿਕ ਦਾ ਕੋਰਸ ਸ਼ੁਰੂ ਕਰਵਾਇਆ ਹੋਇਆ ਐ। ਇਸ ਨੂੰ ਖ਼ਤਮ ਕਰ ਕੇ ਮੈਂ ਤੁਹਾਡੇ ਕੋਲ ਆਵਾਂਗੀ। ਹੁਣ ਮੈਂ ਪੂਰਾ ਇਲਾਜ਼ ਤੁਹਾਡੇ ਤੋਂ ਹੀ ਕਰਵਾਵਾਂਗੀ।"

ਮੈਨੂੰ ਲੱਗਿਆ ਉਸ ਨੇ ਘਰ ਵਿਚ ਮੇਰੇ ਬਾਰੇ ਸੁਣ ਰਖਿਆ ਸੀ ਇਸੇ ਲਈ ਇੰਨਾ ਭਰੋਸਾ ਕਰ ਰਹੀ ਸੀ। ਉਸ ਨੂੰ ਹੌਸਲਾ ਦਿੰਦਿਆਂ ਮੈਂ ਕਿਹਾ, "ਹਾਂ, ਹਾਂ, ਜਰੂਰ।"

ਕੁਲਵੰਤ ਜਦੋਂ ਮੁੜ ਕੇ ਕਮਰੇ ਵਿਚ ਆਈ ਤਾਂ ਉਸ ਨੇ ਨਰਮ ਆਵਾਜ਼ ਵਿਚ ਕਿਹਾ, "ਮੰਮਾ ਇਨ੍ਹਾਂ ਨੂੰ ਚਾਹ ਪਾਣੀ ਤਾਂ ਪਿਲਾਓ।" ਉਸ ਦੀ ਸੱਸ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਅਸੀਂ ਉਠ ਖਲੋਤੇ ਤੇ ਅੱਗੇ ਆਪਣੇ ਪਿੰਡ ਪਹੁੰਚਣ ਦੀ ਕਾਹਲ ਦੱਸ ਕੇ ਉਥੋਂ ਨਿਕਲ ਪਏ। ਰਸਤੇ ਵਿਚ ਮੇਰੀ ਪਤਨੀ ਕਹਿਣ ਲੱਗੀ, "ਲਗਦਾ ਹੈ ਇਸ 'ਤੇ ਦਵਾਈ ਅਸਰ ਕਰ ਗਈ ਐ।"

ਹਰਦੀਪ 3 ਮਾਰਚ ਨੂੰ ਆਪਣੇ ਪਤੀ ਗੁਰਜੰਟ ਨਾਲ ਮੇਰੀ ਕਲੀਨਿਕ ਆਈ। ਉਸ ਨੇ ਸਪਸ਼ਟ ਕੀਤਾ ਕਿ ਉਸ ਦੀ ਮੁੱਖ ਸਮਸਿਆ ਗਰਭ-ਪਾਤ ਹੀ ਸੀ। ਕਹਿਣ ਲੱਗੀ, "ਅੰਕਲ ਜੀ, ਪੰਜਵਾਂ ਮਹੀਨਾ ਨਹੀਂ ਲੰਘਦਾ, ਆਪਣੇ ਆਪ ਪੇਟ ਖਾਲੀ ਹੋ ਜਾਂਦਾ ਹੈ। ਕੋਈ ਦਰਦ ਨਹੀਂ ਹੁੰਦਾ, ਕੋਈ ਭਾਰ ਨਹੀਂ ਪੈਂਦਾ ਤੇ ਨਾ ਹੀ ਕੋਈ ਹੋਰ ਪਤਾ ਚਲਦਾ ਹੈ। ਸਭ ਟੈਸਟ ਠੀਕ ਆਉਂਦੇ ਨੇ। ਡਾਕਟਰਾਂ ਨੂੰ ਕੋਈ ਸਮਝ ਨਹੀਂ ਪੈਂਦੀ ਕਿ ਇਹ ਕਿਉਂ ਹੁੰਦਾ ਹੈ। ਹੁਣ ਪੀ ਜੀ ਆਈ ਵਾਲਿਆਂ ਨੇ ਟੈਸਟਾਂ ਲਈ ਨਿਕਲਿਆ ਬੱਚਾ ਵੀ ਸੰਭਾਲ ਕੇ ਰੱਖ ਲਿਆ ਹੈ। ਆਸ ਬੰਨਦੀ ਹੈ, ਟੁੱਟ ਜਾਂਦੀ ਹੈ।" ਉਹ ਵਿਚੋਂ ਵਿਚੋਂ ਰੋਣ ਲੱਗ ਜਾਂਦੀ ਤੇ ਫਿਰ ਦੱਸਣ ਲਗਦੀ। ਮੈਂ ਅੱਧਾ ਘੰਟਾ ਉਸ ਦੀਆਂ ਗੱਲਾਂ ਵਿਚੋਂ ਕੋਈ ਠੋਸ ਅਲਾਮਤ ਲੱਭ ਕੇ ਲਿਖਣ ਦੀ ਉਮੀਦ ਨਾਲ ਲੈਪ ਟਾਪ ਖੋਲ੍ਹੀ ਬੈਠਾ ਰਿਹਾ ਪਰ ਕੁਝ ਪੱਲੇ ਨਾ ਪਿਆ। ਕਈ ਸਵਾਲ ਵੀ ਪੁੱਛੇ ਪਰ ਪਤੀ ਸਾਹਮਣੇ ਸੰਖੇਪ ਜਿਹੇ ਉਤਰ ਦੇ ਕੇ ਉਹ ਫਿਰ ਉਹੀ ਗੱਲਾਂ ਦੁਹਰਾਉਣ ਲੱਗ ਪੈਂਦੀ। ਕੁੱਲ ਮਿਲਾ ਕੇ ਮੈਨੂੰ ਇੰਨਾ ਹੀ ਸਮਝ ਪਿਆ ਕਿ ਇਸ ਦਾ ਗਰਭ ਪੰਜ ਮਹੀਨੇ ਤੋਂ ਅੱਗੇ ਨਹੀਂ ਟੱਪਦਾ।

ਮੈਂ ਰੈਪਰਟਰੀ ਫਰੋਲੀ। ਇਸ ਬਿਮਾਰੀ ਦੀ ਦਵਾਈ ਏਪਿਸ ਮੈਲਿਫਿਕਾ ਨਿਕਲੀ। ਪਰ ਮੈਂ ਦਿਤੀ ਨਹੀਂ ਕਿਉਂਕਿ ਇਲਾਜ਼ "ਅਬਾਰਸ਼ਨ" ਦਾ ਨਹੀਂ, ਹਰਦੀਪ ਦਾ ਕਰਨਾ ਸੀ। ਉਸ ਦੇ ਸਾਰੇ ਕੇਸ ਵਿਚੋਂ ਹਾਲੇ ਮੈਨੂੰ ਆਰਗੈਨਨ ਦੇ ਆਰਟੀਕਲ 4 ਮੁਤਾਬਿਕ ਇਲਾਜ਼ ਕਰਨ ਯੋਗ ਕੋਈ ਵਿਸ਼ੇਸ਼ ਅਲਾਮਤ ਨਹੀਂ ਸੀ ਮਿਲੀ। ਇਸ ਲਈ ਮੈਂ ਉਸ ਨੂੰ "ਗੱਲ ਗੱਲ 'ਤੇ ਰੋਵੇ" ਦੀ ਅਲਾਮਤ ਅਨੁਸਾਰ ਪਲਸਾਟਿੱਲਾ ਹਾਈ ਦੀ ਇਕ ਖ਼ੁਰਾਕ ਦੇ ਕੇ ਮਹੀਨੇ ਬਾਦ ਆਉਣ ਲਈ ਕਿਹਾ।

ਇਸ ਉਪਰੰਤ ਉਹ 2 ਅਪਰੈਲ ਨੂੰ ਆਈ। ਇਸ ਵਾਰ ਗੁਰਜੰਟ ਉਸ ਨੂੰ ਲਾਈਨ ਵਿਚ ਬਿਠਾ ਕੇ ਕਿਤੇ ਕੰਮ ਚਲਾ ਗਿਆ। ਵਾਰੀ ਆਉਣ 'ਤੇ ਮੈਂ ਉਸ ਨੂੰ ਪੁੱਛਿਆ, "ਤੇਰੀ ਬੀਮਾਰੀ ਦੀ ਤੈਨੂੰ ਸਭ ਤੋਂ ਵੱਡੀ ਤਕਲੀਫ਼ ਕੀ ਲਗਦੀ ਹੈ?" ਉਸ ਨੇ ਯਾਦ ਕਰ ਕੇ ਕਿਹਾ, "ਅੰਕਲ ਜੀ, ਇਕ ਤਾਂ ਮੈਨੂੰ ਪਹਿਲੇ ਦਿਨ ਤੋਂ ਹੀ ਉਲਟੀਆਂ ਲੱਗ ਜਾਂਦੀਆਂ ਹਨ ਜਿਹੜੀਆਂ ਆਖਰ ਤੀਕ ਖਹਿੜਾ ਨਹੀਂ ਛਡਦੀਆਂ। ਦੂਜੇ ਮੈਂ ਹਰ ਵੇਲੇ ਬਹੁਤ ਫ਼ਿਕਰ ਕਰਦੀ ਰਹਿੰਦੀ ਹਾਂ ਕਿ ਮੇਰੇ ਨਾਲ ਇਹ ਕਿਉਂ ਹੁੰਦਾ ਹੈ।" ਉਸ ਦੀ ਉਲਟੀ ਵਾਲੀ ਗੱਲ ਵਿਚ ਮੈਨੂੰ ਸਫਲਤਾ ਦੀ ਕਿਰਨ ਦਿਖਾਈ ਦਿਤੀ। ਦੂਜੀ ਗੱਲ ਦੀ ਹੋਰ ਜਾਣਕਾਰੀ ਲਈ ਮੈਂ ਪੁੱਛਿਆ, "ਸੰਤਾਨ ਪ੍ਰਾਪਤੀ ਲਈ ਤਾਂ ਸਭ ਔਰਤਾਂ ਹੀ ਫ਼ਿਕਰਮੰਦ ਹੁੰਦੀਆਂ ਹਨ, ਫਿਰ ਇਸ ਵਿਚ ਤੇਰੇ ਲਈ ਚਿੰਤਾ ਦੀ ਵੱਖਰੀ ਕੀ ਗੱਲ ਹੈ?"

ਮੇਰੀ ਗੱਲ ਸੁਣ ਕੇ ਉਸ ਦੇ ਚਿਹਰੇ 'ਤੇ ਤਲਖ਼ੀ ਦੀ ਭਾਅ ਫਿਰ ਗਈ। ਥੋੜ੍ਹਾ ਰੁਕ ਕੇ ਬੋਲੀ, "ਜੀ ਮੈਂ ਔਲਾਦ ਦਾ ਫਿਕਰ ਨਹੀਂ ਕਰਦੀ। ਹਾਲੇ ਕਿਹੜਾ ਮੇਰੇ ਦਿਨ ਲੰਘ ਗਏ ਨੇ। ਪਰ ਇਸ ਦੀ ਫਿਕਰ ਮੇਰੇ ਸਹੁਰਿਆਂ ਨੂੰ ਬਹੁਤ ਹੈ। ਉਹ ਹਰ ਵੇਲੇ ਮੇਰਾ ਨੱਕ ਵਿਚ ਦਮ ਕਰੀ ਰੱਖਦੇ ਨੇ। ਪਹਿਲੀ ਵਾਰ ਤਾਂ ਕੁੜੀ ਸੀ। ਸੱਸ ਸਹੁਰਾ ਵੀ ਖ਼ੁਸ਼ ਸਨ ਕਿ ਚੰਗਾ ਕੰਨਿਆਂ ਤੋਂ ਖਹਿੜਾ ਛੁਟਿਆ ਪਰ ਬਾਅਦ ਦੇ ਸਭ ਮੁੰਡੇ ਸਨ। ਇਸ ਲਈ ਹੁਣ ਉਹ ਮੇਰੇ ਮੂੰਹ 'ਤੇ ਬਿਲਕੁਲ ਪਾਣੀ ਨਹੀਂ ਧਰਦੇ। ਸਾਰਾ ਦੋਸ਼ ਮੈਨੂੰ ਦਿੰਦੇ ਹਨ। ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਸੁਣਾ ਕੇ ਮੇਰਾ ਕਲੇਜਾ ਸਾੜਦੇ ਰਹਿੰਦੇ ਹਨ। ਜਦੋਂ ਉਨ੍ਹਾਂ ਦੇ ਬੋਲ ਸਹਾਰੇ ਨਹੀਂ ਜਾਂਦੇ ਤਾਂ ਜੀ ਕਰਦਾ ਹੈ ਕਿ ਨਹਿਰ ਵਿਚ ਛਾਲ ਮਾਰ ਕੇ ਮਰ ਜਾਵਾਂ। ਮੇਰਾ ਪਤੀ ਵੀ ਹੁਣ ਉਨ੍ਹਾਂ ਨਾਲ ਈ ਲੱਗ ਗਿਆ ਹੈ। ਸੁਣਾਉਂਦਾ ਰਹਿੰਦਾ ਹੈ ਕਿ ਜੇ ਇਕ ਦੋ ਹੋਏ ਹੁੰਦੇ ਤਾਂ ਹੁਣ ਤੀਕ ਸਕੂਲ ਜਾਂਦੇ ਹੁੰਦੇ। ਦੋ ਸਾਲ ਪਹਿਲਾਂ ਉਸ ਦੀ ਮਾਂ ਮੈਨੂੰ ਇਕ ਜੋਤਸ਼ੀ ਕੋਲ ਲੈ ਗਈ। ਉਸ ਨੇ ਦੱਸਿਆ ਕਿ ਮੈਂ ਮੰਗਲੀਕ ਹਾਂ ਪਰ ਮੇਰਾ ਪਤੀ ਨਹੀਂ ਹੈ। ਇਸ ਕਰਕੇ ਸਾਡੀ ਔਲਾਦ ਨਹੀਂ ਬਚਦੀ। ਉਸ ਨੇ ਮੰਤਰ ਦੱਸੇ, ਨਗ ਪਵਾਏ ਤੇ ਦਾਨ ਕਰਵਾਏ ਤਾਂ ਵੀ ਕੋਈ ਬੇਬੀ ਪੂਰ ਨਹੀਂ ਚੜ੍ਹਿਆ। ਹੁਣ ਤਾਂ ਸਭ ਛੱਡਣ ਬਾਰੇ ਸੋਚਦੇ ਹਨ। ਸੱਸ ਕਹਿੰਦੀ ਹੈ, ਲਿਖੇ ਲੇਖ ਨਹੀਂ ਮਿਟਦੇ ਹੁੰਦੇ। ਇਸ ਤੋਂ ਬੱਚੇ ਦੀ ਕੋਈ ਆਸ ਨੀਂ, ਮੁੰਡਾ ਦੂਜੀ ਥਾਂ ਵਿਆਹਾਂਗੇ। ਰਿਸ਼ਤੇਦਾਰੀਆਂ ਵਿਚ ਕੁੜੀ ਵੀ ਲੱਭ ਰਹੇ ਹਨ। ਬੱਸ ਇਕ ਅੱਧੀ ਵਾਰ ਹੋਰ ਦੇਖਣਗੇ।" ਗੱਲ ਕਰਦਿਆਂ ਉਸ ਦੇ ਅਥਰੂ ਆ ਗਏ ਤੇ ਉਸ ਨੇ ਚੁੰਨੀ ਨਾਲ ਅੱਖਾਂ ਢਕ ਲਈਆਂ।

ਉਸ ਦੀਆਂ ਗੱਲਾਂ 'ਚੋਂ ਮੈਨੂੰ ਦਸ ਗੁਰੂਆਂ ਦੀ ਗਾਹੀ-ਨਿਵਾਜੀ ਧਰਤ ਪੰਜਾਬ ਵਿਚ ਔਰਤ ਦੇ ਘੋਰ ਸੰਤਾਪੀ ਜੀਵਨ ਦੀ ਝਲਕ ਤੋਂ ਬਿਨਾ ਹੋਰ ਕੁਝ ਨਾ ਮਿਲਿਆ ਪਰ ਉਸ ਦੇ ਸੁਡੌਲ ਸੁਨੱਖੇ ਸਰੀਰ, ਲਾਲ ਸੂਹੀ ਰੰਗਤ ਤੇ ਬੇਬਾਕ ਜਜ਼ਬਾਤੀ ਗੱਲਬਾਤ ਤੋਂ ਉਸ ਦੇ ਮੰਗਲੀਕ ਹੋਣ ਬਾਰੇ ਕੋਈ ਸ਼ੱਕ ਨਾ ਰਿਹਾ। ਭਾਰਤੀ ਜੋਤਿਸ਼ ਅਨੁਸਾਰ ਜਿਸ ਵਿਅਕਤੀ ਦੀ ਕੁੰਡਲੀ ਵਿਚ ਮੰਗਲ ਗ੍ਰਹਿ ਪਹਿਲੇ, ਦੂਜੇ, ਚੌਥੇ, ਸਤਵੇਂ, ਅੱਠਵੇਂ ਜਾਂ ਬਾਹਰਵੇਂ ਘਰ ਵਿਚ ਬਿਰਾਜਮਾਨ ਹੋਵੇ ਉਹ ਮੰਗਲੀਕ ਹੁੰਦਾ ਹੈ। ਖਾੜਕੂ ਤੇ ਪਹਿਲਵਾਦੀ ਸੁਭਾਅ ਦਾ ਹੋਣ ਕਾਰਨ ਉਸ ਦੀ ਗੈਰ-ਮੰਗਲੀਕਾਂ ਨਾਲ ਔਖੀ ਨਿਭਦੀ ਹੈ ਪਰ ਇਸ ਦਾ ਭਾਵ ਇਹ ਤਾਂ ਨਹੀਂ ਕਿ ਇਕ ਮੰਗਲੀਕ ਤੇ ਗੈਰ ਮੰਗਲੀਕ ਦੰਪਤੀ ਦੇ ਘਰ ਬੱਚਾ ਪੈਦਾ ਨਾ ਹੋ ਸਕੇ। ਫਿਰ ਮੰਗਲ ਗ੍ਰਹਿ ਤਾਂ ਦੂਰ ਸਥਿਤ ਇਕ ਧਰਤੀ ਦਾ ਗੋਲਾ ਹੈ ਉਸ ਤੇ ਮੰਤਰਾਂ, ਹਵਨਾਂ ਤੇ ਰਤਨਾਂ ਦਾ ਕੀ ਅਸਰ? ਅਸਲ ਵਿਚ ਵੈਦਿਕਕਾਲੀਨ ਆਰੀਆ ਹਰ ਸ਼ੈ ਨੂੰ ਸ਼ਕਤੀਸ਼ਾਲੀ ਸਮਝ ਕੇ ਪੂਜਣ ਦੇ ਆਦੀ ਸਨ ਤੇ ਅੰਧਵਿਸ਼ਵਾਸੀ ਹਿੰਦੁਸਤਾਨੀ ਬਿਨਾ ਸੋਚੇ ਸਮਝੇ ਮੱਖੀ 'ਤੇ ਮੱਖੀ ਮਾਰਨ ਦੇ ਮਾਹਿਰ। ਇਸੇ ਕਾਰਨ ਲਾਲਚੀ ਪਾਂਡੇ ਸਦੀਆਂ ਤੋਂ ਜੋਤਿਸ਼ ਵਿਗਿਆਨ ਨੂੰ ਉਦਰ-ਪੂਰਤੀ ਲਈ ਤੋੜ ਮਰੋੜ ਕੇ ਆਮ ਆਦਮੀ ਨੂੰ ਬੁੱਧੂ ਬਣਾਉਂਦੇ ਰਹੇ। ਜਿਨ੍ਹਾਂ ਗ੍ਰਹਾਂ ਨੂੰ ਕੁੰਡਲੀ ਸਿਰਜਣਾ ਵੇਲੇ ਉਹ ਆਕਾਸ਼ ਵਿਚ ਘੁੰਮਦੇ ਧਰਤ-ਪਿੰਡ ਮੰਨਦੇ ਹਨ ਉਨ੍ਹਾਂ ਨੂੰ ਹੀ ਫਲਾਦੇਸ਼ ਤੇ "ਕਸ਼ਟ-ਨਿਵਾਰਣ" ਵੇਲੇ ਦੇਵਤੇ ਦੱਸ ਕੇ ਪੂਜਾ ਰਾਹੀਂ ਧਨ ਬਟੋਰਦੇ ਹਨ! ਮੈਨੂੰ ਅਫ਼ਸੋਸ ਹੋਇਆ ਕਿ ਕੀ ਹਿੰਦੂ ਕੀ ਸਿੱਖ, ਭਾਰਤ ਵਿਚ ਕਿਸੇ ਦੀ ਵੀ ਜੀਵਨ-ਜਾਚ ਤਰਕ-ਸੰਗਤ ਨਹੀਂ ਹੈ।

ਖ਼ੈਰ, ਮੁੜ ਮੁੱਦੇ 'ਤੇ ਆਉਂਦਿਆਂ ਮੈਂ ਹਰਦੀਪ ਨੂੰ ਫਿਰ ਉਸ ਦੀਆਂ ਤਕਲੀਫ਼ਾਂ ਬਾਰੇ ਪੁੱਛਣ ਲੱਗਾ। ਬੋਲਣ ਲੱਗਿਆਂ ਜਿਉਂ ਹੀ ਉਸ ਨੇ ਚੁੰਨੀ ਨਾਲ ਆਪਣਾ ਮੂੰਹ ਸਾਫ ਕੀਤਾ, ਉਸ ਦਾ ਹੇਠਲਾ ਬੁਲ੍ਹ ਹੇਠਾਂ ਵਲ ਨੂੰ ਖਿਚਿਆ ਗਿਆ। ਮੈਨੂੰ ਉਸ ਦੇ ਮਸੂੜ੍ਹਿਆਂ 'ਤੇ ਫੈਲੀ ਕਾਲਖ਼ ਨਜ਼ਰ ਆਈ ਤੇ ਮੈਂ ਤ੍ਰਭਕ ਕੇ ਪੁਛਿੱਆ, "ਹਰਦੀਪ, ਤੇਰੇ ਮਸੂੜੇ ਕਾਲੇ ਨੇ?" ਪਹਿਲਾਂ ਤਾਂ ਉਸ ਨੇ ਛੁਪਾਉਣ ਦੀ ਕੋਸ਼ਿਸ ਨਾਲ ਮੂੰਹ ਬੰਦ ਕਰ ਲਿਆ ਫਿਰ ਲੱਜਿਆ ਕੇ ਬੋਲੀ, "ਹਾਂ ਜੀ ਇਹ ਤਾਂ ਪਹਿਲਾਂ ਤੋਂ ਹੀ ਹਨ।" ਮੈਂ ਕਿਹਾ, "ਵਿਖਾ ਜਰਾ।" ਮੇਰੇ ਕਹਿਣ 'ਤੇ ਉਸ ਨੇ ਮੂੰਹ ਖੋਲ੍ਹਿਆ। ਉਸ ਦੇ ਦੋਵੇਂ ਮਸੂੜਿਆਂ 'ਤੇ ਦੰਦਾਂ ਦੇ ਨਾਲ ਨਾਲ ਗੂਹੜੀਆਂ ਕਾਲੇ ਨੀਲੇ ਰੰਗ ਦੀਆਂ ਧਾਰੀਆਂ ਸਨ। ਮੈਂ ਪੁੱਛਿਆ, "ਤੈਨੂੰ ਕਦੇ ਪੇਟ ਦਰਦ ਦੀ ਤਕਲੀਫ਼ ਰਹੀ ਹੈ?" ਕਹਿਣ ਲੱਗੀ, "ਜੀ ਹਾਂ, ਸਹੁਰੇ ਆਉਣ ਤੋਂ ਬਾਦ ਢਿੱਡ ਪੀੜ ਦੇ ਦੌਰੇ ਪੈਣ ਲੱਗ ਪਏ ਸਨ। ਹੁਣ ਵੀ ਕਦੇ ਕਦੇ ਸੂਲ ਉਠ ਖੜਦਾ ਹੈ।" ਮੈਂ ਫਿਰ ਪੁੱਛਿਆ, "ਬੰਦ ਕਿੱਦਾਂ ਹੁੰਦਾ ਹੈ ਦਰਦ?" ਉਸ ਨੇ ਕਿਹਾ, "ਪੇਟ ਨੂੰ ਜੋਰ ਨਾਲ ਮਲਾਉਂਦੀ ਆਂ। ਕਈ ਵਾਰ ਤਾਂ ਮੰਜੇ ਦੇ ਪਾਵੇ ਜਾਂ ਪੇਟੀ ਦੇ ਕੋਨੇ ਨਾਲ ਢਿੱਡ ਦਬਾਉਂਦੀ ਹਾਂ।" ਮੈਂ ਅੱਗੇ ਪੁੱਛਿਆ, "ਵਿਆਹ ਹੋ ਕੇ ਕਿਹੜੇ ਘਰ ਵਿਚ ਆਈ ਸੀ?" "ਜੀ, ਇਸੇ ਵਿਚ। ਕਾਫੀ ਬਣ ਚੁਕਾ ਸੀ ਉਦੋਂ, ਬੱਸ ਰੰਗ ਰੋਗਨ ਹੀ ਰਹਿੰਦੇ ਸਨ ਪਰ ਕਿਉਂ?" ਉਸ ਨੇ ਰੁਕ ਕੇ ਇੰਜ ਪੁੱਛਿਆ ਜਿਵੇਂ ਭੂਤ ਪ੍ਰੇਤ ਦਾ ਮਸਲਾ ਹੋਵੇ। ਮੈਂ ਹੱਸ ਕੇ ਕਿਹਾ, "ਕੁਝ ਨਹੀਂ। ਜਾਹ ਸੱਸ ਨੂੰ ਕਹਿ



ਪੰਘੂੜੇ ਦੀ ਤਿਆਰੀ ਕਰੇ!"

ਉਸ ਦੇ ਚਿਹਰੇ ਤੇ ਕਈ ਰੰਗ ਆਏ ਪਰ ਮੈਂ ਪੜ੍ਹਨ ਦੀ ਕੋਸ਼ਿਸ਼ ਨਾ ਕੀਤੀ। ਹੁਣ ਉਸ ਵਿਚ ਪੜ੍ਹਨ ਲਈ ਕੁਝ ਰਹਿ ਹੀ ਨਹੀਂ ਸੀ ਗਿਆ। ਮੈਨੂੰ ਇਸ ਕੇਸ ਦੀ ਚਾਬੀ ਮਿਲ ਗਈ ਸੀ। ਮੈਨੂੰ ਇਕ ਅਜਿਹਾ ਹੀਰਾ ਲੱਭ ਗਿਆ ਸੀ ਜਿਸ ਨੂੰ ਰੈਪਰਟਰੀਆਂ ਵਿਚ ਉਲਝੇ ਬਹੁਤੇ ਜੌਹਰੀ ਕੰਕਰ ਸਮਝ ਕੇ ਸੁਟ ਦਿੰਦੇ। ਮੈਂ ਉਸ ਦੇ ਕੇਸ ਦੀ ਆਖਰੀ ਇਕ ਲਾਈਨ ਟਾਈਪ ਕੀਤੀ ਤੇ ਦਵਾਈ ਦੀ ਇਕ ਪੁੜੀ ਉਸ ਦੇ ਮੂੰਹ ਵਿਚ ਝਾੜ ਦਿਤੀ। ਉਸ ਨੇ ਹੋਰ ਦਵਾਈ ਮੰਗੀ ਪਰ ਮੈਂ ਮਹੀਨੇ ਬਾਦ ਆਉਣ ਲਈ ਕਹਿ ਕੇ ਤੋਰ ਦਿਤਾ।

ਹਰਦੀਪ ਫਿਰ 8 ਮਈ ਨੂੰ ਆਈ ਤੇ ਘਬਰਾਹਟ ਨਾਲ ਸ਼ਿਕਾਇਤ ਕਰਨ ਲੱਗੀ, "ਤੁਹਾਡੀ ਦਵਾਈ ਨਾਲ ਤਾਂ ਮੇਰੇ ਪੀਰੀਅਡ ਹੀ ਬੰਦ ਹੋ ਗਏ।" "ਪ੍ਰੈਗਨੈਂਟ ਤਾਂ ਨਹੀਂ?" ਮੈਂ ਕਿਹਾ। ਉਹ ਬੋਲੀ "ਜੀ ਨਹੀਂ, ਮੈਨੂੰ ਪ੍ਰੈਗਨੈਂਸੀ ਐਨੀ ਸੌਖੀ ਨਹੀਂ ਹੁੰਦੀ। ਪਹਿਲਾਂ ਕਈ ਮਹੀਨੇ ਡਾਕਟਰਾਂ ਦੇ ਗੇੜੇ ਮਾਰਦੀ ਆਂ, ਵਿਟਾਮਿਨ ਖਾਨੀ ਆਂ, ਸੁੱਖਾਂ ਸੁਖਦੀ ਆਂ, ਫਿਰ ਕਿਤੇ ਹੁੰਦੀ ਐ। ਹਰ ਵਾਰ ਸ਼ੁਰੂ ਤੋਂ ਹੀ ਬਹੁਤ ਉਲਟੀਆਂ ਲਗਦੀਆਂ ਹਨ, ਪਰ ਇਸ ਵਾਰ ਤਾਂ ਕੁਝ ਵੀ ਨਹੀਂ ਹੋਇਆ।" "ਟੈਸਟ ਕਰਵਾਇਆ?" ਮੈਂ ਪੁੱਛਿਆ। "ਮੈਨੂੰ ਕੁਝ ਲਗਦਾ ਹੀ ਨਹੀਂ, ਫਿਰ ਟੈਸਟ ਕਾਹਦਾ?" ਉਸ ਨੇ ਜਵਾਬ ਦਿਤਾ। ਮੈਂ ਉਸ ਨੂੰ ਉਸੇ ਦਵਾਈ ਦੀ ਇਕ ਹੋਰ ਖੁਰਾਕ ਦੇ ਕੇ ਫਿਰ ਮਹੀਨੇ ਬਾਦ ਆਉਣ ਲਈ ਕਿਹਾ।

ਇਸ ਵਾਰ ਉਹ ਮਹੀਨੇ ਤੋਂ ਹਫਤਾ ਪਹਿਲਾਂ ਹੀ ਆ ਗਈ। ਕਹਿਣ ਲੱਗੀ ਕਿ ਟੈਸਟ ਕਰਵਾਇਆ ਹੈ ਤੇ ਪ੍ਰੈਗਨੈਂਸੀ ਨਿਕਲੀ ਹੈ। ਉਸ ਦੇ ਚਿਹਰੇ 'ਤੇ ਵਿਸਮਾਦ ਭਰੀ ਖੁਸ਼ੀ ਸੀ। ਮੈਂ ਹੱਸ ਕੇ ਕਿਹਾ, "ਜਾਹ ਐਸ਼ ਕਰ। ਹੁਣ ਮੁੰਡੇ-ਕੁੜੀ ਦਾ ਟੈਸਟ ਕਰਵਾਉਣ ਨਾ ਚਲੀ ਜਾਈਂ!" ਉਹ ਝੇਪ ਗਈ। ਪੁੱਛਣ ਲੱਗੀ, "ਅੰਕਲ ਜੀ, ਕੀ ਹੁਣ ਮੈਂ ਤੁਰੀ ਫਿਰੀ ਜਾਵਾਂ ਜਾਂ ਲੇਟੀ ਰਿਹਾ ਕਰਾਂ?" ਮੈਂ ਕਿਹਾ, "ਤੁਰ ਫਿਰ, ਲੇਟੀ ਕਿਉਂ ਰਹੇਂ?" ਉਸ ਨੇ ਫਿਰ ਪੁੱਛਿਆ, "ਕੋਠੇ ਚੜ੍ਹਨਾ ਤੇ ਬੋਝ-ਭਾਰ ਚੁਕਣਾ ਤਾਂ ਬੰਦ ਕਰ ਦਿਆਂ?" ਮੈਂ ਕਿਹਾ, "ਉਹ ਕਿਉਂ?" "ਡਰਦੀ ਆਂ ਕਿਤੇ ਫੇਰ ਨਾ ਕੁਝ ਹੋ ਜਾਵੇ।" ਉਹ ਸਹਿਮ ਕੇ ਬੋਲੀ। "ਜੋ ਦੂਜੀਆਂ ਗਰਭਵਤੀਆਂ ਕਰਦੀਆਂ ਹਨ, ਤੂੰ ਉਹ ਸਭ ਕੁਝ ਕਰ। ਡਰ ਨਾ। ਤੈਨੂੰ ਕੁਝ ਨਹੀਂ ਹੋਵੇਗਾ।" ਮੈਂ ਉਸ ਨੂੰ "ਫੀਅਰ ਆਫ ਅਬਾਰਸ਼ਨ" ਲਈ ਦਵਾਈ ਦੀ ਇਕ ਖੁਰਾਕ ਦੇ ਕੇ ਰੁਖ਼ਸਤ ਕਰ ਦਿਤਾ।

ਹਰਦੀਪ ਥੋੜ੍ਹੇ ਥੋੜ੍ਹੇ ਦਿਨਾਂ ਬਾਦ ਆਉਂਦੀ ਰਹੀ ਤੇ ਦਸਦੀ ਰਹੀ ਕਿ ਉਹ ਹਸਪਤਾਲ ਵਿਚ ਲਗਾਤਾਰ ਚੈਕ ਕਰਵਾ ਰਹੀ ਹੈ ਤੇ ਠੀਕ ਠਾਕ ਹੈ। ਮੈਂ ਉਸ ਨੂੰ ਹਰ ਮਹੀਨੇ ਸ਼ੁਰੂ ਵਾਲੀ ਦਵਾਈ ਦੀ ਖੁਰਾਕ ਦਿੰਦਾ ਰਿਹਾ। ਅਖੀਰ ਪੰਜਵੇਂ ਮਹੀਨੇ ਦੇ ਸ਼ੁਰੂ ਵਿਚ ਇਕ ਦਿਨ ਉਹ ਭੈ ਭੀਤ ਹੋਈ ਆਈ। ਕਹਿਣ ਲੱਗੀ ਕਿ ਉਸ ਦੀ ਲੇਡੀ ਡਾਕਟਰ ਨੇ ਉਸ ਨੂੰ ਸਲਾਹ ਦਿਤੀ ਹੈ ਕਿ ਉਹ ਬੱਚੇਦਾਨੀ ਦੇ ਮੂੰਹ 'ਤੇ ਟਾਂਕੇ ਲਵਾ ਲਵੇ ਤਾਂ ਜੋ ਬੱਚਾ ਬਾਹਰ ਨਾ ਨਿਕਲ ਸਕੇ। ਮੈਂ ਉਸ ਨੂੰ ਕਿਹਾ ਕਿ ਇਸ ਦੀ ਲੋੜ ਨਹੀਂ ਕਿਉਂਕਿ ਉਹ ਉਂਜ ਹੀ ਠੀਕ ਰਹੇਗੀ। ਉਸ ਵੇਲੇ ਤਾਂ ਉਹ ਮੇਰੀ ਗੱਲ ਮੰਨ ਕੇ ਚਲੀ ਗਈ ਪਰ ਘਰ ਜਾ ਕੇ ਮਨ ਬਦਲ ਲਿਆ।

ਇਸ ਤੋਂ ਬਾਦ ਉਸ ਦੇ ਸਾਰੇ ਘਰ ਵਾਲੇ ਟਾਂਕਿਆਂ ਬਾਰੇ ਮੇਰੀ ਰਾਏ ਪੁੱਛਣ ਲਈ ਇਕ ਇਕ ਕਰਕੇ ਗੇੜੇ ਮਾਰਨ ਲੱਗੇ। ਮੇਰਾ ਜਵਾਬ ਸੀ, ਜਿਵੇਂ ਇੱਛਾ ਹੈ ਕਰੋ ਪਰ ਇਸ ਦੀ ਲੋੜ ਕੋਈ ਨਹੀਂ। ਉਹ ਘਰ ਜਾ ਕੇ ਹਰਦੀਪ ਨੂੰ ਸਮਝਾਉਂਦੇ ਰਹੇ ਪਰ ਉਹ ਨਾ ਮੰਨੀ। ਲਿਹਾਜ਼ਾ ਇਸ ਮਸਲੇ ਨੂੰ ਲੈ ਕੇ ਇਕ ਦਿਨ ਉਹ ਸਾਰੇ ਮੇਰੇ ਘਰ ਆ ਗਏ। ਉਨ੍ਹਾਂ ਲਈ ਇਹ ਅਹਿਮ ਫੈਸਲਾ ਸੀ ਇਸ ਲਈ ਉਨ੍ਹਾਂ ਨੇ ਹਰਦੀਪ ਦੇ ਪੇਕੇ ਵੀ ਉਥੇ ਸੱਦ ਲਏ। ਉਨ੍ਹਾਂ ਦਾ ਇਕੋ ਨੁਕਤਾ ਸੀ ਕਿ ਜੇ ਮੈਂ ਖੁਸ਼ੀ ਖੁਸ਼ੀ ਟਾਂਕਿਆਂ ਲਈ ਹੋਂ-ਟੁਕ ਹਾਂ ਕਰ ਦੇਵਾਂ ਤਾਂ ਹਰਦੀਪ ਆਪਣੀ ਜ਼ਿੱਦ ਤੋਂ ਟਲ ਜਾਵੇ ਤੇ ਉਨ੍ਹਾਂ ਨੂੰ ਤੰਗ ਨਾ ਕਰੇ। ਮੈਂ ਹਰਦੀਪ ਨਾਲ ਇਕੱਲਿਆਂ ਬੈਠ ਕੇ ਗੱਲ ਕੀਤੀ। ਉਸ ਨੇ ਦੱਸਿਆ ਕਿ ਉਹ ਮੇਰੇ ਇਲਾਜ ਨਾਲ ਤਾਂ ਸੰਤੁਸ਼ਟ ਸੀ ਪਰ ਸਲਾਹ ਨਾਲ ਨਹੀਂ ਕਿਉਂਕਿ ਇਸ ਵਾਰ ਕੋਈ ਉਨੀ ਇੱਕੀ ਗੱਲ ਹੋਣ ਨਾਲ ਉਸ ਦੇ ਵਿਆਹੁਤਾ ਜੀਵਨ ਦਾ ਅੰਤ ਹੋ ਜਾਵੇਗਾ।

ਮੈਂ ਸੋਚਿਆ, ਹੁਣ ਉਨ੍ਹਾਂ ਸਭ ਨੂੰ ਅਸਲੀ ਗੱਲ ਦੱਸਣ ਦਾ ਸਮਾਂ ਆ ਚੁੱਕਾ ਹੈ ਤਾਂ ਜੋ ਉਹ ਆਪਣੀ ਸੋਚ ਸੁਧਾਰ ਲੈਣ। ਮੈਂ ਦੋਹਾਂ ਪਰਿਵਾਰਾਂ ਨੂੰ ਬਿਠਾ ਕੇ ਸੰਬੋਧਨ ਕੀਤਾ, "ਸਾਰੇ ਮੇਰੀ ਗੱਲ ਧਿਆਨ ਨਾਲ ਸੁਣੋ। ਹਰੇਕ ਚੀਜ਼ ਦਾ ਕੋਈ ਕਾਰਨ ਹੁੰਦਾ ਹੈ ਤੇ ਕਾਰਨ ਅਨੁਸਾਰ ਹੀ ਉਸ ਦਾ ਇਲਾਜ ਹੁੰਦਾ ਹੈ। ਹਰਦੀਪ ਦੀ ਸਮਸਿੱਆ ਦਾ ਕਾਰਨ ਕਰੋਨਿਕ ਲੈਡ (ਸਿੱਕਾ) ਪੋਆਇਜ਼ਨਿੰਗ ਸੀ ਜਿਹੜੀ ਇਸ ਨੂੰ ਤੁਹਾਡੇ ਨਵੇਂ ਘਰ ਦੇ ਪਾਈਪਿੰਗ, ਡਿਸਟੈਂਪਰ ਤੇ ਰੰਗ ਰੋਗਨ ਤੋਂ ਹੋਈ ਸੀ। ਇਸ ਨਾਲ ਇਸ ਦੇ ਮਸੂੜ੍ਹੇ ਨੀਲੇ ਹੋ ਗਏ ਸਨ ਤੇ ਇਸ ਨੂੰ ਉਦਰ-ਸੂਲ ਦੇ ਦੌਰੇ ਪੈਣ ਲੱਗ ਪਏ ਸਨ। ਇਸ ਦੀ ਬੱਚੇਦਾਨੀ ਤੇ ਪੇਟ ਦੀਆਂ ਮਾਸ-ਪੇਸ਼ੀਆਂ ਏਨੀਆਂ ਸਖ਼ਤ ਹੋ ਗਈਆਂ ਸਨ ਕਿ ਇਨ੍ਹਾਂ ਦੀ ਕਠੋਰਤਾ ਕਾਰਨ ਬੱਚੇ ਨੂੰ ਵਧਣ ਫੁਲਣ ਦੀ ਥਾਂ ਨਹੀਂ ਸੀ ਮਿਲਦੀ। ਇਸ ਹਾਲਤ ਵਿਚ ਬੱਚਾ ਕੁਝ ਚਿਰ ਤਾਂ ਵਧਦਾ ਰਹਿੰਦਾ ਸੀ ਪਰ ਵੱਡਾ ਹੋਣ 'ਤੇ ਬਾਹਰ ਨਿਕਲ ਜਾਂਦਾ ਸੀ। ਗਰਭ ਸਹੀ ਨਾ ਹੋਣ ਦੇ ਲੱਛਣ ਉਲਟੀਆਂ ਰਾਹੀਂ ਪਹਿਲੇ ਹੀ ਦਿਨ ਤੋਂ ਹੀ ਸ਼ੁਰੂ ਹੋ ਜਾਂਦੇ ਸਨ। ਅਜਿਹੀ ਹਾਲਤ ਵਿਚ ਕੋਈ ਟਾਂਕਾ ਬੱਚੇ ਨੂੰ ਘੁਟ ਕੇ ਅੰਦਰ ਨਹੀਂ ਰਖ ਸਕਦਾ। ਜੇ ਜੋਰ ਜ਼ਬਰ ਕਰਕੇ ਰਖੇਗਾ ਤਾਂ ਮਾਂ ਤੇ ਬੱਚੇ ਦੋਹਾਂ ਦਾ ਨੁਕਸਾਨ ਕਰੇਗਾ। ਇਸ ਨੂੰ ਹੀ ਤੁਸੀਂ ਮੰਗਲੀਕ ਅਸਰ ਸਮਝਦੇ ਹੋ।

"ਹੁਣ ਹੋਮੀਓਪੈਥਿਕ ਦਵਾਈ ਨੇ ਲੈਡ ਦਾ ਇਹ ਮਾਰੂ ਅਸਰ ਖਤਮ ਕਰ ਦਿਤਾ ਹੈ। ਇਸ ਦੇ ਪੇਟ ਦੇ ਸਭ ਮੱਸਲ ਨਰਮ ਹੋ ਗਏ ਹਨ। ਚਾਰ ਮਹੀਨਿਆਂ ਤੋਂ ਕੋਈ ਪੇਟ ਦਰਦ ਨਹੀਂ ਹੋਇਆ ਹੈ। ਕੁੱਖ ਸਹਿਜੇ ਹੀ ਭਾਰੀ ਹੋ ਗਈ ਹੈ। ਕੋਈ ਉਲਟੀ ਵੀ ਨਹੀਂ ਲੱਗੀ। ਮੈਂ ਰੱਬ ਤਾਂ ਨਹੀਂ ਪਰ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਇਸ ਵਾਰ ਪਹਿਲਾਂ ਵਾਂਗ ਨਹੀਂ ਹੋਵੇਗਾ। ਜੇ ਫਿਰ ਵੀ ਤੁਹਾਡੀ ਤਸੱਲੀ ਟਾਂਕੇ ਲਵਾ ਕੇ ਇਸ ਨੂੰ ਪੰਜ ਚਾਰ ਮਹੀਨੇ ਹਸਪਤਾਲ ਲਿਟਾਉਣ ਅਤੇ ਵਾਧੂ ਖਰਚਾ ਕਰਨ ਨਾਲ ਹੀ ਹੁੰਦੀ ਹੈ ਤਾਂ ਕਰੋ। ਇਸ ਦਾ ਕੋਈ ਫਾਇਦਾ ਤਾਂ ਨਹੀਂ ਹੋਵੇਗਾ, ਹਾਂ ਅੰਦਰੂਨੀ ਛੇੜਛਾੜ ਨਾਲ ਨੁਕਸਾਨ ਜਰੂਰ ਹੋ ਸਕਦਾ ਹੈ।"

ਇਹ ਗੱਲ ਸੁਣ ਕੇ ਸਾਰੇ ਕਹਿਣ ਲੱਗੇ, "ਤੁਸੀਂ ਤਾਂ ਜੀ ਸਾਡੇ ਲਈ ਰੱਬ ਤੋਂ ਵੀ ਵੱਧ ਹੋ, ਜਿਵੇਂ ਕਹਿੰਦੇ ਹੋ ਅਸੀਂ ਉਦਾਂ ਹੀ ਕਰਾਂਗੇ। ਸਾਡੀਆਂ ਮੁਰਾਦਾਂ ਘਰ ਬੈਠੇ ਹੀ ਪੂਰੀਆਂ ਹੋ ਜਾਣ, ਸਾਨੂੰ ਹੋਰ ਕੀ ਚਾਹੀਦਾ ਹੈ? ਹਸਪਤਾਲ ਵਾਲਿਆਂ ਨੇ ਅੱਗੇ ਕਿਹੜਾ ਸਾਡੀਆਂ ਝੋਲੀਆਂ ਭਰ ਦਿਤੀਆਂ। ਕਿੰਨੇ ਸਾਲ ਹੋ ਗਏ ਬਦੀਨੀ ਕਟਦਿਆਂ ਨੂੰ।"

ਦਸ ਕੁ ਦਿਨ ਬਾਦ ਹਰਦੀਪ ਦਾ ਫੋਨ ਆਇਆ। ਕਹਿਣ ਲੱਗੀ ਉਸ ਨੂੰ ਗੱਲ ਦੀ ਸਮਝ ਪੈ ਗਈ ਹੈ। ਹੁਣ ਉਹ ਟਾਂਕੇ ਤਾਂ ਨਹੀਂ ਲਵਾਏਗੀ ਪਰ ਬਾਕੀ ਦਾ ਸਮਾਂ ਮੰਜੇ 'ਤੇ ਲੰਮੀ ਜਰੂਰ ਪਵੇਗੀ। ਮੈਂ ਉਸ ਦੇ ਨਿਰਨੇ ਨਾਲ ਸਹਿਮਤੀ ਪ੍ਰਗਟ ਕੀਤੀ ਤੇ ਵਿਚੋਂ ਉਠ ਕੇ ਥੋੜ੍ਹਾ ਘੁੰਮਣ ਫਿਰਨ ਦੀ ਸਲਾਹ ਦਿਤੀ। ਫਿਰ ਸਮੇਂ ਸਮੇਂ 'ਤੇ ਉਸ ਦੇ ਡਾਕਟਰੀ ਚੈਕ-ਅੱਪ ਰਾਹੀਂ ਠੀਕ ਠਾਕ ਹੋਣ ਬਾਰੇ ਫੋਨ ਆਉਂਦੇ ਰਹੇ ਤੇ ਉਹ ਹਰ ਮਹੀਨੇ ਆਪਣੇ ਪਤੀ ਹੱਥ ਦਵਾਈ ਦੀ ਖੁਰਾਕ ਮੰਗਵਾਉਂਦੀ ਰਹੀ। ਮਿੱਥੇ ਸਮੇਂ ਤੋਂ ਹਫਤਾ ਪਹਿਲਾਂ ਉਹ ਡਾਕਟਰ ਦੇ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਹੋ ਗਈ ਤੇ 23 ਦਸੰਬਰ 2008 ਨੂੰ ਸਵੇਰੇ ਨਾਰਮਲ ਡਲਿਵਰੀ ਰਾਹੀਂ ਇਕ ਸਿਹਤਮੰਦ ਬੱਚੇ ਦੀ ਮਾਂ ਬਣ ਗਈ।

ਉਸ ਦਿਨ ਮੈਂ ਉਸ ਨੂੰ ਹਸਪਤਾਲ ਵੇਖਣ ਗਿਆ। ਉਸ ਦੇ ਪੇਕੇ ਤੇ ਸਹੁਰੇ ਦੋਵੇਂ ਪਰਿਵਾਰ ਆਏ ਹੋਏ ਸਨ। ਉਨ੍ਹਾਂ ਦੇ ਚਿਹਰਿਆਂ ਤੇ ਅਨੋਖਾ ਚਾਅ ਤੇ ਖੇੜਾ ਸੀ। ਉਨ੍ਹਾਂ ਨੇ ਮੇਰਾ ਯਾਦਗਾਰੀ ਆਓ-ਭਗਤ ਕੀਤਾ। ਹਰਦੀਪ ਨੇ ਬੈਡ ਤੇ ਲੇਟਿਆਂ ਹੀ ਚੁੰਨੀ ਲਾਹ ਕੇ ਮੇਰੇ ਪੈਰਾਂ ਵਲ ਛੁਹਾਈ ਤੇ ਮੇਰਾ ਧੰਨਵਾਦ ਕਰਦੀ ਹੋਈ ਬੋਲੀ, "ਸ਼ੁਕਰੀਆ ਅੰਕਲ ਜੀ। ਇਹ ਤੁਹਾਡਾ ਹੀ ਪ੍ਰਤਾਪ ਹੈ। ਹੁਣ ਤੁਸੀਂ ਹੀ ਇਸ ਦਾ ਨਾਂ ਰਖੋ।" ਮੈਂ ਹੱਸ ਕੇ ਕਿਹਾ, "ਇਹ ਮੰਗਲੀਕ ਮਾਂ ਦਾ ਪੁੱਤਰ ਹੈ, ਯੋਧਾ ਹੈ, "ਯ" ਅੱਖਰ ਤੇ ਨਾਂ ਰੱਖ ਦਿਓ।" ਉਹ ਸ਼ਰਮਾ ਕੇ ਮੁਸਕਰਾਈ ਜਿਵੇਂ ਪੁੱਛ ਰਹੀ ਹੋਵੇ, "ਕੀ ਮੈਂ ਹਾਲੇ ਵੀ ਮੰਗਲੀਕ ਹਾਂ?"

ਬਾਦ ਵਿਚ ਮੈਨੂੰ ਪਤਾ ਚੱਲਿਆ ਕਿ ਉਨ੍ਹਾਂ ਨੇ ਬੱਚੇ ਦਾ ਨਾਂ ਉਨ੍ਹਾਂ ਦਿਨਾਂ ਵਿਚ ਜ਼ੀ ਟੀ.ਵੀ. 'ਤੇ ਚਲ ਰਹੇ ਇਕ ਸੀਰੀਅਲ ਦੇ ਨੌਜਵਾਨ ਮੁੱਖ-ਪਾਤਰ ਦੇ "ਯ" ਅੱਖਰ ਨਾਲ ਸ਼ੁਰੂ ਹੁੰਦੇ ਨਾਂ 'ਤੇ ਰਖਿਆ।

ਮੈਂ 20 ਅਗਸਤ 2008 ਨੂੰ ਅਮਰੀਕਾ ਵਾਪਸ ਆਉਣਾ ਸੀ। ਮੇਰੇ ਆਉਣ ਤੋਂ ਤਿੰਨ ਦਿਨ ਪਹਿਲਾਂ ਹਰਦੀਪ ਅਗਾਹਾਂ ਬਾਰੇ ਦਵਾਈ ਪਤਾ ਕਰਨ ਆਈ। ਮੈਂ ਰਵਾਜਨ ਹੀ ਉਸ ਨੂੰ ਉਸ ਨਾਲ ਘਰ ਵਿਚ ਹੁੰਦੇ ਮੌਜੂਦਾ ਵਿਵਹਾਰ ਬਾਰੇ ਪੁੱਛ ਲਿਆ। ਹੱਸ ਕੇ ਕਹਿਣ ਲਗੀ, "ਜੀ ਬਿਲਕੁਲ ਬਦਲ ਗਿਆ ਹੈ। ਪਹਿਲਾਂ ਰੋਟੀ ਟੁੱਕ ਮੈਂ ਕਰਦੀ ਸੀ, ਮਾਤਾ ਮੰਜੇ 'ਤੇ ਬੈਠੀ ਹੁਕਮ ਝਾੜਦੀ ਸੀ। ਹੁਣ ਸਾਰਾ ਕੁਝ ਉਹ ਆਪ ਕਰਦੀ ਐ, ਮੇਰੀ ਡਿਊਟੀ "ਪੋਤਾ" ਸੰਭਾਲਣ 'ਤੇ ਲਾਈ ਹੋਈ ਐ। ਹੁਣ ਚੰਗਾ ਮਾੜਾ ਵੀ ਨੀ ਬੋਲਦੀ, ਸਗੋਂ ਇਕ ਪੋਤੀ ਮੰਗਣ ਲੱਗ ਪਈ ਐ!" ਮੈਂ ਖੁਸ਼ ਹੋਇਆ ਕਿ ਘੱਟੋ ਘੱਟ ਇਕ ਸਿੱਖੀ-ਜਿਊੜੇ ਨੂੰ ਤਾਂ "ਸੋ ਕਿਉ ਮੰਦਾ ਆਖੀਐ" ਤੁਕ ਦੀ ਸਮਝ ਪੈ ਗਈ ਹੈ ਤੇ ਪੰਜਾਬ ਦੀ ਘਟੋ ਘੱਟ ਇਕ ਧੀ ਤਾਂ ਹੁਣ ਵਾਰਸ ਸ਼ਾਹ ਨੂੰ ਨਹੀਂ ਪੁਕਾਰੇਗੀ।

ਜਦੋਂ ਵੀ ਮੈਂ ਇਸ ਕੇਸ ਨੂੰ ਯਾਦ ਕਰਦਾ ਹਾਂ ਮੈਨੂੰ ਡਾ. ਹੈਨੀਮੈਨ ਦੀ ਇਹ ਚਿਤਾਵਨੀ ਚੇਤੇ ਆ ਜਾਂਦੀ ਹੈ, "ਸਿਧਾਂਤਾਂ ਵਿਚ ਨਾ ਉਲਝੋ, ਇਹ ਨਿਕੰਮਿਆਂ ਦਾ ਕੰਮ ਹੈ। ਡਾਕਟਰ ਦਾ ਕੰਮ ਮਰੀਜ਼ ਨੂੰ ਸ਼ੀਘਰ, ਸਹਿਲ ਤੇ ਸਦੀਵੀ ਢੰਗ ਨਾਲ ਸਿਹਤਯਾਬ ਕਰਨਾ ਹੈ। ਮਰਜ਼ ਪਿੱਛੇ ਨਾ ਜਾਓ, ਇਹ ਛਲਾਵਾ ਹੈ। ਮਰੀਜ਼ ਨੂੰ ਦੇਖੋ ਜੋ ਤਕਲੀਫ਼ ਕਾਰਨ ਤੁਹਾਡੇ ਕੋਲ ਚਲ ਕੇ ਆਇਆ ਹੈ। ਕਾਹਲ ਨਾ ਕਰੋ, ਹਰ ਤਰ੍ਹਾਂ ਨਾਲ ਵੇਖੋ, ਵੇਖੋ ਕਿ ਉਸ ਦੀ ਸਮੁੱਚੀ ਸਿਹਤ ਵਿਚ ਕੀ ਵਿਕਾਰ ਹੈ ਤੇ ਉਸ ਵਿਚ ਕੀ ਦਰੁਸਤ ਕਰਨਯੋਗ ਹੈ। ਜਿੰਨੀ ਕੁਸ਼ਲਤਾ ਨਾਲ ਤੁਸੀਂ ਇਹ ਕਰ ਸਕੋਗੇ, ਓਨੇ ਹੀ ਵੱਡੇ ਸਿਹਤਦਾਤਾ ਤੁਸੀਂ ਹੋਵੋਗੇ।"

ਇਸ ਕਥਨ ਦੀ ਰੋਸ਼ਨੀ ਵਿਚ ਹੀ ਮੈਂ ਉਪਰੋਕਤ ਕੇਸ ਵਿਚ "ਪ੍ਰੀ-ਮਿਚਿਓਰ ਅਬਾਰਸ਼ਨ" ਦੀ ਬੀਮਾਰੀ ਪਿੱਛੇ ਨਾ ਜਾ ਕੇ ਮਰੀਜ਼ ਦੀ ਸਿਹਤ ਵਿਚ ਪਿਆ "ਦਰੁਸਤ ਕਰਨਯੋਗ" ਵਿਕਾਰ ਲੱਭ ਸਕਿਆ ਸਾਂ।

*ਫੋਨ: 408-634-2310

# ਬਾਲਕਾਨ ਦੇ ਜੰਗਲੀ ਯੁੱਗ ਦਾ ਅੰਤ

ਸ਼ਿਵਚਰਨ ਜੱਗੀ ਕੁੱਸਾ*

ਪੂਰੇ 16 ਸਾਲਾਂ ਦੀ ਲੁਕਣ-ਮੀਟੀ ਤੋਂ ਬਾਅਦ 26 ਮਈ 2011 ਨੂੰ ਘ੍ਰਿਣਾ ਦੀ ਮੂਰਤ, ਜਨਰਲ ਰਾਤਕੋ ਮਲਾਦਿੱਚ ਦੀ ਗ੍ਰਿਫ਼ਤਾਰੀ ਹੋਈ ਜਿਸ ਨਾਲ਼ ਅਮਨ ਦੇ ਚਹੇਤਿਆਂ ਨੇ ਸੁਖ ਦਾ ਸਾਹ ਲਿਆ। ਬੋਸਨੀਆ ਵਿਚ ਉਸ ਦੀਆਂ ਮੁਸਲਮਾਨਾਂ ਖ਼ਿਲਾਫ਼ ਨਫ਼ਰਤ ਭਰੀਆਂ ਅਤੇ ਹੌਲਨਾਕ ਵਾਰਦਾਤਾਂ ਨੇ ਸੰਸਾਰ ਹਿਲਾ ਕੇ ਰੱਖ ਦਿੱਤਾ ਸੀ ਅਤੇ ਤਾਨਾਸ਼ਾਹ ਹਿਟਲਰ ਦੇ ਕਾਰਨਾਮਿਆਂ ਨੂੰ ਤਾਜ਼ਾ ਕਰਵਾਇਆ ਸੀ। ਦੂਜੇ ਵਿਸ਼ਵ-ਯੁੱਧ ਤੋਂ ਬਾਅਦ ਜੇ ਕਿਤੇ ਵੱਡੀ ਪੱਧਰ 'ਤੇ ਤਬਾਹੀ ਮੱਚੀ ਸੀ ਤਾਂ ਉਹ ਸੀ, ਬੋਸਨੀਆ! ਅਪਰੈਲ 1992 ਤੋਂ ਲੈ ਕੇ ਜੁਲਾਈ 1995 ਤੱਕ ਉਥੇ ਜੋ ਤਾਂਡਵ-ਨਾਚ ਨੱਚਿਆ ਗਿਆ, ਉਹ ਕਹਿਣ ਤੋਂ ਪਰ੍ਹੇ ਸੀ। ਜੇ ਕਿਤੇ ਸੁਨਾਮੀ ਵਰਗੀਆਂ ਕੁਲਹਿਣੀਆਂ ਲਹਿਰਾਂ ਆ ਕੇ ਤਬਾਹੀ ਮਚਾ ਜਾਂਦੀਆਂ ਹਨ ਤਾਂ ਇਨਸਾਨ ਰੱਬ ਨੂੰ ਉਲਾਂਭਾ ਦੇ ਕੇ 'ਸਬਰ' ਕਰ ਲੈਂਦਾ ਹੈ! ਪਰ ਜਦੋਂ ਇਨਸਾਨ ਹੀ 'ਰੱਬ' ਬਣ ਤੁਰਨ ਅਤੇ ਕਿਸੇ ਦੀ ਜ਼ਿੰਦਗੀ ਜਾਂ ਮੌਤ ਦੇ ਫ਼ੈਸਲੇ ਲੈਣ ਲੱਗ ਪੈਣ ਤਾਂ ਬੰਦਾ ਕਿਸ ਨੂੰ ਤਾਹਨਾ ਦੇਵੇ? ਦੁਸ਼ਟ ਦਿਮਾਗ ਰਾਤਕੋ ਮਲਾਦਿੱਚ ਨੇ ਆਪਣੇ ਹੀ ਦੇਸ਼ ਵਾਸੀ ਮੁਸਲਮਾਨਾਂ ਦੀ ਕਿਵੇਂ ਨਸਲਕੁਸ਼ੀ ਕੀਤੀ, ਇਹ ਇਕ ਦਿਲ-ਹਿਲਾਊ ਸਾਕਾ ਅਤੇ ਘਿਨਾਉਣਾ ਅਪਰਾਧ ਹੈ।



ਰਾਤਕੋ ਮਲਾਦਿੱਚ

ਬੋਸਨੀਆ ਵਿਚ ਜੁਲਾਈ 1995 ਵਿਚ ਕਰੀਬ 8000 ਨਿਰਦੋਸ਼ ਮੁਸਲਮਾਨ ਮਾਰੇ ਗਏ ਅਤੇ ਇਹ ਸਾਰਾ ਕੁਛ ਨੰਗੇ-ਚਿੱਟੇ ਦਿਨ ਰਾਤਕੋ ਮਲਾਦਿੱਚ ਦੀਆਂ ਹਦਾਇਤਾਂ 'ਤੇ ਹੋਇਆ! ਨਿੱਕੇ-ਨਿੱਕੇ ਬੱਚੇ ਸਾਹ-ਰਗ ਕੱਟ ਕੇ ਝਟਕਾਏ ਗਏ ਅਤੇ ਔਰਤਾਂ ਨਾਲ਼ ਬੇਰਹਿਮੀ ਨਾਲ ਸਮੂਹਿਕ ਬਲਾਤਕਾਰ ਹੋਏ। ਇਹ ਕਿਸੇ ਕੌਮ ਪ੍ਰਤੀ ਘ੍ਰਿਣਾ ਦੀ ਸਿਖ਼ਰ ਦੀ 'ਹੱਦ' ਸੀ।

ਉਸ ਸਮੇਂ ਦੇ ਬੋਸਨੀਆ-ਸਰਬੀਆ ਦੇ ਰਾਸ਼ਟਰਪਤੀ ਰਾਦੋਵਾਨ ਕਾਰਾਚਿੱਚ ਦੇ ਥਾਪੜੇ ਨਾਲ਼ ਜਰਨੈਲ ਰਾਤਕੋ ਮਲਾਦਿੱਚ ਨੇ 'ਜ਼ਾਤੀ ਸੋਧ' ਦੀ 'ਨੀਤੀ' ਹੇਠ ਜੋ ਨਰਸੰਘਾਰ ਕੀਤਾ, ਉਸ ਨੂੰ ਬੋਸਨੀਆ ਵਾਸੀ ਤਾਂ ਕੀ, ਸਾਰਾ ਜੱਗ ਲੰਮਾ ਚਿਰ ਨਹੀਂ ਭੁੱਲ ਸਕੇਗਾ। ਉਸ ਨੇ ਆਪਣੇ ਫ਼ੌਜੀਆਂ ਨੂੰ ਖੁੱਲ੍ਹੇ 'ਹੁਕਮ' ਦੇ ਰੱਖੇ ਸਨ ਕਿ ਮੁਸਲਮਾਨਾਂ ਦੇ ਘਰ ਸਾੜ ਦਿਓ, ਬੱਚਿਆਂ ਨੂੰ ਉਨ੍ਹਾਂ ਦੀਆਂ ਮਾਂਵਾਂ ਦੀਆਂ ਅੱਖਾਂ ਦੇ ਸਾਹਮਣੇ ਮਾਰੋ, ਮਰਦਾਂ ਨੂੰ ਜਾਨਵਰਾਂ ਵਾਂਗ ਝਟਕਾਓ, ਬਜ਼ੁਰਗ ਔਰਤ-ਮਰਦਾਂ ਨੂੰ ਖੂਹਾਂ ਵਿਚ ਸੁੱਟੋ ਅਤੇ ਔਰਤਾਂ ਨਾਲ਼ ਸਮੂਹਿਕ ਬਲਾਤਕਾਰ ਕਰੋ! ਉਸ ਦਾ ਇਹ ਵੀ 'ਹੁਕਮ' ਸੀ ਕਿ ਇੱਕ ਪਿੰਡ ਤੋਂ ਅਗਲੇ ਪਿੰਡ ਨੂੰ ਜਾਣ ਵੇਲੇ ਇਹ ਨਿਸ਼ਾ ਅਤੇ ਤਸੱਲੀ ਜ਼ਰੂਰ ਕਰਨੀ ਹੈ ਕਿ ਮੁਸਲਮਾਨਾਂ ਦਾ ਕੋਈ ਬੱਚਾ ਤੱਕ ਵੀ ਜ਼ਿੰਦਾ ਨਾ ਬਚੇ! ਪਰ ਕਿਵੇਂ ਨਾ ਕਿਵੇਂ ਬਚ ਜਾਣ ਵਾਲ਼ੇ ਅੱਜ ਵੀ ਉਸ ਸਾਕੇ ਬਾਰੇ ਸੋਚ ਕੇ ਥਰ-ਥਰ ਕੰਬਣ ਲੱਗ ਜਾਂਦੇ ਹਨ।

ਇੱਕ ਬਚਿਆ ਬੰਦਾ ਦੱਸਦਾ ਹੈ ਕਿ ਜਦ ਮਲਾਦਿੱਚ ਦੀਆਂ ਫ਼ੌਜਾਂ ਨੇ ਧਾਵਾ ਬੋਲਿਆ ਤਾਂ ਬੱਚੇ ਚੀਕ-ਚਿਹਾੜਾ ਪਾਉਣ ਲੱਗ ਪਏ ਅਤੇ ਇਕ ਫ਼ੌਜੀ ਨੇ ਇੱਕ ਮਾਂ ਨੂੰ ਆਪਣੇ ਬੱਚੇ ਨੂੰ ਚੁੱਪ ਕਰਵਾਉਣ ਲਈ ਕਿਹਾ। ਪਰ ਮਾਂ ਦੇ ਪੂਰਾ ਜ਼ੋਰ ਲਾਉਣ 'ਤੇ ਵੀ ਡਰਿਆ ਬੱਚਾ ਚੁੱਪ ਨਹੀਂ ਕਰ ਰਿਹਾ ਸੀ। ਜਦ ਬੱਚਾ ਨਾ ਹੀ ਚੁੱਪ ਕੀਤਾ ਤਾਂ ਫ਼ੌਜੀ ਨੇ ਕਿਹਾ ਕਿ ਬੱਚਾ ਤੇਰੇ ਕੋਲ਼ੋਂ ਤਾਂ ਚੁੱਪ ਨਹੀਂ ਹੁੰਦਾ, ਤੈਨੂੰ ਮੈਂ ਚੁੱਪ ਕਰਵਾ ਕੇ ਦਿਖਾਉਂਦਾ ਹਾਂ ਅਤੇ ਉਸ ਨੇ ਆਰਮੀ ਵਾਲ਼ਾ ਚਾਕੂ ਕੱਢਿਆ ਅਤੇ ਮਾਂ ਦੀ ਬੁੱਕਲ ਵਿਚ ਘੁੱਟੇ ਮਾਸੂਮ ਬੱਚੇ ਦੀ ਘੰਡੀ ਕੱਟ ਦਿੱਤੀ। ਫਿਰ ਵਹਿਸ਼ੀਆਂ ਵਾਂਗ ਹੱਸ ਕੇ ਕਹਿਣ ਲੱਗਿਆ, "ਕਰ ਗਿਆ ਨਾ ਚੁੱਪ?"

ਭੂਤਰੇ ਫ਼ੌਜੀਆਂ ਨੇ ਹਲਕਿਆਂ ਵਾਂਗ ਜੁਆਨ ਕੁੜੀਆਂ ਨੂੰ ਘੜੀਸ-ਘੜੀਸ ਕੇ ਸਮੂਹਿਕ ਬਲਾਤਕਾਰ ਕੀਤਾ। ਬਾਰਾਂ ਸਾਲ ਦੇ ਲੜਕਿਆਂ ਤੋਂ ਲੈ ਕੇ ਲੜਨ ਸਮਰੱਥਾ ਰੱਖਦੇ ਮਰਦਾਂ ਤੱਕ ਨੂੰ ਅੰਨ੍ਹੇਵਾਹ ਕਤਲ ਕਰ ਕੇ ਖੱਡਿਆਂ ਵਿਚ ਸੁੱਟਿਆ ਗਿਆ। ਇਕ ਮਾਂ ਆਪਣੇ ਦਸ ਸਾਲ ਦੇ ਇਕਲੌਤੇ ਪੁੱਤਰ ਨੂੰ ਆਪਣੇ ਘੱਗਰੇ ਹੇਠ ਛੁਪਾਈ ਬੈਠੀ ਸੀ। ਪਤਾ ਲੱਗਣ 'ਤੇ ਫ਼ੌਜੀਆਂ ਨੇ ਉਸ ਲੜਕੇ ਨੂੰ ਮਾਂ ਦੀਆਂ ਅੱਖਾਂ ਸਾਹਮਣੇ ਜ਼ਾਲਮਾਨਾਂ ਅੰਦਾਜ਼ ਨਾਲ਼ ਵੱਢਿਆ-ਟੁੱਕਿਆ ਅਤੇ ਫਿਰ ਉਸ ਦਾ ਸਿਰ ਕਲਮ ਕਰ ਦਿੱਤਾ। ਕੀ ਬੀਤੀ ਹੋਵੇਗੀ ਉਸ ਮਾਂ ਦੇ ਦਿਲ 'ਤੇ..? ਪੀੜ ਅਤੇ ਦੁੱਖ ਦਾ ਅੰਦਾਜ਼ਾ ਲਾਉਣਾ ਕੋਈ ਔਖਾ ਨਹੀਂ! ਉਥੇ ਹੀ ਇੱਕ ਨੌਂ ਸਾਲ ਦਾ ਬੱਚਾ ਇਸ ਕਰਕੇ ਝਟਕਾ ਦਿੱਤਾ ਗਿਆ ਕਿ ਉਹ ਫ਼ੌਜੀਆਂ ਦੇ ਮਜਬੂਰ ਕਰਨ 'ਤੇ ਆਪਣੀ ਸਕੀ ਭੈਣ ਨਾਲ ਬਲਾਤਕਾਰ ਕਰਨ ਲਈ ਰਾਜ਼ੀ ਨਹੀਂ ਹੋਇਆ ਸੀ। ਇਨ੍ਹਾਂ ਵਾਰਦਾਤਾਂ ਦੇ ਬਹੁਤੇ ਚਸ਼ਮਦੀਦ ਗਵਾਹ ਖ਼ੁਦਕਸ਼ੀਆਂ ਕਰ ਚੁੱਕੇ ਹਨ ਕਿਉਂਕਿ ਉਹ ਅਜਿਹੇ ਭਿਆਨਕ ਦ੍ਰਿਸ਼ ਅੱਖੀਂ ਦੇਖ ਚੁੱਕੇ ਸਨ ਅਤੇ ਉਨ੍ਹਾਂ ਦੀ ਆਤਮਾ ਇਸ ਸਾਕੇ ਦਾ ਬੋਝ ਚੁੱਕਣ ਤੋਂ ਅਸਮਰੱਥ ਸੀ।

ਇੱਕ ਹੋਰ ਕਥਨ ਅਨੁਸਾਰ ਰਾਤਕੋ ਮਲਾਦਿੱਚ ਕੋਲ਼ ਇਕ ਦੁਖਿਆਰੀ ਮਾਂ ਫ਼ਰਿਆਦ ਲੈ ਕੇ ਆਈ ਕਿ ਮੇਰੇ ਪੁੱਤਰ ਦੀ ਜਾਨ ਬਖ਼ਸ਼ੀ ਕਰ ਦਿੱਤੀ ਜਾਵੇ। ਬੜੀ ਸ਼ਾਂਤ ਆਵਾਜ਼ ਨਾਲ਼ ਮਲਾਦਿੱਚ ਨੇ ਮਾਂ ਕੋਲ਼ੋਂ ਉਸ ਦੇ ਬੱਚੇ ਦਾ ਨਾਂ ਪੁੱਛਿਆ। ਮਾਂ ਦੇ ਦੱਸਣ 'ਤੇ ਉਸ ਦੇ ਪੁੱਤਰ ਨੂੰ ਉਸ ਦੇ ਸਾਹਮਣੇ ਲਿਆ ਕੇ ਗੋਲ਼ੀ ਮਾਰ ਦਿੱਤੀ ਗਈ। ਫ਼ਰਿਆਦੀ ਦੀ ਫ਼ਰਿਆਦ ਸੁਣਨ ਵਾਲ਼ਾ ਐਹੋ ਜਿਹਾ ਜਨਰਲ ਸੀ, ਰਾਤਕੋ ਮਲਾਦਿੱਚ! ਅਣਗਿਣਤ ਲਾਸ਼ਾਂ ਬਗੈਰ ਦਫ਼ਨਾਇਆਂ ਹੀ ਖੇਤਾਂ ਵਿਚ ਗਲ਼ਦੀਆਂ-ਸੜਦੀਆਂ ਰਹੀਆਂ। ਧਰਤੀ ਸਹਿਕਦੀ ਰਹੀ। ਮਾਹੌਲ ਖ਼ਾਮੋਸ਼ ਤੜਫ਼ਦਾ ਰਿਹਾ। ਅਖ਼ੀਰ 6557 ਲਾਸ਼ਾਂ ਦੀ ਡੀ.ਐਨ.ਏ. ਟੈਸਟ ਦੇ ਆਧਾਰ 'ਤੇ ਸ਼ਨਾਖ਼ਤ ਹੋ ਸਕੀ। ਪਰ ਉਨ੍ਹਾਂ ਨੂੰ ਦਫ਼ਨਾਉਣ ਵਾਲ਼ਾ ਸ਼ਾਇਦ ਕੋਈ ਪਿੱਛੇ ਹੀ ਨਹੀਂ ਰਹਿ ਗਿਆ ਸੀ। ਅੰਦਾਜ਼ਾ ਹੈ 8000 ਬੇਦੋਸ਼ੇ ਲੋਕ ਮਾਰੇ ਗਏ।

ਸਿਆਣੇ ਆਖਦੇ ਨੇ ਕਿ ਕੁੱਤੇ ਦੇ ਮੂੰਹ ਨੂੰ ਲਹੂ ਲੱਗਿਆ ਮਾੜਾ ਹੀ ਮਾੜਾ ਹੁੰਦਾ ਹੈ। ਸਰੇਬਿਨੀਸਾ 'ਚ ਪਰਲੋ ਮਚਾਉਣ ਤੋਂ ਬਾਅਦ ਰਾਤਕੋ ਦੀਆਂ ਲਹੂ ਪੀਣੀਆਂ ਫ਼ੌਜਾਂ ਨੇ ਸਾਰਾਜੇਵੋ ਦੀ ਘੇਰਾਬੰਦੀ ਕਰ ਲਈ। 1992 ਅਤੇ 1996 ਦੇ ਦਰਮਿਆਨ ਇੱਥੇ 12000 ਤੋਂ ਵੀ ਵੱਧ ਲੋਕ ਮਾਰੇ ਗਏ, ਜਿਨ੍ਹਾਂ ਵਿਚ 1500 ਤੋਂ ਜ਼ਿਆਦਾ ਮਾਸੂਮ ਬੱਚੇ ਸਨ। ਇਸ ਤੋਂ ਇਲਾਵਾ 56000 ਤੋਂ ਵੱਧ ਜ਼ਖ਼ਮੀ ਹੋਏ ਜਿਨ੍ਹਾਂ ਵਿਚ 15000 ਦੇ ਕਰੀਬ ਬੱਚੇ ਸਨ। ਉਸ ਦੀ ਫ਼ੌਜ ਦੀਆਂ ਤੋਪਾਂ ਨੇ 35000 ਇਮਾਰਤਾਂ ਉਡਾ ਧਰੀਆਂ, ਜਿਨ੍ਹਾਂ ਵਿਚ ਹਸਪਤਾਲ ਅਤੇ ਸਕੂਲ ਦੀਆਂ ਇਮਾਰਤਾਂ ਵੀ ਸ਼ਾਮਿਲ ਸਨ।



ਜਨਰਲ ਰਾਤਕੋ ਮਲਾਦਿੱਚ ਵਲੋਂ ਕਰਾਏ ਕਤਲੇਆਮ ਦਾ ਨਤੀਜਾ ਲਾਸ਼ਾਂ ਦੇ ਢੇਰ

ਉਸ ਸਮੇਂ ਯੂਗੋਸਲਾਵੀਆ ਦਾ ਹਿੱਸਾ ਬੋਸਨੀਆ ਦੇ ਪਿੰਡ ਕਾਲੀਨੋਵਿਕ ਵਿਚ ਜਨਮੇ ਰਾਤਕੋ ਦਾ ਬਚਪਨ ਵੀ ਬਹੁਤਾ ਸੁਖਾਵਾਂ ਨਹੀਂ ਸੀ। ਉਸ ਦਾ ਬਾਪ ਨਾਜ਼ੀਆਂ ਖ਼ਿਲਾਫ਼ ਲੜਨ ਵਾਲ਼ਾ ਸੈਨਿਕ ਸੀ, ਜੋ ਦੂਸਰਾ ਵਿਸ਼ਵ-ਯੁੱਧ ਸਮਾਪਤ ਹੋਣ ਤੋਂ ਪਹਿਲਾਂ ਹੀ ਮਾਰਿਆ ਗਿਆ ਸੀ। ਉਸ ਨੇ ਜਰਮਨੀ ਵਿਚ ਕੈਦੀਆਂ 'ਤੇ ਹੁੰਦੇ ਜ਼ੁਲਮ ਆਪਣੀ ਅੱਖੀਂ ਤੱਕੇ ਸਨ ਅਤੇ ਹੁਣ ਉਹ ਲੰਬੇ ਸਮੇਂ ਤੋਂ ਆਪਣੀ 23 ਸਾਲਾ ਧੀ 'ਐਨਾ' ਦੀ ਮੌਤ ਦੇ ਸਦਮੇ ਵਿਚ ਸੀ। ਰਾਤਕੋ ਨੇ ਆਪਣੀ ਧੀ ਨੂੰ ਇੱਕ ਰਿਵਾਲਵਰ ਤੋਹਫ਼ੇ ਵਜੋਂ ਦਿੱਤਾ ਸੀ ਕਿ ਜਦ ਉਹ ਆਪਣੇ ਪਹਿਲੇ ਬੱਚੇ ਨੂੰ ਜਨਮ ਦੇਵੇ ਤਾਂ ਇਸ ਰਿਵਾਲਵਰ ਨਾਲ਼ ਖ਼ੁਸ਼ੀ ਵਿਚ ਗੋਲ਼ੀਆਂ ਚਲਾਵੇ! ਪਰ ਜਦ ਉਸ ਦੀ ਧੀ ਨੇ ਆਪਣੇ ਬਾਪ ਦੇ ਵਰਤਾਏ ਸਾਕੇ ਬਾਰੇ ਸੁਣਿਆ, ਦੇਖਿਆ ਅਤੇ ਪੜ੍ਹਿਆ ਤਾਂ ਉਸ ਨੇ ਉਸੇ ਰਿਵਾਲਵਰ ਨਾਲ਼ ਆਪਣੇ ਆਪ ਨੂੰ ਗੋਲ਼ੀ ਮਾਰ ਕੇ ਖ਼ਤਮ ਕਰ ਲਿਆ। ਕਿਉਂਕਿ ਉਹ ਇਸ ਭੈਭੀਤ ਕਰਨ ਵਾਲ਼ੇ ਸਦਮੇ ਨੂੰ ਬਰਦਾਸ਼ਤ ਨਾ ਕਰ ਸਕੀ ਕਿ ਮੇਰਾ ਬਾਪ ਇਤਨਾ ਨਿਰਦਈ ਅਤੇ ਭਿਆਨਕ ਵੀ ਹੋ ਸਕਦਾ ਹੈ? ਹੁਣ 16 ਸਾਲ ਦੇ ਲੰਬੇ ਅਰਸੇ ਬਾਅਦ ਰਾਤਕੋ ਮਲਾਦਿੱਚ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਅਗਲੇ ਹਫ਼ਤੇ ਉਸ ਨੂੰ ਹਾਲੈਂਡ ਦੇ ਸ਼ਹਿਰ 'ਹਿਊਗੋ' ਵਿਚ "ਇੰਟਰਨੈਸ਼ਨਲ ਵਾਰ ਕਰਾਈਮ ਟ੍ਰਿਬਿਊਨਲ" ਸਾਹਮਣੇ ਪੇਸ਼ ਕੀਤਾ ਜਾਵੇਗਾ। ਉਸ ਉਪਰ 15 ਗੰਭੀਰ ਚਾਰਜ ਲਾਏ ਗਏ ਹਨ। ਜਿਨ੍ਹਾਂ ਕਾਰਨ ਉਸ ਨੂੰ ਆਪਣੀ ਰਹਿੰਦੀ ਜ਼ਿੰਦਗੀ ਸੀਖਾਂ ਪਿੱਛੇ ਗੁਜ਼ਾਰਨੀ ਪਵੇਗੀ।

ਦੁਨੀਆਂ ਦੇ ਵੱਖੋ-ਵੱਖ ਸਿਆਸੀ ਪੰਡਿਤਾਂ ਦਾ ਕਥਨ ਹੈ ਕਿ ਇਸ ਗ੍ਰਿਫ਼ਤਾਰੀ ਨਾਲ ਹਰ ਯੁੱਧ ਅਪਰਾਧੀ ਨੂੰ ਸੰਕੇਤ ਹੋ ਜਾਣਾ ਚਾਹੀਦਾ ਹੈ ਕਿ ਤੁਹਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਕਾਨੂੰਨ ਦੇ ਹੱਥ ਬਹੁਤ ਲੰਬੇ ਹੁੰਦੇ ਹਨ ਅਤੇ ਅਖ਼ੀਰ ਕਾਨੂੰਨ ਦਾ ਹੱਥ ਤੁਹਾਡੀ ਘੰਡੀ ਤੱਕ ਜ਼ਰੂਰ ਪਹੁੰਚੇਗਾ। ਰਾਤਕੋ ਦੀ ਗ੍ਰਿਫ਼ਤਾਰੀ ਉਨ੍ਹਾਂ ਪਰਿਵਾਰਾਂ ਨੂੰ ਜ਼ਰੂਰ ਕੁਛ ਰਾਹਤ ਦੇਵੇਗੀ, ਜਿਨ੍ਹਾਂ ਦੇ ਟੱਬਰ ਹੀ ਖ਼ਤਮ ਕਰ ਦਿੱਤੇ ਗਏ ਸਨ। ਯੂ.ਐਨ.ਓ. ਦੇ ਜਨਰਲ ਸੈਕਟਰੀ ਨੇ ਇਸ ਗ੍ਰਿਫ਼ਤਾਰੀ ਨੂੰ ਅੰਤਰਰਾਸ਼ਟਰੀ ਨਿਆਂ ਕਾਲ ਵਿਚ ਇਕ ਇਤਿਹਾਸਕ ਦਿਨ ਦੱਸਿਆ ਹੈ। ਪੀੜਤ ਲੋਕ ਹੁਣ ਕਾਨੂੰਨ ਦੇ ਫ਼ੈਸਲੇ ਦੇ ਮੂੰਹ ਵੱਲ ਤੱਕ ਰਹੇ ਹਨ।

*jaggikussa65@gmail.com

## ਕਹਾਣੀ

***'ਅੱਜ ਆਖਾਂ ਵਾਰਿਸ ਸ਼ਾਹ ਨੂੰ' ਵਰਗੀ ਜ਼ੋਰਦਾਰ ਕਵਿਤਾ ਰਾਹੀਂ ਔਰਤ ਦੇ ਦਰਦ ਨੂੰ ਅੰਬਰ ਤੱਕ ਫੈਲਾਅ ਦੇਣ ਵਾਲੀ ਬਹੁ-ਵਿਧਾਈ ਲੇਖਿਕਾ ਅੰਮ੍ਰਿਤਾ ਪ੍ਰੀਤਮ ਨੇ ਇਸ ਕਹਾਣੀ ਵਿਚ ਔਰਤ ਦੇ ਵੱਖ-ਵੱਖ ਦਰਦਾਂ ਨੂੰ ਜ਼ੁਬਾਨ ਦੇਣ ਦਾ ਯਤਨ ਕੀਤਾ ਹੈ। ਇਹ ਦਰਦ ਇੰਨੇ ਲੁਕਵੇਂ, ਪਰ ਮਾਰ-ਖੋਰੇ ਹਨ ਕਿ ਇਨ੍ਹਾਂ ਬਾਰੇ ਸੋਚ ਕੇ ਇਕ ਵਾਰ ਤਾਂ ਸਮੁੱਚਾ ਵਜੂਦ ਕੰਬ ਉਠਦਾ ਹੈ। ਹਰ ਵਾਰ ਔਰਤ ਕੋਲ ਕੋਈ ਬਦਲ ਬਾਕੀ ਨਹੀਂ ਬਚਦਾ ਅਤੇ ਹਰ ਵਾਰ ਉਹ ਬੇ-ਜ਼ੁਬਾਨ ਢੱਗੇ ਵਾਂਗ ਪੰਜਾਲੀ ਹੇਠ ਆਪਣੀ ਕੰਨ੍ਹ (ਗਰਦਨ) ਦੇ ਦਿੰਦੀ ਹੈ। ਜਾਪਦਾ ਹੈ, ਹਰ ਔਰਤ ਧਰਤੀ ਹੇਠਲਾ ਕੋਈ ਬਲਦ ਹੈ ਜਿਸ ਨੇ ਇਸ ਲੋਕਾਈ ਦਾ ਭਾਰ ਸਾਂਭਿਆ ਹੋਇਆ ਹੈ। -ਸੰਪਾਦਕ***

# ਕਮੀਣ

**ਅੰਮ੍ਰਿਤਾ ਪ੍ਰੀਤਮ**

ਵੀਰਾਂ ਦਾ ਪਿਓ, ਕਰਮ ਚੰਦ ਹੁਰਾਂ ਦੇ ਖੇਤ ਵਿਚ ਕਾਮਾ ਹੁੰਦਾ ਸੀ; ਤੇ ਜਦੋਂ ਉਹ ਮੋਇਆ, ਵੀਰਾਂ ਮਸੇਂ ਕੁੱਛੜੋਂ ਲੱਥ ਕੇ ਰਿੜ੍ਹਨ ਜੋਗੀ ਹੋਈ ਸੀ। ਵੀਰਾਂ ਦਾ ਪਿਓ ਭਰ ਜਵਾਨੀ ਦੀ ਮੌਤ ਮੋਇਆ ਸੀ ਜਿਸ ਲਈ ਇਕ ਵਾਰੀ ਤਾਂ ਸਾਰੇ ਪਿੰਡ ਦਾ ਦਿਲ ਵੀਰਾਂ ਦੀ ਜਵਾਨ-ਜਹਾਨ ਮਾਂ ਦੇ ਦੁੱਖ ਵਿਚ ਪੰਘਰ ਉਠਿਆ ਸੀ। ਕਿਸੇ ਨੇ ਕੱਪੜਾ, ਕਿਸੇ ਨੇ ਦਾਣੇ, ਕਿਸੇ ਨੇ ਕਪਾਹ ਢੋਅ-ਢੋਅ ਕੇ ਵੀਰਾਂ ਦੀ ਮਾਂ ਨੂੰ ਆਉਂਦੇ ਸਿਆਲ ਦਾ ਬਾਨਣੂੰ ਬੰਨ੍ਹ ਦਿੱਤਾ ਸੀ।

ਕੋਈ ਆਂਹਦਾ, ਵੀਰਾਂ ਦਾ ਪਿਓ ਛੀਂਬਿਆਂ ਦਾ ਪੁੱਤਰ ਸੀ, ਤੇ ਕੋਈ ਆਂਹਦਾ ਸੀ ਜੁਲਾਹਿਆਂ ਦਾ। ਇਕ ਵਾਰ ਜਦੋਂ ਪਿੰਡਾਂ ਵਿਚ ਭਾਰੀ ਤਾਊਨ ਪਈ ਸੀ, ਉਸ ਦੇ ਵੱਡਿਆਂ ਦਾ ਘਰ ਜਿਵੇਂ ਹੂੰਝਿਆ ਗਿਆ ਸੀ, ਤੇ ਉਹ ਆਪਣੇ ਨਸੀਬਾਂ ਨੂੰ ਘਰ ਦੀ 'ਕੱਲੀ ਨਿਸ਼ਾਨੀ ਰਹਿ ਗਿਆ ਸੀ। ਤੇ ਫਿਰ ਉਹ ਜਿੰਨਾ ਚਿਰ ਜੀਵਿਆ, ਕਰਮ ਚੰਦ ਦੇ ਖੇਤਾਂ ਵਿਚ ਕਾਮਾ ਬਣ ਕੇ ਰਿਹਾ। ਪਿੰਡ ਦੀਆਂ ਤੀਵੀਆਂ ਵੀਰਾਂ ਦੀ ਮਾਂ ਨੂੰ ਚੌਂਕੇ-ਚੁੱਲ੍ਹੇ ਦਾ ਕੰਮ ਨਹੀਂ ਸਨ ਦੱਸਦੀਆਂ ਪਰ ਉਸ ਨੂੰ ਕਰਮ ਚੰਦ ਹੁਰਾਂ ਦੇ ਘਰ ਵਿਚ ਤੇ ਹੋਰ ਉਰ੍ਹਾਂ-ਪਰ੍ਹਾਂ ਦਾਣੇ ਛੜਨ ਦਾ ਚੋਖਾ ਕੰਮ ਮਿਲ ਗਿਆ ਸੀ। ਕਰਮ ਚੰਦ ਦੀ ਤੀਵੀਂ, ਵੀਰਾਂ ਦੀ ਮਾਂ ਕੋਲੋਂ ਕੱਪੜਾ ਲੱਤਾ ਧੁਆ ਲੈਂਦੀ, ਚਰਖ਼ਾ ਕਤਵਾ ਲੈਂਦੀ ਤੇ ਹੋਰ ਉਸ ਨੂੰ ਕਿੰਨੇ ਨਿੱਕੇ-ਮੋਟੇ ਕੰਮ ਦੱਸ ਦਿੰਦੀ। ਕਰਮ ਚੰਦ ਦੀ ਤੀਵੀਂ ਹੱਥ ਦੀ ਘੁੱਟਵੀਂ ਨਹੀਂ ਸੀ ਜਿਸ ਲਈ ਵੀਰਾਂ ਨੂੰ ਰੋਜ਼ ਦੁੱਧ ਦਾ ਘੁੱਟ ਵੀ ਮਿਲ ਜਾਂਦਾ ਤੇ ਉਹਦੀ ਮਾਂ ਕਦੇ ਕੱਪੜੇ-ਲੱਤੇ ਤੋਂ ਵੀ ਸੌੜੀ ਨਾ ਹੁੰਦੀ।

ਕਰਮ ਚੰਦ ਨੇ ਮੰਨਤਾਂ ਮੰਨ-ਮੰਨ ਕੇ ਰੱਬ ਕੋਲੋਂ ਪਿਛਲੀ ਉਮਰੇ ਪੁੱਤਰ ਲੱਭਾ ਸੀ। ਡਾਢੀਆਂ ਰੀਝਾਂ ਨਾਲ ਉਸ ਨੇ ਪੁੱਤਰ ਦਾ ਨਾਂ ਰੂਪ ਚੰਦ ਰੱਖਿਆ ਸੀ। ਹੋਰ ਰੂਪ ਚੰਦ ਦੀ ਨਾ ਕੋਈ ਭੈਣ ਸੀ, ਨਾ ਕੋਈ ਭਰਾ। ਰੂਪ ਦੀ ਮਾਂ ਰੂਪ ਨੂੰ ਲਡਿਆਂਦੀ ਆਂਹਦੀ ਹੁੰਦੀ ਸੀ, "ਇਹੋ ਮੇਰਾ ਪਲੇਠੀ ਤੇ ਇਹੋ ਪੇਟ ਘਰੋੜਾ।"

ਵੀਰਾਂ ਰੂਪ ਚੰਦ ਤੋਂ ਕੋਈ ਸੱਤ-ਅੱਠ ਵਰ੍ਹੇ ਛੋਟੀ ਸੀ। ਉਹ ਖੇਡਣ ਲਈ ਉਸ ਦਾ ਹਾਣ ਨਹੀਂ ਸੀ ਪਰ 'ਕੱਲੇ-ਕਾਰੇ ਰੂਪ ਨੂੰ ਜਿਵੇਂ ਉਹ ਖਿਡੌਣਾ ਲੱਭ ਪਈ ਸੀ। ਰੂਪ ਰੋਟੀ ਖਾਣ ਲਗਦਾ, ਵੀਰਾਂ ਨੂੰ ਆਵਾਜ਼ ਦੇ ਲੈਂਦਾ। ਕਦੇ ਸੇਵੀਆਂ ਦਾ ਬੁੱਕ ਉਸ ਦੇ ਹੱਥਾਂ ਉਤੇ ਪਾ ਦਿੰਦਾ, ਕਦੇ ਖੀਰ ਉਸ ਦੀ ਰੋਟੀ ਉਤੇ ਲੱਦ ਦਿੰਦਾ। ਤੇ ਰਾਤੀਂ ਮਾਂ ਜਦੋਂ ਕਾੜ੍ਹਨੀ ਦਾ ਦੁੱਧ ਮਲਾਈ ਭਰ ਕੇ ਰੂਪ ਦੇ ਅੱਗੇ ਧਰਦੀ, ਉਹ ਜਿਵੇਂ ਇਕਲੌਤੇ ਧੀਆਂ-ਪੁੱਤਰ ਕਰਦੇ ਹਨ, ਦੁੱਧ ਤੋਂ ਮੂੰਹ ਭੁਆ ਲੈਂਦਾ। ਮਾਂ ਫੇਰ ਵੀਰਾਂ ਨੂੰ ਲੱਭਦੀ, ਉਸ ਨੂੰ ਵੀ ਉਸ ਦੀ ਕਟੋਰੀ ਵਿਚ ਦੁੱਧ ਪਾ ਦਿੰਦੀ ਤੇ ਫੇਰ ਉਹ, "ਵੇਖਾਂ ਭਲਾਂ ਕਿਹੜਾ ਡੀਕ ਲਾ ਕੇ ਪੀਂਦਾ ਏ। ਅੱਖੀਂ ਮੀਟੀ ਕੌਣ ਪੀਵੇਗਾ।" ਸੌ-ਸੌ ਪੱਜ ਕਰਦੀ ਤਾਂ ਮਸਾਂ ਕੀਤੇ ਕੁਝ ਰੂਪ ਦੇ ਸੰਘੋਂ ਲਹਿੰਦਾ।

ਉਸ ਦੀਆਂ ਸ਼ਰੀਕਣੀਆਂ ਕਈ ਵਾਰ ਉਸ ਨੂੰ ਸੁਣਾਉਂਦੀਆਂ, "ਤੂੰ ਏਸ ਕਮੀਣ ਕੁੜੀ ਨੂੰ ਕਿਹਾ ਹਿਲਾ ਛੱਡਿਆ ਏ। ਜੋ ਵੀ ਤੇਰਾ ਪੁੱਤਰ ਖਾਵੇ, ਬਰਾਬਰ ਉਹਦੇ ਨਾਲ ਖਾਂਦੀ ਏ। ਲੋਕ ਪੁੱਤਰਾਂ ਨੂੰ ਅੰਦਰ ਵੜ ਕੇ ਖੁਆਂਦੇ ਨੇ ਕਿ ਇੰਜ ਖਾਧਾ-ਪੀਤਾ ਨਸ਼ਰ ਕਰਦੇ ਨੇ?"

"ਨੀ ਉਹ ਜਾਣੇ...ਮੈਂ ਏਸ ਮੂੰਹ ਜੋਗੀ ਕਿੱਥੇ ਸਾਂ...ਇਸੇ ਪੱਜ ਗਰਾਹੀ ਖਾਂਦਾ ਤੇ ਹੈ ਨਾ।"

ਮਾਂ ਆਪਣੀਆਂ ਸ਼ਰੀਕਣੀਆਂ ਨੂੰ ਮੂੰਹ ਨਾ ਚੜ੍ਹਨ ਦੇਂਦੀ।

ਵੀਰਾਂ ਨੂੰ ਨਾਵਾਂ ਵਰ੍ਹਾ ਚੜ੍ਹ ਪਿਆ। ਹੁਣ ਉਹ ਮਾਂ ਦੇ ਕੰਮਾਂ ਵਿਚ ਬਰਾਬਰ ਹੱਥ ਵਟਾਉਂਦੀ ਸੀ। ਆਪਣੇ ਘਰ ਉਸ ਦੀ ਮਾਂ ਜੇ ਭਾਂਡੇ ਮਾਂਜਦੀ ਹੁੰਦੀ ਤਾਂ ਉਹ ਤੰਦੂਰ ਦੀ ਗਰਮ ਸੁਆਹ ਵਿਚ ਟਾਕੀ ਲਬੇੜ ਕੇ ਭਾਂਡਿਆਂ ਨੂੰ ਸੁੱਕਾ ਕਰਦੀ ਜਾਂਦੀ। ਤੇ ਜੇ ਸ਼ਾਹਣੀ ਦੇ ਘਰ ਉਸ ਦੀ ਮਾਂ ਕੱਪੜੇ ਧੋਂਦੀ ਹੁੰਦੀ ਤਾਂ ਉਹ ਨਿੱਕੇ ਕਪੱੜਿਆਂ ਨੂੰ ਛੰਡ-ਛੰਡ ਕੇ ਸੁੱਕਣੇ ਪਾਉਂਦੀ ਤੇ ਸੁੱਕਿਆਂ ਨੂੰ ਸਾਂਭਦੀ, ਅੰਦਰ ਸ਼ਾਹਣੀ ਦੀ ਮੰਜੀ ਉਤੇ ਤਹਿਆਂ ਲਾ ਆਉਂਦੀ। ਸ਼ਾਹਣੀ ਦੇ ਟਰੰਕਾਂ ਵਿਚ ਲੋੜ ਦੀਆਂ ਚੀਜ਼ਾਂ ਧਰ ਆਉਂਦੀ, ਤੇ ਪੈਲੀਆਂ ਵਿਚੋਂ ਸਾਗ-ਪੱਤਰ ਤੋੜ ਲਿਆਉਂਦੀ।

ਪੂਰੇ ਚਾਲੀ ਕਿੱਲੇ ਕਰਮ ਚੰਦ ਦੀ ਜ਼ਮੀਨ ਸੀ। ਪਿੰਡ ਵਿਚ ਨਿੱਕੀਆਂ ਇੱਟਾਂ ਦੀ ਕਿਲੇ ਜਿੱਡੀ ਹਵੇਲੀ ਸੀ ਅਤੇ ਬੂਹੇ ਉਤੇ ਤ੍ਰੈ ਲਵੇਰੇ ਬੱਝੇ ਹੋਏ ਸਨ। ਸੋਲ੍ਹਾਂ-ਸਤਾਰਾਂ ਵਰ੍ਹਿਆਂ ਦੇ ਰੂਪ ਨੂੰ ਹੁਣ ਕੁੜਮਾਈਆਂ ਢੁੱਕ-ਢੁੱਕ ਆਉਂਦੀਆਂ ਸਨ।

"ਮੈਂ ਨਹੀਂ ਜੇ ਲੋਕਾਂ ਨੂੰ ਬਹੁਤੇ ਫੇਰੇ ਪਵਾਣੇ। ਅੱਜ ਮੈਂ ਏਸ ਮੂੰਹ ਜੋਗੀ ਹੋਈ ਤਾਂ ਲੋਕ ਮੇਰੀਆਂ ਦਲ੍ਹੀਜ਼ਾਂ 'ਤੇ ਚੜ੍ਹੇ। ਮਰ-ਮਰ ਕੇ ਮੈਂ ਪੁੱਤਰ ਲੱਭਾ ਏ। ਇੰਜ ਲੋਕਾਂ ਦੇ ਮੂੰਹ ਵਿਚ ਆ ਜਾਈਦਾ ਏ, ਲੋਕ ਆਂਹਦੇ ਨੇ ਇਹ ਫਿੱਟ ਗਏ ਨੇ...।" ਇੰਜ ਕਰਮ ਚੰਦ ਦੀ ਤੀਵੀਂ ਕਰਮ ਚੰਦ ਨੂੰ ਆਂਹਦੀ ਰਹਿੰਦੀ। ਆਖ਼ਰ ਕਰਮ ਚੰਦ ਨੇ ਨਾਲ ਦੇ ਪਿੰਡ ਦੇ ਸਰਦੇ-ਪੁੱਜਦੇ ਘਰੋਂ ਗੁੜ ਦੀ ਰੋੜੀ ਤੇ ਪੰਜ ਰੁਪਈਏ ਲੈ ਲਏ।

ਅਜੇ ਵਿਆਹ ਦੀ ਤਾਰੀਖ਼ ਨਹੀਂ ਸੀ ਪਈ, ਜਦੋਂ ਕਰਮ ਚੰਦ ਦੇ ਘਰ ਵਿਚ ਹੋਣੀ ਵਰਤ ਗਈ। ਰੂਪ ਦੀ ਮਾਂ ਦੋ ਦਿਨਾਂ ਦੇ ਤਾਪ ਨਾਲ ਇਸ ਦੁਨੀਆਂ ਤੋਂ ਟੁਰ ਗਈ। ਤੇ ਆਪ ਕਰਮ ਚੰਦ ਦੀਆਂ ਅੱਖਾਂ ਰਹਿ ਗਈਆਂ।

ਵੀਰਾਂ ਦੀ ਮਾਂ ਨੇ ਆਪਣਾ ਅੰਗ ਪਾਲਿਆ ਤੇ ਘਰ ਨੂੰ ਇਸ ਤਰ੍ਹਾਂ ਸਾਂਭਦੀ-ਸਿਕਰਦੀ ਰਹੀ ਕਿ ਬੁੱਢੇ ਤੇ ਮੁਥਾਜ ਕਰਮ ਚੰਦ ਦੇ ਮੂੰਹੋਂ ਦਿਹਾੜੀ ਵਿਚ ਵੀਰਾਂ ਨੂੰ, ਤੇ ਉਸ ਦੀ ਮਾਂ ਨੂੰ ਸੱਤ-ਸੱਤ ਅਸੀਸਾਂ ਨਿਕਲਦੀਆਂ। ਰੋਟੀ-ਟੁੱਕਰ ਕਰਨ ਵਾਸਤੇ ਉਨ੍ਹਾਂ ਨੇ ਪਿੰਡ ਦੀ ਮਹਿਰੀ ਨੂੰ ਲਾ ਲਿਆ ਸੀ।

"ਵੀਰਾਂ ਧੀਏ! ਮੇਰੀ ਸੋਟੀ ਤੇ ਫੜਾ ਜਾਈਂ। ਕੀ ਚਾੜ੍ਹਿਆ ਜੇ ਅੱਜ ਵੀਰਾਂ ਧੀਏ। ਅੱਜ ਲੱਸੀ ਵਿਚ ਲੂਣ ਨਹੀਂ ਜੇ ਖੋਰਿਆ। ਮੈਂ ਨਹੀਂ ਜੇ ਦੁੱਧ ਪੀਣਾ, ਜਾਗ ਲਾ ਛੱਡੋ।" ਇਹ ਕੰਮ ਭਾਵੇਂ ਉਸ ਮਹਿਰੀ ਨੇ ਕਰਨੇ ਹੁੰਦੇ ਸਨ ਪਰ ਪਲੇ-ਪਲੇ ਕਰਮ ਚੰਦ, ਵੀਰਾਂ ਨੂੰ ਹੀ ਆਵਾਜ਼ਾਂ ਦਿੰਦਾ। ਉਹ ਕਰਮ ਚੰਦ ਦਾ ਹੱਥ ਫੜ ਕੇ ਉਸ ਨੂੰ ਪਸਾਰ ਵਿਚ ਲਿਆਉਂਦੀ, ਤੇ ਜੇ ਉਥੇ ਪਾਲਾ ਹੁੰਦਾ ਤਾਂ ਉਸ ਦੀ ਮੰਜੀ ਅੰਦਰ ਕਰ ਦਿੰਦੀ। ਇੰਜ ਵੀਰਾਂ ਦੀ ਤੇ ਉਸ ਦੀ ਮਾਂ ਦੀ ਦਿਹਾੜੀ ਬੀਤ ਜਾਂਦੀ।

ਸਾਰੇ ਲੋਕ ਆਂਹਦੇ ਸਨ, ਤੇ ਕਰਮ ਚੰਦ ਆਪ ਵੀ ਆਂਹਦਾ ਸੀ, "ਹੁਣ ਜਿਵੇਂ-ਕਿਵੇਂ ਰੂਪ ਦਾ ਵਿਆਹ ਕਰ ਛੱਡੀਏ। ਸ਼ਰੀਕੇ ਵਿਚੋਂ ਰੂਪ ਚੰਦ ਦੀ ਤਾਈ ਸੱਤਾਂ 'ਹਸਾਨਾਂ ਨਾਲ ਰਹਿਣ ਵਾਸਤੇ ਆਈ ਤੇ ਘਰ ਵਿਚ ਰੂਪ ਦਾ ਵਿਆਹ ਰਚਿਆ ਗਿਆ।

ਕੰਮਾਂ ਦਾ ਗਾੜ੍ਹ ਪੈ ਗਿਆ। ਵੀਰਾਂ ਦੀ ਮਾਂ ਪਲੇ-ਪਲੇ ਸ਼ਾਹਣੀ ਨੂੰ ਯਾਦ ਕਰਦੀ ਤੇ ਅੱਖਾਂ ਭਰ ਲੈਂਦੀ। ਵੀਰਾਂ ਵਿਆਹ ਦੇ ਕੰਮਾਂ ਵਿਚ ਉਡਦੀ ਫਿਰਦੀ ਸੀ।

ਜੰਞ ਦੇ ਨਾਲ ਹੋਰ ਕੋਈ ਤੀਵੀਂ ਨਹੀਂ ਸੀ, ਸਿਰਫ ਵੀਰਾਂ ਤੇ ਵੀਰਾਂ ਦੀ ਮਾਂ ਮੌਲੀ-ਮਹਿੰਦੀ ਤੇ ਸ਼ਗਨ ਦੀਆਂ ਹੋਰ ਚੀਜ਼ਾਂ ਲੈ ਕੇ ਗਈਆਂ।

ਸ਼ਿੱਬੋ, ਰੂਪ ਦੀ ਹੋਣ ਵਾਲੀ ਵਹੁਟੀ ਦਾ ਨਾਂ ਸੀ। ਵੀਰਾਂ ਨੇ ਸਹੇਲੀਆਂ ਵਾਕੁਰ ਸ਼ਿੱਬੋ ਨੂੰ ਮਹਿੰਦੀ ਲਾਈ। ਤੇ ਜਦੋਂ ਸ਼ਿੱਬੋ ਦੀਆਂ ਪੇਕੀਆਂ ਸ਼ਿੱਬੋ ਨੂੰ ਵਟਣਾ ਮਲ-ਮਲ ਨੁਹਾਉਂਦੀਆਂ ਰਹੀਆਂ, ਵੀਰਾਂ ਬਰਾਬਰ ਉਨ੍ਹਾਂ ਦੇ ਨਾਲ ਗਾਉਂਦੀ ਰਹੀ। ਤੇ ਫੇਰ ਵੀਰਾਂ ਨੇ ਉਸ ਦੇ ਵਾਲਾਂ ਵਿਚ ਸੂਹਾ ਲਾਲ ਪਰਾਂਦਾ ਗੁੰਦਿਆ।

ਸ਼ਿੱਬੋ ਦਾ ਬੁੱਕ ਭਾਰਾ ਸੀ ਜਿਸ ਲਈ ਉਸ ਦਾ ਮਾਮਾ ਸਰ੍ਹੋਂ ਦਾ ਤੇਲ ਲਾ-ਲਾ ਕੇ ਉਸ ਨੂੰ ਚੂੜਾ ਚਾੜ੍ਹਦਾ ਰਿਹਾ। ਕਿੰਡੀਆਂ ਹੀ ਚੀਸਾਂ ਸ਼ਿੱਬੋ ਨੇ ਜ਼ਾਹਿਰ ਨਾ ਹੋਣ ਦਿੱਤੀਆਂ ਪਰ ਹੁਣ ਸੱਜੇ ਹੱਥ ਦੀਆਂ ਅਗਲੀਆਂ ਚੂੜੀਆਂ ਚਾੜ੍ਹਨ ਲਈ ਜਿਓਂ-ਜਿਓਂ ਉਸ ਦਾ ਮਾਮਾ ਜ਼ੋਰ ਲਾਂਦਾ, ਸ਼ਿੱਬੋ ਦੇ ਹੱਥ ਉਤੇ ਲਾਸ ਡੂੰਘੀ ਹੁੰਦੀ ਜਾਂਦੀ, ਤੇ ਮਾਸ ਉਭਰਦਾ ਆਉਂਦਾ।

ਸ਼ਿੱਬੋ ਦੀ ਖੱਬੀ ਬਾਂਹ ਨੂੰ ਚੂੜਾ ਚੜ੍ਹ ਚੁੱਕਾ ਸੀ, ਤੇ ਵੀਰਾਂ ਉਸ ਦੇ ਪਾਸੇ ਨਾਲ ਅੱਟੀ ਹੋਈ ਉਸ ਦੀ ਚੂੜੇ ਵਾਲੀ ਬਾਂਹ ਆਪਣੇ ਹੱਥਾਂ ਵਿਚ ਲੈ ਕੇ ਸ਼ਿੱਬੋ ਦੇ ਵੱਲ ਇੰਜ ਤੱਕਦੀ ਪਈ ਸੀ ਜਿਵੇਂ ਉਸ ਦੇ ਕੋਲੋਂ ਸ਼ਿੱਬੋ ਦੀ ਝਾਲ ਨਾ ਝੱਲੀ ਜਾਂਦੀ ਹੋਵੇ।

ਸ਼ਿੱਬੋ ਦਾ ਮਾਮਾ ਥੱਕ ਲੱਥਾ ਸੀ ਪਰ ਸੱਜੇ ਹੱਥ ਦੀਆਂ ਅਗਲੀਆਂ ਦੋ ਚੂੜੀਆਂ ਅਜੇ ਵੀ ਸ਼ਿੱਬੋ ਦੇ ਬੁੱਕ ਤੋਂ ਲੰਘੀਆਂ ਨਹੀਂ ਸਨ, ਤੇ ਸ਼ਿੱਬੋ ਦੀਆਂ ਅੱਖਾਂ ਵਿਚ ਗ਼ਲੇਡੂ ਭਰ ਆਏ ਸਨ। ਆਖਰ ਚੂੜੀਆਂ ਨੇ ਮਾਸ ਦੇ ਉਭਰੇ ਵੱਟਾਂ ਨੂੰ ਪੀਚਿਆ, ਤੇ ਬਾਂਹ ਵੱਲ ਨੂੰ ਤਿਲਕੀਆਂ, "ਉਈ" ਸ਼ਿੱਬੋ ਕੋਲੋਂ ਪੀੜ ਨਾ ਜਰੀ ਗਈ ਪਰ ਜਿਓਂ ਹੀ ਵੀਰਾਂ ਨੇ ਦੋਹਾਂ ਹੱਥਾਂ ਵਿਚ ਲੈ ਕੇ ਸ਼ਿੱਬੋ ਦੀ ਬਾਂਹ ਨੂੰ ਛਣਕਾਇਆ, ਸ਼ਿੱਬੋ ਨੂੰ ਮੱਲੋ-ਮੱਲੀ ਹਾਸਾ ਆ ਗਿਆ।

ਸ਼ਿੱਬੋ ਦੀਆਂ ਬਾਹਾਂ ਨਾਲ ਗਰੀਆਂ ਤੇ ਕੌਡੀਆਂ ਨਾਲ ਪਰੁਚੇ ਹੋਏ ਕਲੀਰੇ ਬੱਝ ਗਏ। ਵੀਰਾਂ ਨੇ ਚਿੱਟੀਆਂ ਤੇ ਗੁੱਟਕਣੀਆਂ ਕੌਡੀਆਂ ਨੂੰ ਮੁੜ ਛਣਕਾ ਕੇ ਤੱਕਿਆ।

"ਆਹ ਲੈ ਖੋਪਾ ਤੇਰੇ ਸਿਰ ਉਤੇ ਮਾਰਨੀ ਆਂ, ਤੇਰਾ ਵਿਆਹ ਬੱਸ ਝੱਟ ਹੀ ਹੋ ਜਾਵੇਗਾ। ਤੇ ਫੇਰ ਤੂੰ ਇਹੋ-ਜਿਹਾ ਚੂੜਾ ਪਾਵੇਂਗੀ, ਇਹੋ ਜਿਹੇ ਕਲੀਰੇ ਬੰਨੇਗੀ।" ਸ਼ਿੱਬੋ ਨੇ ਹੱਸ-ਹੱਸ ਕੇ ਜਿੱਥੇ ਆਪਣੀਆਂ ਹੋਰ ਕੰਵਾਰੀਆਂ ਸਹੇਲੀਆਂ ਦੇ ਸਿਰ 'ਤੇ ਵਾਰੋ-ਵਾਰ ਕਲੀਰੇ ਦਾ ਖੋਪਾ ਮਾਰਿਆ, ਉਥੇ ਵੀਰਾਂ ਦੇ ਸਿਰ ਉਤੇ ਦੋ ਵਾਰ ਖੋਪਾ ਧਰਿਆ।

ਵੀਰਾਂ ਰੱਜ ਕੇ ਖੁਸ਼ ਸੀ। ਜਦੋਂ ਸ਼ਿੱਬੋ ਦੇ



ਮੱਥੇ ਉਤੇ ਦੌਣੀ ਬੱਝੀ, ਵੀਰਾਂ ਦੀਆਂ ਅੱਡੀਆਂ ਭੋਏਂ 'ਤੇ ਨਹੀਂ ਸਨ ਲੱਗਦੀਆਂ। ਉਹ ਪੱਬਾਂ ਭਾਰ ਹੋ-ਹੋ ਕੇ ਸ਼ਿੱਬੋ ਦੇ ਮੱਥੇ ਵੱਲ ਵੇਂਹਦੀ ਰਹੀ। ਆਖਰ ਡੋਲੀ ਤੁਰਨ ਦਾ ਵੇਲਾ ਹੋ ਪਿਆ। ਵੀਰਾਂ ਨੂੰ ਨਾ ਖਾਣ ਦੀ ਸੁੱਧ ਸੀ, ਨਾ ਪੀਣ ਦੀ। ਉਸ ਨੂੰ ਜਿਵੇਂ ਅੱਜ ਕੁਝ ਲੱਭ ਪਿਆ ਸੀ।

ਪੇਕੀਆਂ ਤੀਵੀਆਂ ਮੁੜ-ਮੁੜ ਸ਼ਿੱਬੋ ਦੇ ਗਲ ਮਿਲਦੀਆਂ। ਹੁਣ ਉਹ ਸਹੁਰਿਆਂ ਦੀ ਦੌਲਤ ਸੀ, ਤੇ ਪੇਕਿਆਂ ਦੀ ਪ੍ਰਾਹੁਣੀ ਸੀ। ਨਿੱਕਿਆਂ ਅੰਜਾਣਿਆਂ ਨੂੰ ਵਹੁਟੀ ਬਣੀ ਸ਼ਿੱਬੋ ਦੇ ਕੋਲ ਢੁਕ-ਢੁਕ ਕੇ ਬਹਿਣ ਦਾ ਚਾਅ ਸੀ ਪਰ ਵੀਰਾਂ ਨੂੰ ਜਾਪਦਾ ਸੀ ਹੁਣ ਸ਼ਿੱਬੋ ਉਤੇ ਉਸ ਦਾ ਸਾਰਿਆਂ ਤੋਂ ਬਹੁਤਾ ਹੱਕ ਸੀ। ਇਸ ਲਈ ਉਹ ਸ਼ਿੱਬੋ ਦੇ ਪਾਸੇ ਨਾਲ ਅੱਟੀ ਹੋਈ ਸੀ।

ਸ਼ਿੱਬੋ ਦੀਆਂ ਸਹੇਲੀਆਂ ਉਸ ਦੇ ਕੰਨਾਂ ਵਿਚ ਪਤਾ ਨਹੀਂ ਕੀ-ਕੀ ਕਹਿਣਾ ਚਾਹੁੰਦੀਆਂ ਸਨ, ਤੇ ਉਨ੍ਹਾਂ ਦਾ ਜੀਅ ਕਰਦਾ ਸੀ, ਉਹ ਦੋ ਮਿੰਟ ਇੱਕਲੀਆਂ ਸ਼ਿੱਬੋ ਕੋਲ ਬਹਿਣ। ਆਖਰ ਇਕ ਸਹੇਲੀ ਨੇ ਡਾਢੇ ਰੋਹ ਨਾਲ ਆਖਿਆ, "ਇਕ 'ਤੇ ਅਹਿ ਕਮੀਣ ਕੁੜੀ ਨਹੀਂ ਇਹਦੇ ਪਾਸੇ ਨਾਲੋਂ ਲਹਿੰਦੀ।"

ਵੀਰਾਂ ਦਾ ਮੂੰਹ ਲਹਿ ਗਿਆ, ਤੇ ਉਹ ਚੁੱਪ-ਚਪੀਤੀ ਸ਼ਿੱਬੋ ਤੋਂ ਪਰ੍ਹਾਂ ਹਟ ਗਈ।

ਨਾ ਸ਼ਿੱਬੋ ਨੇ ਚਾਰ ਦਿਨ ਪੀਹੜੇ ਉਤੇ ਬਹਿ ਕੇ ਤੱਕਿਆ, ਤੇ ਨਾ ਗੋਟੇ ਨਾਲ ਜੜੇ ਹੋਏ ਕੱਪੜੇ ਹੰਢਾ ਕੇ ਵੇਖੇ। ਪੇਕੇ ਵੀ ਕਦੀ ਰੱਜ ਕੇ ਸ਼ਿੱਬੋ ਨੂੰ ਜਾਣਾ ਨਾ ਮਿਲਿਆ। ਉਤਲਾ ਕੰਮ ਭਾਵੇਂ ਵੀਰਾਂ ਦੀ ਮਾਂ ਹੀ ਕਰਦੀ ਸੀ ਪਰ ਰੋਟੀ-ਟੁੱਕਰ ਹੁਣ ਸ਼ਿੱਬੋ ਆਪ ਕਰਦੀ ਸੀ। ਮਹਿਰੀ ਉਨ੍ਹਾਂ ਨੇ ਲਾਹ ਛੱਡੀ ਸੀ। ਚਾਟੀਆਂ ਕੂਚਦੀ, ਦੁੱਧ ਜਮਾਉਂਦੀ ਤੇ ਲੱਸੀ ਰਿੜਕਦੀ ਸ਼ਿੱਬੋ ਦੀ ਦਿਹਾੜ ਲੰਘ ਜਾਂਦੀ। ਦੋ ਵੇਲੇ ਰੋਟੀ ਵੀ ਕਰਦੀ। ਫੇਰ ਦੁਪਹਿਰਾਂ ਵੇਲੇ ਚਰਖਾ ਚੋਪੜਦੀ, ਮਾਹਲ ਵੱਟਦੀ, ਨਵਾਂ ਬੀੜਾ ਪਾਂਦੀ, ਤੇ ਜਾਂ ਕੋਈ ਮੂਹੜਾ ਜਾਂ ਪੱਛੀ ਉਣਦੀ; ਸ਼ਿੱਬੋ ਨੂੰ ਵਾਰ ਨਹੀਂ ਸੀ ਆਉਂਦਾ।

ਕਰਮ ਚੰਦ ਗੱਲੇ-ਗੱਲੇ ਸ਼ਿੱਬੋ ਨੂੰ ਅਸੀਸਾਂ ਦੇਂਦਾ ਸੀ ਪਰ ਵਰ੍ਹੇ ਉਤੇ ਵਰ੍ਹਾ ਪੈ ਚੱਲਿਆ ਸੀ, ਪਤਾ ਨਹੀਂ ਸ਼ਿੱਬੋ ਨੂੰ ਕੋਈ ਅਸੀਸ ਲੱਗਦੀ ਕਿਓਂ ਨਹੀਂ ਸੀ। ਲੋਕ ਆਂਹਦੇ ਸਨ, "ਥੁੜ੍ਹਾਂ ਵਾਲੇ ਘਰ ਮਾਲੂਮ ਕਿਓਂ ਹੋਣ।"

ਵਾਹ ਲੱਗਦੇ ਵੀਰਾਂ ਸਾਰਿਆਂ ਕੰਮਾਂ ਵਿਚ ਸ਼ਿੱਬੋ ਦਾ ਹੱਥ ਵਟਾਉਂਦੀ ਸੀ, ਤੇ ਵੀਰਾਂ ਦੀ ਮਾਂ ਘਰ ਦੀ ਸੱਸ-ਮਾਂ ਵਾਕੁਰ ਸ਼ਿੱਬੋ ਦਾ ਦਰਦ ਕਰਦੀ ਸੀ। ਵੀਰਾਂ ਨੂੰ ਜੁਆਨੀ ਹਾੜ੍ਹ ਕੇ ਚੜ੍ਹਦੀ ਪਈ ਸੀ। ਵੇਲਣਿਆਂ ਵਾਂਗ ਉਸ ਦੀਆਂ ਬਾਹਵਾਂ ਗੁੰਦੀਆਂ ਗਈਆਂ ਸਨ। ਕਈ ਵਾਰ ਵੀਰਾਂ ਦੀ ਮਾਂ ਸ਼ਿੱਬੋ ਦੇ ਕੋਲ ਬਹਿੰਦੀ ਤੇ ਆਂਹਦੀ, "ਪੱਲੇ ਚਾਰ ਕੌਡਾਂ ਵੀ ਨਹੀਂ, ਤੇ ਵੀਰਾਂ ਛੱਤ ਨੂੰ ਹੱਥ ਪਾਉਣ ਲੱਗ ਪਈ ਏ।"

"ਤੂੰ ਕਾਹਨੂੰ ਝੂਰਨੀ ਏਂ ਮਾਂ! ਜਿੱਥੇ ਉਹਦੇ ਸੰਜੋਗ ਹੋਣਗੇ..." ਸ਼ਿੱਬੋ ਹਮੇਸ਼ਾਂ ਉਸ ਦਾ ਦਿਲ ਰੱਖ ਲੈਂਦੀ।

ਸ਼ਿੱਬੋ ਦੇ ਵਿਆਹ ਨੂੰ ਛੇਵਾਂ ਵਰ੍ਹਾ ਲੱਗ ਪਿਆ। ਅਸੀਸਾਂ ਦੇ ਦੇ ਕੇ ਵਿਚਾਰੇ ਕਰਮ ਚੰਦ ਦੀ ਜੀਭ ਸੁੱਕ ਗਈ ਸੀ, ਤੇ ਹੁਣ ਉਹ ਆਪਣੀ ਉਮਰ ਦੇ ਆਖਰੀ ਸਾਹ ਗਿਣਦਾ ਪਿਆ ਸੀ।

"ਅੱਛਾ ਮੇਰੇ ਕਰਮਾਂ ਵਿਚ ਨਾ ਹੋਵੇਗਾ..." ਵਿਚਾਰਾ ਕਰਮ ਚੰਦ ਆਖਰੀ ਸਾਹ ਕਹਿੰਦਾ ਰਿਹਾ।

ਹੁਣ ਘਰ ਵਿਚ ਸ਼ਿੱਬੋ ਤੇ ਉਸ ਦਾ ਮਰਦ ਹੀ ਰਹਿ ਗਏ ਸਨ। ਸ਼ਰੀਕੇ ਵਾਲੇ ਘਰਾਂ ਵਿਚ ਲੋਕ ਮੂੰਹ ਜੋੜਨ ਲੱਗ ਪਏ, "ਜੀਵੇ ਰੂਪ ਚੰਦ। ਕੱਲ੍ਹ ਨੂੰ ਕਰਮ ਚੰਦ ਦਾ ਨਾਂ ਏਸ ਪਿੰਡ ਵਿਚ ਕਿਹਨੇ ਲੈਣਾ ਏਂ... ਛੇ ਵਰ੍ਹੇ ਹੋ ਗਏ ਨੇ... ਰੱਬ ਨੇ ਦੇਣਾ ਹੁੰਦਾ ਤੇ ਪਹਿਲੇ ਦਿਨੋਂ ਹੀ ਨਾ ਦੇ ਦੇਂਦਾ! ਐਡੀਆਂ ਜ਼ਮੀਨਾਂ, ਐਡੀਆਂ ਹਵੇਲੀਆਂ...।"

ਸ਼ਿੱਬੋ ਜਿਓਂ-ਜਿਓਂ ਘਰ ਨੂੰ ਬਣਾਉਂਦੀ, ਸੰਵਾਰਦੀ; ਭਾਂਡਿਆਂ ਦੇ ਮੂੰਹ ਲਿਸ਼-ਲਿਸ਼ ਕਰਦੇ ਪਰ ਸ਼ਿੱਬੋ ਦਾ ਮੂੰਹ ਮੈਲਾ ਹੁੰਦਾ ਜਾਂਦਾ ਸੀ।

ਰੂਪ ਚੰਦ ਨੇ ਕਦੇ ਉਸ ਨੂੰ ਕੁਝ ਨਹੀਂ ਸੀ ਆਖਿਆ। ਕਦੇ ਕੋਈ ਸੁਨੌਤ ਵੀ ਨਹੀਂ ਸੀ ਸੁੱਟੀ ਪਰ ਉਹ ਮਨ ਹੀ ਮਨ ਸੋਚਦੀ, "ਆਖਰ ਉਹ ਉਹਦਾ ਕਿੰਨਾ ਕੁ ਚਿਰ ਲਿਹਾਜ ਕਰੇਗਾ?"

ਇਕ ਦਿਹਾੜੇ ਸ਼ਿੱਬੋ ਆਪਣੇ ਮਨ ਨੂੰ ਆਟੇ ਵਾਂਗ ਪੀਹ ਲਿਆ, ਤੇ ਆਪਣੇ ਮਰਦ ਨੂੰ ਹੋਰ ਵਿਆਹ ਕਰ ਲੈਣ ਲਈ ਆਖਿਆ। ਰੂਪ ਚੰਦ ਜਿਓਂ-ਜਿਓਂ ਗੱਲ ਨੂੰ ਟਾਲਦਾ ਰਿਹਾ, ਸ਼ਿੱਬੋ ਹੋਰ ਵੀ ਖਹਿੜੇ ਪੈਂਦੀ ਰਹੀ।

"ਤੂੰ ਮੇਰਾ ਦਿਲ ਲੈਨੀ ਏਂ!"

"ਮੈਨੂੰ ਕਿਸੇ ਦੀ ਸਹੁੰ ਪੁਆ ਲਵੋ, ਜੇ ਮੈਂ ਸੱਚੇ ਦਿਲੋਂ ਨਾ ਆਂਹਦੀ ਹੋਵਾਂ।"

"ਮੈਨੂੰ 'ਤੇ ਕੋਈ ਲੋੜ ਨਹੀਂ।"

"ਸਾਰੀ ਉਮਰ?"

"ਸਾਰੀ ਉਮਰ।"

ਤੇ ਰੂਪ ਚੰਦ ਬਾਹਰ ਖੇਤਾਂ ਨੂੰ ਤੁਰ ਗਿਆ। ਉਸ ਦਿਹਾੜੇ ਸ਼ਿੱਬੋ ਖੁਸ਼ ਸੀ। ਅਸਲ ਵਿਚ ਉਹ ਮਰਦ ਦਾ ਦਿਲ ਟੋਂਹਦੀ ਸੀ, ਤੇ ਉਸ ਦੇ ਮੂੰਹੋਂ ਨਾਂਹ ਸੁਣ ਕੇ ਜਿਵੇਂ ਉਸ ਦੇ ਦਿਲ ਨੂੰ ਟੋਹਣੀ ਮਿਲ ਗਈ ਸੀ।

ਵੀਰਾਂ ਨੂੰ ਭਰ ਜੁਆਨੀ ਚੜ੍ਹੀ ਸੀ। ਪਿਛਲੇ ਸਾਲ ਦੇ ਕੱਪੜੇ ਉਸ ਨੂੰ ਅੜਦੇ ਨਹੀਂ ਸਨ। ਵੀਰਾਂ ਦਾ ਰੰਗ ਕਣਕ-ਭਿੰਨਾ ਸੀ ਪਰ ਇਹ ਸੱਚ ਸੀ ਕਿ ਵੇਖਣ ਵਾਲੇ ਦੀ ਉਸ ਦੇ ਮੂੰਹ ਉਤੋਂ ਅੱਖ ਤਿਲਕ ਪੈਂਦੀ ਸੀ।

ਵੀਰਾਂ ਦੀ ਮਾਂ ਸ਼ਿੱਬੋ ਨੂੰ ਮੁੜ-ਮੁੜ ਚੇਤੇ ਕਰਾਉਂਦੀ, "ਜਿਹਦੇ ਬੂਹੇ ਏਡੀ ਜਵਾਨ ਧੀ ਹੋਵੇ, ਉਹਨੂੰ ਰਾਤੀਂ ਨੀਂਦਰ ਨਹੀਂ ਪੈਂਦੀ ਧੀਏ! ਤੂੰਏਂ ਇਹਦੇ ਸਿਰ ਉਤੇ ਹੱਥ ਰੱਖ।"

ਇਕ ਰਾਤ ਸ਼ਿੱਬੋ ਨੇ ਰੂਪ ਚੰਦ ਅੱਗੇ ਵੀਰਾਂ ਦੇ ਵਿਆਹ ਦੀ ਗੱਲ ਛੇੜੀ, ਤੇ ਆਪਣੀ ਵਲੋਂ ਦੋ-ਤਿੰਨ ਮੁੰਡਿਆਂ ਦੀ ਦੱਸ ਪਾਈ। ਫੇਰ ਵੀਰਾਂ ਨੂੰ ਦੇਣ-ਲੈਣ ਵਲੋਂ ਕਈ ਗੱਲਾਂ ਕਰਦੀ ਰਹੀ। ਰਾਤ ਕਿੱਡੀ ਹੋ ਚੱਲੀ ਸੀ ਪਰ ਰੂਪ ਚੰਦ ਨਾ ਹੁੰਗਾਰਾ ਭਰਦਾ ਸੀ, ਤੇ ਨਾ ਅਜੇ ਤੱਕ ਸੁੱਤਾ ਸੀ।

"ਸ਼ਿੱਬੋ?" ਰੂਪ ਚੰਦ ਨੇ ਤ੍ਰਭਕ ਕੇ ਆਖਿਆ।

"ਦੱਸੋ।"

"ਇਕ ਵਾਰ ਤੂੰ...।" ਤੇ ਰੂਪ ਚੰਦ ਚੁੱਪ ਕਰ ਰਿਹਾ।

"ਕੀ ਇਕ ਵਾਰ ਮੈਂ...।" ਸ਼ਿੱਬੋ ਪੁੱਛਦੀ ਰਹਿ ਗਈ ਪਰ ਰੂਪ ਚੰਦ ਕਿੰਨਾ ਚਿਰ ਕੁਝ ਨਾ ਬੋਲਿਆ।

"ਅੱਜ ਕਲ੍ਹ ਜਾਤਾਂ ਕੌਣ ਵੇਂਹਦਾ ਏ ਸ਼ਿੱਬੋ, ਜੇ ਵੀਰਾਂ...!" ਰੂਪ ਚੰਦ ਤੋਂ ਮਸਾਂ ਇੰਨਾ ਹੀ ਕਹਿਣ ਹੋਇਆ। ਸ਼ਿੱਬੋ ਨੂੰ ਸਮਝ ਕੁਝ ਨਾ ਪਈ।

"ਵੀਰਾਂ ਸਾਰੀ ਉਮਰ ਤੇਰੀ ਟਹਿਲ ਕਰੇਗੀ।" ਫੇਰ ਜਿਵੇਂ ਅੱਭੜ-ਵਾਹੇ ਰੂਪ ਚੰਦ ਨੇ ਆਖਿਆ।

ਹੁਣ ਸ਼ਿੱਬੋ ਨੂੰ ਸਮਝ ਪੈ ਗਈ, ਤੇ ਉਹ ਆਪਣੇ ਮਰਦ ਦੇ ਮੂੰਹ ਵਲ ਤੱਕਦੀ ਦੀ ਤੱਕਦੀ ਰਹਿ ਗਈ।

"ਵੀਰਾਂ...!" ਸ਼ਿੱਬੋ ਕੋਲੋਂ ਫੇਰ ਇੰਨਾ ਹੀ ਆਖ ਹੋਇਆ, ਤੇ ਫੇਰ ਆਪਣੇ ਚੂੜੇ ਨਾਲ ਖੇਡਦੀ ਉਸ ਨੂੰ ਬਾਲੜੀ ਜਿਹੀ ਵੀਰਾਂ ਚੇਤੇ ਆ ਗਈ। ਤੇ ਫੇਰ ਸ਼ਿੱਬੋ ਨੂੰ ਚੇਤੇ ਆਇਆ ਕਿ ਉਸ ਨੇ ਵੀਰਾਂ ਨੂੰ ਦੋ ਵਾਰ ਖੋਪਾ ਮਾਰ ਕੇ ਆਖਿਆ ਸੀ, "ਆਹ ਲੈ ਤੇਰਾ ਵਿਆਹ ਝੱਟ ਹੀ ਹੋ ਜਾਏਗਾ।"

ਫੇਰ ਸ਼ਿੱਬੋ ਦੇ ਜੀਅ ਵਿਚ ਵਲ੍ਹੇਟ ਜਿਹਾ ਪਿਆ, "ਵੀਰਾਂ ਤੂੰ ਉਦੋਂ ਹੀ ਕਿਉਂ ਨਾ ਚੂੜਾ ਚਾੜ੍ਹ ਲਿਆ...ਤੂੰ ਉਦੋਂ ਹੀ ਕਿਊਂ ਨਾ ਇਹ ਮਹਿੰਦੀ ਲਾ ਲਈ...ਤੂੰ ਉਦੋਂ ਹੀ ਕਿਉਂ ਨਾ ਇਹ ਕਲੀਰੇ ਬੰਨ੍ਹ ਲਏ?"

ਪਤਾ ਨਹੀਂ ਕਿਥੋਂ ਦੇ ਪੱਥਰ ਸ਼ਿੱਬੋ ਨੇ ਆਪਣੇ ਜੀਅ ਉਤੇ ਧਰ ਲਏ। ਉਂਜ ਵੀ ਉਹ ਸੋਚਦੀ ਸੀ, ਜੇ ਮਰਦ ਆਪਣੀ ਆਈ ਉਤੇ ਆ ਜਾਏ ਤਾਂ ਉਹ ਭਲਾ ਉਸ ਦਾ ਕੀ ਕਰ ਸਕਦੀ ਸੀ। ਵੀਰਾਂ ਨਹੀਂ ਤੇ ਕੋਈ ਹੋਰ ਉਸ ਦੀ ਥਾਂਵੇਂ ਆ ਜਾਏਗੀ। ਨਾਲ ਦੇ ਪਿੰਡਾਂ ਵਿਚੋਂ ਕਿਹੜਾ ਸੀ, ਜੁ ਆਪਣੀ ਧੀ ਨਹੀਂ ਸੀ ਦੇਣਾ ਚਾਹੁੰਦਾ? ਜੇ ਹੋਰ ਕਿਸੇ ਆਉਣਾ ਏਂ ਤਾਂ ਵੀਰਾਂ ਹੀ ਸਹੀ। ਤੇ ਦਲੀਲਾਂ ਵਿਚ ਪੈ-ਪੈ ਕੇ ਸ਼ਿੱਬੋ ਨੇ ਵੀਰਾਂ ਦੀ ਮਾਂ ਕੋਲੋਂ ਵੀਰਾਂ ਮੰਗ ਲਈ।

"ਹਾਏ ਮੈਂ ਮਰ ਜਾਂ।...ਭਲਾ ਕਦੀ ਇੰਜ ਵੀ ਹੋਇਆ ਏ...ਜਹੀ ਉਹ...।" ਵੀਰਾਂ ਦੀ ਮਾਂ ਦੀ ਅੱਥਰ ਨਹੀਂ ਸੀ ਸੁੱਕਦੀ ਪਰ ਸ਼ਿੱਬੋ ਆਂਹਦੀ ਸੀ, "ਜਿੱਥੇ ਦੀ ਵੀਰਾਂ ਦੀ ਲਿਖੀ ਹੋਈ ਏ...।"

ਦੂਜੇ ਕੰਨ ਉਸੇ ਵੇਲੇ ਖ਼ਬਰ ਹੋਈ, ਜਦੋਂ ਵੀਰਾਂ ਨਿੱਕੀਆਂ ਇੱਟਾਂ ਦੀ ਹਵੇਲੀ ਵਿਚ ਵਹੁਟੀ ਬਣ ਕੇ ਆ ਗਈ।

ਰੂਪ ਚੰਦ ਦੇ ਮੂੰਹ ਉਤੇ ਹੋਰ ਤਾਂ ਕਿਸੇ ਕੁਝ ਨਾ ਆਖਿਆ, ਸਿਰਫ ਪਿੰਡ ਦੇ ਦੋ-ਚਾਰ ਵੱਡਿਆਂ ਨੇ ਉਲਾਂਭੇ ਜਿਹੇ ਨਾਲ ਕਿਹਾ, "ਰੂਪ ਚੰਦਾ! ਭਲਾ ਤੂੰ ਉਂਗਲੀ ਕਰਦੋਂ ਤਾਂ ਕਿਸੇ ਨੇ ਤੈਨੂੰ ਉਚੇ ਘਰ ਦੀ ਧੀ ਨਹੀਂ ਸੀ ਦੇਣੀ? ਤੂੰ ਕਮੀਣਾਂ ਦੀ ਧੀ ਵਿਆਹ ਲਈ!"

"ਕੋਈ ਨਹੀਂ ਚਾਚਾ, ਅੱਜ ਕੱਲ੍ਹ ਜਾਤਾਂ ਕੌਣ ਵੇਂਹਦਾ ਏ?" ਰੂਪ ਚੰਦ ਨੇ ਸਾਰਿਆਂ ਨੂੰ ਇੰਜ ਹੱਸ ਕੇ ਟਾਲ ਛੱਡਿਆ।

ਕਈਆਂ ਨੇ ਉਭਾਸਰ ਕੇ ਤਾਂ ਕੁਝ ਨਾ ਕਿਹਾ ਪਰ ਆਲੇ-ਟੌਲੇ ਕਰ ਕੇ ਰੂਪ ਚੰਦ ਦੇ ਘਰ ਦਾ

ਲੱਸੀ-ਪਾਣੀ ਛੱਡ ਦਿੱਤਾ।

ਜਿਉਂ-ਜਿਉਂ ਸ਼ਿੱਬੋ ਦਾ ਮਨ ਕੰਮਾਂ ਵਿਚੋਂ ਮੁੱਕਦਾ ਜਾਂਦਾ ਸੀ। ਤਿਉਂ-ਤਿਉਂ ਵੀਰਾਂ ਪੈਸੇ-ਧੇਲੇ ਤੇ ਗਹਿਣੇ-ਗੱਟੇ ਦਾ ਸਾਂਭ-ਸਿੱਕਰ ਜ਼ੋਰੀਂ ਸ਼ਿੱਬੋ ਉਤੇ ਪਾਉਂਦੀ ਰਹਿੰਦੀ ਸੀ। ਉਂਜ ਉਸ ਨੇ ਸ਼ਿੱਬੋ ਕੋਲੋਂ ਖੇਚਲ ਵਾਲਾ ਸਾਰਾ ਕੰਮ ਆਪਣੇ ਜ਼ਿੰਮੇ ਲੈ ਲਿਆ ਸੀ। ਉਹ ਮੂੰਹ ਹਨ੍ਹੇਰੇ ਜਾਗਦੀ, ਖੁਰਚ-ਖੁਰਚ ਕੇ ਅੰਦਰ ਬਾਹਰ ਧੋਂਦੀ, ਤੇ ਨਿੱਕੇ-ਮੋਟੇ ਕੰਮ ਕਰਦੀ ਦੁਪਹਿਰਾਂ ਲਾਹ ਛੱਡਦੀ।

ਵੀਰਾਂ ਦੇ ਹੱਥੀਂ ਅਜੇ ਚੂੜਾ ਨਹੀਂ ਸੀ ਮੈਲਾ ਹੋਇਆ, ਜਦੋਂ 1947 ਚੜ੍ਹ ਪਿਆ, ਤੇ ਸਾਰਿਆਂ ਪਿੰਡਾਂ ਵਿਚ ਫਸਾਦਾਂ ਦੀ ਅੱਗ ਲੱਗ ਪਈ। ਲੋਕ ਆਪਣੇ ਗੁਆਂਢੀਆਂ ਦੇ ਘਰ ਛੁਰਿਆਂ ਨੂੰ ਸਾਣ ਉਤੇ ਚੜ੍ਹਦਿਆਂ ਦੇਖਦੇ। ਲੋਕ ਛਵ੍ਹੀਆਂ ਨੂੰ ਮਾਂਜ-ਮਾਂਜ ਕੇ ਅੰਦਰ ਧਰਦੇ। ਛੋਟੇ ਚਾਕੂ ਅਤੇ ਲੰਮੀਆਂ ਕਰਦਾਂ, ਗਾਜਰਾਂ ਤੇ ਮੂਲੀਆਂ ਵਾਕੁਰ ਵਿਕਦੀਆਂ। ਲੋਕਾਂ ਨੇ ਟੁੱਟੇ-ਭੱਜੇ ਸ਼ੀਸ਼ਿਆਂ ਦੀਆਂ ਕੰਕਰਾਂ ਇਕੱਠੀਆਂ ਕਰ ਲਈਆਂ, ਤੇ ਸਾਬਣ ਵਿਚ ਪਾਉਣ ਵਾਲਾ ਸੋਢਾ ਘੋਲ-ਘੋਲ ਕੇ ਲੋਕਾਂ ਨੇ ਭਾਂਡੇ ਭਰ ਲਏ। ਕਿਤੇ ਕੋਈ ਅੱਗ ਲਾਉਣ ਦਾ ਸਾਮਾਨ ਇਕੱਠਾ ਕਰਦਾ, ਤੇ ਕਿਤੇ ਅੱਗ ਬੁਝਾਣ ਲਈ ਆਪਣੇ ਅੰਦਰ ਰੇਤ ਦੀਆਂ ਬੋਰੀਆਂ ਧਰਦਾ। ਤੀਵੀਆਂ ਨੇ ਤੋਲਾ-ਤੋਲਾ ਅਫੀਮ ਦਾ ਕੰਨੀ ਨਾਲ ਬੰਨ੍ਹ ਛੱਡਿਆ ਸੀ।

ਅੱਗ ਅੰਦਰੇ-ਅੰਦਰ ਧੁਖਦੀ ਰਹੀ। ਫੇਰ ਧੂੰਏ ਉਚੇ ਹੁੰਦੇ ਗਏ, ਤੇ ਫੇਰ ਅੱਖਾਂ ਦੇ ਸਾਹਮਣੇ ਲਾਟਾਂ ਬਲਣ ਲੱਗ ਪਈਆਂ। ਪਿੰਡਾਂ ਤੋਂ ਪਿੰਡਾਂ ਦੇ ਰਾਹ ਟੁੱਟ ਗਏ ਸਨ। ਜਿਥੇ ਕੋਈ ਹੈ ਸੀ, ਹੈ ਸੀ। ਦੂਜੇ ਦੀ ਸੂਰਤ ਲੈਣ ਜੋਗਾ ਕੋਈ ਨਹੀਂ ਸੀ। ਵੀਰਾਂ ਦੀ ਮਾਂ ਵੀਰਾਂ ਦੇ ਵਿਆਹ ਤੋਂ ਕੋਈ ਅੱਠ ਦਿਨ ਪਿਛੋਂ ਦੂਰ ਦੇ ਕਿਸੇ ਪਿੰਡ ਆਪਣੇ ਕਿਸੇ ਸਬੰਧੀ ਕੋਲ ਟੁਰ ਗਈ। ਹੁਣ ਉਸ ਨੂੰ ਆਪਣੀ ਧੀ ਦੇ ਘਰ ਰਹਿਣਾ ਚੰਗਾ ਨਹੀਂ ਸੀ ਲੱਗਦਾ। ਇਸ ਲਈ ਹਵੇਲੀ ਵਿਚ ਸ਼ਿੱਬੋ ਤੇ ਵੀਰਾਂ, ਦੋਵੇਂ ਇੱਕਲੀਆਂ ਸਨ।

ਸ਼ਰੀਕੇ ਦੇ ਦੋ ਘਰਾਂ ਨੇ, ਜਿਨ੍ਹਾਂ ਦੀ ਕੰਧ ਕਰਮ ਚੰਦ ਦੇ ਘਰ ਨਾਲ ਲੱਗਦੀ ਸੀ, ਉਸ ਦੀ ਪੱਕੀ ਹਵੇਲੀ ਵਿਚ ਠਾਹਰ ਲੈ ਲਈ। ਇਨ੍ਹਾਂ ਵਿਚੋਂ ਇਕ ਰੂਪ ਚੰਦ ਦਾ ਸ਼ਰੀਕੇ ਵਿਚ ਭਰਾ ਲੱਗਦਾ ਸੀ ਤੇ ਦੂਜਾ ਭਤੀਜਾ। ਭਰਾ ਨੇ ਆਪਣੇ ਤ੍ਰੈਵੇ ਬਾਲ ਆਪਣੀ ਭੈਣ ਕੋਲ ਲੁਧਿਆਣੇ ਘੱਲ ਛੱਡੇ ਸਨ, ਤੇ ਆਪ ਦੋਵੇਂ ਜੀਅ ਆਪਣੇ ਘਰਾਂ-ਜ਼ਮੀਨਾਂ ਦੀ ਰਾਖੀ ਲਈ ਪਿੱਛੇ ਰਹਿ ਗਏ ਸਨ। ਭਤੀਜੇ ਦਾ ਵਿਆਹ ਵੀਰਾਂ ਦੇ ਵਿਆਹ ਤੋਂ ਮਸਾਂ ਮਹੀਨਾ ਅੱਗੇ ਦਾ ਹੋਇਆ ਸੀ, ਤੇ ਉਸ ਦੀ ਵਹੁਟੀ ਦੇ ਹੱਥ ਵੀ ਅਜੇ ਦੰਦ-ਖੰਡ ਦਾ ਚੂੜਾ ਉਂਜੇ ਦਾ ਉਂਜੇ ਪਿਆ ਹੋਇਆ ਸੀ।

ਮੁਸੀਬਤ ਨੇ ਤਿੰਨਾਂ ਘਰਾਂ ਨੂੰ ਇਕੱਠਿਆਂ ਕਰ ਦਿੱਤਾ ਸੀ ਪਰ ਜ਼ਨਾਨੀਆਂ ਅਜੇ ਵੀ ਆਪਣਾ ਪਕਾਉਂਦੀਆਂ ਤੇ ਆਪੋ-ਆਪਣਾ ਖਾਂਦੀਆਂ ਸਨ। ਵੀਰਾਂ ਆਪ ਵੀ ਵੱਸ ਲੱਗਦੇ ਚੌਂਕੇ ਵਲ ਨਾ ਜਾਂਦੀ। ਉਂਜ ਕਿਸੇ ਨੂੰ ਵੀਰਾਂ ਤੋਂ ਕੋਈ ਹੋਰ ਸ਼ਿਕਾਇਤ ਨਹੀਂ ਸੀ।

ਕਿਆਮਤ ਦਾ ਦਿਨ ਇਸ ਤੋਂ ਅੱਗੇ ਹੋਰ ਕੋਈ ਨਹੀਂ ਸੀ ਆਉਣਾ, ਰੂਪ ਚੰਦ ਦਾ ਸ਼ਰੀਕ ਭਰਾ ਬਾਹਰ ਪੈਲੀਆਂ ਵਿਚ ਕਿਸੇ ਨੇ ਵੱਢ ਛੱਡਿਆ, ਤੇ ਆਪ ਰੂਪ ਚੰਦ ਉਸ ਰਾਤ ਹਵੇਲੀ ਦਾ ਪਹਿਰਾ ਦਿੰਦਾ ਮਾਰਿਆ ਗਿਆ। ਸਾਰੀ ਰਾਤ ਹਵੇਲੀ ਦੇ ਬੰਦ ਬੂਹੇ ਭੱਜਦੇ ਰਹੇ, ਤੇ ਜ਼ਨਾਨੀਆਂ ਦੀਆਂ ਚੀਕਾਂ ਕੰਧਾਂ ਨਾਲ ਵੱਜ-ਵੱਜ ਕੇ ਟੁੱਟਦੀਆਂ ਰਹੀਆਂ। ਵੀਰਾਂ ਨੇ ਆਪਣਾ ਚੂੜਾ ਭੰਨ-ਭੰਨ ਕੇ ਆਪਣੀਆਂ ਬਾਹਾਂ ਘਾਇਲ ਕਰ ਛੱਡੀਆਂ ਸਨ।

ਘਰ ਵਿਚ ਹੁਣ ਇਕੋ ਮਰਦ ਰੂਪ ਚੰਦ ਦਾ ਸ਼ਰੀਕ ਭਤੀਜਾ ਰਹਿ ਗਿਆ ਸੀ। ਉਹ ਹਵੇਲੀ ਦੇ ਬਾਹਰ ਬੂਹੇ ਵੱਲ ਬੰਦੂਕ ਤਾਣ ਕੇ ਆਪਣੀ ਬਾਰੀ ਵਿਚ ਬੈਠਾ ਹੋਇਆ ਸੀ, ਤੇ ਜਿਥੋਂ ਤੱਕ ਵਾਹ ਲੱਗਦੀ, ਕਿਸੇ ਨੂੰ ਹਵੇਲੀ ਦੇ ਬੂਹੇ ਤੱਕ ਨਹੀਂ ਸੀ ਆਉਣ ਦਿੰਦਾ।

ਸਵੇਰ ਅਜੇ ਚੜ੍ਹੀ ਨਹੀਂ ਸੀ, ਜਦੋਂ ਹਵੇਲੀ ਦੇ ਬੰਦ ਬੂਹਿਆਂ ਉਤੇ ਤੇਲ ਛਿੜਕਿਆ ਗਿਆ, ਤੇ ਅੱਗ ਦੀ ਪਹਿਲੀ ਲੰਬ ਆਕਾਸ਼ ਵੱਲ ਉਠੀ।

ਹਵੇਲੀ ਦੇ ਪਿਛਵਾੜੇ ਹਵੇਲੀ ਦੀ ਉਚੀ ਤੇ ਪੱਥਰ ਵਰਗੀ ਕੰਧ ਨਾਲ ਕਿੰਨੇ ਹੀ ਨੀਵੇਂ-ਉਚੇ ਕੋਠੇ ਸਨ, ਜਿਨ੍ਹਾਂ ਉਤੋਂ ਪੰਜਵੇਂ, ਚੌਥੇ, ਤੀਸਰੇ ਤੇ ਦੂਜੇ ਘਰ ਦੀਆਂ ਕੰਧਾਂ ਵਿਚ ਰੱਸੀਆਂ, ਅੜਾਂਦਾ ਤੇ ਛੱਤਾਂ, ਟੱਪਦਾ ਨਜ਼ੀਰ ਅਖੀਰ ਹਵੇਲੀ ਦੀ ਛੱਤ ਉਤੇ ਪਹੁੰਚ ਪਿਆ ਸੀ।

ਤ੍ਰੀਮਤਾਂ ਨੇ ਸੁਣਿਆ ਹੋਇਆ ਸੀ, ਜਦੋਂ ਮਕਾਨ ਸੜ ਰਿਹਾ ਹੋਵੇ ਤਾਂ ਕੋਈ ਛੱਤ ਹੇਠ ਨਹੀਂ ਬਹਿੰਦਾ। ਉਸ ਵੇਲੇ ਪੌੜੀਆਂ ਵਿਚ ਬੈਠਣਾ ਚਾਹੀਦਾ ਹੈ। ਛੱਤਾਂ ਸਭ ਤੋਂ ਪਹਿਲਾਂ ਡਿਗਦੀਆਂ ਹਨ, ਫੇਰ ਕੰਧਾਂ, ਤੇ ਫੇਰ ਪੌੜੀਆਂ। ਸ਼ਿੱਬੋ, ਵੀਰਾਂ ਤੇ ਦੋਵੇਂ ਤੀਵੀਆਂ ਹਵੇਲੀ ਦੀਆਂ ਉਤਲੀਆਂ ਪੌੜੀਆਂ ਵਿਚ ਬੈਠੀਆਂ ਕੰਬ ਰਹੀਆਂ ਸਨ। ਬਾਹਰ ਆਖਰਾਂ ਦਾ ਧੂੰਆਂ ਸੀ, ਤੇ ਵਿਚ-ਵਿਚ ਲੋਕਾਂ ਦੀਆਂ ਆਵਾਜ਼ਾਂ ਰਲੀਆਂ ਹੋਈਆਂ ਸਨ। ਵੀਰਾਂ ਨੇ ਪੌੜੀਆਂ ਤੋਂ ਬਾਹਰ ਆ ਕੇ ਖੁੱਲ੍ਹੀ ਛੱਤ ਉਤੋਂ ਇਕ ਵਾਰ ਬਾਹਰ ਨੂੰ ਨਜ਼ਰ ਕੀਤੀ ਪਰ ਧੂੰਏ ਤੋਂ ਬਿਨਾ ਦਿਸਦਾ ਕੁਝ ਨਹੀਂ ਸੀ। ਜਿਉਂ-ਜਿਉਂ ਅੱਗ ਉਚੀ ਹੁੰਦੀ ਪਈ ਸੀ, ਲੋਕਾਂ ਦੀਆਂ ਆਵਾਜ਼ਾਂ ਕੁਝ ਦੂਰ ਹੋ ਗਈਆਂ ਸਨ।

"ਵੀਰਾਂ" ਵੀਰਾਂ ਤ੍ਰਹਿ ਗਈ। ਨਜ਼ੀਰ ਨੇ ਉਸ ਦੇ ਮੋਢੇ ਉਤੇ ਹੱਥ ਧਰਿਆ ਹੋਇਆ ਸੀ।

"ਜੋ ਕੁਝ ਹੋਣਾ ਸੀ, ਹੋ ਗਿਆ ਹੈ ਵੀਰਾਂ। ਹੁਣ ਅਜਾਈਂ ਮੌਤੇ ਮਰਨ ਵਿਚ ਕੁਝ ਨਹੀਂ ਲੱਭਣਾ।" ਨਜ਼ੀਰ ਨੇ ਡਾਢੀ ਹਲੀਮੀ ਨਾਲ ਆਖਿਆ।

ਵੀਰਾਂ ਜਿਵੇਂ ਆਪਣੀ ਹੋਸ਼ ਵਿਚ ਨਹੀਂ ਸੀ, ਨਾ ਉਸ ਨੇ ਆਪਣੇ ਗੁਆਂਢੀ ਨਜ਼ੀਰ ਨੂੰ ਪਛਾਣਿਆ, ਤੇ ਨਾ ਜਿਵੇਂ ਉਸ ਦੀ ਗੱਲ ਸਮਝੀ।

"ਸੱਚਾ ਰੱਬ ਗਵਾਹ ਏ ਵੀਰਾਂ, ਵਾਰ੍ਹਿਓਂ ਉਤੇ ਹੋਣ ਲੱਗਾ ਏ। ਮੈਂ ਕਦੇ ਰੱਜ ਕੇ ਸੁੱਤਾ ਨਹੀਂ। ਸਾਰੀ-ਸਾਰੀ ਰਾਤ ਮੈਂ ਤੇਰੇ ਸੁਪਨੇ ਪਿਆ ਘੜਦਾ ਰਹਿਨਾਂ ਵਾਂ...।"

"ਤੂੰ ਕੌਣ ਏਂ?" ਵੀਰਾਂ ਦੇ ਮੂੰਹੋਂ ਮਸਾਂ ਏਨਾ ਹੀ ਨਿਕਲਿਆ।

"ਮੈਂ ਤੇਰਾ ਗੁਆਂਢੀ ਨਜ਼ੀਰ ਹਾਂ ਵੀਰਾਂ। ਤੂੰ ਮੈਨੂੰ ਪਛਾਣਦੀ ਕਿਉਂ ਨਹੀਂ? ਜਿੰਨੀ ਵਾਰ ਤੂੰ ਆਪਣੇ ਖੇਤਾਂ ਵਿਚ ਜਾਂਦੀ ਰਹੀ ਏਂ, ਮੈਂ ਉਨੀ ਵਾਰ ਹੀ ਖੂਹ ਉਤੇ ਬਹਿ ਕੇ ਟੱਪੇ ਗਾਉਂਦਾ ਰਿਹਾ ਹਾਂ। ਆਪਣੀ ਜਵਾਨੀ ਉਤੇ ਰਹਿਮ ਕਰ ਵੀਰਾਂ। ਜੇ ਤੂੰ ਜਿਉਂਦੀ ਕਿਸੇ ਹੋਰ ਦੇ ਹੱਥ ਲੱਗ ਗਈਉਂ ਤਾਂ ਵੀ ਤੂੰ ਨਹੀਂ ਬਚਣਾ। ਮੈਂ ਸਾਰੀ ਉਮਰ ਤੈਨੂੰ ਅਜਾ ਨਹੀਂ ਲੱਗਣ ਦਿਆਂਗਾ। ਐਸ ਰਾਹੋਂ...ਪਿਛਲੇ ਰਾਹੋਂ ਮੈਂ ਤੈਨੂੰ ਫੁੱਲਾਂ ਵਾਂਗ ਉਤਾਰ ਲਵਾਂਗਾ...ਛੇਤੀ ਕਰ ਵੀਰਾਂ। ਹੁਣ ਇਹ ਹਵੇਲੀ ਸੜ ਕੇ ਸਵਾਹ ਹੋ ਜਾਣੀ ਏਂ...।"

ਅੱਗ ਦੀਆਂ ਲਾਟਾਂ ਵੀਰਾਂ ਦੇ ਮੂੰਹ 'ਤੇ ਲਿਸ਼ਕੀਆਂ, ਤੇ ਉਸ ਨੇ ਨਜ਼ਰ ਭਰ ਕੇ ਨਜ਼ੀਰ ਦੀਆਂ ਅੱਖਾਂ ਵਿਚ ਵੇਖਿਆ।

"ਮੇਰੀ ਗੱਲ ਮੰਨੇਗਾਂ?"

"ਮੈਂ ਤੇਰੀਆਂ ਸੱਭੇ ਮੰਨਾਂਗਾ ਵੀਰਾਂ! ਸਾਰੀ ਉਮਰ ਮੰਨਾਂਗਾ।"

"ਦੱਸ ਵੀਰਾਂ...।"

"ਤੂੰ ਸ਼ਿੱਬੋ ਨੂੰ, ਤੇ ਦੋਹਾਂ ਤ੍ਰੀਮਤਾਂ ਨੂੰ ਏਥੋਂ ਅਮਨ-ਅਮਾਨ ਨਾਲ ਕੱਢ ਦੇ। ਕਿਸੇ ਨੂੰ ਉਨ੍ਹਾਂ ਦੀ ਸੂਹ ਨਾ ਪਵੇ।"

"ਏਹ ਮੈਂ ਕਿੰਜ ਕਰਾਂਗਾ ਵੀਰਾਂ! ਲੋਕ ਤੇ ਅੱਗੇ ਹੀ ਚਾਹੁੰਦੇ ਸਨ ਕਿ ਉਹ ਜਿਉਂਦੀਆਂ ਲੱਭ ਪੈਣ। ਉਨ੍ਹਾਂ ਨੂੰ ਤੇ ਜਦੋਂ ਹੋਰ ਕੋਈ ਰਾਹ ਨਹੀਂ ਲੱਭਾ ਤਾਂ ਉਨ੍ਹਾਂ ਨੇ ਅੱਗ ਲਾਈ ਏ।"

"ਏਹ ਮੈਨੂੰ ਪਤਾ ਨਹੀਂ, ਪਰ ਜੇ ਤੂੰ ਇੰਜ ਕਰ ਦਏਂ...ਮੈਂ ਸਾਰੀ ਉਮਰ ਤੇਰੀ ਹੱਥ-ਬੱਧੀ ਗੁਲਾਮ ਹੋ ਜਾਵਾਂਗੀ। ਨਹੀਂ ਤੇ ਮੈਂ ਏਸ ਅੱਗ ਵਿਚੋਂ ਬਾਹਰ ਨਹੀਂ ਆਉਣਾ।"

"ਚੰਗਾ ਮੈਂ ਆਪਣੀ ਵਾਹ ਲਾ ਦੇਨਾਂ ਵਾਂ।"

"ਸੱਚ ਆਹਨਾਂ ਏਂ?"

"ਰੱਬ ਗਵਾਹ ਏ।"

"ਮੈਨੂੰ ਇਤਬਾਰ ਏ, ਨਹੀਂ ਤੇ ਫੇਰ ਕਿਨ੍ਹੇ ਮਰਨੋਂ ਡੱਕ ਲੈਣਾ ਏ।"

ਅੱਗ ਦੀਆਂ ਲਾਟਾਂ ਹੁਣ ਸੂਹੀਆਂ-ਘੁੱਟ ਹੋ ਗਈਆਂ ਸਨ ਤੇ ਲੋਕਾਂ ਦੀਆਂ 'ਵਾਜ਼ਾਂ ਹੋਰ ਦੂਰ ਚਲੀਆਂ ਗਈਆਂ ਸਨ।

ਇਕ-ਇਕ ਤ੍ਰੀਮਤ ਨੂੰ ਨਜ਼ੀਰ ਨੇ ਬਾਹਾਂ ਵਿਚ ਚੁੱਕ-ਚੁੱਕ ਕੇ ਨਾਲ ਦੇ ਘਰ ਉਤਾਰਿਆ। ਵੀਰਾਂ ਨੇ ਧੂੰਏਂ ਨੂੰ ਚੀਰ ਕੇ ਹਵੇਲੀ ਦੀਆਂ ਪੌੜੀਆਂ ਉਤਰੀਆਂ, ਤੇ ਹੇਠਲੀ ਛੱਤ ਤੋਂ ਖਾਲੀ ਬੰਦੂਕ ਫੜ ਰੂਪ ਚੰਦ ਦੇ ਭਤੀਜੇ ਦੀ ਬਾਂਹ ਫੜ ਆਂਦੀ। ਕੜੀ ਜਿਹਾ ਜਵਾਨ ਮੁੰਡਾ ਜਿਵੇਂ ਅੱਧਿਉਂ ਬਹੁਤਾ ਮਰ ਚੁੱਕਾ ਸੀ, ਬੇ-ਸੁਰਤ ਦਾ ਬੇਸੁਰਤ। ਵੀਰਾਂ ਦੇ ਪਿੱਛੇ ਤੁਰਦਾ, ਰੱਸੀਆਂ ਨੂੰ ਫੜਦਾ, ਕੰਧਾਂ ਨਾਲ ਲਮਕਦਾ ਉਹ ਨਾਲ ਦੇ ਘਰ ਉਤਰਿਆ ਤੇ ਫੇਰ ਉਸ ਤੋਂ ਨਾਲ ਦੇ, ਹੋਰ ਨਾਲ ਦੇ, ਹੋਰ ਨੀਵੇਂ ਨਜ਼ੀਰ ਦੇ ਘਰ ਲੱਥਾ। ਸ਼ੁਕਰ ਏਹ ਸੀ, ਜੁ ਲੋਕ ਘਰਾਂ ਵਿਚ ਨਹੀਂ ਸਨ, ਤੇ ਦੂਜੇ ਬੰਨ੍ਹੇ ਹਵੇਲੀ ਦੇ ਮੂੰਹ ਵਲ ਖਲੋਤੇ, ਸੜਦੀ ਹਵੇਲੀ ਨੂੰ ਤੱਕ ਰਹੇ ਸਨ।

ਅੱਗ ਦੇ ਲਾਂਬੂ ਅਸਮਾਨਾਂ ਨੂੰ ਛੋਹਣ ਲੱਗੇ ਸਨ ਪਰ ਹੁਣ ਲੋਕ ਅੱਗ ਬੁਝਾ ਰਹੇ ਸਨ, ਨਹੀਂ ਤੇ ਨਾਲ ਦਾ, ਉਸ ਤੋਂ ਨਾਲ ਦਾ, ਤੇ ਹੋਰ ਪਤਾ ਨਹੀਂ ਕਿੰਨੇ ਘਰ ਸੜ ਜਾਣੇ ਸਨ।

ਨਾਲ ਦੇ ਖਾਲੀ ਘਰ ਦੀਆਂ ਬਾਰੀਆਂ ਕਾਲੀਆਂ-ਚੁਆਤੀ ਹੋ ਗਈਆਂ ਸਨ। ਜਦੋਂ ਅੱਗ ਨੂੰ ਡੱਕਾ ਪਿਆ ਲਾਂਬੂ ਹੇਠਾਂ ਲਹਿ ਗਏ ਪਰ ਧੂੰਆਂ ਤੇ ਸੇਕ ਕਿਸੇ ਨੂੰ ਹਵੇਲੀ ਦੇ ਨੇੜੇ ਨਹੀਂ ਸੀ ਆਉਣ ਦਿੰਦਾ। ਪੂਰਾ ਦਿਨ ਹਵੇਲੀ ਦਾ ਅੰਦਰ ਧੁਖਦਾ ਰਿਹਾ, ਤੇ ਜਦੋਂ ਲੋਕਾਂ ਨੇ ਹਵੇਲੀ ਦੀ ਸਵਾਹ ਫਰੋਲੀ ਤਾਂ ਹੈਰਾਨ ਸਨ, ਨਾ ਕਿਸੇ ਮੱਨੁਖ ਦੀ ਹੱਡੀ ਲੱਭਦੀ ਸੀ, ਤੇ ਨਾ ਪੰਘਰੇ ਹੋਏ ਸੋਨੇ ਦੀ ਝਲਕ ਪੈਂਦੀ ਸੀ। ਫੇਰ ਆਪੇ ਹੀ ਲੋਕ ਆਖਦੇ, "ਅੱਗ ਵੀ ਤੇ ਆਖਰਾਂ ਦੀ ਸੀ, ਹੱਡੀਆਂ ਵੀ ਸੜ ਕੇ ਸਵਾਹ ਹੋ ਗਈਆਂ ਹੋਣਗੀਆਂ।"

ਸਾਰੇ ਪਿੰਡ ਵਿਚੋਂ ਮੁਰਦਿਆਂ ਨੂੰ ਬਾਹਰ ਢੋਅ ਦਿੱਤਾ ਗਿਆ, ਤੇ ਲੋਕਾਂ ਨੇ ਲਹੂ ਦੀ ਆਖਰੀ ਬੂੰਦ ਵੀ ਢੋਅ ਕੇ ਪਿੰਡ ਨੂੰ ਮੁੜ ਨਰੋਇਆ ਕਰ ਲਿਆ। ਸਿਰਫ ਅਜੇ ਹਵੇਲੀ ਦੀ ਸਵਾਹ ਆਪਣੀ ਥਾਂ 'ਤੇ ਪਈ ਹੋਈ ਸੀ।

ਰਾਤ ਅੱਧੀਉਂ ਬਹੁਤੀ ਲੰਘ ਗਈ ਸੀ। ਮਾੜੀ-ਮਾੜੀ ਹਵਾ ਵਗਦੀ ਪਈ ਸੀ। ਹਵੇਲੀ ਦੀ ਸਵਾਹ ਇਸ ਤਰ੍ਹਾਂ ਹਿੱਲੀ, ਜਿਵੇਂ ਇਕ ਵਾਰ ਉਸ ਦਾ ਦਿਲ ਹਿੱਲ ਗਿਆ ਹੋਵੇ। ਪਾਰ ਕਮਾਦ ਵਿਚੋਂ ਅੱਗੜ-ਪਿੱਛੜ ਤਿੰਨ ਘੋੜੀਆਂ ਲੰਘ ਰਹੀਆਂ ਸਨ। ਜਿਨ੍ਹਾਂ ਵਿਚੋਂ ਵਿਚਲੀ, ਸ਼ਿੱਬੋ ਦੀ ਘੋੜੀ ਕੋਲ ਖਲੋ ਕੇ, ਵੀਰਾਂ ਨੇ ਗਹਿਣਿਆਂ ਦੀ ਪੋਟਲੀ ਸ਼ਿੱਬੋ ਦੇ ਲੱਕ ਨਾਲ ਬੱਧੀ, ਤੇ ਫੇਰ ਉਚੇ-ਉਚੇ ਕਮਾਦ ਵਿਚ ਪਰਛਾਵਾਂ ਬਣ ਗਈ।

ਉਸ ਪਿੰਡ ਦੇ ਲੋਕ ਸਿਰਫ ਇਹੋ ਜਾਣਦੇ ਹਨ ਕਿ ਰੂਪ ਚੰਦ ਨੇ ਕਮੀਣਾਂ ਦੀ ਜਿਹੜੀ ਧੀ ਨਾਲ ਨਵਾਂ ਵਿਆਹ ਕੀਤਾ ਸੀ, ਉਹ ਕੁੜੀ ਪਤਾ ਨਹੀਂ ਕਿਵੇਂ ਨਜ਼ੀਰ ਨੇ ਹਵੇਲੀ ਵਿਚੋਂ ਜਿਉਂਦੀ ਕੱਢ ਲਈ ਹੈ ਤੇ ਆਪਣੇ ਘਰ ਪਾ ਲਈ ਹੈ।

# ਹੁਣ ਕੁੜੀਆਂ ਨੂੰ ਉੜਨ ਲਈ ਅੰਬਰ ਦਿਓ...

## ਅਜੋਕੀ ਗੱਲ

**ਹਰਜਿੰਦਰ ਦੁਸਾਂਝ**

ਇਸ ਗੱਲ ਵਿਚ ਹੁਣ ਕੋਈ ਸ਼ੱਕ, ਭੇਤ ਜਾਂ ਰਹੱਸ ਨਹੀਂ ਰਹਿ ਗਿਆ ਕਿ ਅਮਰੀਕਨ ਕੁੜੀਆਂ, ਮੁੰਡਿਆਂ ਦੇ ਮੁਕਾਬਲੇ ਵਧੇਰੇ ਪੜ੍ਹੀਆਂ-ਲਿਖੀਆਂ ਹਨ। ਅੰਕੜੇ ਦੱਸਦੇ ਹਨ ਕਿ 1996 ਤੋਂ ਅਮਰੀਕਨ ਕੁੜੀਆਂ ਮੁੰਡਿਆਂ ਦੇ ਮੁਕਾਬਲੇ ਵੱਧ ਗਿਣਤੀ 'ਚ ਬੈਚੂਲਰ ਡਿਗਰੀ ਹਾਸਿਲ ਕਰਦੀਆਂ ਆ ਰਹੀਆਂ ਹਨ। ਸਾਲ 2010 ਦੀ ਮਰਦਮਸ਼ੁਮਾਰੀ ਅਨੁਸਾਰ ਹੁਣ ਅਮਰੀਕਾ 'ਚ 10.6 ਮਿਲੀਅਨ ਬੀਬੀਆਂ ਕੋਲ ਮਾਸਟਰ ਡਿਗਰੀ ਹੈ। ਮਾਸਟਰ ਡਿਗਰੀ ਹਾਸਲ ਕਰਨ ਵਾਲੇ ਮਰਦਾਂ ਦੀ ਗਿਣਤੀ 10.5 ਮਿਲੀਅਨ ਹੈ। 2010 ਦੀ ਮਰਦਮਸ਼ੁਮਾਰੀ ਅਤੇ ਕੌਂਸਲ ਆਫ਼ ਗਰੈਜੂਏਟ ਸਕੂਲਜ਼ ਦੀ ਅਕਾਦਮਿਕ ਸਾਲ 2008-09 ਦੀ ਰਿਪੋਰਟ ਅਨੁਸਾਰ ਕੁੜੀਆਂ ਪੀਐਚ.ਡੀ. ਵੀ ਮੁੰਡਿਆਂ ਦੇ ਮੁਕਾਬਲੇ ਵਧੇਰੇ ਕਰ ਰਹੀਆਂ ਹਨ। ਇਸੇ ਵਿੱਦਿਅਕ ਸਾਲ ਦੌਰਾਨ ਪੀਐਚ.ਡੀ. ਕਰਨ ਵਾਲੇ ਕੁੱਲ ਲੋਕਾਂ 'ਚੋਂ 50.4% ਔਰਤਾਂ ਸਨ।

ਇਸ ਦੇ ਨਾਲ ਹੀ ਔਰਤਾਂ ਲਈ ਦੁਖਦਾਈ ਪਹਿਲੂ ਇਹ ਹੈ ਕਿ ਪੜ੍ਹਾਈ 'ਚ ਮਰਦਾਂ ਨੂੰ ਪਿੱਛੇ ਛੱਡਣ ਦੇ ਬਾਵਜੂਦ ਕਿਰਤੀਆਂ ਦੀ ਤਾਕਤ ਵਜੋਂ ਉਨ੍ਹਾਂ ਨੂੰ ਬਰਾਬਰੀ ਨਹੀਂ ਮਿਲੀ। ਉਹ ਅਜੇ ਵੀ ਮਰਦਾਂ ਦੇ ਮੁਕਾਬਲੇ ਘੱਟ ਮਿਹਨਤਾਨਾ ਵਸੂਲਦੀਆਂ ਹਨ। ਇਕ ਅਟ-ਸਟੇ ਅੰਦਾਜ਼ੇ ਮੁਤਾਬਿਕ ਜੇਕਰ ਮਰਦਾਂ ਨੂੰ ਇਕ ਡਾਲਰ ਮਿਹਨਤਾਨਾ ਦਿੱਤਾ ਜਾਂਦਾ ਹੈ ਤਾਂ ਔਰਤਾਂ ਨੂੰ ਕੇਵਲ 77 ਸੈਂਟ ਦਿੱਤੇ ਜਾਂਦੇ ਹਨ। ਕੁਝ ਖੇਤਰਾਂ 'ਚ ਤਾਂ ਉਨ੍ਹਾਂ ਨੂੰ ਇਸ ਤੋਂ ਵੀ ਘੱਟ ਵੇਤਨ ਦਿੱਤਾ ਜਾਂਦਾ ਹੈ। ਮਸਲਨ, ਫਾਇਨਾਂਸ ਦੇ ਖੇਤਰ ਨਾਲ ਜੁੜੇ ਮਰਦ ਜੇਕਰ ਇਕ ਡਾਲਰ ਹਾਸਿਲ ਕਰਦੇ ਹਨ ਤਾਂ ਔਰਤਾਂ ਨੂੰ ਕੇਵਲ 65 ਸੈਂਟ ਨਸੀਬ ਹੁੰਦੇ ਹਨ। ਇਸ ਦੇ ਬਾਵਜੂਦ ਔਰਤਾਂ ਜਿੱਥੇ ਤਾਲੀਮ ਦੇ ਖੇਤਰ 'ਚ ਮਰਦਾਂ ਤੋਂ ਦੋ ਕਦਮ ਅੱਗੇ ਹਨ, ਉਥੇ ਉਹ ਪਰਿਵਾਰ ਅਤੇ ਪਰਿਵਾਰਕ ਮੁਖੀ ਦੀ ਪਰਿਭਾਸ਼ਾ ਵੀ ਬਦਲ ਰਹੀਆਂ ਹਨ। ਤੱਥ ਦਰਸਾਉਂਦੇ ਹਨ ਕਿ ਆਰਥਿਕ ਮੰਦਵਾੜੇ ਦੇ ਦੌਰ 'ਚ ਵੀ ਮਰਦਾਂ ਦੇ ਮੁਕਾਬਲੇ ਔਰਤਾਂ ਘੱਟ ਬੇਰੁਜ਼ਗਾਰ ਹੋਈਆਂ ਹਨ। ਅਪਰੈਲ ਵਿਚ ਜਾਰੀ ਸਰਕਾਰੀ ਅੰਕੜਿਆਂ ਮੁਤਾਬਿਕ ਬੇਰੁਜ਼ਗਾਰ ਬੀਬੀਆਂ ਦੀ ਗਿਣਤੀ 7.9% ਅਤੇ ਪੁਰਸ਼ਾਂ ਦੀ ਗਿਣਤੀ 8.8% ਸੀ। ਔਰਤਾਂ ਵੱਲੋਂ ਵਧੇਰੇ ਅਕਾਦਮਿਕ ਡਿਗਰੀਆਂ ਹਾਸਿਲ ਕਰਨਾ ਅਤੇ ਵਧੇਰੇ ਨੌਕਰੀਆਂ ਕਰਨਾ ਦਰਸਾਉਂਦਾ ਹੈ ਕਿ ਆਉਣ ਵਾਲੇ ਸਮੇਂ 'ਚ ਔਰਤਾਂ ਅਮਰੀਕਨ ਘਰ ਚਲਾਉਣਗੀਆਂ ਅਤੇ ਮਰਦ ਘਰੇਲੂ ਕੰਮ ਕਰਿਆ ਕਰਨਗੇ।

ਇਸ ਦੇ ਨਾਲ ਇਕ ਹੋਰ ਸਮਾਜਿਕ ਪਹਿਲੂ ਵੀ ਸਾਹਮਣੇ ਆ ਰਿਹਾ ਕਿ ਜਿੱਥੇ ਔਰਤਾਂ ਜ਼ਿਆਦਾ ਪੜ੍ਹ-ਲਿਖ ਰਹੀਆਂ ਹਨ, ਉਥੇ ਔਰਤਾਂ ਦੇ ਬੇ-ਔਲਾਦ ਰਹਿਣ ਅਤੇ ਸ਼ਾਦੀ ਨਾ ਕਰਨ ਦਾ ਰੁਝਾਨ ਵੀ ਲਗਾਤਾਰ ਵਧ ਰਿਹਾ ਹੈ। ਉਚ ਵਿੱਦਿਆ ਹਾਸਿਲ ਕਰਨ ਵਾਲੀਆਂ ਅਫ਼ਰੀਕਨ ਮੂਲ ਦੀਆਂ ਔਰਤਾਂ 'ਚ ਨਾ ਸ਼ਾਦੀ ਕਰਨ ਤੇ ਨਾ ਮਾਂ ਬਣਨ ਵਾਲੀਆਂ ਦੀ ਗਿਣਤੀ ਕਾਫ਼ੀ ਵਧ ਗਈ ਹੈ। ਦੂਜੇ ਭਾਈਚਾਰਿਆਂ 'ਚ ਵੀ ਇਹ ਰੁਝਾਨ ਲਗਾਤਾਰ ਵਧ ਰਿਹਾ ਹੈ। ਇਸ ਰੁਝਾਨ ਬਾਰੇ ਵੱਖੋ-ਵੱਖਰੇ ਸਮਾਜ ਵਿਗਿਆਨੀ ਵੱਖੋ-ਵੱਖਰੀਆਂ ਰਾਵਾਂ ਦੇ ਰਹੇ ਹਨ, ਪਰ ਇਸ ਮੁੱਦੇ 'ਤੇ ਸਭ ਇਕੱਠੇ ਹਨ ਕਿ ਜਦੋਂ ਬਰਾਬਰ ਦਾ ਕੰਮ ਕਰਨ ਅਤੇ ਬਰਾਬਰ ਦੀ ਯੋਗਤਾ ਹੋਣ ਦੇ ਬਾਵਜੂਦ ਸਮਾਜ ਵਿਚ ਵਖਰੇਵਾਂ ਹੋਏਗਾ ਤਾਂ ਅਜਿਹੇ ਰੁਝਾਨ ਪਨਪਣ ਦੇ ਅਕਸਰ ਆਸਾਰ ਹੁੰਦੇ ਹਨ। ਜੇਕਰ ਇਹ ਰੁਝਾਨ ਵਧਦਾ ਗਿਆ ਤਾਂ ਅਮਰੀਕਨ ਸਮਾਜ ਵਿਚ ਕਿਸੇ ਕਿਸਮ ਦੀ ਸਮਾਜਿਕ ਅਸਥਿਰਤਾ ਅਤੇ ਸੰਤੁਲਨ ਵਿਗੜਨ ਦੇ ਆਸਾਰ ਹੋ ਸਕਦੇ ਹਨ।

ਨੈਸ਼ਨਲ ਸੈਂਟਰ ਫਾਰ ਐਜੂਕੇਸ਼ਨ ਦੇ ਅੰਕੜੇ ਦੱਸਦੇ ਹਨ ਕਿ ਵਿੱਦਿਆ ਦੇ ਖੇਤਰ ਨਾਲ ਜੁੜੀਆਂ ਔਰਤਾਂ ਕੋਲ ਵਧੇਰੇ ਯੋਗਤਾ ਹੈ। ਇਸ ਦੇ ਬਾਵਜੂਦ ਕਾਲਜਾਂ ਦੇ ਪ੍ਰੈਜ਼ੀਡੈਂਟ ਦੀ ਪੁਜ਼ੀਸ਼ਨ ਲੈਣ 'ਚ ਔਰਤਾਂ ਫਾਡੀ ਹਨ। ਕੇਵਲ 23% ਔਰਤਾਂ ਕਾਲਜ ਪ੍ਰੈਜ਼ੀਡੈਂਟ ਹਨ। ਪੰਜ ਸੌ ਤੋਂ ਵੀ ਘੱਟ ਕੰਪਨੀਆਂ ਦੀਆਂ ਮੁਖੀ ਔਰਤਾਂ ਹਨ। ਬਹੁਤ ਸਾਰੀਆਂ ਕੰਪਨੀਆਂ 'ਚ ਔਰਤਾਂ ਕੋਲ ਉਨ੍ਹਾਂ ਦੇ ਬੌਸ ਨਾਲੋਂ ਵਧੇਰੇ ਯੋਗਤਾ ਅਤੇ ਤਜਰਬਾ ਹੈ। ਸਮਾਜ ਅਜੇ ਵੀ ਔਰਤਾਂ ਨੂੰ ਵੋਟਾਂ ਪਾ ਕੇ ਪਬਲਿਕ ਆਫਿਸ ਵਿਚ ਜਾਂ ਸਮਾਜ ਦੀਆਂ ਹੋਰ ਸ਼ਕਤੀਸ਼ਾਲੀ ਪੁਜ਼ੀਸ਼ਨਾਂ 'ਚ ਬਰਾਬਰ ਦੀ ਭਾਈਵਾਲੀ ਦੇਣ ਤੋਂ ਹਿਚਕਚਾ ਰਿਹਾ ਹੈ। ਇਸ ਦੇ ਬਾਵਜੂਦ ਸਮਾਜ ਕਾਫ਼ੀ ਬਦਲ ਗਿਆ ਤੇ ਬਦਲ ਰਿਹਾ ਹੈ। ਕਾਲਜਾਂ ਵਿਚ ਦਾਖ਼ਲ ਹੋਣ ਵਾਲਿਆਂ ਦਾ ਲਿੰਗ ਅਨੁਪਾਤ ਉਪਰ ਥੱਲੇ ਹੋ ਗਿਆ। ਤੱਥ ਦਰਸਾਉਂਦੇ ਹਨ ਕਿ ਹੁਣ ਕਾਲਜਾਂ 'ਚ ਪੜ੍ਹਾਈ ਕਰ ਰਹੀ ਨਵੀਂ ਪੌਧ ਵਿਚ 57% ਕੁੜੀਆਂ ਅਤੇ 43% ਮੁੰਡੇ ਹਨ।



*ਇੰਦਰਾ ਨੂਈ*

ਕੋਈ ਵਕਤ ਸੀ ਜਦੋਂ ਅਮਰੀਕਾ 'ਚ ਕੁੜੀਆਂ ਨੂੰ ਪੜ੍ਹਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਸਨ ਪਰ ਹੁਣ ਅਮਰੀਕਨ ਕੌਂਸਲ ਆਫ਼ ਐਜੂਕੇਸ਼ਨ ਕਹਿ ਰਿਹਾ ਹੈ ਕਿ ਮੁੰਡੇ ਪੜ੍ਹਾਈ 'ਚ ਬਹੁਤ ਪਿਛੇ ਰਹਿ ਗਏ ਹਨ। ਇਸ ਲਈ ਫੌਰੀ ਤੌਰ 'ਤੇ ਵਿਸ਼ੇਸ਼ ਕਦਮ ਚੁੱਕਣ ਦੀ ਲੋੜ ਹੈ। ਕਾਲਜਾਂ ਵਿਚ ਮੁੰਡਿਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਜੇਕਰ ਕਾਲਜੀਏਟ ਮੁੰਡਿਆਂ ਦੀ ਗਿਣਤੀ ਇਵੇਂ ਹੀ ਘਟਦੀ ਗਈ ਤਾਂ ਇਹ ਦੇਸ਼ ਲਈ ਸਮੱਸਿਆ ਹੋਵੇਗੀ। ਸਮਝਿਆ ਜਾਂਦਾ ਹੈ ਕਿ ਪਹਿਲਾਂ ਵਿਦੇਸ਼ਾਂ ਤੋਂ ਕਾਫ਼ੀ ਗਰੈਜੂਏਟ ਅਮਰੀਕਾ ਆ ਜਾਂਦੇ ਸਨ ਪਰ ਹੁਣ ਉਨ੍ਹਾਂ ਦੇ ਤਰੱਕੀਯਾਫ਼ਤਾ ਦੇਸ਼ਾਂ ਵਿਚ ਵੀ ਤਰੱਕੀ ਦੇ ਵਧੇਰੇ ਤੇ ਨਵੇਂ ਰਸਤੇ ਖੁੱਲ੍ਹ ਰਹੇ ਹਨ। ਜਿਸ ਕਰਕੇ ਉਨ੍ਹਾਂ ਨੂੰ ਆਕਰਸ਼ਿਤ ਕਰਨਾ ਵੀ ਔਖਾ ਹੋ ਰਿਹਾ ਹੈ।

ਇਸ ਮਾਮਲੇ 'ਚ ਜੇਕਰ ਕੌਮੀ ਅੰਕੜਿਆਂ ਨੂੰ ਨਿਖੇੜ ਕੇ ਦੱਖਣੀ ਏਸ਼ੀਆਈ ਮੂਲ ਦੀਆਂ ਕੁੜੀਆਂ ਦੀ ਵਿੱਦਿਅਕ ਕਾਰਗੁਜ਼ਾਰੀ ਦੇਖਣੀ ਹੋਵੇ ਤਾਂ ਉਨ੍ਹਾਂ ਦੇ ਅੰਕੜੇ ਵੀ ਕੌਮੀ ਅੰਕੜਿਆਂ ਨਾਲ ਮੇਲ ਖਾਂਦੇ, ਹੈਰਾਨੀਜਨਕ ਹੀ ਹਨ। ਮੁਸਲਿਮ ਪਰਿਵਾਰਾਂ ਦੀਆਂ ਕੁੜੀਆਂ ਪਹਿਲਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਗਰੈਜੂਏਟ ਹੋ ਰਹੀਆਂ ਹਨ। ਜੇਕਰ ਗੱਲ ਭਾਰਤੀ ਮੂਲ ਜਾਂ ਇਸ ਤੋਂ ਵੀ ਅੱਗੇ ਪੰਜਾਬੀ ਮੂਲ ਦੀਆਂ ਧੀਆਂ ਦੀ ਕਰਨੀ ਹੋਵੇ ਤਾਂ ਜਿੱਥੇ ਸਮੁੱਚੀਆਂ ਭਾਰਤੀ ਮੁਟਿਆਰਾਂ ਮੁੰਡਿਆਂ ਤੋਂ ਵੱਧ ਪੜ੍ਹ ਰਹੀਆਂ ਹਨ, ਉਥੇ ਪੰਜਾਬਣਾਂ ਵੀ ਮੁੰਡਿਆਂ ਦੇ ਮੁਕਾਬਲੇ ਵੱਡੀਆਂ ਮੱਲਾਂ ਮਾਰ ਰਹੀਆਂ ਹਨ। ਇਹੋ ਹੀ ਨਹੀਂ ਭਾਰਤੀ ਮੂਲ ਦੀਆਂ ਮੁਟਿਆਰਾਂ ਹੁਣ ਅਮਰੀਕਾ ਦੇ ਬਹੁਤ ਸਾਰੇ ਤਾਕਤਵਾਰ ਅਤੇ ਜ਼ਿੰਮੇਵਾਰ ਅਹੁਦਿਆਂ 'ਤੇ ਕੰਮ ਕਰ ਰਹੀਆਂ ਹਨ। ਪੁਲਾੜ 'ਚ ਵੀਰਾਂਗਣਾ ਬਣੀ ਕਲਪਨਾ ਚੌਧਰੀ ਅਜੇ ਚੇਤਿਆਂ 'ਚੋਂ ਵਿਸਰੀ ਨਹੀਂ, ਪੈਪਸੀ ਕੰਪਨੀ ਦੇ ਸਿੰਘਾਸਣ 'ਤੇ ਬੈਠਣ ਵਾਲੀ ਇੰਦਰਾ ਨੂਈ 'ਤੇ ਸਭ ਨੂੰ ਮਾਣ ਹੈ। ਮੋਟਰੋਲਾ ਦੀ ਕਮਾਨ ਵੀ ਭਾਰਤੀ ਮੁਟਿਆਰ ਹੱਥ ਰਹੀ। ਰਾਸ਼ਟਰਪਤੀ ਬਰਾਕ ਓਬਾਮਾ ਦੀ ਇਸਲਾਮਿਕ ਮਾਮਲਿਆਂ ਬਾਰੇ ਸਲਾਹਕਾਰ ਬੀਬੀ ਦੇ ਜੇਕਰ ਭਾਰਤੀ ਮੂਲ ਦੇ ਹੋਣ ਦਾ ਮਾਣ ਕੀਤਾ ਜਾ ਸਕਦਾ ਹੈ ਤਾਂ ਧਾਰਮਿਕ ਤੇ ਨਸਲੀ ਮਾਮਲਿਆਂ ਬਾਰੇ ਸਖ਼ਤ ਰਵੱਈਆ ਰੱਖਦਾ ਸਮਝੇ ਜਾਂਦੇ ਸੂਬੇ ਕੈਰੋਲੀਨਾ ਦੀਆਂ ਕੁੰਜੀਆਂ ਪੰਜਾਬੀ ਮੂਲ ਦੀ ਧੀ ਨਿੱਕੀ ਹੈਲੀ ਦੇ ਹੱਥ ਹੋਣਾ ਵੀ ਵੱਡੇ ਮਾਣ ਵਾਲੀ ਗੱਲ ਹੈ।

ਜਿੱਥੇ ਇਹ ਸਭ ਕੁਝ ਸ਼ਾਨ ਤੇ ਮਾਣਮੱਤੀ ਹੈ, ਉਥੇ ਇਸ ਦੇ ਨਾਲ ਕੁੜੀਆਂ ਦੀ ਬਰਾਬਰੀ ਦੇ ਮਾਮਲੇ 'ਚ ਕਈ ਗੱਲਾਂ ਨਿਮੋਸ਼ੀ ਵਾਲੀਆਂ ਵੀ ਹਨ। ਅਮਰੀਕਨ ਸਮਾਜ ਵਿਚ ਕੌਮੀ ਪੱਧਰ 'ਤੇ ਪੜ੍ਹੀਆਂ-ਲਿਖੀਆਂ ਕੁੜੀਆਂ 'ਚ ਸ਼ਾਦੀ ਨਾ ਕਰਨ ਜਾਂ ਮਾਂ ਨਾ ਬਣਨ ਦਾ ਰੁਝਾਨ ਵਧਿਆ ਹੈ। ਇਸ ਤੋਂ ਵੀ ਗੰਭੀਰ ਮਸਲਾ ਕੁੜੀਆਂ ਨੂੰ ਜਨਮ ਤੋਂ ਪਹਿਲਾਂ ਹੀ ਕੁੱਖ ਵਿਚ ਮਾਰ ਦੇਣ ਦਾ ਕੁਕਰਮ, ਅਮਰੀਕਾ 'ਚ ਵਸਦੇ ਭਾਰਤੀ ਮੂਲ ਦੇ ਲੋਕਾਂ 'ਚ ਵੱਧ ਰਿਹਾ ਹੈ। ਇਹ ਕੁਕਰਮ ਪਰਵਾਸੀਆਂ ਦੇ ਨਾਲ ਇੱਥੇ ਆਇਆ ਹੈ। ਸਰਵੇਖਣਾਂ 'ਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਪੁਰਾਣੇ ਪਰਵਾਸੀਆਂ ਦੇ ਮੁਕਾਬਲੇ ਨਵਿਆਂ 'ਚ ਇਹ ਕੁਕਰਮ ਵਧੇਰੇ ਹੈ। ਸਿਹਤ ਸੰਸਥਾਵਾਂ 'ਚ ਇਹ ਵਿਸ਼ਾ ਵਿਚਾਰਿਆ ਵੀ ਜਾ ਰਿਹਾ ਹੈ। ਇਸੇ ਕਰਕੇ ਜਨਮ ਤੋਂ ਪਹਿਲਾਂ ਮਾਂ ਅਤੇ ਬੱਚੇ ਦੀ ਸਰੀਰਕ ਜਾਂਚ ਕਰਦਿਆਂ ਭਾਰਤੀ ਮੂਲ ਦੇ ਪਰਿਵਾਰਾਂ ਨੂੰ ਅਕਸਰ ਉਨ੍ਹਾਂ ਦੇ ਹੋਣ ਵਾਲੇ ਬੱਚੇ ਦਾ ਲਿੰਗ ਨਹੀਂ ਦੱਸਿਆ ਜਾਂਦਾ ਤਾਂ ਕਿ ਬੱਚੀ ਹੋਣ ਦੀ ਸੂਰਤ 'ਚ ਉਹ ਕੋਈ ਗਲਤ ਕੰਮ ਨਾ ਕਰ ਬੈਠਣ।

ਬਾਵਜੂਦ ਇਸ ਦੇ, ਜੇਕਰ ਭਾਰਤੀ ਖਾਸ ਕਰਕੇ ਪੰਜਾਬੀ ਕੁੜੀਆਂ ਅਕਾਦਮਿਕ ਪੱਧਰ 'ਤੇ ਮੁੰਡਿਆਂ ਨੂੰ ਪਿੱਛੇ ਛੱਡ ਰਹੀਆਂ ਹਨ ਤਾਂ ਸਪੱਸ਼ਟ ਹੈ ਕਿ ਬਹੁ-ਗਿਣਤੀ ਪੰਜਾਬੀ ਕੁੜੀਆਂ ਨੂੰ ਅੱਗੇ ਵੱਧਣ ਲਈ ਪਹਿਲਾਂ ਦੇ ਮੁਕਾਬਲੇ ਵਧੇਰੇ ਮੌਕੇ ਦੇ ਰਹੇ ਹਨ।

ਵਿਆਹ ਨਾ ਕਰਵਾਉਣਾ ਜਾਂ ਕਿਸੇ ਦੂਸਰੇ ਮਜ਼ਹਬ, ਨਸਲ ਜਾਂ ਭਾਈਚਾਰੇ ਵਿਚ ਵਿਆਹ ਕਰਵਾਉਣਾ ਕੋਈ ਸਮਾਜਿਕ ਬੁਰਾਈ ਜਾਂ ਗੈਰ-ਇਖ਼ਲਾਕੀ ਕੰਮ ਨਹੀਂ, ਇਹ ਕਿਸੇ ਦਾ ਵੀ ਨਿੱਜੀ ਮਾਮਲਾ ਹੈ ਪਰ ਕਿਸੇ ਭਾਈਚਾਰੇ ਦੀਆਂ ਧੀਆਂ-ਭੈਣਾਂ ਜੇਕਰ ਇਸ ਤਰ੍ਹਾਂ ਸਿਰਫ਼ ਇਸ ਲਈ ਕਰਦੀਆਂ ਹਨ ਕਿ ਉਨ੍ਹਾਂ ਦੇ ਭਾਈਚਾਰੇ 'ਚ ਉਨ੍ਹਾਂ ਨੂੰ ਬਣਦਾ ਮਾਣ-ਸਤਿਕਾਰ ਅਤੇ ਬਰਾਬਰੀ ਨਹੀਂ ਮਿਲਦੀ ਤਾਂ ਇਹ ਜ਼ਰੂਰ ਗੰਭੀਰ ਸਮਾਜਿਕ ਮਸਲਾ ਹੈ। ਸਰਵੇਖਣਾਂ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਭਾਰਤੀ ਮੂਲ ਦੀਆਂ ਜਿਨ੍ਹਾਂ ਮੁਟਿਆਰਾਂ ਨੇ ਕੋਈ ਵਿਲੱਖਣ ਮਾਅਰਕਾ ਮਾਰਿਆ ਹੈ, ਉਨ੍ਹਾਂ 'ਚੋਂ ਬਹੁਤੀਆਂ ਨੂੰ ਮਾਪੇ ਪੜ੍ਹਾਈ ਦੇ ਤਾਂ ਵਧੇਰੇ ਮੌਕੇ ਦੇਣ ਲੱਗ ਪਏ ਹਨ ਪਰ ਅਜੇ ਵੀ ਪਰਿਵਾਰ ਕਈ ਖੇਤਰਾਂ 'ਚ ਕੁੜੀਆਂ ਨੂੰ ਅੱਗੇ ਵਧਣ ਲਈ ਸਾਥ ਨਹੀਂ ਦੇ ਰਹੇ। ਪੜ੍ਹਾਈ 'ਚ ਅੱਗੇ ਨਿਕਲਣ ਦੇ ਬਾਵਜੂਦ ਜੇਕਰ ਉਨ੍ਹਾਂ ਨੂੰ ਬਰਾਬਰ ਤਨਖ਼ਾਹ ਅਤੇ ਬਰਾਬਰ ਸਤਿਕਾਰ ਨਹੀਂ ਮਿਲਦਾ ਤਾਂ ਕੁੜੀਆਂ ਦਾ ਸਕੂਲਾਂ 'ਚ ਮੋਹਰੇ ਨਿਕਲਣਾ ਬੇ-ਅਰਥ ਹੋਵੇਗਾ।

# ਪਕੌੜੇ ਤੇ ਪਤੌੜੇ

## ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-454-4958

ਪਿਛਲੇ ਦਿਨੀਂ ਗੁਰਦੁਆਰੇ ਦੇ ਲੰਗਰ ਹਾਲ ਵਿਚ 'ਬਰੇਕਫਾਸਟ' ਦੌਰਾਨ ਪਕੌੜੇ ਖਾਂਦਿਆਂ ਕੁਝ ਦੋਸਤਾਂ-ਮਿੱਤਰਾਂ ਨੇ ਮੈਨੂੰ ਦੇਖ ਲਿਆ ਤੇ ਕਹਿਣ ਲੱਗੇ, "ਅਸੀਂ ਤੈਨੂੰ ਹੀ ਯਾਦ ਕਰ ਰਹੇ ਸਾਂ। ਅਸੀਂ ਤੇਤੋਂ ਪਕੌੜਿਆਂ ਬਾਰੇ ਪੁੱਛਣਾ ਸੀ। ਸਾਡੇ ਸਮਿਆਂ ਵਿਚ ਲੋਕ ਵਿਆਹ ਸ਼ਾਦੀਆਂ ਤੇ ਬਿਨਾ ਪਿਆਜ਼, ਆਲੂ ਜਾਂ ਕੋਈ ਹੋਰ ਸਬਜ਼ੀ ਦੇ ਫਿਕਾ ਜਿਹਾ ਸਾਦਾ ਪਕਵਾਨ ਬਣਾਇਆ ਕਰਦੇ ਸਨ ਜਿਸ ਨੂੰ ਸਾਕ-ਸਬੰਧੀਆਂ ਵਿਚ ਵਿਆਹ ਦੀ ਨਿਸ਼ਾਨੀ (ਭਾਜੀ) ਵਜੋਂ ਵੀ ਵੰਡਿਆ ਜਾਂਦਾ ਸੀ। ਇਸ ਨੂੰ ਅਸੀਂ ਪਕੌੜੇ ਆਖਦੇ ਸਾਂ। ਆਹ ਜੋ ਭਾਂਤ ਭਾਂਤ ਦੀਆਂ ਸਬਜ਼ੀਆਂ ਵਗੈਰਾ ਪਾ ਕੇ ਅੱਜ ਕਲ੍ਹ ਪਕੌੜੇ ਪਕਾਏ ਜਾਂਦੇ ਹਨ, ਇਹ ਅਸੀਂ ਉਨ੍ਹਾਂ ਜ਼ਮਾਨਿਆਂ ਵਿਚ ਮੇਲਿਆਂ ਵਿਚ ਹੀ ਖਾਂਦੇ ਸਾਂ ਤੇ ਇਸ ਨੂੰ ਉਦੋਂ ਅਸੀਂ ਪਤੌੜ ਆਖਦੇ ਸਾਂ। ਅੱਜ ਕਲ੍ਹ ਇਹ ਪਤੌੜ ਪਕੌੜੇ ਕਿਵੇਂ ਬਣ ਗਏ? ਇਸ ਬਾਰੇ ਲਿਖ।" ਨਿਪਟ ਪਕੌੜਿਆਂ ਬਾਰੇ ਲਿਖਣਾ ਤਾਂ ਪਹਿਲਾਂ ਹੀ ਮੇਰੀ ਯੋਜਨਾ ਵਿਚ ਸੀ ਕਿਉਂਕਿ ਇਸ ਨਾਲ ਹੋਰ ਬਹੁਤ ਸਾਰੇ ਰਹੱਸ-ਉਦਘਾਟਨ ਹੋਣੇ ਸਨ ਪਰ ਇਸ ਨੂੰ ਪਤੌੜ ਦੇ ਪ੍ਰਸੰਗ ਵਿਚ ਲਿਖ ਰਿਹਾ ਹਾਂ ਤਾਂ ਇਸ ਪਿਛੇ ਫਰਮਾਇਸ਼ ਹੀ ਕੰਮ ਕਰ ਰਹੀ ਹੈ। ਆਖਰ ਵਾਰਿਸ ਸ਼ਾਹ ਨੇ ਯਾਰਾਂ ਬੇਲੀਆਂ ਦੇ ਕਹਿਣ 'ਤੇ ਹੀਰ ਜੋੜ ਦਿੱਤੀ, ਆਪਾਂ ਤਾਂ ਪਕੌੜੇ ਨਾਲ ਪਤੌੜ ਹੀ ਜੋੜਨਾ ਹੈ।

1997 ਵਿਚ ਮੈਂ ਯੂ ਕੇ ਗਿਆ ਤਾਂ ਸਕਾਟਲੈਂਡ ਦੇ ਸ਼ਹਿਰ ਗਲਾਸਗੋ 'ਚ ਰਹਿੰਦਾ ਮੇਰਾ ਇਕ ਪੰਜਾਬੀ ਦੋਸਤ ਮੈਨੂੰ ਆਪਣੇ ਰੈਸਟੋਰੈਂਟ ਵਿਚ ਲੈ ਗਿਆ। ਮੈਂ ਦੇਖਿਆ ਉਥੇ ਪਕੌੜਿਆਂ ਦੇ ਆਰਡਰ ਅਮਰੀਕਾ ਵਿਚ ਪੀਜ਼ੇ ਦੀ ਤਰਾਂ ਧੜਾ ਧੜ ਆ ਰਹੇ ਸਨ। ਯੂ ਕੇ ਵਿਚ ਪਕੌੜੇ ਗੋਰਿਆਂ ਵਿਚ ਵੀ ਬਹੁਤ ਹੀ ਹਰਮਨਪਿਆਰੇ ਹਨ। ਕੈਨੇਡਾ ਵਿਚ ਕਿਸੇ ਦੇ ਘਰ ਪਰਾਹੁਣੇ ਬਣ ਕੇ ਜਾਉ ਤਾਂ ਉਥੇ ਤੁਹਾਡੀ ਆਉਭਗਤ ਵਜੋਂ ਚਾਹ ਦੇ ਨਾਲ ਗਰਮ ਗਰਮ ਪਕੌੜਿਆਂ ਦੇ ਪਲੇਟੇ ਖਾਣ ਨੂੰ ਮਿਲਣਗੇ। ਜਿਨ੍ਹਾਂ ਨੇ ਆਪਣੇ ਬਚਪਨ ਵਿਚ ਉਂਗਲੀ ਵਰਗੇ ਮਾਮੂਲੀ ਲੂਣ ਵਾਲੇ ਸਾਦਾ ਜਿਹੇ ਪਕੌੜੇ ਹੀ ਖਾਧੇ ਹਨ ਤੇ ਉਹ ਵੀ ਵਿਆਹਾਂ-ਸ਼ਾਦੀਆਂ ਵਿਚ, ਉਨ੍ਹਾਂ ਲਈ ਅੱਜ ਆਲੂ, ਪਿਆਜ਼, ਵਤਾਊਂ, ਗੋਭੀ, ਪਾਲਕ ਤੇ ਇਸ ਤੋਂ ਵੀ ਅਗਲੇਰਾ ਵਿਕਾਸ ਪਾ ਗਏ ਪਨੀਰ-ਪਕੌੜੇ, ਬਰੈਡ-ਪਕੌੜੇ, ਐਗ-ਪਕੌੜੇ ਤੇ ਕੀਮਾ-ਪਕੌੜੇ ਛਕਣਾ ਵਾਕਈ ਇਕ ਅਲੋਕਾਰ ਅਤੇ ਐਸ਼ ਵਾਲਾ ਅਨੁਭਵ ਹੈ। ਸਬਜ਼ੀ ਵਾਲੇ ਪਕੌੜੇ ਅਨਘੜਤ ਜਿਹੇ ਹੁੰਦੇ ਹਨ, ਇਸੇ ਲਈ ਬੇਡੌਲ ਨੱਕ ਨੂੰ ਪਕੌੜੇ ਵਰਗਾ ਨੱਕ ਕਿਹਾ ਜਾਂਦਾ ਹੈ। ਪਕੌੜੇ ਦੀ ਕੁਝ ਤਾਂ ਵੁਕਤ ਹੈ, ਤਦੇ ਪਕੌੜਾ ਰਾਮ, ਪਕੌੜੀ ਮੱਲ ਜਿਹੇ ਨਾਂ ਵੀ ਸੁਣਨ ਨੂੰ ਮਿਲਦੇ ਹਨ।

ਮੁੱਢਲੇ ਤੌਰ 'ਤੇ ਪਕੌੜਾ ਭਾਰਤੀ ਉਪਮਹਾਦੀਪ ਦਾ ਪਕਵਾਨ ਹੈ ਕਿਉਂਕਿ ਏਥੇ ਛੋਲਿਆਂ ਦੀ ਪੈਦਾਵਾਰ ਹੁੰਦੀ ਹੈ। ਇਸ ਗੱਲ ਵਿਚ ਸੱਚਾਈ ਜਾਪਦੀ ਹੈ ਕਿ ਪੁਰਾਣੇ ਪੰਜਾਬ ਵਿਚ ਸਾਦੇ ਵੇਸਣ ਵਾਲੇ ਪਕੌੜੇ ਹੀ ਪਕਾਏ ਜਾਂਦੇ ਸਨ ਕਿਉਂਕਿ ਸਬਜ਼ੀਆਂ ਵਾਲੇ ਪਕੌੜੇ ਗਿਜੇ ਗਿਜੇ ਹੋਣ ਕਾਰਨ ਜ਼ਿਆਦਾ ਦੇਰ ਰੱਖੇ ਨਹੀਂ ਸੀ ਜਾ ਸਕਦੇ। ਵੱਡੀ ਗੱਲ ਇਹ ਹੈ ਕਿ ਸਬਜ਼ੀ ਖਾਣ ਦਾ ਰਿਵਾਜ ਵੀ ਪੰਜਾਬ ਦੀ ਖੁਸ਼ਹਾਲੀ ਨਾਲ ਹੀ ਆਇਆ ਪਰ ਪਰਿਭਾਸ਼ਾ ਦੇ ਤੌਰ 'ਤੇ ਸਾਦੇ ਜਾਂ



ਹੋਰ ਨਿਕਸੁਕ ਵਾਲੇ ਪਕੌੜੇ ਇਕ ਹੀ ਚੀਜ਼ ਹਨ ਕਿਉਂਕਿ ਦੋਨਾਂ ਦਾ ਆਧਾਰ ਵੇਸਣ ਦਾ ਘੋਲ ਹੈ। ਉਂਜ ਪੰਜਾਬ ਤੋਂ ਬਿਨਾਂ ਹੋਰ ਥਾਂਵਾਂ 'ਤੇ ਸਬਜ਼ੀ ਵਾਲੇ ਅਜਿਹੇ ਪਕਵਾਨ ਨੂੰ ਹੀ ਪਕੌੜਾ ਸਮਝਿਆ ਤੇ ਕਿਹਾ ਜਾਂਦਾ ਰਿਹਾ ਹੈ। ਇਉਂ ਲਗਦਾ ਹੈ ਕਿ ਪਹਿਲਾਂ ਪਹਿਲਾਂ ਮੇਲਿਆਂ ਵਿਚ ਪਕੌੜਿਆਂ ਦੀ ਥਾਂ ਤੇ ਪਤੌੜੇ ਚਲਦੇ ਸਨ ਜੋ ਕਿ ਇਕ ਕਿਸਮ ਦੇ ਪਕੌੜੇ ਹੀ ਹਨ। ਪਾਣੀ 'ਚ ਮਧਾਣੀ ਦੇ ਅਰਥਾਂ ਵਾਲਾ ਇਕ ਮੁਹਾਵਰਾ 'ਐਵੇਂ ਪਾਣੀ 'ਚ ਪਤੌੜ ਤਲੀ ਜਾਣਾ' ਵੀ ਕਈ ਵਾਰੀ ਸੁਣਨ ਨੂੰ ਮਿਲਦਾ ਹੈ। ਅਸਲ ਵਿਚ ਪਤੌੜ ਕਿਸੇ ਖਾਣ ਵਾਲੇ ਪੱਤੇ, ਖਾਸ ਤੌਰ 'ਤੇ ਅਰਬੀ ਜਾਂ ਪਾਲਕ ਦੇ ਬਣਾਏ ਜਾਂਦੇ ਸਨ। ਪੱਤਿਆਂ ਦੀਆਂ ਉਪਰੋਥਲੀ ਕਈ ਤਹਿਆਂ ਵਿਚ ਵੇਸਣ ਦਾ ਗਾੜ੍ਹਾ ਘੋਲ ਲੇਪ ਕੇ ਤੇ ਫਿਰ ਉਨ੍ਹਾਂ ਨੂੰ ਲਪੇਟ ਕੇ ਪਹਿਲਾਂ ਭਾਫ ਦਿੱਤੀ ਜਾਂਦੀ ਸੀ ਤੇ ਫਿਰ ਤੇਲ ਵਿਚ ਤਲਿਆ ਜਾਂਦਾ ਸੀ। ਸਪੱਸ਼ਟ ਹੈ ਕਿ ਪਤੌੜ ਨੂੰ ਬਣਾਉਣ ਦੀ ਜੁਗਤ ਪਕੌੜਿਆਂ ਨਾਲੋਂ ਕੁਝ ਵੱਖਰੀ ਹੈ। ਪਰ ਹੌਲੀ ਹੌਲੀ ਪਤੌੜਾਂ ਦਾ ਰਿਵਾਜ ਘਟਦਾ ਗਿਆ ਤੇ ਇਸ ਦੀ ਜਗ੍ਹਾ ਮਲਕੜੇ ਜਿਹੇ ਭਾਂਤ-ਸੁਭਾਂਤੇ ਪਕੌੜਿਆਂ ਨੇ ਲੈ ਲਈ ਕਿਉਂਕਿ ਇਨ੍ਹਾਂ ਵਿਚ ਵੀ ਪੱਤਿਆਂ ਦੇ ਨਾਲ ਨਾਲ ਸਮੇਂ ਸਮੇਂ ਹੋਰ ਨਵੇਂ ਪਦਾਰਥ ਮਿਲਾਉਣ ਦੇ ਪ੍ਰਯੋਗ ਸ਼ੁਰੂ ਹੋ ਗਏ। ਪਕੌੜੇ ਦਾ ਹੀ ਇਸਤਰੀ ਲਿੰਗ ਹੈ ਪਕੌੜੀ ਜਿਸ ਨੂੰ ਬੂੰਦੀ ਵੀ ਕਿਹਾ ਜਾਂਦਾ ਹੈ। ਪੰਜਾਬ ਵਿਚ ਪਕੌੜੀਆਂ ਸਾਦੇ ਪਕੌੜੇ ਦੀ ਤਰ੍ਹਾਂ ਨਿਰੇ ਵੇਸਣ ਦੀਆਂ ਬਣਾਈਆਂ ਜਾਂਦੀਆਂ ਹਨ। ਵੇਸਣ ਦੇ ਘੋਲ ਨੂੰ ਝਰਨੀ 'ਤੇ ਰੱਖ ਕੇ ਝਟਕੇ ਦਿੱਤੇ ਜਾਂਦੇ ਹਨ। ਇਹ ਪਕੌੜੀਆਂ ਖੱਟੇ ਵਿਚ ਪਾਈਆਂ ਜਾਂਦੀਆਂ ਹਨ। ਪਰ ਦੂਜੇ ਪਾਸੇ ਕਈ ਥਾਂਵਾਂ 'ਤੇ ਸਰਸਬਜ਼ ਪਕੌੜਿਆਂ ਨੂੰ ਪਕੌੜੀਆਂ ਵੀ ਕਿਹਾ ਜਾਂਦਾ ਹੈ ਜਿਵੇਂ ਕਈ ਲੋਕ ਪਰਾਉਂਠੇ ਨੂੰ ਪਰਾਉਂਠੀ ਆਖਦੇ ਹਨ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥ ਦੀ ਬ੍ਰਿਜ ਭਾਸ਼ਾ ਵਿਚ ਦੋਵੇਂ ਸ਼ਬਦ ਕ੍ਰਮਵਾਰ 'ਪਕੌਰਾ' ਤੇ 'ਪਕੌਰੀ' ਵਜੋਂ ਆਏ ਹਨ:

ਸੂਖਮ ਓਦਨ ਬਰੇ ਪਕੌਰੇ।
ਮਰਚ ਧਨਿਯ ਸੋਣ ਦਧਿ ਮਹਿਣ ਬੋਰੇ।

---

ਰਾਦਿਧ ਸੋਂ ਪਕੌਰੀ ਬਰੇ ਜੀਰਕ ਮਰਚ ਪਾਇ।

ਪਕੌੜਾ ਸ਼ਬਦ ਬਣਿਆ ਹੈ ਸੰਸਕ੍ਰਿਤ ਦੇ ਪਕਵ+ਵਟਾ ਤੋਂ। ਏਥੇ ਪਕਵ ਦਾ ਮਤਲਬ ਪਕਾਈ ਜਾਣ ਵਾਲੀ ਚੀਜ਼ ਅਤੇ ਵਟਾ ਦਾ ਮਤਲਬ ਤੇ ਆਧੁਨਿਕ ਰੂਪ ਵੜਾ ਹੈ। ਵੜੀ ਸ਼ਬਦ ਵੀ ਇਸ 'ਵਟ' ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਵਟਣਾ ਜਾਂ ਘੇਰਨਾ ਹੈ। ਵੱਟੀ (ਗੋਲੀ), ਵੱਟਾ, ਬੱਟੀ, ਬਾਟੀ, ਸਿਲਵੱਟਾ ਆਦਿ ਅਨੇਕਾਂ ਸ਼ਬਦ ਇਸੇ ਧਾਤੂ ਤੋਂ ਵਿਕਸਿਤ ਹੋਏ ਹਨ। ਪਤੌੜ ਸ਼ਬਦ ਵਿਚ ਇਸੇ ਵੜੇ ਤੋਂ ਪਹਿਲਾਂ ਪੱਤਾ ਲੱਗਾ ਹੋਇਆ ਹੈ, ਅਰਥਾਤ ਪੱਤੇ ਵਾਲਾ ਵੜਾ। ਥੋੜੀ ਗੱਲ ਪਕੌੜੇ ਵਿਚਲੇ ਧਾਤੂ 'ਪਕਵ' ਦੀ ਕਰ ਲਈਏ। ਚੀਜ਼ ਨੂੰ ਗਰਮ ਕਰਕੇ ਖਾਣ ਜਾਂ ਵਰਤਣ ਦੀ ਕਲਾ ਮਨੁੱਖ ਨੇ ਬਹੁਤ ਪਹਿਲਾਂ ਸਿੱਖ ਲਈ ਸੀ। ਫਿਰ ਚੀਜ਼ਾਂ ਨੂੰ ਗਰਮ ਵੀ ਕਈ ਤਰ੍ਹਾਂ ਕੀਤਾ ਜਾਂਦਾ ਹੈ: ਸਿੱਧਾ ਅੱਗ 'ਤੇ ਸੇਕਣਾ, ਪਾਣੀ ਵਿਚ ਰਿੰਨ੍ਹਣਾ, ਉਬਾਲਣਾ, ਭਾਫ ਦੇਣਾ, ਧੁੱਪ ਲੁਆਉਣੀ ਆਦਿ ਆਦਿ। ਪੱਕਣਾ ਲੱਗਭਗ ਸਾਰੇ ਹੀ ਅਰਥ ਦਿੰਦਾ ਹੈ। ਤਵੇ 'ਤੇ ਰੋਟੀ ਪਕਾਈ ਜਾਂਦੀ ਹੈ; ਭੱਠੇ ਜਾਂ ਆਵੇ 'ਤੇ ਇੱਟਾਂ ਪਕਾਈਆਂ ਜਾਂਦੀਆਂ ਹਨ; ਚਾਹ ਬਣਾਉਣ ਲਈ ਪਾਣੀ ਪਕਾਇਆ ਜਾਂਦਾ ਹੈ; ਧੁੱਪ ਵਿਚ ਰੰਗ ਪੱਕਾ ਹੋ ਜਾਂਦਾ ਹੈ, ਉਂਜ ਵੀ ਕੁਝ ਸਾਂਵਲਾ ਰੰਗ ਪੱਕਾ ਹੀ ਹੁੰਦਾ ਹੈ। ਹੋਰ ਵਿਸਤ੍ਰਿਤ ਅਰਥਾਂ ਵਿਚ ਮਤਾ ਪਕਾਇਆ ਜਾਂਦਾ ਹੈ, ਕੱਚੀ ਸੜਕ ਪੱਕੀ ਕੀਤੀ ਜਾਂਦੀ ਹੈ, ਬੱਚਾ ਕੱਚੀ ਜਮਾਤ ਤੋਂ ਪੱਕੀ ਜਮਾਤੇ ਚੜ੍ਹਦਾ ਹੈ; ਫਲ ਜਾਂ ਫਸਲਾਂ ਪੱਕਦੀਆਂ ਹਨ; ਕਸ਼ੀਦ ਕੀਤੀ ਸ਼ਰਾਬ ਪੱਕੀ ਸ਼ਰਾਬ ਕਹਾਉਂਦੀ ਹੈ; ਤੋਲ ਵੀ ਕੱਚੇ ਪੱਕੇ ਹੁੰਦੇ ਹਨ ਜਿਵੇਂ ਸੇਰ ਕੱਚਾ ਤੇ ਸੇਰ ਪੱਕਾ; ਕਿਸੇ ਨੂੰ ਉਡੀਕ ਉਡੀਕ ਕੇ ਅੱਖਾਂ ਪੱਕ ਜਾਂਦੀਆਂ ਹਨ। ਪੱਕਾ ਰਾਗ, ਪੱਕੇ ਕਾਗਜ਼, ਪੱਕਾ ਚੋਰ, ਪੱਕੀ ਨੌਕਰੀ, ਪੱਕਾ ਰੰਗ-ਗੱਲ ਕੀ ਪੱਕੇ ਨੇ ਰੰਗ ਲਾਏ ਹੋਏ ਹਨ. ਫਿਰ ਇਸ ਤੋਂ ਹੋਰ ਸ਼ਬਦ ਬਣੇ ਹਨ: ਪਕਵਾਨ, ਪਾਕਾ, ਪੱਕੀ-ਠੱਕੀ, ਪੱਕੜ, ਪਕ੍ਰੋੜ...ਮੇਰਾ ਖਿਆਲ ਹੈ ਏਨੇ ਕੁ ਸ਼ਬਦ ਹੀ ਗਿਣਾਵਾਂ ਜਿੰਨੇ ਤੁਸੀਂ ਆਸਾਨੀ ਨਾਲ ਪਚਾ ਸਕੋ। ਹਾਂ ਸੱਚ 'ਪਚਣਾ' ਸ਼ਬਦ ਵੀ ਇਸੇ ਧਾਤੂ ਤੋਂ ਵਿਕਸਿਤ ਹੋਇਆ ਹੈ। ਪਾਚਨ-ਪ੍ਰਣਾਲੀ ਵਿਗੜਨ ਕਾਰਨ ਜੀਅ ਕੱਚਾ ਕੱਚਾ ਹੋਣ ਤੇ ਪਚਨੌਲ ਦੀਆਂ ਗੋਲੀਆਂ ਕਿਸ ਨੇ ਨਹੀਂ ਖਾਧੀਆਂ।

ਪਕੌੜੇ ਭਾਵੇਂ ਮੁਢਲੇ ਤੌਰ 'ਤੇ ਭਾਰਤੀ ਉਪਮਹਾਦੀਪ ਦਾ ਤੁਹਫਾ ਹਨ ਪਰ ਇਸ ਸ਼ਬਦ ਵਿਚ ਕਾਰਜਸ਼ੀਲ ਭਾਰੋਪੀ ਮੂਲ ਦੁਨੀਆਂ ਦੀਆਂ ਹੋਰ ਅਨੇਕਾਂ ਭਾਸ਼ਾਵਾਂ ਦੇ ਸ਼ਬਦਾਂ ਵਿਚ ਵੜਿਆ ਹੋਇਆ ਹੈ। ਇਹ ਮੂਲ ਹੈ ਪੈਕਵ (pekw) ਜਿਸ ਦਾ ਅਰਥ ਪੱਕਣਾ, ਪਕਾਉਣਾ ਹੈ। ਬਹੁਤ ਸਾਰੀਆਂ ਯੂਰਪੀ ਭਾਸ਼ਾਵਾਂ ਦੇ ਇਸ ਮੂਲ ਨਾਲ ਸਬੰਧਤ ਸ਼ਬਦਾਂ ਵਿਚੋਂ 'ਪ' ਦੀ ਧੁਨੀ ਅਲੋਪ ਹੋ ਗਈ ਹੈ ਪਰ ਫਾਰਸੀ, ਗਰੀਕ ਤੇ ਸਲੋਵਾਕ ਭਾਸ਼ਾਵਾਂ ਵਿਚ ਕਾਇਮ ਹੈ। ਫਾਰਸੀ ਵਿਚ ਪੰਜਾਬੀ 'ਪੱਕਣ' ਦਾ ਸਕਾ ਸ਼ਬਦ ਹੈ 'ਪੁਖਤਨ' ਜਿਸ ਦਾ ਮਤਲਬ ਰਿੰਨ੍ਹਣਾ, ਪਕਾਉਣਾ, ਉਬਾਲਣਾ ਆਦਿ ਹਨ। ਪੁਖਤਾ ਦਾ ਅਰਥ ਪੱਕਿਆ ਹੋਇਆ ਹੁੰਦਾ ਹੈ ਪਰ ਪੰਜਾਬੀ ਵਿਚ ਇਹ ਮਜ਼ਬੂਤ ਜਾਂ ਪ੍ਰੋੜ ਦੇ ਅਰਥਾਂ ਵਿਚ ਚਲਦਾ ਹੈ ਜਿਵੇਂ ਪੁਖਤਾ ਦਲੀਲ। ਇਸੇ ਤੋਂ ਬਣਿਆ 'ਪੁਸ਼ਤਾ' ਕੰਗਰੋੜ ਜਾਂ ਢੋਅ ਨੂੰ ਆਖਦੇ ਹਨ ਅਤੇ ਪੁਸ਼ਤੀਮਾਨ ਦਰਵਾਜ਼ੇ ਨੂੰ ਮਜ਼ਬੂਤੀ ਦੇਣ ਲਈ ਆਢੇ ਰੁਖ ਲਾਇਆ ਲੱਕੜ ਦਾ ਫੱਟਾ ਹੈ। ਗਰੀਕ ਵਾਲੇ ਸ਼ਬਦ ਤੋਂ ਅੰਗਰੇਜ਼ੀ ਵਿਚ ਗਏ ਸ਼ਬਦ ਹਨ ਪੈਪਸਿਨ (pepsin), ਡਿਸਪੈਪਸੀਆ (dispepsia = ਬਦਹਜ਼ਮੀ), ਤੇ ਪੈਪਟਿਕ (peptic=ਪਾਚਨ ਸਬੰਧੀ) ਕਈ ਯੂਰਪੀ ਭਾਸ਼ਾਵਾਂ ਵਿਚ ਪੈਕਵ ਮੂਲ ਦੀ 'ਕਵ' ਧੁਨੀ 'ਪ' ਵਿਚ ਹੀ ਸਮਾ ਗਈ ਇਸ ਲਈ 'ਪ' ਦੀ ਥਾਂ ਵੀ 'ਕ' ਨੇ ਲੈ ਲਈ। ਇਸ ਤਰ੍ਹਾਂ ਪੈਕਵ ਤੋਂ ਪੁਰਾਣੀ ਲਾਤੀਨੀ ਵਿਚ ਕੌਕਸ ਬਣਿਆ ਤੇ ਇਸ ਤੋਂ ਅੱਗੇ ਅੰਗਰੇਜ਼ੀ ਵਿਚ ਕੁੱਕ (cook). ਇਸ ਮੂਲ ਦਾ ਹੀ ਇਕ ਹੋਰ ਜਾਣਿਆ-ਪਛਾਣਿਆ ਸ਼ਬਦ ਹੈ ਕਿਚਨ। ਪਰ ਪਕੌੜੇ ਦੇ ਮੁਕਾਬਲੇ ਵਿਚ ਸਾਡਾ ਧਿਆਨ ਖਿੱਚਣ ਵਾਲਾ ਸ਼ਬਦ ਹੈ, ਬਿਸਕੁਟ (biscuit). ਇਸ ਦਾ ਸ਼ਾਬਦਿਕ ਅਰਥ ਹੈ 'ਦੋ ਵਾਰ ਪਕਾਇਆ' (bi = ਦੋ, cuit = ਪਕਾਇਆ)। ਪੰਜਾਬੀ ਵਿਚ ਵੀ 'ਬਿ' ਜਿਹੀ ਧੁਨੀ ਦਾ ਅਰਥ ਦੋ ਹੁੰਦਾ ਹੈ, ਜਿਵੇਂ ਬਾਰਾਂ, ਬੀਹ, ਬਾਈ ਆਦਿ ਵਿਚ। ਗੁਰੂ ਨਾਨਕ ਦੀ ਤੁਕ ਹੈ, 'ਬਿਆ ਦਰੁ ਨਾਹੀ ਕੈ ਦਰ ਜਾਉ' ਅਰਥਾਤ ਕੋਈ ਦੂਜਾ ਦਰਵਾਜ਼ਾ ਨਹੀਂ ਜਿਥੇ ਮੈਂ ਜਾ ਸਕਾਂ। ਬਾਬਾ ਫਰੀਦ ਦੀ ਤੁਕ 'ਇਕੁ ਛਿਜਹਿ ਬਿਆ ਲਤਾੜੀਅਹਿ' ਵਿਚ ਵੀ ਇਸ ਦੇ ਇਹੋ ਅਰਥ ਹਨ। 'ਕੁਟ' ਲਾਤੀਨੀ ਵਲੋਂ ਆਇਆ ਹੈ ਤੇ ਇਸ ਦਾ ਮਤਲਬ ਹੈ ਪਕਾਇਆ। ਅੰਗਰੇਜ਼ੀ ਵਿਚ ਲਾਤੀਨੀ ਤੇ ਫਿਰ ਇਤਾਲਵੀ ਵਲੋਂ ਇਕ ਸ਼ਬਦ ਆਇਆ ਹੈ cuisine ਜਿਸ ਦਾ ਅਰਥ ਰਸੋਈ ਕਲਾ ਹੈ। ਇਤਾਲਵੀ ਵਿਚ ਇਸ ਦਾ ਅਰਥ ਕਿਚਨ ਹੀ ਹੈ।

ਅਖੀਰ ਵਿਚ ਇਸ਼ਾਰੇ ਮਾਤਰ ਭੇਤ ਵਾਲੀ ਗੱਲ ਦੱਸ ਦੇਵਾਂ ਕਿ ਗੁਜਰਾਤ, ਵਿਚ ਬਣਾਇਆ ਜਾਂਦਾ ਭੁਜੀਆ, ਮਹਾਰਾਸ਼ਟਰ ਦਾ ਭਜੀ ਤੇ ਤਾਮਿਲਨਾਡੂ ਦਾ ਬਜੀ ਵੀ ਉਨੀ-ਇੱਕੀ ਦੇ ਫਰਕ ਨਾਲ ਪਕੌੜੇ ਹੀ ਹਨ। ਇਨ੍ਹਾਂ ਵਿਚ ਕਾਰਜਸ਼ੀਲ ਹੈ ਸੰਸਕ੍ਰਿਤ ਦਾ ਧਾਤੂ 'ਭ੍ਰਿਜ' ਜਿਸ ਦਾ ਅਰਥ ਵੀ ਭੁੰਨਣਾ, ਪਕਾਉਣਾ ਹੀ ਹੁੰਦਾ ਹੈ। ਇਸ ਧਾਤੂ ਨੇ ਕੀ ਕੁਝ ਭੁੰਨਿਆ, ਇਸ ਦਾ ਉਲੇਖ ਕਿਸੇ ਅਗਲੇ ਲੇਖ ਲਈ ਛੱਡ ਦਿੰਦੇ ਹਾਂ।

## ਸੰਪਾਦਕ ਦੀ ਡਾਕ

### ਸਮੁੰਦਰ ਵੱਲ ਦੀ ਖਿੜਕੀ

ਜ਼ਿੰਦਗੀ ਛੋਟੇ ਛੋਟੇ ਅਹਿਸਾਸਾਂ ਦਾ ਸੁਮੇਲ ਹੈ ਪ੍ਰੰਤੂ ਜਦੋਂ ਅਹਿਸਾਸ ਜਾਂ ਇਹ ਹਾਦਸੇ ਕਿਸੇ ਦੀ ਜ਼ਿੰਦਗੀ ਦਾ ਭਾਗ ਜਾਂ ਦੁਰਭਾਗ ਬਣ ਜਾਂਦੇ ਹਨ ਤਾਂ ਜ਼ਿੰਦਗੀ ਜਿਥੇ ਇਕ ਪਾਸੇ ਬਹਾਰਾਂ ਦੀ ਰੁੱਤ ਵਾਂਗ ਮਹਿਕ ਉਠਦੀ ਹੈ, ਦੂਜੇ ਪਾਸੇ ਵੀਰਾਨੀਆਂ ਦਾ ਬੀਆਬਾਨ ਵੀ ਹੋ ਸਕਦੀ ਹੈ। ਹਾਦਸੇ ਕਰੂਪ ਵੀ ਹੋ ਸਕਦੇ ਹਨ ਅਤੇ ਖੂਬਸੂਰਤ ਵੀ। ਕਰੂਪ ਅਤੇ ਖੂਬਸੂਰਤ ਹਾਦਸਿਆਂ ਦਾ ਜੋੜ ਮੇਲ ਹੀ ਤਾਂ ਹੈ ਇਹ ਜ਼ਿੰਦਗੀ। ਇਨ੍ਹਾਂ ਵਿਚੋਂ ਤੁਸੀਂ ਕਿਸ ਨੂੰ ਚੁਣਨਾ ਹੈ, ਕਈ ਵਾਰ ਤੁਹਾਡੇ ਵੱਸ ਵਿਚ ਹੁੰਦਾ ਹੈ ਅਤੇ ਕਈ ਵਾਰ ਤੁਹਾਡੇ ਵੱਸ ਤੋਂ ਬਾਹਰ ਵੀ।

ਜਸਬੀਰ ਭੁੱਲਰ ਦੀ ਕਹਾਣੀ 'ਸਮੁੰਦਰ ਵੱਲ ਦੀ ਖਿੜਕੀ' ਇਕ ਤੰਦ ਤੋਂ ਸ਼ੁਰੂ ਹੁੰਦੀ ਹੈ ਅਤੇ ਅਖੀਰ ਵਿਚ ਤਾਣਾ ਬੁਣ ਕੇ ਪਾਠਕ ਦੇ ਦਿਲ ਵਿਚ ਸਮਾ ਜਾਂਦੀ ਹੈ। ਚੱਕਲੇ ਦੀਆਂ ਉਨ੍ਹਾਂ ਔਰਤਾਂ ਬਾਰੇ ਇਹ ਬਿਹਤਰੀਨ ਕਹਾਣੀ ਹੈ ਜਿਨ੍ਹਾਂ ਤੋਂ ਮੁਹੱਬਤ ਰੁੱਸ ਜਾਂਦੀ ਹੈ, ਫਿਰ ਕਿਸੇ ਵੀ ਮੰਨਤ ਦੀ ਮੁਥਾਜ ਨਹੀਂ ਰਹਿੰਦੀ। ਘਰ ਤੋਂ ਆਇਆ ਕਾਗਜ਼ ਦਾ ਟੁਕੜਾ ਹਵਾ ਨਾਲ ਫੜਫੜਾ ਕੇ ਉਡ ਕੇ ਕਮਰੇ ਦੀ ਨੁੱਕਰ ਵਿਚ ਚਲਾ ਜਾਂਦਾ ਹੈ, ਤੁਰ ਗਈ ਮਾਂ ਦਾ ਅਹਿਸਾਸ ਕਰਾਉਂਦਾ ਹੈ। ਜਸਬੀਰ ਭੁੱਲਰ ਦੀ ਕਲਮ ਵਿਚ ਦਰਦ ਨੂੰ ਮਹਿਸੂਸ ਕਰਾਉਣ ਦੀ ਆਪਣੀ ਹੀ ਕਲਾ ਹੈ। ਜਸਬੀਰ ਭੁੱਲਰ ਨੇ ਔਰਤ ਦੇ ਧੁਰ ਅੰਦਰਲੇ ਮਨ ਦੀਆਂ ਡੂੰਘਾਣਾਂ ਨੂੰ ਇਸ ਕਹਾਣੀ ਵਿਚ ਛੋਹਿਆ ਹੈ। ਉਨ੍ਹਾਂ ਰਿਸ਼ਤਿਆਂ ਦੀ ਗੱਲ ਕੀਤੀ ਜਿਨ੍ਹਾਂ ਦੀ ਕੋਈ ਕੀਮਤ ਨਹੀਂ।

ਇਹ ਕਹਾਣੀ ਛਾਪ ਕੇ ਪੰਜਾਬ ਟਾਈਮਜ਼ ਨੇ ਵੀ ਇਕ ਪੁੰਨ ਖੱਟਿਆ ਹੈ। ਪੰਜਾਬ ਟਾਈਮਜ਼ ਨੇ ਸਾਨੂੰ ਸਿਰਫ ਖਬਰਾਂ ਤੱਕ ਹੀ ਸੀਮਤ ਨਹੀਂ ਰੱਖਿਆ ਸਗੋਂ ਸਾਹਿਤ ਦੇ ਪਾਠਕ ਨੂੰ ਵੀ ਆਪਣੇ ਗਲ ਲਾਇਆ ਹੈ। ਇਸੇ ਕਰਕੇ ਹਰ ਹਫਤੇ ਇਸ ਦੀ ਬੇਸਬਰੀ ਨਾਲ ਉਡੀਕ ਰਹਿੰਦੀ ਹੈ। ਬੜੇ ਮੋਹ ਨਾਲ,

*ਪਰਸ਼ਿੰਦਰ ਸਿੰਘ, ਡੈਲਸ, ਟੈਕਸਸ*
*ਫੋਨ: 469-335-2263*

## ਕਾਵਿ ਨਗਰੀ

### ਜੂਨ ਦਾ ਮਹੀਨਾ

ਜੂਨ ਦਾ ਮਹੀਨਾ ਆਇਆ, ਜੂਨ ਦਾ ਮਹੀਨਾ।
ਖੂਨ ਪੀਣੇ ਜ਼ਾਲਮਾਂ 'ਤੇ ਜਨੂੰਨ ਦਾ ਮਹੀਨਾ।

ਇਹਦੇ ਤੱਤੇ ਤੱਤੇ ਬੁੱਲੇ ਰਹਿੰਦੇ ਖੂਨ ਸਾੜਦੇ,
ਕਦੇ ਭੁੱਲਣੇ ਨਹੀਂ ਮਹੀਨੇ ਜੇਠ-ਹਾੜ ਦੇ।
ਸਿਰ ਤੋਂ ਪੈਰਾਂ ਤਾਈਂ, ਚੋਵੇ ਜਦੋਂ ਗਰਮ ਪਸੀਨਾ।
ਜੂਨ ਦਾ ਮਹੀਨਾ ਆਇਆ, ਜੂਨ ਦਾ ਮਹੀਨਾ।
ਖੂਨ ਪੀਣੇ ਜ਼ਾਲਮਾਂ 'ਤੇ ਜਨੂੰਨ ਦਾ ਮਹੀਨਾ।

ਵੱਡੇ ਵੱਡੇ ਦਿਨ ਨਹੀਂ ਮੁੱਕਣੇ 'ਚ ਆਉਂਦੇ,
ਮੱਖੀ-ਮੱਛਰ ਹੈ ਕੰਨਾਂ 'ਚ ਬੋਲੀਆਂ ਸੁਣਾਉਂਦੇ।
ਟੀਂ ਟੀਂ ਤੇ ਭੀਂ ਭੀਂ ਵਾਲੀ ਹੈ ਟਿਊਨ ਦਾ ਮਹੀਨਾ,
ਜੂਨ ਦਾ ਮਹੀਨਾ ਆਇਆ, ਜੂਨ ਦਾ ਮਹੀਨਾ।
ਖੂਨ ਪੀਣੇ ਜ਼ਾਲਮਾਂ 'ਤੇ ਜਨੂੰਨ ਦਾ ਮਹੀਨਾ।

ਚੰਦੂ ਇਸੇ ਹੀ ਮਹੀਨੇ ਵਿਚ ਸੀ ਹੰਕਾਰਿਆ,
ਉਨ੍ਹੇ ਪੰਜਵੇਂ ਗੁਰਾਂ ਨੂੰ ਆਣ ਲਲਕਾਰਿਆ।
ਸ਼ਹੀਦ ਗੁਰਾਂ ਨੂੰ ਕਰਾ ਕੀਤਾ ਕੰਮ ਸੀ ਕਮੀਨਾ।
ਜੂਨ ਦਾ ਮਹੀਨਾ ਆਇਆ, ਜੂਨ ਦਾ ਮਹੀਨਾ।
ਖੂਨ ਪੀਣੇ ਜ਼ਾਲਮਾਂ 'ਤੇ ਜਨੂੰਨ ਦਾ ਮਹੀਨਾ।

ਇਸੇ ਮਹੀਨੇ ਹੋਇਆ ਸਾਡਾ ਬੜਾ ਅਪਮਾਨ,
ਖੂਨ ਨਾਲ ਭਿੱਜੀ ਜਾਪੇ ਸਿੱਖਾਂ ਦੀ ਦਾਸਤਾਨ।
ਇਹਦੇ ਲਾਏ ਫੱਟ ਤੁਸੀਂ ਖਿਆਲ ਨਾਲ ਸੀਣਾ।
ਜੂਨ ਦਾ ਮਹੀਨਾ ਆਇਆ, ਜੂਨ ਦਾ ਮਹੀਨਾ।
ਖੂਨ ਪੀਣੇ ਜ਼ਾਲਮਾਂ 'ਤੇ ਜਨੂੰਨ ਦਾ ਮਹੀਨਾ।

ਸਾਡੇ ਗੁਰੂਧਾਮਾਂ 'ਤੇ ਕੀਤੀ ਜਾਲਮਾਂ ਚੜ੍ਹਾਈ,
ਇਸ ਚੰਦਰੇ ਮਹੀਨੇ ਨੇ ਕੰਨੀਂ ਉਂਗਲੀ ਅੜਾਈ।
ਸੰਤ ਜਰਨੈਲ ਹੀਰਾ, ਇੰਨੇ ਖੋਹ ਲਿਆ ਨਗੀਨਾ।
ਜੂਨ ਦਾ ਮਹੀਨਾ ਆਇਆ, ਜੂਨ ਦਾ ਮਹੀਨਾ।
ਖੂਨ ਪੀਣੇ ਜ਼ਾਲਮਾਂ 'ਤੇ ਜਨੂੰਨ ਦਾ ਮਹੀਨਾ।

ਹਰਿਮੰਦਰ 'ਤੇ ਗੋਲੀ ਤਾੜ ਤਾੜ ਚੱਲੀ,
ਤਖਤ ਅਕਾਲ ਦੀ ਬਰਬਾਦੀ ਜਾਂਦੀ ਨਹੀਂ ਝੱਲੀ।
ਕਿਵੇਂ ਨਾ ਮੈਂ ਆਖਾਂ ਕਾਲੇ ਕਾਨੂੰਨ ਦਾ ਮਹੀਨਾ।
ਜੂਨ ਦਾ ਮਹੀਨਾ ਆਇਆ, ਜੂਨ ਦਾ ਮਹੀਨਾ।
ਖੂਨ ਪੀਣੇ ਜ਼ਾਲਮਾਂ 'ਤੇ ਜਨੂੰਨ ਦਾ ਮਹੀਨਾ।

ਕੁੱਟ ਕੁੱਟ ਲਿਆਤੀ ਦਾਖੇ ਦੀ ਅਕਲ ਟਿਕਾਣੇ,
ਹਿੰਦੂਵਾਦ ਦੇ ਲੱਗੇ ਫੱਟ ਹੋਣੇ ਨਹੀਂ ਪੁਰਾਣੇ।
ਖਾਲਿਸਤਾਨ ਬਿਨਾ ਕਿੰਨਾ ਮੁਸ਼ਕਲ ਹੈ ਜੀਣਾ।
ਜੂਨ ਦਾ ਮਹੀਨਾ ਆਇਆ, ਜੂਨ ਦਾ ਮਹੀਨਾ।
ਖੂਨ ਪੀਣੇ ਜ਼ਾਲਮਾਂ 'ਤੇ ਜਨੂੰਨ ਦਾ ਮਹੀਨਾ।

*-ਪਰਮਜੀਤ ਸਿੰਘ ਸੇਖੋਂ ਦਾਖਾ*
*ਫੋਨ:510-774-5909*

## ਐਸੀ ਪ੍ਰੀਤਿ ਗੋਵਿੰਦ ਸਿਉ ਲਾਗੀ

### ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਗਉੜੀ ਮਹਲਾ 5
ਐਸੀ ਪ੍ਰੀਤਿ ਗੋਵਿੰਦ ਸਿਉ ਲਾਗੀ
ਮੇਲਿ ਲਏ ਪੂਰਨ ਵਡਭਾਗੀ॥ਰਹਾਉ॥
ਭਰਤਾ ਪੇਖਿ ਬਿਗਸੈ ਜਿਉ ਨਾਰੀ॥
ਤਿਉ ਹਰਿ ਜਨੁ ਜੀਵੈ ਨਾਮੁ ਚਿਤਾਰੀ॥
ਪੂਤ ਪੇਖਿ ਜਿਉ ਜੀਵਤ ਮਾਤਾ॥
ਓਤਿ ਪੋਤਿ ਜਨੁ ਹਰਿ ਸਿਉ ਰਾਤਾ॥
ਲੋਭੀ ਅਨਦੁ ਕਰੈ ਪੇਖਿ ਧਨਾ॥
ਜਨ ਚਰਨ ਕਮਲ ਸਿਉ ਲਾਗੋ ਮਨਾ॥
ਬਿਸਰੁ ਨਾਹੀ ਇਕੁ ਤਿਲੁ ਦਾਤਾਰ॥
ਨਾਨਕ ਕੇ ਪ੍ਰਭ ਪ੍ਰਾਨ ਆਧਾਰ॥

ਇਸ ਸ਼ਬਦ ਦੇ ਰਚਨਹਾਰ ਗੁਰ ਦੇਵ ਪਿਤਾ ਅਗੰਮੀ ਵਿਸਮਾਦ ਵਿਚ ਨਜ਼ਰ ਆ ਰਹੇ ਹਨ ਅਤੇ ਉਸ ਪ੍ਰੇਮ ਪਿਤਾ ਦੇ ਚਰਨਾਂ ਨਾਲ ਜਿਨ੍ਹਾਂ ਜੀਵਾਂ ਦੀ ਪ੍ਰੀਤੀ ਬਣੀ ਹੋਈ ਹੈ, ਉਸ ਦਾ ਵਰਣਨ ਕਰ ਰਹੇ ਹਨ। ਗੁਰੂ ਸਾਹਿਬ ਕਹਿੰਦੇ ਹਨ, ਹੇ ਭਾਈ! ਇਹੋ ਜਹੀ ਸੋਹਣੀ ਪ੍ਰੀਤ ਜੀਵਾਂ ਦੀ ਆਪਣੇ ਪ੍ਰਭੂ ਪ੍ਰੀਤਮ ਨਾਲ ਬਣ ਗਈ ਹੈ, ਉਹ ਜੀਵ ਤਾਂ ਬਹੁਤ ਹੀ ਵੱਡੇ ਭਾਗਾਂ ਵਾਲੇ ਹਨ, ਕਿਉਂਕਿ ਪ੍ਰਭੂ ਭਗਤੀ ਅਤੇ ਸੇਵਾ ਸਿਮਰਨ ਹੀ ਉਸ ਪ੍ਰਭੂ ਵੀ ਕ੍ਰਿਪਾ ਸਦਕਾ ਹੀ ਜੀਵ ਨੂੰ ਪ੍ਰਾਪਤ ਹੁੰਦਾ ਹੈ ਅਤੇ ਪ੍ਰਭੂ ਕ੍ਰਿਪਾ ਸਦਕਾ ਹੀ ਇਹ ਜੀਵ ਗੁਣਾਂ ਨਾਲ ਭਰਪੂਰ ਵੀ ਹੋ ਜਾਂਦੇ ਹਨ, ਅਤੇ ਫਿਰ ਉਹ ਕ੍ਰਿਪਾ ਦਾ ਸਾਗਰ ਪ੍ਰਭੂ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ।

ਗੁਰੂ ਸਾਹਿਬ ਫਰਮਾਉਂਦੇ ਹਨ, ਹੇ ਭਾਈ! ਜਿਵੇਂ ਪਤੀ-ਬ੍ਰਤਾ ਇਸਤਰੀ ਆਪਣੇ ਪਤੀ ਨੂੰ ਦੇਖ ਕੇ ਪ੍ਰਸੰਨ ਹੁੰਦੀ ਹੈ, ਖੁਸ਼ ਹੁੰਦੀ ਹੈ; ਇਵੇਂ ਹੀ ਉਸ ਹਰੀ ਦੇ ਜਨ, ਭਾਵ ਭਗਤ ਵੀ ਆਪਣੇ ਪਿਆਰੇ ਪ੍ਰਭੂ ਦਾ ਨਾਮ ਸਿਮਰਨ ਕਰਕੇ ਹੀ ਜਿਉਂਦੇ ਹਨ ਅਤੇ ਹੇ ਭਾਈ! ਜਿਵੇਂ ਮਾਂ ਆਪਣੇ ਪੁੱਤਰ ਨੂੰ ਦੇਖ-ਦੇਖ ਕੇ ਜਿਉਂਦੀ ਹੈ ਅਤੇ ਅਤਿ ਪ੍ਰਸੰਨ ਹੋਈ ਫਿਰਦੀ ਹੈ, ਇਸੇ ਤਰ੍ਹਾਂ ਹੀ ਪਭੂ ਦੇ ਪਿਆਰੇ ਭਗਤ ਵੀ ਉਸ ਦੇ ਰੰਗ ਵਿਚ ਰੰਗੇ ਹੋਏ ਪ੍ਰਭੂ ਚਰਨਾਂ ਨਾਲ ਜੁੜ ਕੇ ਪ੍ਰਸੰਨ ਹੁੰਦੇ ਹਨ।

ਲੋਭੀ ਅਨਦੁ ਕਰੈ ਪੇਖਿ ਧਨਾ॥
ਜਨ ਚਰਨ ਕਮਲ ਸਿਉ ਲਾਗੋ ਮਨਾ॥
ਬਿਸਰੁ ਨਾਹੀ ਇਕੁ ਤਿਲੁ ਦਾਤਾਰ॥
ਨਾਨਕ ਕੇ ਪ੍ਰਭ ਪ੍ਰਾਨ ਆਧਾਰ॥

ਹੇ ਭਾਈ! ਜਿਵੇਂ ਇਸ ਸੰਸਾਰ ਦਾ ਲਾਲਚ ਨਾਲ ਭਰਿਆ ਹੋਇਆ ਲੋਭੀ ਬੰਦਾ ਧਨ ਨੂੰ ਦੇਖ ਕੇ ਖੁਸ਼ ਹੁੰਦਾ ਹੈ; ਬਿਲਕੁਲ ਉਸੇ ਤਰ੍ਹਾਂ ਹੀ ਪ੍ਰਭੂ ਦੇ ਭਗਤ ਜਨ ਵੀ ਆਪਣੇ ਹਰੀ ਮਾਲਕ ਦੇ ਚਰਨਾਂ ਨਾਲ ਜੁੜੇ ਰਹਿੰਦੇ ਹਨ। ਹੇ ਮੇਰੇ ਦਾਤਾਰ! ਹੇ ਮੇਰੇ ਪ੍ਰਾਣਾਂ ਦੇ ਆਧਾਰ ਪ੍ਰਭੂ ਜੀਉ!! ਇਸ ਨਾਨਕ 'ਤੇ ਸਦਾ ਆਪਣੀ ਕ੍ਰਿਪਾ ਰੱਖਣਾ, ਤੇ ਇਕ ਪਲ ਲਈ ਵੀ ਮੈਨੂੰ ਕਦੀ ਨਾ ਭੁੱਲਣਾ। ਹੇ ਮੇਰੇ ਪ੍ਰਭੂ ਜੀਉ! ਮੈਂ ਸਦਾ ਹੀ ਆਪਦਾ ਸਿਮਰਨ ਕਰਦਾ ਹਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਬੀਬੀ ਸੁਰਿੰਦਰ ਕੌਰ ਬਾਦਲ ਦੇ ਵਿਛੋੜੇ ਤੋਂ ਸਬਕ ਲੈਣ ਦੀ ਲੋੜ



## ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883

ਬੀਬੀ ਸੁਰਿੰਦਰ ਕੌਰ ਬਾਦਲ ਦੀ ਮੌਤ ਦਾ ਸੋਗ 'ਅਕਾਲੀ ਦਲ' ਦੇ ਬਹੁਤੇ ਵੋਟਰਾਂ, ਲੀਡਰਾਂ, ਚੇਅਰਮੈਨਾਂ ਤੇ ਹੋਰਾਂ ਦੇ ਚਿਹਰਿਆਂ ਤੋਂ ਆਸਾਨੀ



*ਫਾਈਲ ਫੋਟੋ-ਇਕ ਜਲਸੇ ਨੂੰ ਸੰਬੋਧਨ ਕਰਦੇ ਹੋਏ ਬੀਬੀ ਸੁਰਿੰਦਰ ਕੌਰ ਬਾਦਲ*

ਨਾਲ ਪੜ੍ਹਿਆ ਜਾ ਸਕਦੈ। ਇਹ ਸੋਗ ਕੁਦਰਤੀ ਵੀ ਹੈ ਕਿਉਂਕਿ ਜਾਣ ਵਾਲੇ ਬੀਬੀ ਜੀ ਮੁੱਖ ਮੰਤਰੀ ਦੀ ਪਤਨੀ, ਉਪ ਮੁੱਖ ਮੰਤਰੀ ਦੀ ਮਾਂ, ਨੰਨ੍ਹੀ ਛਾਂ ਮੁਹਿਮ ਦੀ ਜਨਮਦਾਤੀ ਦੀ ਸੱਸ ਤੇ ਸਾਬਕਾ ਵਿੱਤ ਮੰਤਰੀ ਦੇ ਤਾਈ ਜੀ ਹੋਣ ਦੇ ਨਾਲ-ਨਾਲ ਕਈ ਹੋਰ ਲੀਡਰਾਂ ਦੇ ਨੇੜਲੇ ਰਿਸ਼ਤੇਦਾਰ ਵੀ ਸਨ।

ਇਸ ਜਗ 'ਤੇ ਭਾਵੇਂ ਸਦਾ ਕਿਸੇ ਨਹੀਂ ਬੈਠੇ ਰਹਿਣਾ ਪਰ ਜਿਸ ਦਾ ਜਿੰਨਾ ਵੱਡਾ ਦਾਇਰਾ ਹੁੰਦੈ ਉਸ ਦੇ ਜਾਣ ਦਾ ਦੁੱਖ ਓਨੇ ਜ਼ਿਆਦਾ ਲੋਕਾਂ ਨੂੰ ਹੁੰਦੈ। ਜੇ ਬੀਬੀ ਜੀ ਮੁੱਖ ਮੰਤਰੀ ਦੀ ਪਤਨੀ ਨਾ ਹੁੰਦੇ ਤਾਂ ਅਖ਼ਬਾਰਾਂ ਵਿਚ ਸਿਰਫ਼ ਅੱਠ-ਦਸ ਸਤਰਾਂ ਦੀ ਖ਼ਬਰ ਛਪਣੀ ਸੀ 'ਮਾਲਵੇ 'ਚ ਕੈਂਸਰ ਦਾ ਕਹਿਰ ਜਾਰੀ-ਇੱਕ ਹੋਰ ਜਾਨ ਗਈ।' ਪਰ ਕਿਉਂਕਿ ਇਹ 'ਬੀਬੀ ਜੀ' ਸਨ ਇਸ ਲਈ ਸਾਰੇ ਅਖ਼ਬਾਰਾਂ ਤੇ ਚੈਨਲਾਂ ਨੇ ਇਸ ਖ਼ਬਰ ਨੂੰ ਬਣਦੀ ਥਾਂ ਦਿੱਤੀ। ਬੀਬੀ ਬਾਦਲ 'ਅਕਾਲੀ ਦਲ' ਦਾ ਖੇਤਰਫ਼ਲ ਵਧਾਉਣ 'ਚ ਯੋਗਦਾਨ ਪਾਉਣ ਵਾਲੇ ਤੇ 'ਆਪਣਿਆਂ' ਦੀ ਜਿੱਤ ਲਈ ਘਰ-ਘਰ ਜਾ ਵੋਟਾਂ ਮੰਗਣ ਵਾਲੇ ਸਨ ਇਸ ਕਰਕੇ ਪਾਰਟੀ ਅੰਦਰ ਉਨ੍ਹਾਂ ਦੀ ਮੌਤ ਦਾ ਘਾਟਾ ਸ਼ਾਇਦ ਹੀ ਕਦੇ ਪੂਰਿਆ ਜਾ ਸਕੇ।

ਬੰਦਾ ਜ਼ਿੰਦਗੀ 'ਚ ਭਾਵੇਂ ਕਿਸੇ ਮੁਕਾਮ 'ਤੇ ਅੱਪੜ ਜਾਵੇ ਮਾਂ ਦਾ ਵਿਛੋੜਾ ਬਰਦਾਸ਼ਤ ਕਰਨਾ ਅਸਹਿ ਹੁੰਦੈ ਤੇ ਬਿਲਕੁਲ ਇਸੇ ਤਰ੍ਹਾਂ ਸੁਖਬੀਰ ਸਿੰਘ ਬਾਦਲ ਦੀਆਂ ਅੱਖਾਂ 'ਚੋਂ ਕਿਰਦੇ ਹੰਝੂ ਉਸ ਦੀ ਅਸਹਿ ਪੀੜ ਬਿਆਨ ਰਹੇ ਨੇ। ਪਰ ਬੀਬੀ ਬਾਦਲ ਦੀ ਮੌਤ 'ਤੇ ਜਿੰਨਾ ਜ਼ਰੂਰੀ ਸੋਗ ਪ੍ਰਗਟ ਕਰਨਾ ਹੈ ਉਸ ਨਾਲੋਂ ਕਈ ਗੁਣਾ ਵੱਧ ਚਿੰਤਨ ਜ਼ਰੂਰੀ ਹੈ। ਬੀਬੀ ਜੀ ਨੂੰ ਜਿਹੜੀ ਨਾਮੁਰਾਦ ਬਿਮਾਰੀ ਨੇ ਘੇਰਿਆ ਤੇ ਕਰੋੜਾਂ ਰੁਪਏ ਇਲਾਜ 'ਤੇ ਖਰਚਣ ਦੇ ਬਾਵਜੂਦ ਉਨ੍ਹਾਂ ਦੇ ਸਾਹਾਂ ਦੀ ਗਿਣਤੀ ਵਧ ਨਾ ਸਕੀ, ਉਸ ਤੋਂ ਸਰਕਾਰ ਤੇ ਸਭ ਨੂੰ ਸਬਕ ਸਿੱਖਣਾ ਚਾਹੀਦਾ ਹੈ ਕਿ ਮਾਲਵੇ 'ਚ ਕੈਂਸਰ ਦਾ ਨਾਗ ਕਿਸ ਕਦਰ ਫੁੰਕਾਰੇ ਮਾਰ ਰਿਹਾ ਹੈ। ਕਿਵੇਂ ਘਰਾਂ ਦੇ ਘਰ ਵਿਹਲੇ ਹੋ ਰਹੇ ਨੇ ਤੇ ਦੋ ਡੰਗ ਦੀ ਰੋਟੀ ਲਈ ਦਿਹਾੜੀਆਂ ਕਰਨ ਵਾਲੇ ਬੇਪਛਾਣ ਲੋਕ ਕਿਵੇਂ ਤਿਲ-ਤਿਲ ਮਰ ਰਹੇ ਹਨ।

ਬੀਬੀ ਬਾਦਲ ਕਿਉਂਕਿ ਸਰਦੇ-ਪੁੱਜਦੇ ਘਰੋਂ ਸੀ ਇਸ ਲਈ ਨਿੱਜੀ ਤੇ ਸਰਕਾਰੀ ਤੌਰ 'ਤੇ ਉਨ੍ਹਾਂ ਨੂੰ ਬਚਾਉਣ ਲਈ ਬੜੇ ਯਤਨ ਹੋਏ। ਆਰ.ਟੀ.ਆਈ. ਦੇ ਖੁਲਾਸੇ ਮੁਤਾਬਕ ਸਵਾ ਕੁ ਤਿੰਨ ਕਰੋੜ ਉਨ੍ਹਾਂ ਦੇ ਅਮਰੀਕਾ ਵਿਚਲੇ ਇਲਾਜ ਮੌਕੇ ਸਰਕਾਰੀ ਖ਼ਜ਼ਾਨੇ ਵਿਚੋਂ ਖਰਚਿਆ ਗਿਆ ਤੇ ਹੋ ਸਕਦੈ ਕਰੋੜਾਂ ਰੁਪਿਆ ਹੋਰ ਨਿੱਜੀ ਤੌਰ 'ਤੇ ਵੀ ਖਰਚਿਆ ਗਿਆ ਹੋਵੇ।

ਗੰਭੀਰਤਾ ਨਾਲ ਸੋਚਣ ਵਾਲਾ ਸਵਾਲ ਇਹ ਹੈ ਕਿ ਮਾਲਵਾ ਜਿੱਥੇ ਘਰ-ਘਰ ਕੈਂਸਰ ਦੇ ਮਰੀਜ਼ ਹਨ ਉਥੋਂ ਦੇ ਵਸਨੀਕਾਂ ਲਈ ਤਾਂ ਬੀਕਾਨੇਰ ਦਾ ਹਸਪਤਾਲ ਹੀ ਅਮਰੀਕਾ ਹੈ। ਬੀਬੀ ਬਾਦਲ ਦਾ ਪੇਕਾ ਪਿੰਡ ਚੱਕ ਫ਼ਤਿਹ ਸਿੰਘ ਵਾਲਾ (ਬਠਿੰਡਾ) ਵੀ ਮਾਲਵੇ 'ਚ ਹੈ ਤੇ ਸਹੁਰਾ ਪਿੰਡ ਬਾਦਲ (ਮੁਕਤਸਰ) ਵੀ ਮਾਲਵੇ 'ਚ ਤੇ ਇਨ੍ਹਾਂ ਦੋਹਾਂ ਜ਼ਿਲ੍ਹਿਆਂ ਸਮੇਤ ਪੂਰੇ ਮਾਲਵੇ ਵਿਚ ਹੁਣ ਤੱਕ ਸੈਂਕੜੇ ਮੌਤਾਂ ਕੈਂਸਰ ਨਾਲ ਹੋ ਚੁੱਕੀਆਂ ਨੇ। ਕੈਂਸਰ ਤੋਂ ਇਲਾਵਾ ਕਾਲਾ ਪੀਲੀਆ, ਅਪੰਗਤਾ, ਚਮੜੀ ਦੇ ਰੋਗ ਅਤੇ ਹੋਰ ਕਈ ਭਿਆਨਕ ਬਿਮਾਰੀਆਂ ਨਾਲ ਮਲਵਈਆਂ ਦਾ ਕੀ ਹਾਲ ਹੋ ਰਿਹੈ? ਇਹ ਦਰਦ ਕਿਸੇ ਤੋਂ ਲੁਕਿਆ-ਛੁਪਿਆ ਨਹੀਂ।

ਸਾਨੂੰ ਬਾਪੂ ਬਾਦਲ ਤੇ ਨਿੱਕੇ ਬਾਦਲ ਦੇ ਅੱਥਰੂਆਂ ਦਾ ਮੁੱਲ ਪਤੈ ਪਰ ਪੰਜਾਬ ਦੀ ਵਾਗਡੋਰ ਸੰਭਾਲੀ ਬੈਠੇ ਇਨ੍ਹਾਂ ਸੱਜਣਾਂ ਨੂੰ ਚਾਹੀਦੈ ਕਿ ਉਹ ਉਨ੍ਹਾਂ 'ਬੀਬੀਆਂ' ਬਾਰੇ ਵੀ ਸੋਚਣ ਜਿਹੜੀਆਂ 73 ਸਾਲ ਦਾ ਤੀਜਾ ਹਿੱਸਾ ਭੋਗਦੀਆਂ ਹੀ ਜਹਾਨੋਂ ਰੁਖਸਤ ਹੋ ਗਈਆਂ ਤੇ ਜਿਨ੍ਹਾਂ ਦੇ ਨਿੱਕੇ-ਨਿੱਕੇ ਬਾਲ ਪਹਿਲਾਂ ਮਾਂ ਦੀ ਗੋਦੀ ਦੇ ਨਿੱਘ ਤੋਂ ਸੱਖਣੇ ਹੋਏ ਤੇ ਹੁਣ ਖੁਦ ਬਿਮਾਰੀਆਂ ਦਾ ਸੰਤਾਪ ਹੰਢਾ ਰਹੇ ਨੇ। ਉਨ੍ਹਾਂ ਮਰੀਜ਼ਾਂ ਵੱਲ ਵੀ ਨਜ਼ਰ ਦੌੜਾਉਣੀ ਚਾਹੀਦੀ ਹੈ ਜਿਹੜੇ ਸੋਚਣ ਲੱਗੇ ਨੇ ਕਿ ਕੈਂਸਰ ਦਾ ਇਲਾਜ ਗ਼ਰੀਬਾਂ ਦੇ ਵੱਸ 'ਚ ਨਹੀਂ ਤੇ ਜ਼ਮੀਨ ਵੇਚ-ਵੱਟ ਇਲਾਜ ਕਰਵਾ ਸਾਲ-ਦੋ ਸਾਲ ਵੱਧ ਜਿਊਣ ਨਾਲੋਂ ਮਰਨਾ ਬਿਹਤਰ ਹੈ।

ਫ਼ਰੀਦਕੋਟ ਦਾ ਪਿੰਡ ਦਲ ਸਿੰਘ ਵਾਲ਼ਾ ਜ਼ਿਲ੍ਹੇ ਦਾ ਅਜਿਹਾ ਪਿੰਡ ਹੈ ਜਿਸ ਦਾ ਨਾਂ ਹੌਲੀ-ਹੌਲੀ ਕੈਂਸਰ ਵਾਲੇ ਪਿੰਡ ਵਜੋਂ ਮਸ਼ਹੂਰ ਹੋਣ ਵੱਲ ਵਧ ਰਿਹੈ। ਪਿੰਡ ਵਿਚ ਇੱਕ ਸਾਲ ਅੰਦਰ 13 ਮੌਤਾਂ ਕੈਂਸਰ ਨਾਲ ਹੋ ਚੁੱਕੀਆਂ ਨੇ ਤੇ ਦਰਜਨ ਭਰ ਮਰੀਜ਼ਾਂ ਦਾ ਇਲਾਜ ਚੱਲ ਰਿਹੈ। ਬਠਿੰਡੇ ਜ਼ਿਲ੍ਹੇ ਦਾ ਪਿੰਡ ਸ਼ੇਖ਼ੂਪੁਰਾ ਉਨ੍ਹਾਂ ਪਿੰਡਾਂ ਵਿਚ ਸ਼ਾਮਲ ਹੋ ਚੁੱਕੈ ਜਿੱਥੇ ਔਰਤਾਂ ਬੱਚਿਆਂ ਨੂੰ ਜਨਮ ਦੇਣ ਤੋਂ ਡਰਦੀਆਂ ਨੇ ਕਿਉਂਕਿ ਗੰਦੇ ਪਾਣੀ ਅਤੇ ਹੋਰ ਸਮੱਸਿਆਵਾਂ ਨੇ ਪੂਰੇ ਪਿੰਡ ਦਾ ਜਿਊਣਾ ਦੁੱਭਰ ਕੀਤਾ ਹੋਇਐ। ਪਿੰਡ ਦੇ ਦਰਜਨਾਂ ਲੋਕ ਕੈਂਸਰ ਨਾਲ ਵਿਲਕ ਰਹੇ ਹਨ ਤੇ ਕਈ ਥਾਂਈਂ ਬੱਚੇ ਜਮਾਂਦਰੂ ਅਪੰਗ ਹੁੰਦੇ ਨੇ ਜਿਸ ਕਰਕੇ ਔਰਤਾਂ ਬੱਚੇ ਜੰਮਣ ਤੋਂ ਹੀ ਤ੍ਰਹਿਣ ਲੱਗ ਪਈਆਂ ਹਨ।

ਸ਼ੇਖ਼ੂਪੁਰਾ ਤੇ ਦਲ ਸਿੰਘ ਵਾਲਾ ਹਾਲ ਮਾਲਵੇ ਦੇ ਬਹੁਤੇ ਪਿੰਡਾਂ ਦਾ ਹੈ। ਧਰਤੀ ਹੇਠਲਾ ਪਾਣੀ ਪੀਣ ਲਾਇਕ ਨਹੀਂ ਰਿਹਾ ਤੇ ਪਿੰਡਾਂ ਵਿਚ ਆਰ.ਓ. ਸਿਸਟਮ ਲਵਾਉਣ ਪ੍ਰਤੀ ਸਰਕਾਰ ਗੰਭੀਰ ਨਹੀਂ। ਪਿੱਛੇ ਜਿਹੇ ਬਾਦਲ ਪਿੰਡ ਵਿਚਲੇ ਨਲਕਿਆਂ 'ਚੋਂ ਯੁਰੇਨੀਅਮ ਨਿਕਲਿਆ ਸੀ ਤਾਂ ਸਰਕਾਰ ਨੇ ਅਗਲੇ ਦਿਨ ਹੁਕਮ ਜਾਰੀ ਕਰ ਦਿੱਤੇ ਸਨ ਕਿ ਆਰ.ਓ. ਸਿਸਟਮ ਲਵਾਇਆ ਜਾਵੇ ਪਰ ਹੁਣ ਜਦੋਂ ਫ਼ਰੀਦਕੋਟ ਜ਼ਿਲ੍ਹੇ ਦੇ ਤਿੰਨ ਨਲਕਿਆਂ ਦਾ ਪਾਣੀ ਯੁਰੇਨੀਅਮ ਵਾਲਾ ਨਿਕਲਿਆ ਹੈ ਤਾਂ ਹੱਲ ਇਹ ਕੱਢਿਆ ਗਿਆ ਕਿ ਤਿੰਨੋਂ ਨਲਕੇ ਸੀਲ ਕਰ ਦਿੱਤੇ ਜਾਣ।

ਦੁੱਖ ਦੀ ਗੱਲ ਹੈ ਕਿ ਪੰਜਾਬ ਕੈਂਸਰ ਨਾਲ ਗਰਕਣਾ ਸ਼ੁਰੂ ਹੋ ਗਿਐ ਪਰ ਸਰਕਾਰਾਂ ਨਿੱਜੀ ਅਦਾਰਿਆਂ ਵੱਲ ਤੱਕ ਰਹੀਆਂ ਨੇ ਕਿ ਉਹ ਆਉਣ ਤੇ ਕੈਂਸਰ ਹਸਪਤਾਲ ਬਣਵਾਉਣ। ਕਹਿਣ ਨੂੰ ਬਠਿੰਡੇ ਦੇ ਸਰਕਾਰੀ ਹਸਪਤਾਲ ਵਿਚ ਵੀ ਕੈਂਸਰ ਪੀੜਤਾਂ ਦੇ ਇਲਾਜ ਦਾ ਯੂਨਿਟ ਖੁੱਲ੍ਹਿਐ ਤੇ ਹੋਰ ਜ਼ਿਲ੍ਹਿਆਂ ਦੇ ਸਰਕਾਰੀ ਹਸਪਤਾਲਾਂ ਵਿਚ ਵੀ ਖੁੱਲ੍ਹੇ ਨੇ ਪਰ ਜਿੱਥੇ ਮਰੀਜ਼ ਲਿਜਾਣ ਦਾ ਮਤਲਬ ਹੀ ਕੱਲ੍ਹ ਮਰਦੇ ਬੰਦੇ ਨੂੰ ਅੱਜ ਮਾਰਨਾ ਬਣ ਗਿਆ ਹੋਵੇ, ਉਥੇ ਇਲਾਜ ਕਰਾਉਣ ਜਾਵੇਗਾ ਕੌਣ?

'ਕੈਂਸਰ ਪੱਟੀ' ਦੇ ਨਾਂ ਨਾਲ ਮਸ਼ਹੂਰ ਹੋ ਚੁੱਕੇ ਮਾਲਵੇ ਨੂੰ ਇਸ ਵੇਲ਼ੇ ਫੋਕੇ ਧਰਵਾਸਾਂ ਦੀ ਨਹੀਂ ਸਗੋਂ ਇਸ ਗੰਭੀਰ ਸਮੱਸਿਆ ਦਾ ਹੱਲ ਰਾਜਨੀਤੀ ਤੋਂ ਉਪਰ ਉਠ ਕੇ ਕੱਢਣ ਦੀ ਲੋੜ ਹੈ। ਲੋਕਾਂ ਨੂੰ ਜਦੋਂ ਤੋਂ ਇਹ ਪਤਾ ਲੱਗਾ ਹੈ ਕਿ ਇਸ ਬਿਮਾਰੀ ਦਾ ਸਭ ਤੋਂ ਵੱਡਾ ਕਾਰਨ ਪਾਣੀ ਦਾ ਸ਼ੁੱਧ ਨਾ ਹੋਣਾ ਹੈ ਉਦੋਂ ਤੋਂ ਉਨ੍ਹਾਂ ਦੀ ਪਹਿਲ 'ਚ ਸਭ ਤੋਂ ਵੱਡਾ ਕੰਮ ਪੰਦਰਾਂ ਹਜ਼ਾਰ ਰੁਪਿਆ ਜੋੜ ਘਰ ਵਿਚ ਆਰ.ਓ. ਸਿਸਟਮ ਲਵਾਉਣਾ ਬਣ ਗਿਆ ਹੈ। ਜਿਹੜੇ ਕੱਚੇ ਘਰ 'ਨਰੇਗਾ ਸਕੀਮ' ਤਹਿਤ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਦੇ ਹਨ ਉਨ੍ਹਾਂ ਲਈ ਤਾਂ ਸ਼ੁੱਧ ਪਾਣੀ ਵੀ ਸੁਪਨਾ ਬਣ ਕੇ ਰਹਿ ਗਿਆ ਹੈ। ਮਾਲਵੇ 'ਚ ਕੈਂਸਰ ਦੀ ਦਹਿਸ਼ਤ ਦਾ ਅੰਦਾਜ਼ਾ ਇਸ ਗੱਲੋਂ ਵੀ ਲੱਗਦਾ ਹੈ ਕਿ ਲੋਕਾਂ ਨੇ ਇਨ੍ਹਾਂ ਕੈਂਸਰ ਮਾਰੇ ਪਿੰਡਾਂ 'ਚ ਰਿਸ਼ਤੇ ਕਰਨੇ-ਕਰਾਉਣੇ ਬੰਦ ਕਰ ਦਿੱਤੇ ਹਨ।

ਕੈਂਸਰ ਪੀੜਤ ਮਾਲਵੇ ਦੀ ਸਾਰ ਲੈਣੀ ਹੀ ਬੀਬੀ ਬਾਦਲ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਜੇ ਸੁਨੀਲ ਦੱਤ ਆਪਣੀ ਪਤਨੀ ਨਰਗਿਸ ਦੱਤ ਦੀ ਯਾਦ ਵਿਚ ਕੈਂਸਰ ਹਸਪਤਾਲ ਬਣਵਾ ਸਕਦੈ, ਪਾਕਿਸਤਾਨੀ ਕ੍ਰਿਕਟਰ ਇਮਰਾਨ ਖ਼ਾਨ ਕੈਂਸਰ ਨਾਲ ਮਰਨ ਵਾਲੀ ਆਪਣੀ ਪਤਨੀ ਦੀ ਯਾਦ ਵਿਚ ਤੇ ਪਾਕਿਸਤਾਨੀ ਗਾਇਕ ਅਬਰਾਰ ਉਲ ਹੱਕ ਆਪਣੀ ਮਾਂ ਦੀ ਯਾਦ ਵਿਚ ਹਸਪਤਾਲ ਬਣਵਾ ਸਕਦੈ ਤਾਂ ਬਾਦਲ ਸਰਕਾਰ ਨੂੰ ਵੀ 'ਪਾਰਟੀ ਦੀ ਮਾਂ' ਬੀਬੀ ਬਾਦਲ ਦੀ ਯਾਦ ਵਿਚ ਕੈਂਸਰ ਹਸਪਤਾਲ ਬਣਵਾਉਣ ਲਈ ਬਹੁਤੀ ਉਡੀਕ ਨਹੀਂ ਕਰਨੀ ਚਾਹੀਦੀ।

## ਚੱਲਦੇ ਚੱਲਦੇ

ਨੀਲੇ ਖ਼ਾਨ ਨੂੰ ਮੈਂ ਕਦੇ ਨਹੀਂ ਮਿਲਿਆ ਪਰ ਇਹ ਜ਼ਰੂਰ ਸੁਣਿਐ ਕਿ ਉਹ ਗੀਤ ਬਹੁਤ ਵਧੀਆ ਲਿਖਦੈ। ਉਹਦੇ ਜਿੰਨੇ ਕੁ ਗੀਤ ਸੁਣੇ, ਜਾਪੇ ਵੀ ਬਹੁਤ ਵਧੀਆ। ਸੁਰਜੀਤ ਭੁੱਲਰ ਕੋਲੋਂ ਅਕਸਰ ਉਸ ਦੀ ਗੀਤਕਾਰੀ ਬਾਰੇ ਸੁਣਦੇ ਰਹੀਦਾ ਸੀ।



*ਨੀਲੇ ਖ਼ਾਨ*

ਪਰ ਪਿਛਲੇ ਦਿਨੀਂ ਜਦੋਂ ਖ਼ਬਰ ਮਿਲੀ ਕਿ ਨੀਲੇ ਖ਼ਾਨ ਦੀ ਕਰੰਟ ਲੱਗਣ ਨਾਲ ਮੌਤ ਹੋ ਗਈ ਤਾਂ ਕਾਲਜੇ ਦਾ ਰੁੱਗ ਭਰਿਆ ਗਿਆ। ਜਿਹੜੇ ਬੰਦੇ ਨੂੰ ਮਿਲੇ ਨਾ ਹੋਈਏ ਤੇ ਜੀਹਦੇ ਗੀਤਾਂ ਨੂੰ ਸੁਣ ਉਸ ਦੀ ਸੋਚ ਬਾਰੇ ਤਸਵੀਰ ਬਣਾਈ ਬੈਠੇ ਹੋਈਏ ਉਸ ਦੇ ਵਿਛੋੜੇ ਦੀ ਖ਼ਬਰ ਆ ਜਾਵੇ ਤਾਂ ਦਿਮਾਗ਼ ਦਾ ਸੁੰਨ ਹੋਣਾ ਕੁਦਰਤੀ ਹੈ।

ਨੀਲੇ ਖ਼ਾਨ 28 ਮਈ ਨੂੰ ਸਵੇਰੇ ਰਾਮਪੁਰਾ ਫੂਲ ਨੇੜਲੇ ਆਪਣੇ ਪਿੰਡ ਰਈਆ ਧੀਗੜ ਵਿਚ ਘਰ 'ਚ ਕੂਲਰ ਲਾ ਰਿਹਾ ਸੀ ਤਾਂ ਕਰੰਟ ਲੱਗਣ ਨਾਲ ਉਸ ਦੀ ਮੌਤ ਹੋ ਗਈ। ਉਸ ਦੇ ਗੀਤ 'ਮੇਰੇ ਨੈਣ ਤਰਸਦੇ ਰਹਿੰਦੇ ਨੇ ਨਨਕਾਣਾ ਦੇਖਣ ਨੂੰ', 'ਮੈਨੂੰ ਸਮਝ ਨਹੀਂ ਆਉਂਦੀ ਚੰਨ ਮੇਰਿਆ ਵੇ ਤੂੰ ਰੱਖ ਦਿੱਤਾ ਕੀ ਕਰਕੇ', 'ਕਾਹਦੀ ਬੱਸ 'ਚੋਂ ਉਤਰ ਗਈ ਤੂੰ ਬਠਿੰਡਾ ਬੀਕਾਨੇਰ ਹੋ ਗਿਆ' (ਸੁਰਜੀਤ ਭੁੱਲਰ) ਅਤੇ 'ਦੋ ਗੱਲਾਂ ਕਰੀਏ ਬਹਿਜਾ' (ਬਲਕਾਰ ਸਿੱਧੂ) ਸਮੇਤ ਕਈ ਹੋਰ ਨਾਮਣੇ ਵਾਲੇ ਕਲਾਕਾਰਾਂ ਨੇ ਗਾਏ।

ਇਸ ਸਾਲ ਪਹਿਲਾਂ ਪਰਮਿੰਦਰ ਸੰਧੂ ਦਾ ਵਿਛੋੜਾ ਪਿਆ ਤੇ ਹੁਣ ਨੀਲੇ ਖ਼ਾਨ ਦਾ ਵਿਛੋੜਾ ਅਸਹਿ ਹੋ ਗਿਆ। ਭਾਵੇਂ ਗੀਤਕਾਰ ਹੋਣ ਕਰਕੇ ਨੀਲੇ ਖ਼ਾਨ ਦੀ ਵਾਕਫ਼ੀਅਤ ਦਾ ਦਾਇਰਾ ਸੀਮਤ ਹੀ ਸੀ ਪਰ ਜਿਨ੍ਹਾਂ-ਜਿਨ੍ਹਾਂ ਉਸ ਦੇ ਗੀਤ ਸੁਣੇ ਉਨ੍ਹਾਂ ਦੇ ਮੂੰਹੋਂ ਮੱਲੋਜ਼ੋਰੀ ਨਿਕਲ ਜਾਂਦਾ ਸੀ 'ਨੀਲੇ ਖ਼ਾਨ ਕਮਾਲ ਦੇ ਗੀਤ ਲਿਖਦੈ ਪਤਾ ਨਹੀਂ ਅਵੱਲੇ ਜਿਹੇ ਆਈਡੀਏ ਕਿੱਥੋਂ ਕੱਢ-ਕੱਢ ਲਿਆਉਂਦੈ...।'

## ਤੇਰੇ ਮਨ 'ਚ ਕੀ ਹੈ?

ਫੇਸਬੁੱਕ ਖੋਲ੍ਹਾਂ ਤਾਂ ਪੁੱਛਦੀ ਐ,
ਤੇਰੇ ਮਨ ਵਿਚ ਕੀ ਹੈ?
What is on your mind?
ਜਦੋਂ ਕੋਈ ਵਾਰ ਵਾਰ ਪੁੱਛੇ
ਤਾਂ ਮੈਨੂੰ ਸਾਜਿਸ਼ੀ ਜਿਹਾ ਲਗਦੈ
ਮਾਂ ਵੀ ਆਖਦੀ ਏ, ਮਨ ਦੀ ਗੱਲ
ਸਭ ਨੂੰ ਨਾ ਦੱਸਿਆ ਕਰ
ਸਾਰਾ ਕੁਝ ਫਰੋਲ ਦਿੰਨੈ,
ਬਿਨਾ ਪੁੱਛਿਆਂ ਈ।
ਪਤਨੀ ਵੀ ਖਿਝਦੀ ਐ
ਕੁਝ ਕੋਲ ਵੀ ਰਖ ਲਿਆ ਕਰੋ
ਤੁਹਾਡੇ ਮਨ 'ਚ ਕੁਝ ਟਿਕਦਾ ਈ ਨਹੀਂ।
ਪਰ ਮੇਰੀ ਕਮਜ਼ੋਰੀ ਰਹੀ ਹੈ
ਕੋਈ ਪਿਆਰ ਨਾਲ ਪੁੱਛੇ
ਤਾਂ ਮੈਂ ਦੱਸ ਦਿੰਨਾਂ
ਤੇ ਜਿੰਨੇ ਪਿਆਰ ਨਾਲ
ਫੇਸਬੁੱਕ ਪੁੱਛਦੀ ਐ ਮੈਨੂੰ ਜਾਪਦੈ
ਕੋਈ ਅੱਲੜ ਮਾਸੂਮ ਚਿਹਰਾ
ਕੂਲ਼ੇ ਕੂਲ਼ੇ ਹੱਥਾਂ 'ਚ ਮੇਰਾ ਹੱਥ ਲੈ ਪੁੱਛਦੈ
ਅੜਿਆ ਦੱਸਦਾ ਨੀ...
ਤੇਰੇ ਮਨ 'ਚ ਕੀ ਐ?
ਤੇ ਮੈਂ ਸੰਭਲਦਾ ਸੰਭਲਦਾ
ਸੰਕੋਚ ਕਰ ਜਾਨਾਂ ਉਹ ਕੁਝ ਦੱਸਣ ਤੋਂ
ਜੋ ਦੱਸਣ 'ਤੇ ਇਤਰਾਜ਼ ਹੋ ਸਕਦੈ
ਤਰਥੱਲ ਮੱਚ ਸਕਦੀ ਐ
ਹੇਠਲੀ ਉਤੇ ਆ ਸਕਦੀ ਐ
ਮਾਂ ਦੀਆਂ ਨਸੀਹਤਾਂ, ਪਤਨੀ ਦੇ ਨਿਹੋਰੇ
ਬੜੇ ਕੰਮ ਆਏ ਨੇ
ਹੁਣ ਮੈਂ ਉਹ ਨਹੀਂ ਰਿਹਾ ,
ਹੁਣ ਨੀ ਦੱਸਦਾ ਮਨ ਦੀ ਗੱਲ
ਕੋਈ ਲੱਖ ਪੁੱਛੇ ਤੇਰੇ ਮਨ 'ਚ ਕੀ ਹੈ?

*-ਜਸਵੰਤ ਸਿੰਘ ਸ਼ਾਦ*

# ਧੀਆਂ-ਧਿਆਣੀਆਂ, ਨਹੀਂ ਇਹ ਮਰ ਜਾਣੀਆਂ

ਨਿੰਮਾ ਡੱਲੇਵਾਲਾ*

ਸਾਡੇ, ਖਾਸ ਕਰ ਪੰਜਾਬੀ ਸਮਾਜ ਦੀ ਮਾਦਾ ਭਰੂਣ ਹੱਤਿਆ ਯਾਨਿ ਧੀਆਂ ਨੂੰ ਕੁੱਖਾਂ ਵਿਚ ਹੀ ਕਤਲ ਕਰਨ ਦੀ ਬੁਰਿਆਈ ਵਾਕਿਆ ਹੀ ਚਿੰਤਾ ਦਾ ਵਿਸ਼ਾ ਹੈ। ਭਾਰਤ ਵਿਚ ਹੋਈਆਂ ਪਿਛਲੀਆਂ ਦੋ ਮਰਦਮਸ਼ੁਮਾਰੀਆਂ ਵਿਚ ਇਹ ਗੱਲ ਉਭਰ ਕੇ ਆਈ ਹੈ ਕਿ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਇਸ ਦੀ ਇਕ ਵਜ੍ਹਾ ਤਾਂ ਧੀਆਂ ਨੂੰ ਬੋਝ ਸਮਝ ਕੇ ਉਨ੍ਹਾਂ ਵੱਲ ਬਹੁਤਾ ਧਿਆਨ ਨਾ ਦਿੱਤੇ ਜਾਣਾ ਹੈ ਜਿਸ ਕਰਕੇ ਬਾਲ ਉਮਰ ਵਿਚ ਉਨ੍ਹਾਂ ਦੀ ਮੌਤ ਦਰ ਮੁੰਡਿਆਂ ਦੇ ਮੁਕਾਬਲੇ ਵੱਧ ਹੈ। ਦੂਜਾ ਵੱਡਾ ਕਾਰਨ ਧੀਆਂ ਦਾ ਕੁੱਖਾਂ ਵਿਚ ਹੀ ਕਤਲ ਕਰ ਦੇਣ ਦੀ ਲਾਅਨਤ ਹੈ। ਦੇਸ਼ ਤੋਂ ਬਾਹਰ ਅਸੀਂ ਭਾਰਤੀ ਆਪਣੀ ਇਹ ਬੁਰਾਈ ਪਰਦੇਸਾਂ ਵਿਚ ਵੀ ਨਾਲ ਲੈ ਕੇ ਆਏ ਹਾਂ। ਕੁਝ ਅਖਬਾਰਾਂ ਵਿਚ ਗਰਭ ਦੌਰਾਨ ਬੱਚੇ ਦੇ ਲੜਕਾ ਜਾਂ ਲੜਕੀ ਹੋਣ ਬਾਰੇ ਟੈਸਟ ਦੇ ਇਸ਼ਤਿਹਾਰ ਇਸੇ ਸੋਚ ਵੱਲ ਸੰਕੇਤ ਕਰਦੇ ਹਨ। ਸਵਾਲ ਇਹ ਹੈ ਕਿ ਜੇ ਕੁੜੀਆਂ ਦੀ ਗਿਣਤੀ ਇਸੇ ਤਰ੍ਹਾਂ ਘਟਦੀ ਰਹੀ ਤਾਂ ਸਮਾਜ ਵਿਚ ਆ ਰਿਹਾ ਇਹ ਅਸੰਤੁਲਨ ਸਾਨੂੰ ਕਿਥੇ ਲੈ ਕੇ ਜਾਏਗਾ?

ਧੀਆਂ ਨੂੰ ਅਸੀਂ ਧਿਆਣੀਆਂ ਕਹਿ ਕੇ ਸਤਿਕਾਰਦੇ ਹਾਂ ਤੇ ਦੂਜੇ ਪਾਸੇ ਉਨ੍ਹਾਂ ਹੀ ਧੀਆਂ ਨੂੰ ਜੰਮਣ ਤੋਂ ਪਹਿਲਾਂ ਮਾਰਦੇ ਹਾਂ। ਜ਼ਰਾ ਆਪਣੇ ਤੋਂ ਪੁੱਛ ਕੇ ਵੇਖੀਏ, ਅਗਰ ਮੇਰੀ ਨਾਨੀ ਨਾ ਹੁੰਦੀ ਤਾਂ ਮੇਰੀ ਮਾਂ ਕਿਥੋਂ ਹੁੰਦੀ? ਅਤੇ ਜੇ ਮੇਰੀ ਮਾਂ ਨਾ ਹੁੰਦੀ ਤਾਂ ਮੈਂ ਕਿਥੇ ਜੱਗ ਵੇਖਣਾ ਸੀ?

ਧੀਆਂ ਨੂੰ ਕੁੱਖ ਵਿਚ ਮਾਰਨ ਦੀ ਲਾਅਨਤ ਦੀ ਸਭ ਤੋਂ ਵੱਡੀ ਵਜ੍ਹਾ ਧੀਆਂ ਦੇ ਮਾੜੇ ਨਸੀਬ



ਸਮਝੇ ਜਾਂਦੇ ਹਨ। ਮਾਪੇ ਅਸਲ ਵਿਚ ਧੀਆਂ ਦੇ ਲੇਖਾਂ ਤੋਂ ਡਰਦੇ ਹਨ ਕਿਉਂਕਿ ਜਿਸ ਦੀ ਧੀ ਦੁਖੀ ਉਸ ਦਾ ਸਾਰਾ ਜੱਗ ਦੁਖੀ। ਦਾਜ ਵੀ ਧੀਆਂ ਨੂੰ ਜੰਮਣ ਤੋਂ ਬਾਅਦ ਕਤਲ ਕਰਨ ਦਾ ਸਭ ਤੋਂ ਵੱਡਾ ਕਰਨ ਹੈ। ਜੇ ਧੀਆਂ ਵਾਲਿਆਂ ਤੋਂ ਦਾਜ ਲੈਣ ਦੀ ਥਾਂ ਧੀਆਂ ਨੂੰ ਦਾਜ ਦੇਣ ਦੀ ਰੀਤ ਹੁੰਦੀ ਅਤੇ ਮੁੰਡਿਆਂ ਦੇ ਆਪਣਾ ਘਰ ਛੱਡ ਸਹੁਰੇ ਘਰ ਰਹਿਣ ਦਾ ਰਿਵਾਜ ਹੁੰਦਾ ਤਾਂ ਧੀਆਂ ਦੀਆਂ ਵੀ ਲੋਹੜੀਆਂ ਮਨਾਈਆਂ ਜਾਣੀਆਂ ਸਨ ਅਤੇ ਘੋੜੀਆਂ ਗਾਈਆਂ ਜਾਣੀਆਂ ਸਨ। ਕਿਸੇ ਵੀ ਧੀ ਦਾ ਕਤਲ ਨਹੀਂ ਸੀ ਹੋਣਾ, ਸਗੋਂ ਧੀਆਂ ਜੰਮਣ ਲਈ ਅਰਦਾਸਾਂ ਹੋਇਆ ਕਰਦੀਆਂ।

ਸਾਡੇ ਸਮਾਜ ਵਿਚ ਪਿਆਰ ਪਾਉਣ ਤੇ ਜੀਵਨ ਸਾਥੀ ਚੁਣਨ ਦੇ ਮਾਮਲੇ ਵਿਚ ਮੁੰਡੇ ਅਤੇ ਕੁੜੀ ਲਈ ਵੱਖੋ ਵੱਖ ਪੈਮਾਨੇ ਦਾ ਹੋਣਾ ਵੀ ਧੀਆਂ ਪ੍ਰਤੀ ਸਾਡੀ ਸੋਚ ਲਈ ਇਕ ਜ਼ਿੰਮੇਵਾਰ ਕਾਰਨ ਹੈ। ਜੇ ਪੁੱਤਰ ਕਿਸੇ ਕੁੜੀ ਨਾਲ ਪਿਆਰ ਦੀ ਪੀਂਘ ਝੂਟੇ ਤਾਂ ਸਾਨੂੰ ਬਹੁਤ ਘੱਟ ਇਤਰਾਜ਼ ਹੁੰਦਾ ਹੈ ਪਰ ਜੇ ਧੀ ਪਿਆਰ ਦੇ ਰਾਹ ਤੁਰੇ ਤਾਂ ਸਾਡੀ ਇੱਜ਼ਤ, ਸਾਡੀ ਪੱਗ ਨੂੰ ਦਾਗ ਲੱਗਣ ਲੱਗ ਜਾਂਦਾ ਹੈ। ਪਿਛਲੇ ਕੁਝ ਸਮੇਂ ਵਿਚ ਇਸ ਸਬੰਧੀ ਸਾਡੀ ਸਮਾਜਿਕ ਸੋਚ ਵਿਚ ਕੁਝ ਫਰਕ ਪਿਆ ਹੈ। ਫਿਰ ਵੀ ਦਿੱਤੀ ਹੋਈ ਸਥਿਤੀ ਵਿਚ ਇਹ ਕਹਿਣ ਵਿਚ ਕੋਈ ਅਤਿ ਕਥਨੀ ਨਹੀਂ ਕਿ ਕਈ ਵਾਰ ਧੀਆਂ ਪ੍ਰਤੀ ਮਾਪਿਆਂ ਦੀ ਪੱਖਪਾਤੀ ਸੋਚ ਦਾ ਕਾਰਨ ਉਹ ਖੁਦ ਬਣਦੀਆਂ ਹਨ। ਧੀਆਂ ਵੀਰ ਦੀ ਰੱਖੜੀ ਅਤੇ ਪਿਓ ਦੀ ਪਗੜੀ ਹੁੰਦੀਆਂ ਹਨ। ਪਰ ਜਦੋਂ ਕਈ ਧੀਆਂ ਪਿਓ ਦੀ ਪੱਗ ਨੂੰ ਦਾਗ ਲਾਉਂਦੀਆਂ ਹਨ ਤਾਂ ਹੋਰ ਮਾਪਿਆਂ ਨੂੰ ਅਣਜੰਮੀਆਂ ਧੀਆਂ ਨੂੰ ਕੁੱਖ ਵਿਚ ਹੀ ਮਾਰਨ ਦੀ ਸੋਚ ਵੱਲ ਤੋਰ ਦਿੰਦੀਆਂ ਹਨ। ਸਾਡੀ ਪੰਜਾਬੀਆਂ ਦੀ ਆਦਤ ਬਣ ਚੁਕੀ ਹੈ, ਸਿਰ ਉਚਾ ਕਰਕੇ ਜਿਉਣ ਦੀ। ਕੋਈ ਨਹੀਂ ਚਾਹੁੰਦਾ ਕਿ ਕਿਸੇ ਦੀ ਧੀ-ਭੈਣ ਕੋਈ ਅਜਿਹਾ ਕੰਮ ਕਰਕੇ ਜਿਸ ਨਾਲ ਖਾਨਦਾਨ ਦੀ ਇੱਜ਼ਤ ਮਿੱਟੀ ਵਿਚ ਰੁਲ ਜਾਵੇ। ਜਦੋਂ ਧੀ ਨੂੰ ਆਪਣੇ ਮੋਢਿਆਂ 'ਤੇ ਖਿਡਾਉਣ ਵਾਲੇ ਬਾਪ ਦੀ ਧੀ ਉਸ ਦੀ ਇੱਜ਼ਤ ਪੈਰਾਂ ਵਿਚ ਰੋਲਦੀ ਹੈ ਤਾਂ ਉਦੋਂ ਸੁਭਾਵਿਕ ਹੀ ਉਸ ਦੇ ਮੂੰਹੋਂ ਨਿਕਲਦਾ ਹੈ, ਤੈਨੂੰ ਜੰਮਦੀ ਨੂੰ ਹੀ ਕਿਉਂ ਨਾ ਮਾਰ ਦਿੱਤਾ।

ਧੀਆਂ-ਭੈਣਾਂ ਨੂੰ ਵੀ ਇਹ ਖਿਆਲ ਕਰਨਾ ਚਾਹੀਦਾ ਹੈ ਕਿ ਉਹ ਆਪਣੇ ਭਰਾਵਾਂ ਅਤੇ ਮਾਪਿਆਂ ਦੀ ਇੱਜ਼ਤ ਨੂੰ ਦਾਗ ਲਾਉਣ ਵਾਲਾ ਕੋਈ ਕੰਮ ਨਾ ਕਰਨ ਤਾਂ ਕਿ ਧੀਆਂ ਪ੍ਰਤੀ ਸਮਾਜ ਦੇ ਵਰਤਾਰੇ ਨੂੰ ਬਦਲਿਆ ਜਾ ਸਕੇ। ਵਾਹਿਗੁਰੂ ਅੱਗੇ ਵੀ ਅਰਦਾਸ ਹੈ:

ਕੋਈ ਐਸੀ ਰੀਤ ਚਲਾ ਰੱਬਾ,
ਕੋਈ ਐਸੀ ਹਵਾ ਚਲਾ ਰੱਬਾ।
ਨਾ ਹੰਝੂਆਂ ਦੇ ਹਾਰ ਪਰੋਣ ਧੀਆਂ,
ਨਾ ਕਤਲ ਕੁੱਖਾਂ ਵਿਚ ਹੋਣ ਧੀਆਂ।

*ਫੋਨ:513-432-9754

# ਗੁਲਜ਼ਾਰ ਤੇ ਪ੍ਰਕਾਸ਼ ਝਾਅ ਦੇ ਸਿਨੇਮਾ ਦੀਆਂ ਬਾਤਾਂ



ਗੁਲਜ਼ਾਰ

**ਗੁਲਜ਼ਾਰ ਅਤੇ ਪ੍ਰਕਾਸ਼ ਝਾਅ ਭਾਰਤੀ ਸਿਨੇਮਾ ਦੇ ਅਜਿਹੇ ਥੰਮ੍ਹ ਹਨ ਜਿਨ੍ਹਾਂ ਨੇ ਆਪੋ-ਆਪਣੀਆਂ ਫਿਲਮਾਂ ਵਿਚ ਸਿਆਸਤ ਦੀ ਗੱਲ ਬਹੁਤ ਜ਼ੋਰਦਾਰ ਢੰਗ ਨਾਲ ਕੀਤੀ ਹੈ। ਗੁਲਜ਼ਾਰ ਦੀਆਂ ਫਿਲਮਾਂ ਦਾ ਕਲਾ ਪੱਖ ਵੀ ਵਿਚਾਰਧਾਰਾ ਜਿੰਨਾ ਹੀ ਭਰਪੂਰ ਹੁੰਦਾ ਹੈ। ਪ੍ਰਕਾਸ਼ ਝਾਅ ਨੇ ਜਿਸ ਤਰ੍ਹਾਂ ਵਪਾਰਕ ਅਤੇ ਕਲਾ ਸਿਨੇਮਾ ਦੀ ਜੁਗਲਬੰਦੀ ਕੀਤੀ ਹੈ, ਭਾਰਤੀ ਸਿਨੇਮਾ ਵਿਚ ਉਹ ਆਪਣੀ ਮਿਸਾਲ ਆਪ ਹੈ। ਇਨ੍ਹਾਂ ਦੋਹਾਂ ਸ਼ਖ਼ਸਾਂ ਨੇ ਭਾਰਤੀ ਸਿਨੇਮਾ ਉਤੇ ਡਾਢਾ ਅਸਰ ਪਾਇਆ ਹੈ ਅਤੇ ਅੱਜ ਵੀ ਪਾ ਰਹੇ ਹਨ। -ਸੰਪਾਦਕ**



ਪ੍ਰਕਾਸ਼ ਝਾਅ

**ਹਰਪ੍ਰੀਤ ਸਿੰਘ ਕਾਹਲੋਂ**

ਸਿਆਸਤ ਦੀਆਂ ਪਰਤਾਂ ਨੂੰ ਵਿਦਵਾਨ ਖੋਲ੍ਹਦੇ ਰਹੇ ਅਤੇ ਸਿਆਸਤ ਦੇ ਵੱਡੇ-ਵੱਡੇ ਗ੍ਰੰਥ ਬਣਦੇ ਰਹੇ ਪਰ ਸਿਆਸਤ ਦੇ ਬਹੁਤੇ ਭੇਤ ਅਜੇ ਵੀ ਛਾਣਨੀ ਨਾਲ ਛਾਨਣੇ ਬਾਕੀ ਹਨ। ਮੰਡਲ ਕਮਿਸ਼ਨ ਵੱਲੋਂ ਦਿੱਤੀ ਪਰਿਭਾਸ਼ਾ 'ਤੇ ਗੌਰ ਕੀਤਾ ਜਾਵੇ ਤਾਂ ਭਾਰਤ ਦੀ ਸਿਆਸਤੀ ਤਸਵੀਰ ਭਾਵੇਂ ਸੰਵਿਧਾਨ ਮੁਤਾਬਕ ਧਰਮ ਨਿਰਪੱਖਤਾ ਦੀ ਗਵਾਹੀ ਭਰਦੀ ਹੋਵੇ ਪਰ ਇਸ ਸਿਆਸਤ ਦੀ ਚਰਖੜੀ ਸਿਰਫ ਤੇ ਸਿਰਫ, ਧਰਮ ਤੇ ਜਾਤ ਦੇ ਪ੍ਰਸੰਗ ਵਿਚ ਹੀ ਘੁੰਮਦੀ ਹੈ। ਆਖਰ ਸਾਰੀ ਖੇਡ ਵੋਟ ਬੈਂਕ ਦੀ ਜੋ ਹੈ ਜਿਸ ਰਾਹੀ ਪੰਜਾਬ ਵਿਚ ਅਕਾਲੀ ਦਲ ਮੀਰੀ-ਪੀਰੀ ਦੀ ਚਰਚਾ ਕਰਦੀ ਨਜ਼ਰ ਆਵੇਗੀ, ਛਤੀਸਗੜ੍ਹ ਵਿਚ ਕਾਂਗਰਸ ਆਦਿਵਾਸੀਆਂ ਦਾ ਸਹਾਰਾ ਲੈਂਦੀ ਹੈ, ਤੇ ਦਿੱਲੀ ਵਿਚ ਮੱਧਵਰਗੀ ਪਰਿਵਾਰ ਨੂੰ ਤਰਜੀਹ ਦਿੱਤੀ ਜਾਂਦੀ ਹੈ। ਮਹਾਂਰਾਸ਼ਟਰ ਵਿਚ ਮਰਾਠੀ ਮਾਨੂਸ਼ ਦਾ ਰਾਗ ਅਲਾਪਿਆ ਜਾਂਦਾ ਹੈ ਤੇ ਉਤਰ ਪ੍ਰਦੇਸ਼ ਵਿਚ ਮੁਸਲਿਮ ਭਾਈਚਾਰੇ ਦੀ ਫਿਕਰ ਕੁਝ ਜ਼ਿਆਦਾ ਹੀ ਹੁੰਦੀ ਹੈ। ਸਿਆਸਤ ਕੀ ਹੈ, ਇਸ ਨੂੰ ਇਕ ਸ਼ੇਅਰ ਭਲੀਭਾਂਤ ਉਜਾਗਰ ਕਰਦਾ ਹੈ:

ਮਸਲਤ-ਏ-ਆਮੇਜ਼ ਹੋਤੇ ਹੈ
ਯੇ ਸਿਆਸਤ ਕੇ ਕਦਮ,
ਤੂੰ ਅਭੀ ਨਹੀਂ ਸਮਝੇਗਾ
ਤੂੰ ਅਭੀ ਇਨਸਾਨ ਹੈ।

ਸਿਆਸਤ ਆਧਾਰਤ ਇਹ ਫਿਲਮਾਂ ਭਾਰਤੀ ਦਰਸ਼ਕਾਂ ਵੱਲੋਂ ਸਰਾਹੀਆਂ ਵੀ ਗਈਆਂ ਹਨ। ਆਖਰ ਇਨ੍ਹਾਂ ਫਿਲਮਾਂ ਪਿੱਛੇ ਭਾਰਤੀ ਸਿਨੇਮਾ ਦੇ ਦਰਸ਼ਕਾਂ ਦੀ ਕੀ ਮਾਨਸਿਕਤਾ ਰਹਿੰਦੀ ਹੋਵੇਗੀ? ਹੁਣ ਤੱਕ ਅਮਿਤਾਬ ਬੱਚਨ ਨੇ 'ਐਂਗਰੀ ਯੰਗਮੈਨ' ਦੀ ਭੂਮਿਕਾ ਵਿਚ ਭਾਰਤੀ ਸਿਨੇਮਾ ਦੇ ਦਰਸ਼ਕਾਂ ਦੇ ਦਿਲਾਂ ਵਿਚ ਜੋ ਜਗ੍ਹਾ ਬਣਾਈ ਹੈ ਤਾਂ ਉਸ ਦਾ ਮੁੱਢਲਾ ਕਾਰਨ ਵੀ ਇਹੋ ਹੈ ਕਿ ਭਾਰਤੀ ਲੋਕ ਸਿਆਸਤ ਪ੍ਰਤੀ ਆਪਣਾ ਰੋਸ, ਬੇਰੁਖੀ, ਨਾਰਾਜ਼ਗੀ ਨੂੰ ਅਜਿਹੇ ਨਾਇਕ ਦੇ ਮਾਰਫਤ ਵਿਖਾਉਂਦੇ ਹੋਏ ਆਪਣੀ ਸੰਵੇਦਨਾ ਨੂੰ ਸੰਤੁਸ਼ਟ ਕਰਦੇ ਹਨ। ਜਿਸ ਵਜੋਂ ਅਮਿਤਾਬ ਬੱਚਨ ਨੂੰ ਅਜਿਹੀ ਫਿਲਮਾਂ ਤੋਂ ਸਫਲਤਾ ਮਿਲੀ ਤੇ ਭਾਰਤੀ ਦਰਸ਼ਕਾਂ ਨੂੰ ਆਪਣਾ ਗੁੱਸਾ ਠੰਢਾ ਕਰਨ ਦਾ ਮੌਕਾ ਮਿਲਦਾ ਰਿਹਾ।

ਅਰਥਸ਼ਾਸਤਰ ਦੇ ਨੋਬਲ ਪੁਰਸਕਾਰ ਪ੍ਰਾਪਤ ਪ੍ਰੋ. ਅਮ੍ਰਿਤਯਾ ਸੇਨ ਦੀ ਟਿੱਪਣੀ ਇਸ ਚਰਚਾ ਨੂੰ ਸੁਚੱਜੇ ਰੂਪ ਵਿਚ ਉਜਾਗਰ ਕਰ ਸਕਦੀ ਹੈ। ਉਨ੍ਹਾਂ ਮੁਤਾਬਕ ਭਾਰਤੀ ਲੋਕ, ਸੰਵਾਦ ਨੂੰ ਬਹੁਤ ਪਸੰਦ ਕਰਦੇ ਹਨ।

ਅਮ੍ਰਿਤਯਾ ਸੇਨ ਮੁਤਾਬਕ ਭਾਰਤੀ ਸਰਜ਼ਮੀਨ 'ਤੇ ਕਿਹੜੇ ਪਹਿਲੂ ਵੱਧ ਰੂਪਮਾਨ ਹਨ, ਇਸ ਬਾਰੇ ਬਹੁਤ ਹੱਦ ਤੱਕ ਸਾਫ ਹੋ ਜਾਂਦਾ ਹੈ। ਭਾਰਤੀ ਸਿਨੇਮਾ ਵਿਚ ਇਸ ਵਿਸ਼ੇ ਨੂੰ ਗੁਲਜ਼ਾਰ ਤੋਂ ਲੈ ਕੇ ਗੋਵਿੰਦ ਨਹਿਲਾਨੀ, ਸ਼ਿਆਮ ਬੈਨੇਗਲ, ਖਾਲਿਦ ਮਹਿਮੂਦ, ਅਨੁਰਾਗ ਕਸ਼ਅਪ, ਰਾਮ ਗੋਪਾਲ ਵਰਮਾ ਆਪਣੀਆਂ ਫਿਲਮਾਂ ਦਾ ਵਿਸ਼ਾ ਬਣਾਉਂਦੇ ਰਹੇ ਹਨ। ਪ੍ਰਕਾਸ਼ ਝਾਅ ਦਾ ਸਿਨੇਮਾ ਤਾਂ ਸਿਆਸਤ ਦੀਆਂ ਬਹੁਤ ਡੂੰਘੀਆਂ ਪਰਤਾਂ ਤੱਕ ਪਹੁੰਚ ਕਰਦਾ ਆਇਆ ਹੈ। 'ਮ੍ਰਿਤਿਯੂਦੰਡ', 1984 ਵਿਚ ਆਈ ਦੀਪਤੀ ਨਵਲ ਦੀ ਫਿਮਲ 'ਦਾਮੁਲ', ਭਾਗਲਪੁਰ ਤੇਜ਼ਾਬ ਕਾਂਡ 'ਤੇ ਆਧਾਰਤ 'ਗੰਗਾਜਲ', ਬਿਹਾਰ ਦੀ ਸਿਆਸਤ ਵਿਚ ਗੁੰਡਾਰਾਜ ਸਿਆਸਤ ਨੂੰ ਬੇਪਰਦ ਕਰਦੀ 'ਅਪਹਰਣ', ਭਾਰਤੀ ਪ੍ਰਾਚੀਨ ਗ੍ਰੰਥ ਮਹਾਂਭਾਰਤ ਨੂੰ ਆਧਾਰ ਬਣਾ ਕੇ ਬਣਾਈ ਫਿਲਮ 'ਰਾਜਨੀਤੀ' ਤੱਕ ਪ੍ਰਕਾਸ਼ ਝਾਅ ਇਸ ਸਿਆਸਤੀ ਪ੍ਰਬੰਧ ਦੀਆਂ ਊਣਤਾਈਆਂ ਨੂੰ ਬੇਪਰਦ ਕਰ ਚੁਕੇ ਹਨ।

ਗੁਲਜ਼ਾਰ ਦੀ ਫਿਲਮ 'ਆਂਧੀ' (1975) ਕੀ ਸਿਰਫ ਗੀਤਾਂ ਕਾਰਨ ਯਾਦ ਕੀਤੀ ਜਾਂਦੀ ਹੈ? ਯਕੀਨਨ ਹਾਂ। ਇਸ ਫਿਲਮ ਦੇ ਗੀਤ ਵੀ ਗੁਲਜ਼ਾਰ ਦੀ ਕਲਮੀ ਸੰਵੇਦਨਾ ਦਾ ਜਾਦੂ ਹਨ ਪਰ ਇਹ ਫਿਲਮ ਆਪਣੇ ਵਿਸ਼ੇ ਨੂੰ ਲੈ ਕੇ ਭਾਰਤੀ ਸਿਨੇਮਾ ਵਿਚ ਸਿਆਸਤ ਆਧਾਰਤ ਫਿਲਮਾਂ ਵਿਚ ਮੁੱਢਲੀ ਕਤਾਰ ਦੀ ਫਿਲਮ ਹੈ। ਸੰਜੀਵ ਕੁਮਾਰ, ਸੁਚਿੱਤਰਾ ਸੇਨ (ਦੇਵਦਾਸ, 1955 ਫੇਮ) ਦੀ ਅਦਾਕਾਰੀ ਨਾਲ ਸਜੀ ਇਹ ਫਿਲਮ ਸਾਰੇ ਭਾਰਤ ਵਿਚ ਰਿਲੀਜ਼ ਨਹੀਂ ਸੀ ਹੋਈ। ਇਸ ਦਾ ਕਾਰਨ ਸਨ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ (1917-1984)। 1977 ਵਿਚ ਜਦੋਂ ਇੰਦਰਾ ਗਾਂਧੀ ਸੱਤਾ ਵਿਚ ਨਾ ਰਹੀ, ਤੇ ਜਨਤਾ ਪਾਰਟੀ ਦਾ ਰਾਜ ਆਇਆ ਤਾਂ ਉਸ ਸਮੇਂ ਵਿਚ ਇਸ ਫਿਲਮ ਦਾ ਪ੍ਰੀਮੀਅਰ ਨੈਸ਼ਨਲ ਟੈਲੀਵਿਜ਼ਨ 'ਤੇ ਕੀਤਾ ਗਿਆ ਸੀ। ਇਸ ਫਿਲਮ ਨੂੰ ਇੰਦਰਾ ਗਾਂਧੀ ਦੇ ਜੀਵਨ 'ਤੇ ਆਧਾਰਤ ਐਲਾਨਿਆ ਜਾ ਰਿਹਾ ਸੀ ਪਰ ਅਸਲ ਵਿਚ ਇਸ ਫਿਲਮ ਦਾ ਸਬੰਧ ਭਾਰਤ ਦੀ ਪਹਿਲੀ ਔਰਤ ਸਿਆਸਤਦਾਨ ਦੇ ਵਜੋਂ ਮਸ਼ਹੂਰ ਹੋਈ ਬਿਹਾਰ ਤੋਂ ਆਜ਼ਾਦੀ ਸੰਘਰਸ਼ ਵਿਚ ਆਪਣਾ ਯੋਗਦਾਨ ਪਾਉਣ ਵਾਲੀ 'ਤਾਰਾਕੇਸ਼ਵਰੀ ਸਿਨਹਾ' ਨਾਲ ਸੀ। ਸਿਆਸੀ ਰਿਸ਼ਤਿਆਂ ਦੀ ਮਨੋਦਸ਼ਾ ਕਿਸ ਤਰ੍ਹਾਂ ਬਦਲਦੀ/ਵਿਚਰਦੀ ਹੈ, ਇਸ ਫਿਲਮ ਵਿਚ ਬਾਖੂਬੀ ਬਿਆਨ ਕੀਤਾ ਗਿਆ ਸੀ।

**'ਮਾਚਿਸ' (1996) ਫਿਲਮ ਗੁਲਜ਼ਾਰ ਦੇ ਦਿਲ ਦੇ ਬਹੁਤ ਨੇੜੇ ਰਹੀ ਹੈ। ਸਿਸਟਮ ਦੀ ਅਸਫਲਤਾ, ਨਾਰਾਜ਼ ਲੋਕ, ਬਗਾਵਤੀ ਸੁਰਾਂ ਦੇ ਕਾਰਨ 1984 ਦੇ ਸਿੱਖ ਕਤਲੇਆਮ ਵੇਲੇ ਪੰਜਾਬ ਵਿਚ ਆਮ ਆਦਮੀ ਦੀ ਦਸ਼ਾ ਨੂੰ ਇਸ ਫਿਲਮ ਵਿਚ ਸਮੇਟਣ ਦੀ ਚੰਗੀ ਕੋਸ਼ਿਸ਼ ਕੀਤੀ ਗਈ ਸੀ।**

'ਮਾਚਿਸ' (1996) ਫਿਲਮ ਗੁਲਜ਼ਾਰ ਦੇ ਦਿਲ ਦੇ ਬਹੁਤ ਨੇੜੇ ਰਹੀ ਹੈ। ਸਿਸਟਮ ਦੀ ਅਸਫਲਤਾ, ਨਾਰਾਜ਼ ਲੋਕ, ਬਗਾਵਤੀ ਸੁਰਾਂ ਦੇ ਕਾਰਨ 1984 ਦੇ ਸਿੱਖ ਕਤਲੇਆਮ ਵੇਲੇ ਪੰਜਾਬ ਵਿਚ ਆਮ ਆਦਮੀ ਦੀ ਦਸ਼ਾ ਨੂੰ ਇਸ ਫਿਲਮ ਵਿਚ ਸਮੇਟਣ ਦੀ ਚੰਗੀ ਕੋਸ਼ਿਸ਼ ਕੀਤੀ ਗਈ ਸੀ। ਇਸ ਫਿਲਮ ਬਾਰੇ ਗੁਲਜ਼ਾਰ ਨੇ ਕਿਹਾ ਸੀ ਕਿ ਪੰਜਾਬ ਵਿਚ ਖਾੜਕੂਵਾਦ ਦੇ ਦੌਰ 'ਤੇ ਫਿਲਮ ਬਣਾਉਣਾ ਉਨ੍ਹਾਂ ਦੇ ਜ਼ਿਹਨ ਵਿਚ ਹਮੇਸ਼ਾ ਰਿਹਾ ਸੀ, ਬੱਸ ਉਹ ਨਹੀਂ ਸਨ ਚਾਹੁੰਦੇ ਕਿ ਇਸ ਵਿਸ਼ੇ 'ਤੇ ਉਸ ਨਾਜ਼ੁਕ ਦੌਰ ਵਿਚ ਅਜਿਹੀ ਫਿਲਮ ਦੀ ਵਿਉਂਤਬੰਦੀ ਕੀਤੀ ਜਾਵੇ। ਉਹ ਅਕਸਰ ਆਪਣੀ ਕਿਸੇ ਇੰਟਰਵਿਊ ਵਿਚ ਇਸ ਗੱਲ ਦਾ ਗਾਹੇ-ਬਗਾਹੇ ਜ਼ਿਕਰ ਕਰਦੇ ਹਨ ਕਿ 1947 ਅਤੇ 84 ਦਾ ਪੰਜਾਬ ਵਿਚ ਮਾੜਾ ਦੌਰ ਉਨ੍ਹਾਂ ਨੂੰ ਬਹੁਤ ਸਤਾਉਂਦਾ ਹੈ। ਉਨ੍ਹਾਂ ਮੁਤਾਬਕ ਉਸ ਦੌਰ ਵਿਚ ਅੱਧ-ਜਲੀਆਂ ਲਾਸ਼ਾਂ ਵੀ ਦੇਖੀਆਂ ਸਨ, ਤੇ ਲਾਸ਼ਾਂ ਨੂੰ ਖੁਰਚਣੇ ਨਾਲ ਸੜਕਾਂ ਤੋਂ ਇੱਕਠੇ ਕਰਦੇ ਵੀ ਦੇਖਿਆ ਸੀ। ਕਿਰਪਾਲ ਸਿੰਘ (ਚੰਦਰਚੂਹੜ ਸਿੰਘ) ਤੇ ਵਰਿੰਦਰ ਕੌਰ ਵੀਰਾਂ (ਤੱਬੂ) ਫਿਲਮ ਦੇ ਉਹ ਪਾਤਰ ਸਨ ਜੋ ਉਨ੍ਹਾਂ ਸਮਿਆਂ ਵਿਚ ਸਿਆਸਤ ਦੀ ਦੋਗਲੀ ਨਜ਼ਰ ਨੂੰ ਬੇਪਰਦ ਕਰਦੇ ਹਨ। ਇਸ ਫਿਲਮ ਵਿਚ ਗੀਤਾਂ ਦੇ ਕੁਝ ਹਰਫ ਪੰਜਾਬ ਵਿਚ ਚੰਗੇ ਪ੍ਰਬੰਧ ਦੇ ਨਾਮ 'ਤੇ ਫੈਲੇ ਅੱਤਿਆਚਾਰ ਅਤੇ ਮਨੁੱਖਤਾ ਦੇ ਘਾਣ ਨੂੰ ਭਲੀਭਾਂਤ ਪੇਸ਼ ਕਰਦੇ ਹਨ:

ਦਿਲ ਦਰਦ ਕਾ ਟੁਕੜਾ ਹੈ,
ਪੱਥਰ ਕੀ ਡਲੀ ਸੀ ਹੈ,
ਇਕ ਅੰਧਾ ਕੂਆਂ ਹੈ
ਜਾਂ ਇਕ ਬੰਦ ਗਲੀ ਸੀ ਹੈ,
ਇਕ ਛੋਟਾ ਸਾ ਲਮਹਾ ਹੈ
ਜੋ ਖ਼ਤਮ ਨਹੀਂ ਹੋਤਾ,
ਮੈਂ ਲਾਖ ਜਲਾਤਾ ਹੂੰ
ਯੇ ਭਸਮ ਨਹੀਂ ਹੋਤਾ।

'ਹੂ-ਤੂ-ਤੂ' (1999) ਫਿਲਮ ਗੁਲਜ਼ਾਰ ਦੀਆਂ ਅਸਫਲ ਫਿਲਮਾਂ ਚੋਂ ਇਕ ਸੀ ਪਰ ਇਸ ਫਿਲਮ ਨੂੰ ਵਿਚਾਰਾਤਮਕ ਪੱਖ ਤੋਂ ਅਸਫਲ ਨਹੀਂ ਐਲਾਨਿਆ ਜਾ ਸਕਦਾ। ਸਿਆਸਤ ਅਤੇ ਸਨਅਤ ਦਾ ਮਿਸ਼ਰੀਘੋਲ ਆਖਰ ਸਿਸਟਮ ਵਿਚ ਕਿੰਜ ਨਿਜੀ ਫਾਇਦਿਆਂ ਤੇ ਨੁਕਸਾਨ ਵਿਚ ਗੁਜ਼ਰਦਾ ਹੈ, ਇਸ ਫਿਲਮ ਵਿਚ ਬਿਆਨ ਕੀਤਾ ਗਿਆ ਸੀ। ਇਕ ਦਲਿਤ ਆਗੂ (ਨਾਨਾ ਪਾਟੇਕਰ) ਜੋ ਆਵਾਮ ਦੀ ਅਵਾਜ਼ ਹੈ, ਦਾ ਇਕ ਸੰਵਾਦ ਪੂਰੇ ਸਿਸਟਮ ਵਿਚ ਲੋਕਾਂ ਦੀ ਆਵਾਜ਼ ਬਿਆਨ ਕਰਦਾ ਸੀ, "ਹਮ ਲੋਗ ਤੋ ਗੋਬਰ ਕੇ ਉਪਲੇ ਹੈਂ, ਇਤਿਹਾਸ ਕੇ ਢੇਰ ਕੇ ਨੀਚੇ ਦਬ ਕਰ ਰਹਿ ਜਾਤੇ ਹੈ, ਏਕ ਬਾਰ ਕੋਈ ਆਗ ਲਗਾ ਕਰ ਤੋ ਦੇਖੇ, ਫਿਰ ਬਤਾਏਂਗੇ ਕਿ ਗੋਬਰ ਕੇ ਉਪਲੇ ਕਿਆ ਹੋਤੇ ਹੈ।" ਸਿਆਸਤ ਨੂੰ ਆਧਾਰ ਬਣਾ ਕੇ ਬਣਾਈ ਇਸ ਫਿਲਮ ਦੀ ਵਿਅੰਗਆਤਮਕ ਸ਼ੈਲੀ ਅਤੇ ਪੇਸ਼ਕਾਰੀ ਕਰਕੇ ਇਹ ਫਿਲਮ ਦੇਖਣੀ ਜ਼ਰੂਰ ਬਣਦੀ ਹੈ।



**ਫਿਲਮ 'ਮਾਚਿਸ' ਵਿਚ ਤੱਬੂ ਅਤੇ ਚੰਦਰਚੂਹੜ ਸਿੰਘ**

ਭਾਰਤੀ ਸਿਨੇਮਾ ਵਿਚ ਪ੍ਰਕਾਸ਼ ਝਾਅ ਅਜਿਹਾ ਨਾਮ ਹੈ ਜਿਸ ਨੇ ਸਮਾਜਿਕ ਸਰੋਕਾਰਾਂ ਨੂੰ ਸਿਨੇਮਾ ਵਿਚ ਬਹੁਤ ਅਹਿਮੀਅਤ ਦੇ ਨਾਲ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਬਿਹਾਰ ਦੀ ਸਿਆਸਤ ਦੇ ਚੱਪੇ-ਚੱਪੇ ਤੋਂ ਵਾਕਿਫ ਪ੍ਰਕਾਸ਼ ਝਾਅ ਨੇ ਬਿਹਾਰ ਦੀ ਨਬਜ਼ ਨੂੰ ਆਪਣੀਆਂ ਫਿਲਮਾਂ ਦਾ ਮੁੱਖ ਵਿਸ਼ਾ ਰੱਖਿਆ। ਭਾਰਤ ਦੀ ਸਿਆਸਤ ਵਿਚ ਬਿਹਾਰ ਨੇ ਹਮੇਸ਼ਾ ਆਪਣਾ ਰੰਗ ਵਖਾਇਆ ਹੈ। ਇਹ ਕੋਈ ਅੱਜ ਦੀ ਗੱਲ ਨਹੀਂ, ਪ੍ਰਚੀਨ ਭਾਰਤ ਤੋਂ ਲੈ ਕੇ ਅੱਜ ਤੱਕ ਬਿਹਾਰ ਭਾਰਤ ਦੀ ਸਿਆਸਤ ਦਾ ਕੇਂਦਰ ਬਿੰਦੂ ਰਿਹਾ ਹੈ। ਮੋਰੀਆ ਸਮਰਾਜ ਦੇ ਗੜ੍ਹ ਦੇ ਰੂਪ ਵਿਚ ਬਿਹਾਰ ਜੇ ਪ੍ਰਾਚੀਨ ਸਿਆਸਤ ਦਾ ਅਸ਼ੋਕ ਰਾਜ ਸੀ ਤਾਂ ਵਿੱਦਿਆ ਦੇ ਖੇਤਰ ਵਿਚ ਬਿਹਾਰ ਤਕਸ਼ਿਲਾ ਵਿਸ਼ਵ ਵਿਦਿਆਲਿਆ ਜਿਹੇ ਸਿੱਖਿਆ ਅਦਾਰਿਆਂ ਦੇ ਨਾਲ ਭਾਰਤੀ ਸੱਭਿਆਚਾਰ ਦਾ ਥੰਮ੍ਹ ਰਿਹਾ ਹੈ। ਬੁੱਧ ਧਰਮ ਦੀ ਅਸਲੀ ਅਤੇ ਮੁੱਢਲੀ ਸਰਜ਼ਮੀਨ ਬਿਹਾਰ ਹੀ ਸੀ, ਤੇ ਬੁੱਧ ਧਰਮ ਦੇ ਮਠ ਵਿਹਾਰ ਤੋਂ ਹੀ ਬਿਹਾਰ ਦਾ ਨਾਮਕਰਨ ਵਿਹਾਰ ਤੋਂ ਬਿਹਾਰ ਦੇ ਰੂਪ ਵਿਚ ਪ੍ਰਤਖ ਹੋਇਆ ਹੈ। ਐਸੇ ਅਮੀਰ ਬਿਹਾਰ ਦੀ ਅਜੋਕੀ ਵਿਰਾਸਤ ਬਹੁਤ ਸਾਰੇ ਕਾਲੇ ਤੇ ਗਰੀਬ ਕਾਰਨਾਮਿਆਂ ਕਰਕੇ ਮਸ਼ਹੂਰ ਹੈ। ਪ੍ਰਕਾਸ਼ ਝਾਅ ਦੇ ਸਿਨੇਮਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਪ੍ਰਕਾਸ਼ ਝਾਅ ਨੇ ਕਲਾ ਅਤੇ ਵਾਪਰਕ ਸਿਨੇਮਾ ਦੀ ਵਿੱਥ ਖਤਮ ਕਰਕੇ ਦੋਵਾਂ ਦਾ ਸੰਗਮ ਕੀਤਾ ਹੈ। ਇਸ ਜੁਗਲਬੰਦੀ 'ਚੋਂ ਹੀ ਪ੍ਰਕਾਸ਼ ਝਾਅ ਦੀਆਂ 'ਮ੍ਰਿਤਯੂਦੰਡ', 'ਗੰਗਾਜਲ', 'ਅਪਹਰਣ' ਤੇ 'ਰਾਜਨੀਤੀ' ਜਿਹੀਆਂ ਫਿਲਮਾਂ ਬਣੀਆਂ। ਇਹ ਪ੍ਰਕਾਸ਼ ਝਾਅ ਦਾ ਹੀ ਕਮਾਲ ਹੈ ਕਿ ਉਸ ਦੀਆਂ ਫਿਲਮਾਂ ਲਈ ਸ਼ੂਟਿੰਗ ਦੌਰਾਨ ਲੋਕਾਂ ਦੀ ਭੀੜ ਦਿਖਾਉਣ ਲਈ ਕਿਸੇ ਹੋਰ ਨਿਰਦੇਸ਼ਕ ਵਾਂਗੂ ਜਦੋਜਹਿਦ ਨਹੀਂ ਕਰਨੀ ਪੈਂਦੀ। ਪ੍ਰਕਾਸ਼ ਦੀਆਂ ਫਿਲਮਾਂ 'ਚੋਂ ਸਿਆਸਤ ਆਧਾਰਤ ਫਿਲਮ ਵਿਚ ਸਭ ਤੋਂ ਪਹਿਲਾ ਨਾਮ ਫਿਲਮ 'ਦਾਮੁਲ' ਦਾ ਹੈ।

'ਦਾਮੁਲ' (1984) ਭਾਵ ਮੌਤ ਤੱਕ ਬੰਨ੍ਹਿਆ ਹੋਇਆ ਗ਼ੁਲਾਮ। ਅੰਮ੍ਰਿਤਸਰ ਦੀ ਦੀਪਤੀ ਨਵਲ (ਪ੍ਰਕਾਸ਼ ਝਾਅ ਦੀ ਸਾਬਕਾ ਪਤਨੀ) ਦੀ ਅਦਾਕਾਰੀ ਨਾਲ ਸਜੀ ਇਹ ਫਿਲਮ ਬਿਹਾਰ ਦੇ ਸਾਹੀਵਾਲ ਨਾਲ ਸਬੰਧਤ ਹੈ। ਬੰਧੂਆ ਮਜ਼ਦੂਰ ਦੇ ਜਾਤੀ ਆਧਾਰਤ ਸਿਆਸਤ ਨੂੰ ਇਸ ਫਿਲਮ ਰਾਹੀਂ ਬਾਖੂਬੀ ਉਭਾਰਿਆ ਹੈ। ਇਹ ਫਿਲਮ ਇਸ ਪੱਖ ਵੱਲ ਵੀ ਇਸ਼ਾਰਾ ਕਰਦੀ ਹੈ ਕਿ ਬਿਹਾਰ ਦੇ ਮਜ਼ਦੂਰ ਕਿੰਜ ਆਪਣੀ ਰੋਜ਼ੀ-ਰੋਟੀ ਲਈ ਪੰਜਾਬ ਵੱਲ ਪਰਵਾਸ ਕਰਦੇ ਹਨ।

'ਗੰਗਾਜਲ' (2003) ਫਿਲਮ ਉਨ੍ਹਾਂ ਸਮਿਆਂ ਦੀ ਫਿਲਮ ਹੈ ਜਦੋਂ ਮੁਬੰਈ ਵਿਚ ਬਾਲੀਵੁੱਡ ਨੂੰ ਪੁਲਿਸ ਵਾਲੀਆਂ ਫਿਲਮ ਬਣਾਉਣ ਦਾ ਭੂਤ ਸਵਾਰ ਸੀ। ਉਸ ਸਮੇਂ ਪੁਲਿਸ ਨੂੰ ਆਧਾਰ ਬਣਾ ਕੇ 'ਗੰਗਾਜਲ' ਤੋਂ ਇਲਾਵਾ 'ਪੁਲਿਸ ਫੋਰਸ', 'ਆਨ' 'ਦੇਵ', 'ਖਾਕੀ' ਵਰਗੀਆਂ ਫਿਲਮਾਂ ਇੱਕਠੀਆਂ ਆਈਆਂ ਸਨ ਪਰ ਇਨ੍ਹਾਂ 'ਚੋਂ 'ਗੰਗਾਜਲ' ਸਾਰਥਕ ਸਿਨੇਮਾ ਦੀ ਸਭ ਤੋਂ ਉਤਮ ਫਿਲਮ ਸੀ। ਜੇ ਪੁਲਿਸ ਅਤੇ ਸਿਆਸਤ ਦੇ ਉਲਝਵੇਂ ਰਿਸ਼ਤਿਆਂ ਬਾਰੇ ਕੋਈ ਫਿਲਮ ਇਸ ਤੋਂ ਵਧੀਆ ਬਣੀ ਸੀ, ਤਾਂ ਉਹ ਸੀ 'ਦੇਵ' (ਅਮਿਤਾਬ ਬੱਚਨ) ਸਿਆਸਤਦਾਨਾਂ ਦੇ ਪ੍ਰਭਾਵ ਵਿਚ ਕਿਵੇਂ ਪੁਲਿਸ ਆਪਣੇ ਕੰਮ ਵੱਲ ਬੇਈਮਾਨ ਹੁੰਦੀ ਹੈ, ਤੇ ਇਕ ਇਮਾਨਦਾਰ ਪੁਲਿਸ ਮੁਲਾਜ਼ਮ ਸਾਹਮਣੇ ਕੀ ਮੁਸ਼ਕਿਲਾਂ ਦਰਪੇਸ਼ ਆਉਂਦੀਆਂ ਹਨ, ਇਸ ਫਿਲਮ ਵਿਚ ਇਸ ਨੂੰ ਚੰਗੀ ਤਰ੍ਹਾਂ ਬੁਣਿਆ ਹੈ। ਬਿਹਾਰ ਦੇ ਮਸ਼ਹੂਰ ਭਾਗਲਪੁਰ ਤੇਜ਼ਾਬ ਕਾਂਡ ਨੂੰ ਵੀ ਇਸ ਫਿਲਮ ਦਾ ਹਿੱਸਾ ਬਣਾਇਆ ਗਿਆ ਹੈ। ਅਪਹਰਣ (2005) ਆਈ ਅਜਿਹੀ ਫਿਲਮ ਸੀ ਜਿਹਨੇ ਬਿਹਾਰ ਦੀ ਸਿਆਸਤ ਦੀ ਬਹੁਤ ਡੂੰਘਾਈ ਨਾਲ ਚੀਰ-ਫਾੜ ਕੀਤੀ। 'ਰਾਜਨੀਤੀ' (2010) ਦਾ ਇਹ ਸੰਵਾਦ 'ਕਰਾਰਾ ਜਵਾਬ ਮਿਲੇਗਾ' ਪੂਰੀ ਫਿਲਮ ਦਾ ਪਛਾਣ ਚਿੰਨ੍ਹ ਬਣ ਗਿਆ। ਮਨੋਜ ਬਾਜਪਾਈ ਤੋਂ ਲੈ ਕੇ ਨਾਨਾ ਪਾਟੇਕਰ, ਅਜੇ ਦੇਵਗਨ, ਅਰਜੁਨ ਰਾਮਪਾਲ ਤੇ ਰਣਬੀਰ ਕਪੂਰ, ਹਰ ਅਦਾਕਾਰ ਨੇ ਪੂਰੀ ਸ਼ਿੱਦਤ ਨਾਲ ਅਦਾਕਾਰੀ ਕੀਤੀ। ਇਹ ਫਿਲਮ ਭਾਰਤ ਦੀ ਸਿਆਸਤ ਦੇ ਮੁੱਢਲੇ ਫਲਸਫੇ ਨੂੰ ਉਜਾਗਰ ਕਰਦੀ ਹੈ। 2010 ਵਿਚ ਭਾਰਤ ਦੇ ਪ੍ਰਾਚੀਨ ਗ੍ਰੰਥਾਂ 'ਤੇ ਆਧਾਰਤ ਦੋ ਖਾਸ ਫਿਲਮਾਂ ਆਈਆਂ ਸਨ। 'ਰਾਜਨੀਤੀ' ਜੇ ਮਹਾਂਰਿਸ਼ੀ ਵੇਦ ਵਿਆਸ ਦੇ ਮਹਾਂਭਾਰਤ 'ਤੇ ਆਧਾਰਤ ਸੀ ਤਾਂ ਰਮਾਇਣ ਉਤੇ ਆਧਾਰਤ ਸੀ ਮਨੀ ਰਤਨਮ ਦੀ 'ਰਾਵਣ'। ਪ੍ਰਕਾਸ਼ ਝਾਅ ਦਾ ਸਿਨੇਮਾ ਸਾਰਥਕ ਅਤੇ ਆਰਥਿਕ ਹਿੱਤਾਂ ਰਾਹੀਂ ਸਿਆਸਤ ਦੀ ਨਬਜ਼ ਫੜਦਾ ਹੈ।





Vista
CCTV TECHNOLOGY
A leader of worldwide CCTV surveillance
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
$599
$1199
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV on your iPhone!
3G Mobile Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net




ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013




WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

ੴ ਸਤਿਗੁਰ ਪ੍ਰਸਾਦਿ॥

ਸਭਨਾਂ ਧਰਮਾਂ ਅਤੇ ਕੌਮਾਂ ਦੇ ਮਨੁੱਖਾਂ ਨੂੰ ਬਰਾਬਰ ਦਾ ਸਤਿਕਾਰ ਦੇਣ ਵਾਲੇ, ਧਰਮ ਦੇ ਪਾਵਨ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਸਾਈਂ ਮੀਆਂ ਮੀਰ ਤੋਂ ਰਖਵਾਉਣ ਵਾਲੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰਨਾਂ ਫਿਰਕਿਆਂ ਦੇ ਭਗਤਾਂ ਦੀ ਬਾਣੀ ਸ਼ਾਮਲ ਕਰਕੇ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ

# ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ

## ਦੇ 405 ਸਾਲਾ ਸ਼ਹੀਦੀ ਦਿਵਸ ਮੌਕੇ

# ਗੁਰਦੁਆਰਾ ਸਾਹਿਬ ਐਲ ਸਬਰਾਂਟੇ

ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਇਸ ਸਾਲ ਵੀ ਸਿਟੀ ਆਫ ਬਰਕਲੇ ਵਿਚ

# 'ਸਰਬ ਧਰਮ ਸਾਂਝੀਵਾਲਤਾ ਨਗਰ ਕੀਰਤਨ'

**ਨਗਰ ਕੀਰਤਨ**
ਸਵੇਰੇ 10:00 ਤੋਂ 4:00 ਵਜੇ ਤੱਕ

**ਐਤਵਾਰ 12 ਜੂਨ 2011**

**At Civic Center Park**
on Martin Luther Jr. Way, Berkeley, CA





ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਗੁਰਦੁਆਰਾ ਸਾਹਿਬ ਐਲ ਸਬਰਾਂਟੇ ਵਲੋਂ ਇਲਾਕੇ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ 405 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ 'ਸਰਬ ਧਰਮ ਸਾਂਝੀਵਾਲਤਾ ਨਗਰ ਕੀਰਤਨ' 12 ਜੂਨ, 2011 (ਦਿਨ ਐਤਵਾਰ) ਨੂੰ ਕੱਢਿਆ ਜਾ ਰਿਹਾ ਹੈ। ਇਸ ਨੂੰ ਇਤਿਹਾਸਕ ਬਣਾਉਣ ਲਈ ਪ੍ਰਬੰਧਕਾਂ ਵਲੋਂ ਜੰਗੀ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਹ ਨਗਰ ਕੀਰਤਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇੰਟਰ ਫੇਥ, ਇੰਟਰ ਕਾਸਟ ਅਤੇ ਮਨੁੱਖਤਾ ਦੀ ਭਲਾਈ ਲਈ ਪਾਏ ਗਏ ਯੋਗਦਾਨ ਨੂੰ ਸਮਰਪਿਤ ਹੋਵੇਗਾ। ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਨੂੰ ਇਸ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਹੈ ਜੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਫਰੀ ਪਾਰਕਿੰਗ ਦਾ ਪ੍ਰਬੰਧ ਹੋਵੇਗਾ।



For any questions or comments, please contact: sikhcenterbayarea@sbcglobal.net

**ਸੰਗਤਾਂ ਦੇ ਦਾਸ**

| | | | |
|---|---|---|---|
| ਪ੍ਰਧਾਨ-ਗੁਰਬਚਨ ਸਿੰਘ | ਮੀਤ ਪ੍ਰਧਾਨ-ਝਿਰਮਲ ਸਿੰਘ | ਸਕੱਤਰ-ਗੁਰਮੇਲ ਸਿੰਘ ਸੈਣੀ | ਮੀਤ ਸਕੱਤਰ-ਰਵਿੰਦਰ ਸਿੰਘ ਬਾਠ |
| 510-334-3225 | 510-910-3966 | 510-672-1605 | 925-323-8626 |